ਦੁਰਲੱਭ ਪੁਸਤਕ

ਪਟਨੇ ਤੋਂ ਨੰਦੇੜੂ ਤੱਕ

ਸਫਰਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਕਾਵਿ ਤੇ ਵਾਰਤਕ

(ਭਾਗ-1)

ਲੇਖਕ
ਕਵੀਸ਼ਰ ਜਰਨੈਲ ਸਿੰਘ
ਕਵੀਸ਼ਰ ਅਮਰਜੀਤ ਸਿੰਘ
ਸਭਰਾਵਾਂ ਵਾਲੇ

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਪਟਨੇ ਤੋਂ ਨੰਦੇੜ ਤੱਕ

ਸਫਰਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਕਾਵਿ ਤੇ ਵਾਰਤਕ
(ਭਾਗ-1)

ਲੇਖਕ :

ਕਵੀਸ਼ਰ ਜਰਨੈਲ ਸਿੰਘ ਸਭਰਾ

ਤੇ

ਕਵੀਸ਼ਰ ਅਮਰਜੀਤ ਸਿੰਘ ਸਭਰਾ

ਲੇਖਕ ਦਾ ਪਤਾ : ਪਿੰਡ ਸਭਰਾ, ਤਹਿਸੀਲ ਪੱਟੀ
ਜ਼ਿਲ੍ਹਾ ਤਰਨ ਤਾਰਨ (ਪੰਜਾਬ)
ਮੋਬਾ: ਨੰ: 98156-99137, 94637-27496
Email : amarjeetsabhra@gmail.com

ਸਮਰਪਣ

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਤੇ ਸਮੂਹ ਗੁਰੂ ਪ੍ਰਵਾਰ ਨੂੰ
ਜਿਨ੍ਹਾਂ ਕੌਮ ਦੀ ਵਿਗੜੀ ਸਵਾਰਨ ਲਈ
ਕੁਰਬਾਨੀਆਂ ਕੀਤੀਆਂ।

ਪੁਸਤਕ ਬਾਰੇ

ਇਹ ਪੁਸਤਕ ਕਵੀਸ਼ਰੀ ਦੀ ਪਹਿਲੀ ਪੁਸਤਕ ਹੈ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਟਨੇ ਜਨਮ ਤੋਂ ਲੈ ਕੇ ਅੰਤਮ ਸਮੇਂ ਨੰਦੇੜ ਤੱਕ ਦਾ ਸਾਰਾ ਇਤਿਹਾਸ ਕਾਵਿ ਤੇ ਵਾਰਤਕ ਰੂਪ ਵਿਚ ਪਾਠਕਾਂ ਦੇ ਰੂ-ਬ-ਰੂ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਹ ਪਹਿਲਾ ਭਾਗ ਹੈ, ਜਿਸ ਵਿਚ ਹਜ਼ੂਰ ਦੇ ਜਨਮ ਤੋਂ ਲੈ ਕੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਤੱਕ ਸਾਰੇ ਹਵਾਲੇ ਅੰਕਿਤ ਕੀਤੇ ਗਏ ਹਨ। ਮਾਛੀਵਾੜਾ ਸਾਹਿਬ ਤੋਂ ਲੈ ਕੇ ਦਸਮੇਸ਼ ਪਿਤਾ ਜੀ ਦੇ ਅੰਤਮ ਸਮੇਂ ਤੱਕ ਦਾ ਇਤਿਹਾਸ ਦੂਸਰੇ ਭਾਗ ਵਿਚ ਛਪੇਗਾ, ਉਹਦੇ ਲਈ ਪਾਠਕਾਂ ਨੂੰ ਕੁਝ ਸਮਾਂ ਉਡੀਕ ਕਰਨੀ ਪਵੇਗੀ।

ਅੱਜ ਤੱਕ ਜਿਤਨਾ ਵੀ ਇਤਿਹਾਸ ਦਸਮੇਸ਼ ਪਿਤਾ ਜੀ ਦੇ ਜੀਵਨ ਦੀ ਸੋਝੀ ਵੰਡਦਾ ਹੈ, ਉਹ ਜਾਂ ਤਾਂ ਇਕੱਲਾ ਵਾਰਤਕ ਰੂਪ ਹੈ ਤੇ ਜਾਂ ਕਾਵਿ, ਕਿਸੇ ਲਿਖਾਰੀ ਦੇ ਕਾਵਿ ਸੰਗ੍ਰਹਿ ਪੜ੍ਹਨ ਤੋਂ ਬਾਅਦ ਪਾਠਕ ਇਤਿਹਾਸ ਡੀਟੇਲ ਪੜ੍ਹਨ ਲਈ ਵਾਰਤਕ ਪੁਸਤਕ ਖ਼ਰੀਦਦਾ ਹੈ। ਸੋ ਇਸ ਪੁਸਤਕ ਵਿਚ ਕਾਵਿ ਤੇ ਵਾਰਤਕ ਇਕੱਠੇ ਲਿਖਣ ਦਾ ਇੱਕੋ ਮਨੋਰਥ ਹੈ ਕਿ ਪਾਠਕਾਂ ਨੂੰ ਦੋਵੇਂ ਰੂਪ ਇਕੱਠੇ ਪੜ੍ਹਨ ਨੂੰ ਮਿਲ ਸਕਣ।

ਅਗਲੀ ਗੱਲ ਇਹ ਹੈ ਕਿ ਹੱਥਲੀ ਕਿਤਾਬ ਕਵੀਸ਼ਰੀ ਦੀ ਪਹਿਲੀ ਦੋ ਭਾਗੀ ਕਿਤਾਬ ਹੈ, ਜਿਸ ਵਿਚ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਤੋਂ ਅੰਤਮ ਸਮੇਂ ਦਾ ਇਤਿਹਾਸ ਇਕ ਥਾਂ 'ਤੇ ਦਰਜ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਉਮੀਦ ਕਰਦਾ ਹਾਂ ਸਾਡੀਆਂ ਪਹਿਲੀਆਂ ਪੁਸਤਕਾਂ ਵਾਂਗ ਪਾਠਕ ਜਨ ਇਸ ਉਪਰਾਲੇ ਨੂੰ ਵੀ ਪ੍ਰਵਾਣ ਕਰਨਗੇ।

ਕਵੀਸ਼ਰ ਅਮਰਜੀਤ ਸਿੰਘ ਸਭਰਾ

ਏਸੇ ਕਲਮ ਤੋਂ :

1. ਕਿੱਸਾ ਊਧਮ ਸਿੰਘ
2. ਸਿੰਘਾਂ ਦੀ ਵੱਡੀ ਜੰਗ
3. ਗੁਰੂ ਕੇ ਮਹਾਨ ਜਰਨੈਲ
4. ਅਮਰ ਜਰਨੈਲ
5. ਧਰਮੀ ਜਰਨੈਲ
6. ਜਿੰਦਾਂ ਜਰਨੈਲ
7. (ਜੀਵਨੀ) ਕੁੱਲੀ ਤੋਂ ਕਨੇਡਾ ਤੱਕ
8. ਅਮਰ ਉਡਾਰੀਆਂ
9. ਭਿੰਡਰਾਂਵਾਲੇ ਦੀ ਚੜ੍ਹਤ
10. ਅਮਰ ਇੱਛਾਵਾਂ

ਪ੍ਰਸੰਗ :
ਅਵਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਪਉੜੀ ਛੰਦ

1.

ਪੋਹ ਛਨਿਚਰ ਰਾਤ ਸੀ, ਅੱਧੀ ਤੋਂ ਉੱਤੇ।
ਭਾਗ ਜਗਾਵਣ ਆ ਗਿਆ, ਭਾਰਤ ਦੇ ਸੁੱਤੇ।
ਸਾਰੇ ਭਾਰਤ ਵਰਸ਼ ਵਿਚ, ਆ ਗਈ ਖ਼ੁਸ਼ਹਾਲੀ।
ਪਟਨੇ ਪ੍ਰਗਟ ਹੋ ਗਿਆ, ਦੁਨੀਆਂ ਦਾ ਵਾਲੀ।

2.

ਮਾਂ ਗੁਜਰੀ ਦੀ ਗੋਦ ਨੂੰ ਆ ਭਾਗ ਲਗਾਏ।
ਪਰੀਆਂ ਖ਼ੁਸ਼ ਹੋ ਅੰਬਰੋਂ ਅੱਜ ਫੁੱਲ ਵਰਸਾਏ।
ਗੀਤ ਗਾਉਣ ਬਹਿ ਬੁਲਬੁਲਾਂ ਚੰਬੇ ਦੀ ਡਾਲੀ।
ਪਟਨੇ ਪ੍ਰਗਟ ਹੋ ਗਿਆ, ਦੁਨੀਆਂ ਦਾ ਵਾਲੀ।

3.

ਮਾਂ ਗੁਜਰੀ ਦੇ ਚੰਨ ਨੇ ਜੋ ਕੀਤਾ ਚਾਨਣ।
ਰਮਜ਼ਾਂ ਵਾਲੇ ਲੋਕ ਹੀ ਇਹ ਰਮਜ਼ਾਂ ਜਾਨਣ।
ਦਿਲ ਵਿਚ ਭੀਖਣ ਸ਼ਾਹ ਦੇ ਹੋਈ ਖ਼ੁਸ਼ਹਾਲੀ।
ਪਟਨੇ ਪ੍ਰਗਟ ਹੋ ਗਿਆ, ਦੁਨੀਆਂ ਦਾ ਵਾਲੀ।

4.

ਲਹਿੰਦਾ ਛੱਡ ਕੇ ਪੀਰ ਸੀ ਚੜ੍ਹਦੇ ਵੱਲ ਝੁੱਕਿਆ।
ਫ਼ਿਕਰਮੰਦ ਹੋ ਚੇਲਿਆਂ ਜਾ ਉਸ ਨੂੰ ਪੁੱਛਿਆ।
ਅੱਲ੍ਹਾ ਛੱਡ ਕੇ ਪਾ ਲਈ, ਕਿਸ ਨਾਲ ਖ਼ਿਆਲੀ।
ਪਟਨੇ ਪ੍ਰਗਟ ਹੋ ਗਿਆ, ਦੁਨੀਆਂ ਦਾ ਵਾਲੀ।

5.

ਦਰਸ਼ਨ ਕਰਨ ਹਜ਼ੂਰ ਦੇ ਪਈ ਦੁਨੀਆਂ ਆਵੇ।
ਹੀਰੇ, ਮੋਤੀ, ਲਾਲ ਤੇ ਮਾਂ ਪਈ ਲੁਟਾਵੇ।
ਭਰ ਭਰ ਵੰਡਣ ਝੋਲੀਆਂ ਕੋਈ ਮੁੜੇ ਨਾ ਖ਼ਾਲੀ।
ਪਟਨੇ ਪ੍ਰਗਟ ਹੋ ਗਿਆ, ਦੁਨੀਆਂ ਦਾ ਵਾਲੀ।

6.

ਕੀਤਾ ਜਿਸ ਦੀ ਹਿੱਕ 'ਤੇ ਪਾਪਾਂ ਨੇ ਵਾਸਾ।
ਆ ਗਿਆ ਭਾਰਤ ਮਾਂ ਦੇ ਦਿਲ ਨੂੰ ਧਰਵਾਸਾ।
ਚਿਹਰੇ ਉੱਤੇ ਚਮਕ ਪਈ ਖ਼ੁਸ਼ੀਆਂ ਦੀ ਲਾਲੀ।
ਪਟਨੇ ਪ੍ਰਗਟ ਹੋ ਗਿਆ, ਦੁਨੀਆਂ ਦਾ ਵਾਲੀ।

7.

ਜਿਹੜਾ ਹਿੰਦ ਮੁਕਾਉਣ ਦੇ ਕਰਦਾ ਸੀ ਦਾਅਵੇ।
ਹਿੱਲ ਗਏ ਦੁਸ਼ਮਣ ਕੌਮ ਦੇ, ਔਸਾਨ ਚਾਰੇ ਪਾਸੇ।
ਸਾਦੂੰਗਾ ਜਗਦੀਸ਼ ਕਹਿ ਰੂਪ ਹੈਨ ਅਕਾਲੀ।
ਪਟਨੇ ਪ੍ਰਗਟ ਹੋ ਗਿਆ, ਦੁਨੀਆਂ ਦਾ ਵਾਲੀ।

ਸਾਹਿਬਜ਼ਾਦੇ ਦੇ ਪ੍ਰਗਟ ਹੋਣ ਤੇ ਸਾਰੇ ਸ਼ਹਿਰ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ। ਉਸ ਵੇਲੇ ਗੁਰੂ ਤੇਗ ਬਹਾਦਰ ਜੀ ਨੂੰ ਆਸਾਮ ਵਿਚ ਵਧਾਈ ਭੇਜੀ ਗਈ। ਗੁਰੂ ਤੇਗ ਬਹਾਦਰ ਜੀ ਦੀ ਉਮਰ ਉਸ ਵੇਲੇ ਛਿਆਲੀ ਸਾਲ ਦੀ ਸੀ। ਇਸ ਉਮਰ ਨੂੰ ਅੱਧ ਉਮਰ ਜਾਂ ਪਿਛਲੀ ਉਮਰ ਕਿਹਾ ਜਾਂਦਾ ਹੈ। ਮਾਤਾ ਨਾਨਕੀ ਜੀ ਨੂੰ ਬੜੇ ਲੰਮੇ ਸਮੇਂ ਪਿੱਛੋਂ ਪੋਤਰੇ ਦਾ ਮੂੰਹ ਵੇਖਣਾ ਨਸੀਬ ਹੋਇਆ। ਉਹਨਾਂ ਦੀ ਖ਼ੁਸ਼ੀ ਕਿਆਸ ਤੋਂ ਬਾਹਰੀ ਸੀ। ਉਹ ਵਧਾਈ ਦੇਣ ਵਾਲੇ ਨੂੰ ਖ਼ੁਸ਼ ਕਰਦਿਆਂ ਤੇ ਸੁਗਾਤਾਂ ਨਾਲ ਮਾਲਾ-ਮਾਲ ਕਰ ਰਹੇ ਸਨ। ਜਿੰਨੇ ਵਧਾਈਆਂ ਵਾਲੇ ਸ਼ਰਧਾਲੂ ਨਜ਼ਰਾਨਾ ਲੈ ਕੇ ਆਉਂਦੇ, ਉਥੇ ਮਾਤਾ ਨਾਨਕੀ ਜੀ ਵੀ ਸਭ ਦੀਆਂ ਝੋਲੀਆਂ ਭਰ ਕੇ ਤੋਰਦੇ ਸੀ। ਲੋੜਵੰਦਾਂ ਵਾਸਤੇ ਲੰਗਰ ਤੇ ਬਸਤਰ ਦਾਨ ਕੀਤੇ ਜਾ ਰਹੇ ਸਨ। ਹਰ ਇਕ ਦੇ ਜ਼ਹਿਨ ਦੇ ਮੂੰਹੋਂ ਦੁਆਵਾਂ ਅਸੀਸਾਂ ਨਿਕਲਦੀਆਂ ਸਨ ਕਿ ਦੀਨ ਦੁਨੀ ਦਾ ਪਾਤਸ਼ਾਹ ਪ੍ਰਗਟ ਹੋਇਆ ਹੈ।

ਗੁਰੂ ਹਰਿਗੋਬਿੰਦ ਪਾਤਸ਼ਾਹ ਦੀ ਗੱਦੀ ਦੀ ਸ਼ਾਨ ਬਾਦਸ਼ਾਹਾਂ ਵਰਗੀ ਬਣ ਚੁੱਕੀ ਸੀ। ਗੁਰੂ ਜੀ ਕਲਗੀ ਸਜਾ ਕੇ ਤਖ਼ਤ 'ਤੇ ਬੈਠਦੇ ਸਨ। ਗੁਰੂ ਤੇਗ ਬਹਾਦਰ ਜੀ ਵੀ ਉਸੇ ਮਰਯਾਦਾ ਦੀ ਪਾਲਣਾ ਕਰ ਰਹੇ ਸਨ। ਉਸੇ ਮਰਯਾਦਾ ਨੂੰ ਕਾਇਮ ਰੱਖਣ ਵਾਸਤੇ ਮਾਤਾ ਨਾਨਕੀ ਜੀ ਪੂਰਾ ਪੂਰਾ ਉਪਰਾਲਾ ਕਰ ਰਹੇ ਸਨ। ਉਸ ਵੇਲੇ ਗੁਰੂ ਨਾਨਕ ਦੀ ਗੱਦੀ ਸੋਢੀ

(ੳ) ਪਟਨੇ ਤੋਂ [illegible]

ਬੰਸ ਗੁਰੂ ਰਾਮਦਾਸ ਜੀ ਦੀ ਬੰਸ ਬਣ ਚੁੱਕੀ ਸੀ। ਸਿੱਖ ਸੇਵਕ ਇਹ ਸਮਝਦੇ ਸਨ ਕਿ ਇਹ ਪ੍ਰਗਟ ਹੋਣ ਵਾਲਾ ਸਾਹਿਬਜ਼ਾਦਾ ਆਉਣ ਵਾਲੇ ਸਮੇਂ ਵਿਚ ਦਸਵਾਂ ਗੁਰੂ ਬਣੇਗਾ।

ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਵਡਿਆਈ ਜਨਮ ਤੋਂ ਹੀ ਪ੍ਰਾਪਤ ਸੀ। ਇਸ ਆਦਰ ਸਤਿਕਾਰ ਨੇ ਦਸਮੇਸ਼ ਪਿਤਾ ਜੀ ਦੀ ਸ਼ਕਤੀ ਵਿਚ ਹੋਰ ਵਾਧਾ ਕਰ ਦਿੱਤਾ। ਜਦੋਂ ਪਿੰਡ ਠਸਕੇ ਦੇ ਰਹਿਣ ਵਾਲਾ ਸੱਯਦ ਭੀਖਣ ਸ਼ਾਹ ਬੜਾ ਕਰਨੀਕ ਤੇ ਦੂਰਦਰਸ਼ੀ ਪੁਰਸ਼ ਸੀ। ਇਕ ਦਿਨ ਬੰਦਗੀ ਵਿਚ ਬੈਠਿਆਂ, ਉਸ ਨੇ ਅਨੁਭਵ ਕੀਤਾ ਕਿ ਪੂਰਬ ਵਿਚ ਕੋਈ ਇਲਾਹੀ ਜੋਤ ਪ੍ਰਗਟ ਹੋਈ ਹੈ। ਪਿਆਰ ਵਿਚ ਭਿੱਜਿਆ ਮਨ ਖਿੱਚਿਆ ਗਿਆ ਤੇ ਚੜ੍ਹਦੇ ਵੱਲ ਮੂੰਹ ਕਰਕੇ ਨਿਮਾਜ਼ ਗੁਜ਼ਾਰਨ ਲੱਗ ਪਿਆ। ਮੁਰੀਦਾਂ ਨੇ ਪੁੱਛਿਆ ਤੇ ਸੱਯਦ ਭੀਖਣ ਸ਼ਾਹ ਦੀ ਪਿਆਰ ਰੱਤੀ ਆਤਮਾ ਨੇ ਇਉਂ ਜਵਾਬ ਦਿੱਤਾ :

ਦਵੱਈਆ ਛੰਦ

1. ਚੜ੍ਹਦੇ ਵੱਲ ਨੂੰ ਭੀਖਣ ਸ਼ਾਹ, ਜਦ ਸੁਬ੍ਹਾ ਨਿਮਾਜ਼ ਗੁਜ਼ਾਰੀ।
ਲੋਕੀਂ ਪੁੱਛਣ ਸਾਈਂ ਜੀ ਇਹ, ਭੁੱਲ ਕਰੀ ਕਿਉਂ ਭਾਰੀ।
ਝੂਮ ਖ਼ੁਸ਼ੀ ਵਿਚ ਭੀਖਣ ਸ਼ਾਹ ਜੀ, ਉੱਤਰ ਦੇਵੇ ਨਿਰਾਲਾ।
ਮੈਨੂੰ ਅੱਜ ਪਟਨੇ ਵਿਚ ਦਿਸਦਾ, ਮੇਰਾ ਅੱਲ੍ਹਾ ਤਾਲਾ।

2. ਪੰਜ ਵਕਤ ਮੈਂ ਪੰਜੇ ਵੇਲੇ, ਜਿਸ ਦੀਆਂ ਪੜ੍ਹਾਂ ਨਿਮਾਜ਼ਾਂ।
ਓਸੇ ਦੀ ਦਰਗਾਹੋਂ ਆਈਆਂ, ਅੱਜ ਇਲਾਹੀ ਆਵਾਜ਼ਾਂ।
ਬਾਲਕ ਰੂਪ ਧਾਰ ਕੇ ਆਇਆ, ਮੇਰਾ ਪ੍ਰੀਤਮ ਬਾਲਾ।
ਮੈਨੂੰ ਅੱਜ ਪਟਨੇ ਵਿਚ ਦਿਸਦਾ, ਮੇਰਾ ਅੱਲ੍ਹਾ ਤਾਲਾ।

3. ਜਿਥੇ ਪੁੱਤ ਬਾਪ ਦਾ ਕਾਤਲ, ਵੀਰ ਵੀਰ ਨੂੰ ਮਾਰਨ।
ਓਸ ਕਟੇ ਪਾਪਾਂ ਦੇ ਜੰਗਲ, ਆ ਗਿਆ ਪ੍ਰੀਤਮ ਠਾਰਨ।
ਪਾ ਕੇ ਖ਼ੂਨ ਕੌਮ ਦਾ ਠੰਢੂ, ਬੁਝਸੀ ਜ਼ੁਲਮ ਜਵਾਲਾ।
ਮੈਨੂੰ ਅੱਜ ਪਟਨੇ ਵਿਚ ਦਿਸਦਾ, ਮੇਰਾ ਅੱਲ੍ਹਾ ਤਾਲਾ।

4. ਜਿਸ ਨੂੰ ਅਸੀਂ ਮੱਕੇ ਵਿਚ ਮੰਨਦੇ, ਉਹ ਘਟ-ਘਟ ਵਿਚ ਵੱਸੀ।
ਮੇਰਾ ਢੋਲਣ ਦੱਸੇ ਸਾਨੂੰ ਬਾਬਾ ਨਾਨਕ ਦੱਸੀ।
ਗੁਰੂ ਨਾਨਕ ਦਾ ਧਰਮ ਪਿਆਰਾ, ਕੁੱਲ ਦੁਨੀਆਂ ਤੋਂ ਆਹਲਾ।
ਮੈਨੂੰ ਅੱਜ ਪਟਨੇ ਵਿਚ ਦਿਸਦਾ, ਮੇਰਾ ਅੱਲ੍ਹਾ ਤਾਲਾ।

5. ਗੱਲ ਮੇਰੀ ਦਾ ਝੂਠ ਨਾ ਮੰਨੋ, ਸੱਚੋ ਸੱਚ ਬਤਾਵਾਂ।
ਫਿਰ ਵੀ ਜੇ ਇਤਬਾਰ ਨਹੀਂ ਆਉਂਦਾ, ਅੱਖੀਂ ਚੱਲ ਵਖਾਵਾਂ।
ਦਰਸ਼ਨ ਪਰਸਨ ਕਰਕੇ ਆਈਏ, ਹੁਣ ਮਾਰਦੇ ਚਾਲਾ।
ਮੈਨੂੰ ਅੱਜ ਪਟਨੇ ਵਿਚ ਦਿੱਸਦਾ, ਮੇਰਾ ਅੱਲ੍ਹਾ ਤਾਲਾ।

6. ਪਟਨੇ ਸ਼ਹਿਰ ਬਿਹਾਰ ਦੇ ਅੰਦਰ, ਰੂਪ ਰੱਬ ਦਾ ਆਇਆ।
ਪਿਤਾ ਜਿਨ੍ਹਾਂ ਦਾ ਤੇਗ ਬਹਾਦਰ, ਮਾਤਾ ਗੁਜਰੀ ਜਾਇਆ।
ਸੰਤ ਅਰਾਧੂ ਦੁਸ਼ਟ ਸੰਘਾਰੂ ਭਾਰਤ ਦਾ ਰਖਵਾਲਾ।
ਮੈਨੂੰ ਅੱਜ ਪਟਨੇ ਵਿਚ ਦਿੱਸਦਾ, ਮੇਰਾ ਅੱਲ੍ਹਾ ਤਾਲਾ।

7. ਚੱਲੋ ਜਲਦੀ ਕਰੋ ਤਿਆਰੀ, ਚੱਲ ਕੇ ਦਰਸ਼ਨ ਪਾਈਏ।
ਜਨਮ ਮਰਨ ਜਾਏ ਕੱਟਿਆ ਸਾਡਾ, ਫੇਰ ਨਾ ਜੂਨੀ ਆਈਏ।
ਜਰਨੈਲ ਕਵੀਸ਼ਰ ਨਾਮ ਉਹਦੇ ਦੀ, ਸਦਾ ਫੇਰਦਾ ਮਾਲਾ।
ਮੈਨੂੰ ਅੱਜ ਪਟਨੇ ਵਿਚ ਦਿੱਸਦਾ, ਮੇਰਾ ਅੱਲ੍ਹਾ ਤਾਲਾ।

ਸੱਯਦ ਭੀਖਣ ਸ਼ਾਹ ਇਕ ਉਹ ਆਤਮਾ ਸੀ, ਜਿਹੜੀ ਰੋਜ਼ਾਨਾ ਆਪਣੇ ਧਰਮ ਵਿ ਪ੍ਰਪੱਕ ਸੀ ਤੇ ਅੱਲ੍ਹਾ ਤਾਲਾ ਦੀ ਇਬਾਦਤ ਕਰਦਾ ਸੀ ਅਤੇ ਹਰ ਰੋਜ਼ ਉਹ ਨਮਾਜ਼ ਪੜ੍ਹ ਕਰਦਾ ਸੀ। ਮਦੀਨੇ ਵਾਲੇ ਪਾਸੇ ਨੂੰ ਮੂੰਹ ਕਰਕੇ ਨਮਾਜ਼ ਗੁਜ਼ਾਰਦਾ ਸੀ, ਜਦੋਂ ਅਚਾਨਕ ਉਸ ਨੇ ਚੜ੍ਹਦੇ ਵੱਲ ਨੂੰ ਮੂੰਹ ਕਰਕੇ ਨਮਾਜ਼ ਪੜ੍ਹੀ ਤੇ ਮੁਰੀਦਾਂ ਨੇ ਪੁੱਛਿਆ ਭੀਖਣ ਸ਼ਾਹ ਨੇ ਸਾਰਾ ਹਾਲ ਜੋ ਉਹਨਾਂ ਨੇ ਬੰਦਗੀ ਵਿਚ ਲੀਨ ਬੈਠਿਆਂ ਅਨੁਭਵ ਕੀ ਸੀ ਉਹ ਆਪਣੇ ਮੁਰੀਦਾਂ ਨੂੰ ਬੜੇ ਪਿਆਰ ਨਾਲ ਦੱਸਿਆ ਕਿ ਜਿਸ ਅੱਲ੍ਹਾ ਤਾਲਾ ਦੀ ਰੋਜ਼ਾਨਾ ਨਮਾਜ਼ ਗੁਜ਼ਾਰਦਾ ਹਾਂ ਉਹ ਅੱਲ੍ਹਾ ਤਾਲਾ ਹੁਣ ਮਨੁੱਖੀ ਸਰੀਰਕ ਜਾਮਾ ਲੈ ਕੇ ਚੜ੍ਹ ਵਾਲੇ ਪਾਸੇ, ਪਟਨੇ ਦੀ ਧਰਤੀ 'ਤੇ ਪ੍ਰਗਟ ਹੋਇਆ ਹੈ। ਜਦੋਂ ਸੱਯਦ ਭੀਖਣ ਸ਼ਾਹ ਜੀ ਇਹ ਸਾਰੀ ਵਿਥਿਆ ਸੁਣੀ, ਉਸ ਦੇ ਮੁਰੀਦ ਵੀ ਇਸ ਗੱਲ ਨਾਲ ਸਹਿਮਤ ਹੋ ਗਏ

ਸੱਯਦ ਭੀਖਣ ਸ਼ਾਹ ਜੀ ਆਪਣੇ ਕੁਝ ਮੁਰੀਦਾਂ ਨੂੰ ਨਾਲ ਲੈ ਕੇ ਗੋਬਿੰਦ ਰਾਏ ਦਰਸ਼ਨ ਕਰਨ ਵਾਸਤੇ ਪਟਨੇ ਸਾਹਿਬ ਦੀ ਧਰਤੀ ਨੂੰ, ਜਿਵੇਂ ਰਵਾਨਾ ਹੋਇਆ ਇਉਂ ਕੀਤਾ ਜਾ ਰਿਹਾ ਹੈ :

ਕਲੀ ਛੰਦ

1. ਸੱਯਦ ਭੀਖਣ ਸ਼ਾਹ ਜੀ ਲੈ ਕੇ ਨਾਲ ਮੁਰੀਦਾਂ ਨੂੰ,
ਕਰੀ ਤਿਆਰੀ ਪਟਨੇ ਵੱਲ ਨੂੰ ਕਦਮ ਉਠਾਇਆ।

2. ਕੀ ਭਰੋਸਾ ਹੈ ਇਹ ਜਿੰਦੇ ਬੁਲਬੁਲਾ ਪਾਣੀ ਦਾ,
ਅੱਖੀਂ ਵੇਖ ਖ਼ੁਦਾ ਜਾਏ ਜੀਵਨ ਸਫਲ ਬਣਾਇਆ।
3. ਸੂਰਤ ਪਾਕਿ ਖ਼ੁਦਾ ਦੀ ਸੱਚਮੁਚ ਹੂ-ਬ-ਹੂ ਹੈ,
ਮਾਨਸ ਜਨਮ ਧਾਰ ਕੇ ਪਟਨੇ ਦੇ ਵਿਚ ਆਇਆ।
4. ਭਟਕੀ ਹੋਈ ਲੋਕਾਈ ਸਿੱਧੇ ਰਸਤੇ ਪਾਉਣ ਲਈ,
ਸ਼ਕਤੀ ਦੇ ਅਗੰਮੀ ਅੱਲ੍ਹਾ ਆਪ ਘਲਾਇਆ।
5. ਭੇਜਿਆ ਰੂਪ ਆਪ ਦਾ ਦੁਨੀਆਂ ਵਿਚ ਪ੍ਰਮਾਤਮਾ,
ਜਿਸ ਦੇ ਨੂਰੀ ਮੁਖੜੇ ਹਰ ਕੋਨਾ ਰੁਸ਼ਨਾਇਆ।
6. ਸਾਰੀ ਜਾਤ ਮਨੁੱਖੀ ਇਕ ਬਰਾਬਰ ਜਾਣੂ ਜੋ,
ਮੁੱਢੋਂ ਜਬਰ ਜ਼ੁਲਮ ਦਾ ਕਰਨਾ ਜਿਸ ਸਫਾਇਆ।
7. ਭੀਖਣ ਸ਼ਾਹ ਹੈ ਮੰਜ਼ਲ ਵੱਲ ਨੂੰ ਵੱਧਦਾ ਜਾਂਦਾ,
ਥੋੜ੍ਹੇ ਸਮੇਂ ਵਿਚ ਲੰਮਾ ਪੈਂਡਾ ਉਸ ਮੁਕਾਇਆ।
8. ਨੈਣ ਸਤਿਗੁਰ ਦੇ ਘਰ ਵਿਚ ਵੇਖਣਾਂ ਲੱਗੀਆਂ ਨੇ,
ਜਿੱਥੇ ਰੂਪ ਖ਼ੁਦਾ ਦਾ ਮਾਂ ਗੁਜਰੀ ਦਾ ਜਾਇਆ।
9. ਪਹੁੰਚਿਆ ਵਿਚ ਪਟਨੇ ਦੇ ਅਮਰਜੀਤ ਸਿੰਘਾ ਆਣ ਕੇ,
ਨੌਵੀਂ ਥਾਂ ਦਹਿਲੀਜ਼ ਦੇ ਮੂਹਰੇ ਡੇਰਾ ਲਾਇਆ।
10. ਜੋਗੀ ਸਤਿਗੁਰ ਦੇ ਦਰ ਮੂਹਰੇ ਆ ਕੇ ਬੈਠ ਗਿਆ,
ਝੁਕਿਆ ਸ਼ਰਧਾ ਦੇ ਨਾਲ ਉਸ ਨੇ ਸੀਸ ਨਿਵਾਇਆ।

ਪਟਨੇ ਸ਼ਹਿਰ ਵਿਚ ਪਹੁੰਚ ਕੇ ਸੰਧਰ ਭੀਖਣ ਸ਼ਾਹ ਨੇ ਜਦੋਂ ਲੋਕਾਂ ਕੋਲੋਂ ਪ੍ਰਗਟ ਹੋਣ ਵਾਲੇ ਸਾਹਿਬਜ਼ਾਦੇ ਦੀਆਂ ਅਨੋਖੀਆਂ ਗੱਲਾਂ ਸੁਣੀਆਂ ਤਾਂ ਭੀਖਣ ਸ਼ਾਹ ਸਮਝ ਗਿਆ ਕਿ ਉਹ ਠੀਕ ਥਾਂ 'ਤੇ ਪਹੁੰਚ ਗਿਆ ਹੈ। ਕੋਈ ਸ਼ਰਧਾਲੂ ਕਹਿੰਦਾ ਕਿ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਨਾਲ ਸਾਰੇ ਕਮਰੇ ਵਿਚ ਪ੍ਰਕਾਸ਼ ਹੋ ਗਿਆ ਸੀ। ਕੋਈ ਕਹਿੰਦਾ ਕਿ ਦਾਈ ਨੇ ਦੱਸਿਆ ਕਿ ਜਨਮ ਸਮੇਂ ਬਾਲਕ ਦੇ ਚਿਹਰੇ 'ਤੇ ਬੜੀ ਮਨਮੋਹਣੀ ਮੁਸਕਰਾਹਟ ਸੀ ਤੇ ਮੱਥੇ 'ਤੇ ਰੱਬੀ ਨੂਰ ਝਲਕ ਰਿਹਾ ਸੀ। ਸਮੇਂ ਦੇ ਪ੍ਰਚਲਤ ਵਿਸ਼ਵਾਸ ਅਨੁਸਾਰ ਹਰ ਸ਼ਰਧਾਲੂ ਉਸ ਨੂਰੀ ਬਾਲਕ ਦੇ ਨਾਮ ਨਾਲ ਕੋਈ ਨਾ ਕੋਈ ਕਰਾਮਾਤ ਜੋੜ ਰਿਹਾ ਸੀ। ਖਿੜਿਆਂ ਚਿਹਰਿਆਂ ਉੱਤੇ ਝਲਕਦੀ ਖ਼ੁਸ਼ੀ ਵੇਖ ਕੇ ਭੀਖਣ ਸ਼ਾਹ ਦੀ ਸ਼ਰਧਾ ਵਿਚ ਹੋਰ ਵਾਧਾ ਹੋ ਗਿਆ। ਗੁਰਦੇਵ ਦੀ ਦਹਿਲੀਜ਼ ਉੱਤੇ ਨਮਸਕਾਰ ਕਰਕੇ ਮੂਹਰੇ ਅੱਖੀ ਆਸਣ ਜਮਾ ਕੇ ਬੈਠ ਗਿਆ। ਅੰਦਰ ਖ਼ਬਰ ਪਹੁੰਚੀ। ਮਾਮਾ ਕ੍ਰਿਪਾਲ ਜੀ ਬਾਹਰ ਆਏ ਅਤੇ ਉਹਨਾਂ ਬੜੇ ਪਿਆਰ ਨਾਲ ਭੀਖਣ ਸ਼ਾਹ ਨੂੰ ਪੁੱਛਿਆ, ਫ਼ਕੀਰ ਸਾਈਂ ਜੀ, ਕੀ ਹੁਕਮ ਹੈ, ਕੋਈ ਸੇਵਾ ? ਸੰਧਰ ਭੀਖਣ ਸ਼ਾਹ ਨੇ ਬੜੇ

ਉਤਸਾਹ ਨਾਲ ਦੁਹਰਾਇਆ, "ਉਸ ਇਲਾਹੀ ਨੂਰ ਦਾ ਦੀਦਾਰ ਜੋ ਭੁੱਲੇ ਇਨਸਾ ਸਿੱਧੇ ਰਸਤੇ ਪਾਉਣ ਵਾਸਤੇ ਪ੍ਰਗਟ ਹੋਇਆ ਹੈ।" ਸਮਾਜਿਕ ਰਸਮੋ ਰਿਵਾਜ ਦੇ ਬੰਧ ਪੱਕੇ ਹੁੰਦੇ ਨੇ। ਮਾਤਾ ਨਾਨਕੀ ਜੀ ਨਵਜੰਮੇ ਬੱਚੇ ਨੂੰ ਕਿਸੇ ਮੁਸਲਮਾਨ ਫ਼ਕੀਰ ਦੇ ਮੱਥੇ ਲ ਵਾਸਤੇ ਤਿਆਰ ਨਹੀਂ ਸੀ। ਉਹਨਾਂ ਬੜੇ ਪਿਆਰ ਨਾਲ ਮਾਮੇ ਕ੍ਰਿਪਾਲ ਜੀ ਨੂੰ ਕਿ "ਫ਼ਕੀਰ ਨੂੰ ਸਮਝਾਵੋ ਕਿ ਸਭ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਆ ਕੇ ਸਾਹਿਬਜ਼ਾ ਵੇਖਣਗੇ, ਫਿਰ ਸਾਰੀ ਸੰਗਤ ਨੂੰ ਸਾਹਿਬਜ਼ਾਦੇ ਦੇ ਦਰਸ਼ਨ ਕਰਵਾਏ ਜਾਣਗੇ। ਓਨਾ ਉਸ ਫ਼ਕੀਰ ਲਈ ਚੰਗੀ ਥਾਂ ਰਹਿਣ ਦਾ ਪ੍ਰਬੰਧ ਕਰ ਦਿਉ ਤੇ ਅੰਨ ਬਸਤਰ ਦੀ ਸੇਵਾ

ਜਦੋਂ ਮਾਮਾ ਕ੍ਰਿਪਾਲ ਜੀ ਦੇ ਮੂੰਹੋਂ ਇਹ ਫ਼ੈਸਲਾ ਸੁਣਿਆ ਤਾਂ ਸੱਯਦ ਭੀਖਣ ਨੇ ਬੜੀ ਨਿਮਰਤਾ ਨਾਲ ਉੱਤਰ ਦਿੱਤਾ, "ਭਲੇ ਪੁਰਸ਼! ਅੰਨ ਬਸਤਰ ਦੀ ਖਾਹਿਸ਼ ਅਸੀਂ ਏਨੀ ਦੂਰੋਂ ਨਹੀਂ ਆਏ, ਉਸ ਇਲਾਹੀ ਨੂਰ ਦੇ ਦੀਦਾਰ ਦੀ ਤਲਬ ਲੈ ਆ ਵਾਹ ਵਾਹ, ਉਸ ਦੀ ਰਜ਼ਾ, ਜਦ ਆਪ ਦੀ ਖ਼ੁਸ਼ੀ ਦਰਸ਼ਨ ਕਰਾ ਦੇਣਾ। ਉਸ ਤੋਂ ਪ ਅੰਨ ਪਾਣੀ ਦੀ ਜ਼ਰੂਰਤ ਨਹੀਂ। ਦੀਦਾਰ ਕਰਕੇ ਹੀ ਭੋਜਨ ਪਾਵਾਂਗੇ।" ਜਿਵੇਂ ਸੱਯਦ ਭੀ ਸ਼ਾਹ ਅਰਜ਼ਾਂ ਕਰਦਾ ਹੈ, ਇਉਂ ਬੇਨਤੀ ਹੈ:

ਬੈਂਤ ਛੰਦ

1.

ਭੀਖਣ ਸ਼ਾਹ ਜੋੜ ਹੱਥ ਅਰਜ਼ ਕੀਤੀ,
ਅੰਨ ਪਾਣੀ ਦੀ ਰਤਾ ਨਾ ਚਾਅ ਭਾਈ।
ਦੀਨ ਦੁਨੀ ਦੇ ਮਾਲਕ ਦੇ ਦਰਸ਼ਨਾਂ ਨੂੰ,
ਮਨ ਕਿਹਾ ਹੈ ਮੇਰਾ ਲਲਚਦਾ ਭਾਈ।
ਪੈਂਡਾ ਦੂਰ ਕੀਤਾ ਪਟਨੇ ਪਹੁੰਚ ਕੇ ਮੈਂ,
ਅੰਨ ਮੂੰਹ ਵਿਚ ਓਨਾ ਚਿਰ ਪਾਵਣਾ ਨਹੀਂ।
ਦਰਸ਼ਨ ਪਾਏ ਬਿਨਾਂ ਸੱਚੇ ਪਾਤਸ਼ਾਹ ਦੇ,
ਖ਼ਾਲੀ ਇਸ ਦਰੋਂ ਮੁੜ ਕੇ ਜਾਵਣਾ ਨਹੀਂ।

2.

ਜਿਨ੍ਹਾ ਵਿਚ ਆਏ ਓਨਾ ਵਿਚ ਉਡੀਕਾਂ,
ਖ਼ਾਲੀ ਇਸ ਨਿਮਾਣੇ ਨੂੰ ਮੋੜਿਉ ਨਾ।
ਆਸ ਮੇਰੀ ਪੂਰੀ ਕਰਦਣ ਮੁੱਖ ਜਾਵੇ,
ਮੇਰੇ ਚਾਅ ਉੱਤੇ ਪਾਣੀ ਰੋੜ੍ਹਿਉ ਨਾ।

ਮੀਲ ਸੱਤ ਸੌ ਤੋਂ ਪੈਦਲ ਮੈਂ ਚਲ ਆਇਆ।
ਵੇਲਾ ਹੱਥ 'ਚੋਂ ਇਹ ਗਵਾਉਣਾ ਨਹੀਂ।
ਦਰਸ਼ਨ ਪਾਏ ਬਿਨਾਂ.......

3.

ਰਿਹਾ ਭਾਲਦਾ ਮੁੱਦਤੋਂ ਜਿਸ ਨੂੰ ਮੈਂ,
ਉਹ ਗਿਆ ਹੈ ਪਟਨੇ ਵਿਚ ਲੱਭ ਮੈਨੂੰ।
ਟੁੱਟ ਗਏ ਨੇ ਭਰਮਾਂ ਦੇ ਸਭ ਬੰਧਨ,
ਵੇਖ ਲੈਣ ਦਿਉ ਅੱਖਾਂ ਨਾਲ ਰੱਬ ਮੈਨੂੰ।
ਤਿੰਨ ਦਿਨ ਹੋ ਗਏ ਜਿੰਦ ਲੁੱਛਦੀ ਨੂੰ,
ਚੈਨ ਮਨ ਤਾਈਂ ਤਦ ਤੱਕ ਆਵਣਾ ਨਹੀਂ।
ਦਰਸ਼ਨ ਪਾਏ ਬਿਨਾਂ.......

4.

ਘੜੀ ਪਿਆਰੇ ਦੇ ਪਿਆਰ ਦੇ ਚੱਲ ਆਏ,
ਧਨ ਦੌਲਤ ਦੀ ਅਸਾਂ ਨੂੰ ਲੋੜ ਨਾ ਜੀ।
ਰੱਬੀ ਨੂਰ ਦਾ ਅਸੀਂ ਦੀਦਾਰ ਕਰਨਾ,
ਪਾਣੀ ਪੈਰ ਭਰੀ ਸੰਗਤੇ ਮੋੜ ਨਾ ਜੀ।
ਭਾਗਾਂ ਵਾਲੀ ਇਸ ਘੜੀ ਸੁਲੱਖਣੀ ਨੂੰ,
ਇਹਨਾਂ ਠੋਕਰਾਂ ਹੱਥੋਂ ਖੁੰਝਾਵਣਾ ਨਹੀਂ।
ਦਰਸ਼ਨ ਪਾਏ ਬਿਨਾਂ.......

5.

ਘਰ ਪਿਆਰ ਦੇ ਜਿਸ ਨੂੰ ਪੈਂਡੇ ਕਟੇ,
ਮੂਹ ਭਾਣਾ ਕਿ ਮੰਜ਼ਲਾਂ ਔਖਿਆਂ ਦੀ।
ਪਿਆਰੇ ਠੋਕਰਾਂ ਨੂੰ ਮੂਲਾ ਲੋੜਾ,
ਸਾਨੂੰ ਲੋੜ ਨਹੀਂ ਹੋਰਿਆਂ ਦੌਲਿਆਂ ਦੀ।
ਭੁੱਖ ਪਿਆਰੇ ਦੀ ਦੀਦ ਨਾਲ ਮਿਟਣੀ ਹੈ,
ਭੋਜਨ ਛਕਣ ਦੀ ਅਸਾਂ ਦੀ ਭਾਵਨਾ ਨਹੀਂ।
ਦਰਸ਼ਨ ਪਾਏ ਬਿਨਾਂ.......

6.

ਮੇਲਾ ਕਰ ਕਿਰਪਾ ਕਰਕੇ ਮਿਹਰ ਆਪਣੀ,
ਕਲਾ ਕੌੜੀ ਵਰਤਾ ਦੇ ਅੱਜ ਏਥੇ।
ਰੱਜ-ਰੱਜ ਕੇ ਕਰਾਂ ਦੀਦਾਰ ਤੇਰਾ,
ਸਫਲ ਮੋਮਨਾਂ ਦਾ ਹੋ ਜਾਏ ਹੱਜ ਏਥੇ।
ਅਮਰਜੀਤ ਤੇ ਰਹਿਮਤ ਦੀ ਨਜ਼ਰ ਰੱਖੀਂ,
ਤੇਰੀ ਮੇਹਰ ਬਾਝੋਂ ਗਾਇਆ ਜਾਵਣਾ ਨਹੀਂ।
ਦਰਸ਼ਨ ਪਾਏ ਬਿਨਾਂ ਮੀਰੇ ਪਾਤਸ਼ਾਹ ਦੇ,
ਖ਼ਾਲੀ ਇਸ ਦਰੋਂ ਮੁੜ ਕੇ ਜਾਵਣਾ ਨਹੀਂ।

ਮਾਮਾ ਕ੍ਰਿਪਾਲ ਜੀ ਕਈ ਵਾਰ ਸਮਝਾ ਚੁੱਕੇ ਸਨ, ਪਰ ਭੀਖਣ ਸ਼ਾਹ ਸਿਦਕ ਤੋਂ ਡੋਲ੍ਹਿਆ। ਉਹ ਅੱਗੋਂ ਦੂਣੀ ਹਲੀਮੀ ਨਾਲ ਬੇਨਤੀ ਕਰਦਾ, ਮੇਰੀ ਜ਼ਿੱਦ ਨਹੀਂ, ਹੱਠ ਨ ਨਾਰਾਜ਼ਗੀ ਵੀ ਨਹੀਂ, ਇਹ ਤਾਂ ਇਕ ਸਾਧਕ ਦੀ ਅਕੀਦਤ ਹੈ, ਸ਼ਰਧਾ ਹੈ। ਮੁਰਾਦ ਫ਼ਕੀਰ ਦੇ ਹੱਥ ਹੈ। ਉਸ ਮਾਲਕ ਦੀ ਰਜ਼ਾ ਵਿਚ ਰਾਜ਼ੀ ਰਹੋ। ਮੇਰੇ ਦਿਲ ਦੀ ਸ਼ਰਧਾ ਟਾਲ ਨਹੀਂ ਸਕਦਾ।

ਅਗਲੇ ਦਿਨ ਭੀਖਣ ਸ਼ਾਹ ਦੀ ਮੰਗ ਪੂਰੀ ਕਰਨ ਦਾ ਪ੍ਰਬੰਧ ਕਰ ਦਿੱਤਾ ਗਿ ਡਿਉਢੀ ਵਿਚ ਇਕਾਂਤੀ ਕਰਕੇ ਕੀਰਤਨ ਅਰੰਭ ਕਰ ਦਿੱਤਾ ਗਿਆ। ਰਾਗੀਆਂ ਮੰਗਲਮਈ ਸ਼ਬਦ ਪੜ੍ਹੇ। ਸਾਹਿਬਜ਼ਾਦੇ ਦੇ ਦਰਸ਼ਨ ਲਈ ਬੇਅੰਤ ਸੰਗਤਾਂ ਜੁੜ ਗਈ ਸੰਗ ਸੇਵਕ ਭੀਖਣ ਸ਼ਾਹ ਦੇ ਦੁਆ ਮੰਗਦੇ ਸਨ। ਜਿਸ ਦੇ ਵਸੀਲੇ ਉਹਨਾਂ ਨੂੰ ਸਾਹਿਬਜ਼ ਦੇ ਦਰਸ਼ਨ ਹੋਏ। ਐਸੇ ਮਹਿਬੂਬ ਦੀ ਦਰਗਾਹ ਵਿਚ ਖ਼ਾਲੀ ਨਹੀਂ ਜਾਣਾ, ਦੋ ਕੋਰੀ ਕੁੱਜੀਆਂ ਦੁੱਧ ਦੀਆਂ ਭਰ ਲਿਆਈ, ਮੁਰੀਦਾਂ ਨੂੰ ਹੁਕਮ ਦਿੱਤਾ। ਮਾਮਾ ਕ੍ਰਿਪਾਲ ਸਾਹਿਬਜ਼ਾਦੇ ਨੂੰ ਰੇਸ਼ਮੀ ਰੁਮਾਲ ਵਿਚ ਲਪੇਟ ਕੇ ਦੀਵਾਨ ਵਿਚ ਲਿਆਂਦੇ। ਸੰਗਤਾਂ ਦੀ ਕਰਕੇ ਨਿਹਾਲ ਹੋਈਆਂ। ਖ਼ੁਸ਼ੀ ਭਰੀ ਜੈ ਜੈ ਕਾਰ ਵਿਚ ਮਹਿਫ਼ਲ ਗੂੰਜ ਉਠੀ। ਮਾਮਾ ਕ੍ਰਿ ਜੀ ਨੇ ਰਸਤਾ ਬਣਾ ਦਿੱਤਾ। ਸੱਯਦ ਭੀਖਣ ਸ਼ਾਹ ਦੀਆਂ ਹੱਥਾਂ ਵਿਚ ਫੜਾਏ ਦੀਆਂ ਕੁੱਜੀ ਲਈ ਹਾਜ਼ਰ ਹੋਇਆ। ਸਾਹਿਬਜ਼ਾਦੇ ਦਾ ਦੀਦਾਰ ਕਰਕੇ ਫ਼ਕੀਰ ਨਿਹਾਲ ਹੋਇਆ। ਹ ਦੇ ਚਿਹਰੇ ਦੇ ਇਲਾਹੀ ਜਲਾਲ ਤੱਕ ਕੇ ਭੀਖਣ ਸ਼ਾਹ ਨੇ ਸ਼ਰਧਾ ਨਾਲ ਸਿਰ ਝੁਕਾਇ "ਮੇਰੇ ਮਾਲਕ ! ਦਿਲ ਦਾ ਸ਼ੰਕਾ ਦੂਰ ਕਰਨਾ ਚਾਹੁੰਦਾ ਹਾਂ, ਮੇਰਾ ਦਰ ਪ੍ਰਵਾਨ ਹੋ ਕਹਿੰਦਿਆਂ ਹੋਇਆਂ ਭੀਖਣ ਸ਼ਾਹ ਨੇ ਦੁੱਧ ਦੀਆਂ ਭਰੀਆਂ ਦੋਵੇਂ ਕੁੱਜੀਆਂ ਸਾਹਮਣੇ ਦਿੱਤੀਆਂ। ਸ਼ਕਤੀਵਾਨ ਨੂਰਾਂ ਜਦ ਉਮਰ ਵਿਚ ਤਪ ਤੇਜ ਵਾਲੀਆਂ ਹੁੰਦੀਆਂ ਹਨ। ਸਾਹਿਬਜ਼ਾਦੇ ਨੇ ਲਿਫ਼ ਕਰ ਕੇ ਫ਼ਕੀਰ ਵੱਲ ਤੱਕਿਆ। ਫ਼ਕੀਰ ਨੂੰ ਇੰਝ ਜਾਪਿਆ,

(14) ਪਟਨੇ ਤੋਂ ਨੰਦੇੜ ਤੱਕ

ਹਜ਼ੂਰ ਖ਼ਮੋਸ਼ ਬੋਲੀ ਵਿਚ ਕੁਝ ਕਹਿ ਰਹੇ ਹੋਣ, ਐ ਸ਼ਰਧਾਵਾਨ, ਅਸੀਂ ਤੇਰੇ ਦਿਲ ਦੀ ਬੁਝ ਲਈ ਹੈ। ਇਹ ਹੈ ਤੇਰੇ ਪ੍ਰਸ਼ਨ ਦਾ ਉੱਤਰ। ਸਾਹਿਬਜ਼ਾਦੇ ਨੇ ਨਿੱਕੇ ਨਿੱਕੇ ਕੋਮਲ ਹੱਥ ਵਧਾ ਕੇ ਦੋਹਾਂ ਕੁੱਜੀਆਂ ਉੱਤੇ ਧਰ ਦਿੱਤੇ। ਮੁਸਕਰਾਉਂਦੇ ਨੇਤਰਾਂ ਨਾਲ ਫ਼ਕੀਰ ਵੱਲ ਤੱਕਿਆ ਤੇ ਹਜ਼ੂਰ ਨੇ ਹੱਥ ਪਿਛਾਂਹ ਕਰ ਲਏ। ਵਾਹ ਵਾਹ ਮੇਰੇ ਮੁਰਸ਼ਦ, ਜੈਸਾ ਚਾਹਿਆ ਸੀ, ਵੈਸਾ ਪਾਇਆ। ਇਸ ਵੇਲੇ ਲੋੜ ਵੀ ਕਿਸੇ ਐਸੇ ਅਜਿਹੇ ਵਲੀ ਦੀ ਸੀ, ਜੋ ਸਾਰਿਆਂ ਨੂੰ ਇੱਕੋ ਜਿਹਾ ਜਾਣੇ ਤੇ ਸੀਨੇ ਨਾਲ ਲਾਵੇ। ਹਜ਼ੂਰ ਦੀ ਰਮਜ਼ ਸਮਝ ਕੇ ਭੀਖਣ ਸ਼ਾਹ ਆਪ-ਮੁਹਾਰਾ ਪੁਕਾਰ ਉੱਠਿਆ। ਸਭ ਨੇ ਹਜ਼ੂਰ ਦਾ ਇਹ ਕੌਤਕ ਵੇਖਿਆ ਤੇ ਸ਼ਰਧਾ ਨਾਲ ਸਿਰ ਝੁਕਾਏ ਮੁਰੀਦਾਂ ਨੇ ਭੀਖਣ ਸ਼ਾਹ ਨੂੰ ਪੁੱਛਿਆ, "ਪੀਰ ਜੀ ! ਇਹ ਕੀ ਕੁੱਜੀਆਂ ਰਮਜ਼ਾਂ ਲਾ ਰਹੇ ਹੋ ਸਾਡੇ ਬੰਦੇ ਵੀ ਨਸੀਹਤ ਕਰਨ ਦੀ ਮਿਹਰਬਾਨੀ ਕਰੋ।" ਇਹ ਇਕ ਗੂੜ੍ਹੀ ਰਮਜ਼ ਸੀ। ਪੀਰ ਜੀ ਬੋਲੇ, "ਮੈਂ ਜਾਨਣਾ ਚਾਹੁੰਦਾ ਸੀ ਇਹ ਹਿੰਦੂਆਂ ਦੀ ਮਦਦ ਕਰੇਗਾ ਜਾਂ ਮੁਸਲਮਾਨਾਂ ਦਾ ਪੱਖ ਲਵੇਗਾ। ਮੈਂ ਇਕ ਕੁੱਜੀ ਹਿੰਦੂਆਂ ਦੀ ਤੇ ਇਕ ਮੁਸਲਮਾਨਾਂ ਦੀ ਸਮਝ ਕੇ ਹਜ਼ੂਰ ਦੇ ਸਾਹਮਣੇ ਧਰੀਆਂ ਸੀ। ਮੈਂ ਦਿਲ ਵਿਚ ਧਾਰਿਆ ਸੀ ਆਪ ਜਿਸ ਵੱਲ ਪਿਆਰ ਦੀ ਨਜ਼ਰ ਨਾਲ ਤੱਕਣਗੇ, ਉਸ ਦੇ ਮਦਦਗਾਰ ਹੋਣਗੇ, ਪਰ ਇਸ ਨਿਰਪੱਖ ਤੇ ਨਿਰਵੈਰ ਮੁਰਸ਼ਦ ਨੇ ਦੋਹਾਂ 'ਤੇ ਹੱਥ ਧਰ ਕੇ ਸਮਝਾ ਦਿੱਤਾ ਕਿ ਆਪ ਦੋਹਾਂ ਨੂੰ ਇੱਕੋ ਜਿਹਾ ਸਮਝ ਕੇ, ਦੋਹਾਂ ਦੇ ਸਿਰ 'ਤੇ ਬਖ਼ਸ਼ਿਸ਼ ਭਰਿਆ ਹੱਥ ਰੱਖਣਗੇ। ਇਹ ਇਲਾਹੀ ਨੂਰ ਸਭ ਦਾ ਸਾਂਝਾ ਪੀਰ ਹੈ।" ਇਸ ਤਰ੍ਹਾਂ ਸੱਯਦ ਭੀਖਣ ਸ਼ਾਹ ਹਜ਼ੂਰ ਦੇ ਦਰਸ਼ਨ ਕਰਕੇ ਆਪਣੇ ਮੁਰੀਦਾਂ ਨੂੰ ਨਾਲ ਲੈ ਕੇ ਵਾਪਸ ਆਪਣੇ ਨਗਰ ਆ ਗਿਆ।

ਕਹਿੰਦੇ ਹਨ ਕਿ ਪੁੱਤਾਂ ਨਾਲੋਂ ਪੋਤਰੇ ਵਧੇਰੇ ਪਿਆਰੇ ਲੱਗਦੇ ਹਨ। ਬੁਢਾਪੇ ਦੀ ਉਮਰ ਸੀ। ਮਾਤਾ ਨਾਨਕੀ ਜੀ ਵੀ ਵਧੇਰੇ ਸਮਾਂ ਪੋਤਰੇ ਨੂੰ ਲੋਰੀਆਂ ਦੇ ਦੇ ਗੁਜ਼ਾਰਦੇ। ਮਾਤਾ ਨਾਨਕੀ ਜੀ ਦੇ ਸਿਰਤਾਜ ਗੁਰੂ ਹਰਿਗੋਬਿੰਦ ਸਾਹਿਬ ਤਾਂ ਮਹਾਨ ਤੇ ਅਜਿੱਤ ਯੋਧੇ ਸਨ। ਉਹ ਲਾਡ ਨਾਲ ਪੋਤਰੇ ਦਾ ਮੱਥਾ ਚੁੰਮਦੇ, ਤਾਂ ਸਦਾ ਇਹੋ ਅਸੀਸ ਦਿੰਦੇ, ਮੇਰਾ ਗੋਬਿੰਦ ਰਾਏ ਵੀ ਆਪਣੇ ਦਾਦੇ ਵਰਗਾ ਮਹਾਂਬਲੀ ਹੋਵੇਗਾ। ਜ਼ਾਲਮਾਂ ਦਾ ਨਾਸ਼ ਕਰੇਗਾ ਤੇ ਧਰਮੀਆਂ ਦਾ ਸਹਾਰਾ ਬਣੇਗਾ। ਜੋ ਅਸੀਸਾਂ ਤੇ ਲੋਰੀਆਂ ਮਾਤਾ ਨਾਨਕੀ ਜੀ ਆਪਣੇ ਪੋਤੇ ਨੂੰ ਦਿੰਦੇ, ਇਉਂ ਪੇਸ਼ ਹਨ :

ਤਰਜ ਗੀਤ

ਲੋਰੀ ਇਹ ਪੁੱਤ ਦਾਦੀ ਲਾਡਲੇ ਗੋਬਿੰਦ ਤਾਈਂ, ਕਰਦੀ ਹੈ ਨਿੱਤ ਅਰਦਾਸ।
ਦਾਦੇ ਪੜਦਾਦੇ ਵਾਂਗੂੰ ਬਣੇਗਾ ਤੂੰ ਮਹਾਂਬਲੀ, ਜ਼ਾਲਮਾਂ ਦਾ ਕਰੇਂਗਾ ਤੂੰ ਨਾਸ਼।

੧. ਚੁੰਮ-ਚੁੰਮ ਮੁੱਖੜਾ ਤੇ ਦੇਂਦੀ ਹੈ ਅਸੀਸਾਂ ਦਾਦੀ,
ਜੀਣ ਜਿਹਾ ਮੇਰਾ ਬਰਖੁਰਦਾਰ।

ਦੁਨੀਆਂ ਦੇ ਵਿਚ ਖੇਡਾਂ ਖੇਡੇਂਗਾ ਨਿਆਰੀਆਂ ਤੂੰ,
ਨੀਵਿਆਂ ਨਾਲ ਰੱਖੇਂਗਾ ਪਿਆਰ।
ਤਵੀ ਉੱਤੇ ਬਹਿ ਕੇ ਗੁਰੂ ਪੰਜਵੇਂ ਸ਼ਹੀਦ ਹੋ ਗਏ,
ਉਹਨਾਂ ਉੱਤੇ ਰੱਖੀਂ ਵਿਸ਼ਵਾਸ।
ਦਾਦੇ ਪੜਦਾਦੇ ਵਾਂਗੂੰ______

2. ਸਾਹਿਬ ਹਰਿਮੰਦਰ ਬਣਾਇਆ ਗੁਰੂ ਪੰਜਵੇਂ ਨੇ,
ਪੂਜੇ ਜਿਥੇ ਹਰ ਇਨਸਾਨ।
ਕੋਹੜੀਆਂ ਦੇ ਕੋਹੜ ਦੂਰ ਪਲਾਂ ਵਿਚ ਹੋਂਵਦੇ ਨੇ,
ਅੰਮ੍ਰਿਤਸਰ ਜੋ ਨ੍ਹਾਣ।
ਵਾਰਸ ਹੈਂ ਬੇਟਾ ਤੂੰ ਵੀ ਉਸੇ ਪਰਮਾਤਮਾ ਦਾ,
ਰਚ ਜਾਵੀਂ ਨਵਾਂ ਇਤਿਹਾਸ।
ਦਾਦੇ ਪੜਦਾਦੇ ਵਾਂਗੂੰ______

3. ਛੇਵੇਂ ਗੁਰਾਂ ਵਾਂਗੂੰ ਹੋਣੀ ਵੱਖਰੀ ਹੈ ਸ਼ਾਨ ਤੇਰੀ,
ਝੁਕੂ ਤੈਨੂੰ ਸਾਰਾ ਸੰਸਾਰ।
ਉਹਨਾਂ ਵਾਂਗੂੰ ਬੁੱਢੇ ਜਵਾਨ ਸਾਥੀ ਰੱਖੇਂਗਾ ਤੂੰ,
ਤੇਗਾਂ ਨਾਲ ਰੱਖੇਂਗਾ ਪਿਆਰ।
ਮਾਂ ਪੁੱਤ ਲੜੇਂਗਾ ਤੂੰ ਤੇਗਾਂ ਦੇ ਵਿਚ ਕੇ ਜੰਗ,
ਜਿੱਤਾਂ ਜਿੱਤ ਹੋਵੇਂਗਾ ਤੂੰ ਪਾਸ।
ਦਾਦੇ ਪੜਦਾਦੇ ਵਾਂਗੂੰ______

4. ਸੀਸ ਤੇ ਧਰਮ ਲਈ ਲੜੇਂਗਾ ਅਖੀਰ ਤੱਕ,
ਇਹੋ ਤੇਰਾ ਹੋਵੇਗਾ ਅਸੂਲ।
ਕੌਮ ਦੀ ਜ਼ਿੰਦਗੀ ਜਿਊਣਾ ਕੌਮ ਮਰਨਾ ਦਾ,
ਕੌਮ ਦੀ ਸੇਵ ਕਬੂਲ।
ਦੁਨੀਆਂ ਦਾ ਧਰਮੀ ਸਦਾਵੇਂਗਾ ਜਹਾਨ ਵਿਚ,
ਕੌਮ ਦਾ ਸਦਾਵੇਂਗਾ ਤੂੰ ਦਾਸ।
ਦਾਦੇ ਪੜਦਾਦੇ ਵਾਂਗੂੰ______

5. ਨਾਨਕ ਗੁਰੂ ਦੀ ਸਿੱਖ ਕੌਮ ਤੇ ਨਿਛਾਵਰੇ ਲਈ,
ਸੀਸ ਦਾ ਬਣੇਂਗਾ ਪਹਿਰੇਦਾਰ।

ਨੀਂਵਿਆਂ ਨੂੰ ਉੱਚਿ ਚੁੱਕੀ ਮੇਰੇ ਬਲਵਾਨ ਬੇਟਾ,
ਰੱਜ-ਰੱਜ ਦੇਵੀਂ ਸਤਿਕਾਰ।
ਇਮਤਿਹਾਨ ਤੇਰੇ ਸਦਾ ਕਰੜੇ ਹੀ ਹੋਵਣੇ ਨੇ,
ਹੋਵੇਂਗਾ ਹਰੇਕ ਵਿਚੋਂ ਪਾਸ।
ਦਾਦੇ ਪੜਦਾਦੇ ਵਾਂਗੂੰ——

6. ਕੋਈ ਪੈਸੇ ਦਾਨ ਕਰੇ ਦਾਨੀ ਅਖਵਾਉਣ ਦੇ ਲਈ,
ਭੁੱਖਿਆਂ ਨੂੰ ਕਰੇ ਕੋਈ ਦਾਨ।
ਕੋਈ ਦਾਨ ਕਰਦਾ ਹੈ ਕੱਪੜਾ ਗਰੀਬਾਂ ਤਾਈਂ,
ਸੀਸ ਦੇ ਕਹਾਉਣ ਕਈ ਮਹਾਨ।
ਤੇਰੇ ਤੋਂ ਮਹਾਨ ਦਾਨੀ ਦੁਨੀਆਂ 'ਤੇ ਨਹੀਂ ਹੋਣਾ।
ਕੁਝ ਵੀ ਨਾ ਰੱਖਿਆ ਤੂੰ ਪਾਸ।
ਦਾਦੇ ਪੜਦਾਦੇ ਵਾਂਗੂੰ——

7. ਤੇਰੇ ਜਿਹਾ ਨਹੀਂ ਕੋਈ ਤੇਰੇ ਜਿਹਾ ਤੂਹੀਂ ਕੋਈ,
ਹੋਣਾ ਨਹੀਂ ਕੋਈ ਦੂਸਰਾ ਜਹਾਨ 'ਤੇ,
ਕਰੇ ਨਵੇਂ ਕਾਰਨਾਮੇ ਹੋਣਗੀਆਂ ਗੱਲਾਂ ਉਦੋਂ,
ਰੱਖੀਂ ਝੰਡਾ ਉੱਚੀਂ ਅਸਮਾਨ 'ਤੇ।
ਤੋੜੇਂਗਾ ਤੂੰ ਮਾਣ ਬੇਟਾ ਵੱਡੇ ਹੰਕਾਰੀਆਂ ਦੇ,
ਮਾੜਿਆਂ ਨੂੰ ਦੇ ਕੇ ਧਰਵਾਸ।
ਦਾਦੇ ਪੜਦਾਦੇ ਵਾਂਗੂੰ——

8. ਬੇ-ਜਾਨ ਪਰਜਾ ਵਿਚ ਪਾਵੇਂਗਾ ਤੂੰ ਜਾਨ ਨਵੀਂ,
ਨੀਵਿਆਂ ਨੂੰ ਚੁੱਕੇਂਗਾ ਤੂੰ ਉੱਚੇ।
ਸੀਸ ਦੇ ਬਚਾਵੇਂਗਾ ਤੂੰ ਧਰਮ ਦੀ ਮਾਣ ਬੇਟਾ,
ਇਹੋ ਨੇ ਅਸੀਸੇ ਤੇਰੇ ਲਈ।
ਕਹਿੰਦਾ ਹੈ ਅਮਰਜੀਤ ਸਿੰਘਾਂ ਦੇ ਹਰੇਕ ਬੰਦ,
ਸੱਚ ਦਾ ਕਰੇਂਗਾ ਪ੍ਰਚਾਰ।
ਦਾਦੇ ਪੜਦਾਦੇ ਵਾਂਗੂੰ ਕਰੇਂਗਾ ਤੂੰ ਮਹਾਂਬਲੀ,
ਜ਼ਾਲਮਾਂ ਦਾ ਕਰੇਂਗਾ ਤੂੰ ਨਾਸ।

ਮਹਾਰਾਜ ਜ਼ਰਾ ਕੁ ਵਡੇਰੇ ਹੋਏ ਤੇ ਹਾਣੀਆਂ ਨਾਲ ਬਾਹਰ ਖੇਡਣ ਜਾਣ ਲੱ
ਸ਼ਰਧਾਲੂ ਲੋਕ ਖੁਸ਼ ਸਨ ਕਿ ਉਹਨਾਂ ਦੇ ਬੱਚੇ ਸਾਹਿਬਜ਼ਾਦੇ ਦੇ ਖੇਡ ਦੇ ਸਾਥੀ ਸ
ਬਾਲਕ ਦਾ ਸੁਭਾਅ ਬਚਪਨ ਤੋਂ ਕੁਝ ਵਿਸ਼ੇਸ਼ਤਾਈਆਂ ਰੱਖਦਾ ਹੈ। ਕੋਈ ਜਿ
ਬਣਨਾ ਚਾਹੁੰਦਾ ਹੈ, ਬਚਪਨ ਉਸ ਦੀ ਅਗੇਤਰੀ ਸੂਚਨਾ ਦੇਂਦਾ ਹੈ। ਗੋਬਿੰਦ ਰਾਏ
ਬਾਲ ਲੀਲਾ ਤੋਂ ਹੀ ਦਿਸ ਰਿਹਾ ਸੀ ਕਿ ਉਹ ਵੱਡੇ ਹੋ ਕੇ ਕੁਝ ਕਰਨਗੇ। ਗੁਰੂ
ਆਪਣੇ ਹਾਣੀਆਂ ਦੇ ਲੀਡਰ ਹੁੰਦੇ ਸਨ ਅਤੇ ਉਹਨਾਂ ਦਾ ਹੁਕਮ ਮੰਨਣ ਲਈ ਹ
ਤਿਆਰ ਰਹਿੰਦੇ। ਜੋ ਕੁਝ ਘਰੋਂ ਮਿਲਦਾ, ਮਹਾਰਾਜ ਹਾਣੀਆਂ ਵਿਚ ਵੰਡ ਦੇਂਦੇ।
ਹੱਥੋਂ ਪ੍ਰਸ਼ਾਦ ਛਕ ਕੇ ਹਾਣੀ ਬਹੁਤ ਖੁਸ਼ ਹੁੰਦੇ।

ਮਹਾਰਾਜ ਜੀ ਕਿਸੇ ਵੀ ਲੋੜਵੰਦ ਨੂੰ ਵੇਖਦੇ, ਤੇ ਜੋ ਕੁਝ ਵੀ ਕੋਲ ਹੁੰਦਾ,
ਦੇ ਦਿੰਦੇ। ਕਈ ਵਾਰ ਗਹਿਣੇ ਲਾਹ ਕੇ ਵੀ ਕਿਸੇ ਗਰੀਬ ਨੂੰ ਦੇ ਆਉਂਦੇ। ਉਮਰ ਹੋਰ
ਹੋਈ ਤਾਂ ਆਪ ਜੀ ਗੰਗਾ ਤੱਕ ਖੇਡਣ ਜਾਣ ਲੱਗ ਪਏ। ਗੁਰੂ ਘਰ ਦੀ ਸ਼ਾਨ ਬ
ਵਧਦੀ ਸੀ। ਇਸ ਲਈ ਸਾਹਿਬਜ਼ਾਦੇ ਨੂੰ ਕੀਮਤੀ ਬਸਤਰ ਬਹੁਮੁੱਲੇ ਗਹਿਣੇ ਪ
ਜਾਂਦੇ। ਇਕ ਦਿਨ ਗੰਗਾ ਕਿਨਾਰੇ ਖੇਡਣ ਗਏ। ਮਹਾਰਾਜ ਜੀ ਇਕ ਸੋਨੇ ਦਾ ਕੜ
ਵਿਚ ਡੇਗ ਆਏ ਅਤੇ ਮਾਤਾ ਨੂੰ ਵੇਖ ਕੇ ਕੁਝ ਚਿੰਤਾ ਜਿਹੀ ਹੋਈ ਤੇ ਮਾਤਾ ਜੀ
ਪਿਆਰ ਨਾਲ ਪੁੱਛਿਆ, ਲਾਲ ਜੀ! ਕੜਾ ਕਿੱਥੇ ਸੁੱਟ ਆਏ ਹੋ?" "ਚਲੋ, ਮਾ
ਆਹ ਦੱਸਾਂ।" ਮਹਾਰਾਜ ਜੀ ਮਾਤਾ ਜੀ ਦਾ ਪੱਲਾ ਫੜ ਕੇ ਨਾਲ ਲੈ ਤੁਰੇ। ਗੰਗਾ
ਲੈ ਗਏ। ਮਾਤਾ ਜੀ ਇਸ ਆਸ ਨਾਲ ਤੁਰ ਪਏ। ਮਹਾਰਾਜ ਜੀ ਗੰਗਾ ਦੇ ਕੰਢੇ
ਹੋਏ। ਹਜ਼ੂਰ ਨੇ ਦੂਸਰਾ ਕੜਾ ਵੀ ਹੱਥ ਉਤਾਰਿਆ, ਤੇ ਉਛਲਦੀਆਂ ਲਹਿਰਾਂ ਵੱਲ
ਕਰਕੇ ਬੋਲੇ, "ਪਹਿਲਾ ਕੜਾ ਇਥੇ ਡਿੱਗਾ ਸੀ" ਤੇ ਦੂਸਰਾ ਕੜਾ ਵਗਾਹ ਕੇ ਪਾਣ
ਸੁੱਟ ਦਿੱਤਾ। "ਲਾਲ ਜੀ", ਮਾਤਾ ਜੀ ਨੇ ਸਾਹਿਬਜ਼ਾਦੇ ਨੂੰ ਚੁੱਕ ਕੇ ਛਾਤੀ ਨਾਲ ਲ
ਤੇ ਆਖਿਆ ਕਿ "ਮੇਰਾ ਗੋਬਿੰਦ ਰਾਏ ਮਾਇਆ ਵਿਚ ਰਹਿੰਦਾ ਹੋਇਆ ਵੀ ਮਾਇਆ
ਰਹੇਗਾ"

ਇਸ ਤੋਂ ਬਾਅਦ ਵੀ ਰੋਜ਼ਾਨਾ ਹੀ ਤਰ੍ਹਾਂ ਗੰਗਾ 'ਤੇ ਮਹਾਰਾਜ ਅਨੇਕਾਂ ਖੇਡਾਂ
ਗੰਗਾ ਨਦੀ ਨੂੰ ਬਹੁਤ ਪਵਿੱਤਰ ਮੰਨਿਆ ਗਿਆ ਹੈ। ਪਟਨੇ ਦੇ ਪੰਡਤ ਲੋਕ ਗੰ
ਇਸ਼ਨਾਨ ਕਰਕੇ ਤੇ ਕੰਢੇ 'ਤੇ ਬਹਿ ਕੇ ਭਜਨ ਕਰਨਾ ਪੁੰਨ ਸਮਝਿਆ ਜਾਂਦਾ ਸੀ। ਕੁਝ
ਲੋਕ ਮੰਦੇ ਦਿਨੀਂ ਤੇ ਕੁਝ ਲੋਕ ਚਿਤਾਰੇ, ਅੰਮ੍ਰਿਤ ਵੇਲੇ ਗੰਗਾ ਕਿਨਾਰੇ ਸਮਾ
ਲਗਾਉਂਦੇ। ਇਹਨਾਂ ਦੇ ਵਿਚ ਇਕ ਬੜਾ ਸ਼ਰਧਾਲੂ ਪੰਡਤ ਸ਼ਿਵ ਦੱਤ ਮਸ਼ਹੂਰ ਸੀ।
ਦੇ ਇਲਾਕੇ ਵਿਚ ਉਸ ਦਾ ਬਹੁਤ ਸਤਿਕਾਰ ਸੀ। ਉਹ ਭਗਵਾਨ ਕ੍ਰਿਸ਼ਨ ਜੀ ਦਾ ਉ
ਸੀ। ਉਹ ਬਹੁਤੀ ਵਾਰ ਭਗਵਾਨ ਕ੍ਰਿਸ਼ਨ ਜੀ ਦੀ ਲੀਲਾ ਦੇ ਗੀਤ ਗਾਇਆ ਕਰ
ਉਹਦੀ ਸ਼ਰਧਾ ਦੀ ਕੋਈ ਹੱਦ ਨਹੀਂ ਸੀ ਅਤੇ ਮਹਾਰਾਜ ਦੇ ਕਿਨਾਰੇ ਕੋਲ ਤੱਕ ਕੇ

ਕਿ "ਇਸ ਬਾਲਕ ਵਿਚੋਂ ਮੈਨੂੰ ਨਿਰੰਕਾਰੀ ਜੋਤ ਨਜ਼ਰ ਆਉਂਦੀ ਹੈ।"

ਇਕ ਦਿਨ ਪੰਡਤ ਦੇ ਦਿਲ ਵਿਚ ਆਈ ਕਿ ਜੇ ਇਹ ਬਾਲਕ ਸੱਚਮੁਚ ਨਿਰੰਕਾਰੀ ਹੈ ਤਾਂ ਮੈਨੂੰ ਕ੍ਰਿਸ਼ਨ ਬਣ ਕੇ ਦਰਸ਼ਨ ਦੇਵੇ। ਇਹ ਕਹਿੰਦਿਆਂ-ਕਹਿੰਦਿਆਂ ਪੰਡਤ ਜੀ ਪ੍ਰੇਮ ਵਿਚ ਮਗਨ ਹੋ ਗਏ। ਮਹਾਰਾਜ ਸਾਥੀਆਂ ਸਮੇਤ ਗੰਗਾ ਕਿਨਾਰੇ ਖੇਡ ਰਹੇ ਸਨ। ਹਾਣੀਆਂ ਨੂੰ ਪਿਛਾਂਹ ਖਲਾਰ ਕੇ ਆਪ ਪੰਡਤ ਸ਼ਿਵ ਦੱਤ ਦੇ ਪਿੱਛੇ ਜਾ ਖਲੋਤੇ। ਫਿਰ ਸਹਿਜ-ਸਹਿਜ ਮਹਾਰਾਜ ਦਾ ਸੱਜਾ ਹੱਥ ਉਠਿਆ ਵੱਡੇ ਦਾਨਿਆਂ ਵਾਂਗ ਬੜੇ ਪਿਆਰ ਨਾਲ ਪੰਡਤ ਦੇ ਮੋਢੇ 'ਤੇ ਧਰਦੇ ਹੋਏ ਬੋਲੇ, "ਪੰਡਤ ਜੀ! ਨੇਤਰ ਖੋਲੋ। ਆਪ ਜੀ ਭਗਵਾਨ ਕ੍ਰਿਸ਼ਨ ਜੀ ਨੂੰ ਯਾਦ ਕਰਦੇ ਹੋ ਅਸੀਂ ਆ ਗਏ ਹਾਂ। ਈਸ਼ਵਰ ਦੀ ਜੋਤ ਹਰ ਥਾਂ ਹਰ ਵੇਲੇ ਹਰ ਇਕ ਵਿਚ ਹੈ। ਜਿਥੇ ਆਪ ਉਸ ਨੂੰ ਵੇਖ ਸਕੋ।" ਇਹ ਪਹਿਲਾ ਉਪਦੇਸ਼ ਸੀ ਜੋ ਮਹਾਰਾਜ ਜੀ ਨੇ ਕਿਸੇ ਨੂੰ ਕੀਤਾ। ਪੰਡਤ ਸ਼ਿਵ ਦੱਤ ਦੇ ਨੇਤਰ ਖੁੱਲ੍ਹੇ, ਸਾਹਮਣੇ ਹਜ਼ੂਰ ਦਾ ਨੂਰੀ ਚਿਹਰਾ ਮੁਸਕਰਾਉਂਦਾ ਨਜ਼ਰ ਆਇਆ। ਪੰਡਤ ਸ਼ਿਵ ਦੱਤ ਨੂੰ ਇਉਂ ਜਾਪਿਆ, ਜਿਵੇਂ ਜਿਵੇਂ ਬਾਲਕ ਕ੍ਰਿਸ਼ਨ ਸਾਹਮਣੇ ਮੁਸਕਰਾ ਰਿਹਾ ਹੋਵੇ। ਸੱਚੇ ਦਿਲੋਂ ਆਰਾਧਨ ਵਾਲੇ ਨੂੰ ਹਰ ਰੂਪ ਵਿਚ ਆਪਣਾ ਇਸ਼ਟ ਦੇਵ ਹੀ ਨਜ਼ਰ ਆਉਂਦਾ ਹੈ। ਸ਼ਰਧਾ ਨਾਲ ਝੁਕਦਾ-ਝੁਕਦਾ ਪੰਡਤ ਸ਼ਿਵ ਦੱਤ ਦਾ ਸਿਰ ਸਾਹਿਬਜ਼ਾਦੇ ਦੇ ਚਰਨਾਂ 'ਤੇ ਜਾ ਟਿਕਿਆ। ਗੁਰਦੇਵ ਨੇ ਦੋਹਾਂ ਹੱਥਾਂ ਨਾਲ ਪੰਡਤ ਦਾ ਸਿਰ ਉਪਰ ਉਠਾਇਆ ਤੇ ਕਿਹਾ ਕਿ "ਪੰਡਤ ਜੀ! ਆਪ ਜੀ ਦਾ ਤਪ ਪੂਰਾ ਹੋ ਗਿਆ ਹੈ। ਆਪ ਜੀ ਨੂੰ ਹਰ ਰੂਪ ਵਿਚ ਉਹੀ ਨਜ਼ਰ ਆਵੇਗਾ, ਉਹ ਜੋ ਹਰ ਵਿਚ ਵੱਸਦਾ ਹੈ।" ਪੰਡਤ ਸ਼ਿਵ ਦੱਤ ਨਿਹਾਲ ਹੋਇਆ ਤੇ ਕਿਹਾ ਕਿ "ਮੈਂ ਅੱਜ ਕੁਝ ਪਾ ਲਿਆ ਹੈ। ਨਿਰੰਕਾਰ ਦੀ ਥਾਂ ਸਾਕਾਰ ਦੇ ਦਰਸ਼ਨ ਹੋਏ ਨੇ।" ਇਹ ਸਾਰੀ ਵਿੱਥਿਆ ਬਾਕੀ ਸਾਰੇ ਪੰਡਤਾਂ ਨੂੰ ਵੀ ਦੱਸੀ ਤੇ ਸੰਗ ਦੀ ਆਰਾਧਨਾ ਕਰਨ ਦੀ ਪ੍ਰੇਰਨਾ ਦਿੱਤੀ ਕਿ ਸਭ ਗੋਬਿੰਦ ਹੈ ਸਭ ਗੋਬਿੰਦ ਹੈ। ਸ਼ਰਧਾ ਨਾਲ ਆਰਾਧਨਾ ਕਰੀਏ, ਨਿਹਾਲ ਹੋ ਜਾਈਏ।

ਇਸੇ ਤਰ੍ਹਾਂ ਇਸ ਪਟਨੇ ਸ਼ਹਿਰ ਵਿਚ ਰਾਜਾ ਫ਼ਤਹਿ ਚੰਦ ਤੇ ਰਾਣੀ ਮੈਣੀ ਦੇ ਘਰ ਕੋਈ ਵੀ ਔਲਾਦ ਨਹੀਂ ਸੀ। ਉਹ ਦੋਵੇਂ ਬੜੇ ਉਦਾਸ ਰਿਹਾ ਕਰਦੇ ਸਨ। ਧਨ ਧਾਮ ਬਹੁਤ ਸੀ ਨਿਸ਼ਾਨ ਨਹੀਂ। ਪੰਡਤ ਸ਼ਿਵ ਦੱਤ ਇਸ ਇਲਾਕੇ ਦੀ ਮੰਨੀ ਹੋਈ ਹਸਤੀ ਸੀ। ਦੂਧ ਪੁੱਤ ਮੰਗਣ ਵਾਲੇ ਅਨੇਕਾਂ ਲੋਕ ਉਹਦੇ ਦਰ 'ਤੇ ਖੜੇ ਰਹਿੰਦੇ ਸੀ। ਰਾਜਾ ਫ਼ਤਹਿ ਚੰਦ ਤੇ ਰਾਣੀ ਮੈਣੀ ਵੀ ਪੰਡਤ ਸ਼ਿਵ ਦੱਤ ਦੇ ਦਰ 'ਤੇ ਪਹੁੰਚੇ। ਉਹਨਾਂ ਦੀ ਸੱਚੀ ਸ਼ਰਧਾ ਵੇਖ ਕੇ, ਪੰਡਤ ਨੇ ਉੱਤਰ ਦਿੱਤਾ, "ਭਗਤ ਰਾਜਨ! ਹੁਣ ਮੇਰੇ ਵੱਸ ਕੁਝ ਨਹੀਂ, ਮੈਂ ਲੋਕਾਂ ਨੂੰ ਦਾਤਾਂ ਦਿਆ ਕਰਦਾ ਸੀ। ਕਿਸੇ ਸ਼ਰਧਾ ਵਾਲੇ ਦੀ ਦਾਤ ਪੂਰੀ ਹੋ ਜਾਂਦੀ ਸੀ। ਨਾਮ ਮੇਰਾ ਹੋ ਜਾਂਦਾ ਸੀ, ਪਰ ਉਹ ਸਭ ਪਖੰਡ ਸੀ। ਦੇਣ ਵਾਲਾ ਇਕ ਨਿਰੰਕਾਰ ਹੈ। ਹੁਣ ਮੈਂ ਕੁਝ ਪਾ ਲਿਆ ਹੈ। ਮੇਰੇ ਵਿਚ ਸੱਚ ਬੋਲਣ ਦੀ ਸ਼ਕਤੀ ਆ ਗਈ ਹੈ, ਜੇ ਕੁਝ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਉਸ ਨਿਰੰਕਾਰ ਦੀ ਆਰਾਧਨਾ ਕਰੋ, ਜਿਹੜਾ ਆਪ ਸੰਸਾਰ ਵਿਚ ਵਿਚਰ ਰਿਹਾ ਹੈ।

ਸਾਹਿਬਜ਼ਾਦਾ ਗੋਬਿੰਦ ਰਾਏ ਜੀ ਆਪਣੇ ਵਿਚ ਹੈ, ਉਸ ਨੂੰ ਯਾਦ ਕਰੋ, ਤੁਹਾਡੀ ਅਰਦਾਸ ਪੂਰੀ ਹੋਵੇਗੀ।" ਇਹ ਸੁਣ ਕੇ ਰਾਣੀ ਮੈਣੀ ਤੇ ਰਾਜਾ ਫ਼ਤਹਿ ਚੰਦ ਮਹਿਲਾਂ ਵਿਚ ਜਾ ਕੇ ਇਉਂ ਪੁਕਾਰ ਕਰਦੇ ਨੇ :

ਗੀਤ ਗੱਡੀ

1.

ਸੁਣਿਆ ਜਾਂ ਰਾਣੀ ਮੈਣੀ ਨੇ,
ਰੂਪ ਰੱਬ ਦਾ ਗੋਬਿੰਦ ਰਾਏ ਆਇਆ।
ਮੇਰੇ ਘਰ ਆ ਜਾ ਪ੍ਰੀਤਮਾ,
ਸੱਚੇ ਦਿਲੋਂ ਉਸ ਬੈਠ ਕੇ ਧਿਆਇਆ।
ਮਿਹਰਾਂ ਕਰ ਬਾਲਾ ਪ੍ਰੀਤਮਾ,
ਮਾਂ ਆਖ ਕੇ ਕਲੇਜੇ ਠੰਡ ਪਾ ਜਾ।
ਨਿੱਕੀ ਜਿਹੀ ਫੌਜ ਵਾਲਿਆ,
ਕਿਤੇ ਸਾਡੇ ਵੀ ਗਲੀਆਂ ਘਰ ਆ ਜਾ।

2.

ਰਾਣੀ ਹਾਂ ਮੈਂ ਫ਼ਤਹਿ ਚੰਦ ਦੀ,
ਦਿੱਤਾ ਰੱਬ ਦਾ ਹੈ [illegible] ਬਥੇਰਾ।
ਪੁੱਤਰਾਂ ਬਗੈਰ ਦਾਤਿਆ,
ਹੁੰਦਾ ਦੂਰ ਨਹੀਂਓਂ ਦਿਲਾਂ ਚੋਂ ਹਨੇਰਾ।
ਬਣੇ ਮੈਂ ਬਣਾਏ ਰੱਬ ਨਾ,
ਮੂੰਹੋਂ ਮੰਗ ਕੇ ਪ੍ਰੀਤਮਾ ਤੂੰ ਖਾ ਜਾ।
ਨਿੱਕੀ ਜਿਹੀ ਫੌਜ ਵਾਲਿਆ___

3.

ਸੁਣਿਆ ਪੈਂਦੇ ਰੰਗ ਕੇ,
ਕੋਠੇ ਚੰਦਨ ਦੀਵਾਰ ਤਾਈਂ ਆਇਆ।
ਸੋਹਣਾ ਮੁਸਲਮਾਨ ਨੇ,
ਮੈਨੂੰ ਅੰਗ੍ਹਾ ਬਹਿ ਕੇ ਸੀਸ ਝੁਕਾਇਆ।

ਸਾਂਝਾ ਹੈ ਤੂੰ ਸਭ ਜੱਗ ਦਾ,
ਸਾਂਝ ਸਾਡੇ ਨਾਲ ਪਿਆਰ ਦੀ ਵਧਾ ਜਾ।
ਨਿੱਕੀ ਜਿਹੀ ਵੈਨ ਵਾਲਿਆ......

4.

ਤਾਰਿਆ ਤੂੰ ਸ਼ਿਵ ਗੌਰ ਨੂੰ,
ਦਿੱਤੇ ਰਾਮ ਰੂਪ ਧਾਰ ਕੇ ਦੀਦਾਰੇ।
ਕ੍ਰਿਸ਼ਨ ਮੁਰਾਰੀ ਬਣ ਕੇ,
ਉਹਦੇ ਦਿਲ ਵਾਲੇ ਕਸ਼ਟ ਨਿਵਾਰੇ।
ਸੁੰਨੇ ਸਾਰੇ ਰਾਜ ਮਹਿਲਾਂ ਦੇ,
ਜੋਗ ਬਣ ਕੇ ਤੂੰ ਫੇਰਨੀ ਦਿਖਾ ਜਾ।
ਨਿੱਕੀ ਜਿਹੀ ਵੈਨ ਵਾਲਿਆ___

5.

ਭਾਗਾਂ ਵਾਲੀ ਮਾਂ ਰਤਨੀ,
ਜਿਹੜੀ ਗੋਦ ਵਿਚ ਚੁੱਕ ਕੇ ਖਿਡਾਉਂਦੀ।
ਤੇਰੀ ਬਣ ਕੇ ਮਾਂ ਆਖ ਜਾ,
ਰੀਝ ਮਨੇ ਦੀ ਇਹ ਦਿਲ ਵਿਚ ਆਉਂਦੀ।
ਔਖੀਆਂ ਤਪਸਾਈਆਂ,
ਦੇਣਾ ਇਕ ਵਾਰੀ ਮੁੱਖੜਾ ਦਿਖਾ ਜਾ।
ਨਿੱਕੀ ਜਿਹੀ ਵੈਨ ਵਾਲਿਆ___

6.

ਤੱਕ ਤੇ ਜ਼ਮਾਨਾ ਵਾਲਿਆ,
ਜਿਹੜੇ ਤੇਰੀ ਦੇ ਚਰਨ ਆ ਕੇ ਪਾ ਜਾ।
ਦੂਜਾ ਜਿਹੇ ਕੁਲਾਹੀ ਮੁੱਖ ਦੀ,
ਮਾਤਾ ਆਖ ਕੇ ਕਲੇਜੇ ਠੰਢ ਪਾ ਜਾ।
ਰੋਗ ਜਗਦੀਸ਼ ਸਿੰਘ ਦੇ,
ਰਾਮ ਜੋਤੀ ਦਾ ਸੰਗਤ ਵਿਚ ਗਾ ਜਾ।
ਨਿੱਕੀ ਜਿਹੀ ਵੈਨ ਵਾਲਿਆ,
ਕਿਤੇ ਸਾਡੇ ਵੀ ਗਲੀਆਂ ਘਰ ਆ ਜਾ।

ਪਰਨੋ ਤੂੰ ਜਗੀਰ ਕੌਰ (ਜਾ)

ਪੰਡਤ ਸ਼ਿਵ ਦੱਤ ਦਾ ਉਪਦੇਸ਼ ਮਨ ਵਿਚ ਘਰ ਕਰ ਗਿਆ। ਪੰਡਤ ਸ਼ਿਵ ਦੱਤ ਕੇ
ਸ਼ਰਧਾਲੂ ਹੀ ਨਹੀਂ, ਸਗੋਂ ਮਹਾਰਾਜ ਦਾ ਪ੍ਰਚਾਰਕ ਵੀ ਸੀ। ਰਾਜਾ ਰਾਣੀ ਐਨੇ ਪ੍ਰ
ਮਹਾਰਾਜ ਦੀ ਅਰਾਧਨਾ ਵਿਚ ਲੀਨ ਰਹਿਣ ਲੱਗ ਪਏ। ਏਥੋਂ ਤੱਕ ਕਿ ਪੁੱਤਰ ਦੀ ਭਾ
ਹੀ ਸਾਹਿਬਜ਼ਾਦੇ ਉਤੇ ਕੇਂਦਰਤ ਹੋਈ। ਸਵੇਰੇ ਸ਼ਾਮ ਰਾਣੀ ਕੋਈ ਪਕਵਾਨ ਤਿਆਰ ਕ
ਲੱਗਦੀ, ਕਹਿੰਦੀ ਕਿ ਮੇਰੇ ਗੋਬਿੰਦ ਕਿਸ ਦਿਨ ਮੇਰੇ ਚੌਕੇ ਨੂੰ ਵੀ ਪਵਿੱਤਰ ਕਰੇਗੇ। ਰ
ਦਾ ਪਿਆਰ ਸ਼ਰਧਾ ਵੈਰਾਗ ਦੀ ਹੱਦ ਤੱਕ ਪਹੁੰਚ ਗਏ। ਇਕ ਦਿਨ ਗੁਰਦੇਵ ਪਾਤ
ਖੇਡਦੇ-ਖੇਡਦੇ ਹਾਣੀਆਂ ਨਾਲ ਰਾਜਾ ਫ਼ਤਹਿ ਚੰਦ ਮੈਣੀ ਦੇ ਮਹਿਲਾਂ ਵਿਚ ਜਾ ਪਹੁ
ਸਾਥੀਆਂ ਨੂੰ ਪਿਛਾਂਹ ਖਲਾਰ ਕੇ ਮਹਾਰਾਜ ਜੀ ਉਥੇ ਜਾ ਪਹੁੰਚੇ, ਜਿਥੇ ਰਾਣੀ ਸਮਾਧੀ ਲ
ਬੈਠੀ ਸੀ। ਹਜ਼ੂਰ ਉਸ ਦੀ ਗੋਦੀ ਵਿਚ ਬਹਿ ਕੇ ਤੇ ਪਿਆਰ ਨਾਲ ਗਲ ਵਿਚ ਬਾਹੀਂ
ਕੇ ਕਿਹਾ, "ਮਾਂ, ਮੈਂ ਆ ਗਿਆ।" ਮਾਂ ਸ਼ਬਦ ਰਾਣੀ ਦੇ ਕੰਨਾਂ ਦੇ ਪਰਦਿਆਂ ਨ
ਟਕਰਾਇਆ, ਜਿਹੜਾ ਮਿੱਠਾ ਸ਼ਬਦ ਸੁਣਨ ਵਾਸਤੇ ਇਸਤਰੀ ਜੀਵਨ ਭਰ ਸਹਿਕ
ਰਹਿੰਦੀ ਹੈ। ਰਾਣੀ ਦੇ ਨੇਤਰ ਖੁੱਲ੍ਹੇ, ਬਾਲਕ ਗੋਬਿੰਦ ਰਾਏ ਗੋਦੀ ਵਿਚ ਮੁਸਕਰਾ ਰਹੇ ਸ
"ਤੁਸੀਂ ਮੈਨੂੰ ਯਾਦ ਕਰਿਆ ਕਰਦੇ ਸੀ, ਤੁਸੀਂ ਲੋਚਦੇ ਸੀ ਕੋਈ ਮਾਂ ਕਹਿਣ ਵਾਲਾ ਆ
ਸੋ ਮੈਂ ਆ ਗਿਆ ਹਾਂ। ਮਾਂ ਮੈਂ ਆ ਗਿਆ ਹਾਂ।" "ਮਾਂ ਸਦਕੇ, ਫਿਰ ਕਹੋ ਮਾਂ ਮੇਰੇ ਲਾ
ਮੇਰੇ ਗੋਬਿੰਦ ਕਹੋ ਮਾਂ। ਬਸ ਮੈਨੂੰ ਹੋਰ ਕੁਝ ਨਹੀਂ ਚਾਹੀਦਾ, ਮੁਕਤੀ ਜਾਂ ਸੁਰਗ ਵੀ ਨ
ਚਾਹੀਦਾ, ਮੇਰੇ ਗੋਬਿੰਦ! ਮੈਨੂੰ ਵਾਰ ਵਾਰ ਮਾਂ ਕਹੋ।" ਪ੍ਰੇਮ ਦੀ ਦੀਵਾਨੀ ਰਾਣੀ, ਮਹਾਰ
ਜੀ ਨੂੰ ਘੁੱਟ ਘੁੱਟ ਕੇ ਛਾਤੀ ਨਾਲ ਲਾਉਂਦੀ। ਮਹਾਰਾਜ ਅਵਤਾਰ ਨਹੀਂ, ਉਸ ਵੇਲੇ ਪੁੱ
ਬਣ ਕੇ ਉਸਦੀ ਗੋਦ ਵਿਚ ਬੈਠੇ ਸਨ। "ਮਾਂ! ਭੁੱਖ ਲੱਗੀ ਹੈ ਕੁਝ ਖਾਣ ਨੂੰ ਦਿਲ ਮੰਗ
ਹੈ", ਗੁਰਦੇਵ ਨੇ ਭੋਲੇ ਮੁੱਖ ਕਿਹਾ। ਮਮਤਾ ਦੀ ਮਾਰੀ ਰਾਣੀ ਨੇ ਦਾਸੀਆਂ ਨੂੰ ਪੁਕਾਰਿ
ਜਾਓ, ਮੇਰੇ ਗੋਬਿੰਦ ਵਾਸਤੇ ਮਠਿਆਈਆਂ ਮਿਸ਼ਟਾਨ ਬਣਾਓ। "ਮਾਂ! ਪੁੱਤਾਂ ਨੂੰ ਮਾਂਵਾਂ
ਹੱਥਾਂ ਦਾ ਪਕਾਇਆ ਪਕਵਾਨ ਸਭ ਮਠਿਆਈਆਂ ਨਾਲੋਂ ਚੰਗਾ ਲੱਗਦਾ ਹੈ, ਜੋ ਘਰ ਵਿ
ਬਣਿਆ ਹੈ ਲੈ ਆਓ।" ਰਾਣੀ ਕਾਹਲ ਕਾਹਲ ਹੋ ਉਠੀ। ਤਲ ਕੇ ਰੱਖੇ ਛੋਲੇ ਪੂਰੀਆਂ, ਹ
ਦੇ ਸਾਹਮਣੇ ਪਰੋਸੇ। ਮਹਾਰਾਜ ਨੇ ਸਾਥੀਆਂ ਨੂੰ ਕੋਲ ਬੁਲਾ ਕੇ ਪਿੜ੍ਹੀ ਵਿਚ ਤਾਮੀਆਂ ਪੂਰੀ
ਤੇ ਛੋਲੇ ਮਹਾਰਾਜ ਨੇ ਸਭ ਨੂੰ ਵਰਤਾਏ। ਮਾਂ ਤੁਸੀਂ ਵੀ ਖਾਓ। ਗੁਰਦੇਵ ਨੇ ਮੈਣੀ ਪਰਿਵਾਰ
ਜੀਆਂ ਨੂੰ ਵੀ ਪ੍ਰਸ਼ਾਦ ਦਿੱਤਾ, ਸਾਰੇ ਦਾਸ ਦਾਸੀਆਂ ਮਿਲ ਕੇ ਖਾਧਾ। ਫਿਰ ਮਹਾਰਾਜ
ਦਾ ਨਿਤ ਦਾ ਨੇਮ ਬਣਿਆ, ਆਪਣੇ ਹਾਣੀਆਂ ਦੀ ਟੋਲੀ ਲੈ ਕੇ ਰਾਣੀ ਦੇ ਮਹਿਲਾਂ ਨੂੰ ਚ
ਲਾਉਂਦੇ। ਮੈਣੀ ਦੇ ਬਾਗ਼ ਵਿਚ ਮਹਾਰਾਜ ਨੇ ਇਕ ਕਰੀਰ ਦਾ ਬੂਟਾ ਵੀ ਲਾਇਆ। ਮਹਾਰ
ਦੇ ਪੰਜਾਬ ਨੂੰ ਤੁਰ ਜਾਣ ਪਿਛੋਂ ਫ਼ਤਹਿ ਚੰਦ ਦਾ ਮਹਿਲ ਗੁਰਦੁਆਰੇ ਵਿਚ ਬਦਲ ਗਿਆ
ਜੋ ਮੈਣੀ ਸੰਗਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਥੇ ਹੀ ਸ਼ਹਿਰ ਦੇ ਰਹਿਣ ਵਾਲੇ ਕਰੀਮ ਬਖ਼ਸ਼ ਤੇ ਰਹੀਮ ਬਖ਼ਸ਼ ਨੇਕ ਦਿ

ਮੁਸਲਮਾਨ ਸਨ। ਸੱਯਦ ਭੀਖਣ ਸ਼ਾਹ ਵਾਲੀ ਘਟਨਾ ਉਹਨਾਂ ਨੂੰ ਭੁੱਲੀ ਨਹੀਂ ਸੀ। ਮੁਸਲਮਾਨ ਸ਼ਰਧਾਲੂਆਂ ਵਿਚ ਰਹੀਮ ਬਖਸ਼ ਤੇ ਕਰੀਮ ਬਖਸ਼ ਮੋਹਰੀ ਸਨ। ਉਹਨਾਂ ਦੀ ਅਕੀਦਤ ਹਰ ਪੱਖ ਤੋਂ ਸਲਾਹੁਣ ਯੋਗ ਸੀ। ਉਹਨਾਂ ਨੇ ਇਕ ਪਿੰਡ ਦੇ ਦੋ ਬਾਗ ਮਹਾਰਾਜ ਨੂੰ ਭੇਟਾ ਕੀਤੇ, ਜੋ ਅੱਜ ਤੱਕ ਗੁਰਦੁਆਰੇ ਦੀ ਮਾਲਕੀ ਚਲੇ ਆਉਂਦੇ ਨੇ।

ਇਹ ਪ੍ਰੇਮ ਜਿੱਤਾਂ ਮਹਾਰਾਜ ਦੀ ਮਹਾਨ ਸ਼ਖਸੀਅਤ ਦਾ ਪਹਿਲੂ ਸੀ। ਸ਼ਾਂਤ, ਸ਼ਰਧਾ, ਉਪਜਾਊ ਮਨਾਂ ਨੂੰ ਮੋਹਨ ਵਾਲਾ, ਦੂਸਰਾ ਪੱਖ ਦਲੇਰੀ ਭਰਿਆ ਸੀ। ਮਹਾਰਾਜ ਦੇ ਮਨ ਪਸੰਦ ਖਿਡਾਉਣੇ ਸਨ ਤੀਰ ਕਮਾਨ, ਛੋਟੇ-ਛੋਟੇ ਕਿਰਪਾਨ ਤੇ ਅਜੇਹੇ ਹੋਰ ਨਕਲੀ ਸ਼ਸਤਰ, ਨਕਲੀ ਕਾਨਿਆਂ ਦੇ ਤੀਰ, ਮਿੱਟੀ ਦੇ ਗੁਲੇਲੇ ਤੇ ਉਹਨਾਂ ਨੂੰ ਚਲਾਉਣ ਵਾਲੀਆਂ ਘਰ ਬਣਾਈਆਂ ਗੁਲੇਲਾਂ। ਅਜੇਹੇ ਖਿਡਾਉਣੇ ਵਧੇਰੇ ਮਾਤਾ ਨਾਨਕੀ ਜੀ ਬਣਾ ਕੇ ਦਿਆ ਕਰਦੇ ਸਨ। ਮਾਤਾ ਜੀ ਸਾਹਿਬਜ਼ਾਦੇ ਨੂੰ, ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਯੁੱਧ ਦੀਆਂ ਵਾਰਤਾਵਾਂ ਸੁਣਾਉਂਦੇ। ਸ਼ਸਤਰਾਂ ਦਾ ਵਰਨਣ ਕਰਕੇ, ਆਪਣੇ ਪੋਤਰੇ ਨੂੰ ਮਹਾਨ ਯੋਧਾ ਬਣਾਉਣ ਦੀ ਪ੍ਰੇਰਨਾ ਦਿੰਦੇ। ਗੁਰਦੇਵ ਜੀ ਇਸ ਪਟਨੇ ਸ਼ਹਿਰ ਵਿਚ ਹਾਣੀਆਂ ਨਾਲ ਗੁਲੇਲਾਂ ਲੈ ਕੇ ਉਥੇ ਚਲੇ ਜਾਂਦੇ, ਜਿਸ ਖੂਹ ਉਤੇ ਰੋਜ਼ਾਨਾ ਕੁੜੀਆਂ ਪਾਣੀ ਲਿਆਉਂਦੀਆਂ। ਗੋਬਿੰਦ ਰਾਏ ਇਹਨਾਂ ਦੇ ਘੜਿਆਂ ਨੂੰ ਗੁਲੇਲਾਂ ਦੇ ਨਿਸ਼ਾਨੇ ਮਾਰ ਕੇ ਤੋੜ ਦਿੰਦੇ। ਜਦੋਂ ਉਹ ਪਿੱਛਾ ਕਰਦੀਆਂ ਤਾਂ ਮਹਾਰਾਜ ਜੀ ਨੱਸ ਕੇ ਮਾਤਾ ਜੀ ਕੋਲ ਚਲੇ ਜਾਂਦੇ। ਇਹ ਕੁੜੀਆਂ ਇਕ ਦਿਨ ਮਾਤਾ ਗੁਜਰੀ ਜੀ ਦੇ ਕੋਲ ਜਾ ਕੇ ਕਹਿਣ ਲੱਗੀਆਂ ਕਿ ਮਾਤਾ ਜੀ ਤੁਹਾਡਾ ਲਾਡਲਾ ਸਾਹਿਬਜ਼ਾਦਾ ਸਾਡੇ ਘੜੇ ਗੁਲੇਲਾਂ ਨਾਲ ਤੋੜ ਦਿੰਦਾ ਹੈ, ਤੁਸੀਂ ਇਸ ਨੂੰ ਸਮਝਾਉ:

ਤਰਜ ਗੀਤ

ਇਹਨੂੰ ਅਸਾਂ ਸਮਝਾਇਆ ਹੈ ਬਥੇਰਾ,
ਮਾਤਾ ਜੀ ਸਮਝਾ ਲੈ ਲਾਲ ਨੂੰ, ਘੜੇ ਭੰਨਦਾ ਗੋਬਿੰਦ ਰਾਏ ਤੇਰਾ। ਮਾਤਾ___

1. ਹੱਥ ਜੋੜ ਕੁੜੀਆਂ ਇਉਂ ਮਾਤਾ ਨੂੰ ਸੁਣਾਉਂਦੀਆਂ।
ਰੋਜ਼ ਹਾਂ ਭਰਨ ਪਾਣੀ ਖੂਹ 'ਤੇ ਅਸੀਂ ਆਉਂਦੀਆਂ।
ਇਹ ਤਾਂ ਘੜੇ ਭੰਨ ਕੇ ਖਲੋਂਦਾ ਆਣ ਝੇੜਾ।
ਮਾਤਾ ਜੀ ਸਮਝਾ ਲੈ___

2. ਨਿੱਕਾ ਜਿਹਾ ਆਪ ਅਤੇ ਨਿੱਕੀ ਜਿਹੀ ਖੇਡ ਹੈ।
ਪਤਾ ਨਹੀਂ ਕੀ ਹੁੰਦੀ ਇਹਦੇ ਦਿਲ ਵਿਚ ਮੌਜ ਹੈ।
ਇਹਦੀ ਖੇਡ ਮੁੱਲ ਲੈਂਦੀ ਹੈ ਬਖੇੜਾ।
ਮਾਤਾ ਜੀ ਸਮਝਾ ਲੈ___

3. ਹੱਥ ਚੋਂ ਗੁਲੇਲ ਮਾਰੇ ਬੰਨ੍ਹ ਕੇ ਨਿਸ਼ਾਨਾ ਜੀ।
ਮੰਨਦਾ ਨਾ ਕੋਈ ਵੀ ਸਾਡਾ ਤਰਲਾ ਬਹਾਨਾ ਜੀ।
ਨਾ ਇਹ ਸੁਬ੍ਹਾ ਸ਼ਾਮ ਵੇਖਦਾ ਸਵੇਰਾ।
ਮਾਤਾ ਜੀ ਸਮਝਾ ਲੈ.........

4. ਘਰ ਜਾ ਕੇ ਅਸਾਂ ਨੇ ਜੇ ਮਾਪਿਆਂ ਨੂੰ ਦੱਸਿਆ।
ਜਾਪਦੀ ਹੈ ਜਾਣੀ ਫੇਰ ਵਿਗੜ ਸਮੱਸਿਆ।
ਫੇਰ ਪੈ ਜਾਊ ਨਿੱਕੀ ਗੱਲ ਤੋਂ ਖਲੇਰਾ।
ਮਾਤਾ ਜੀ ਸਮਝਾ ਲੈ______

5. ਸਿਰ ਉੱਤੇ ਕੂਕਦਾ ਹੈ ਮੁਗ਼ਲਾਂ ਦਾ ਰਾਜ ਮਾਂ !
ਸਖ਼ਤ ਬੜਾ ਹੈ ਇਸ ਸ਼ਹਿਰ ਦਾ ਨਵਾਬ ਮਾਂ !
ਉਹਨੇ ਕਰਨਾ ਮਿੰਟ ਨਹੀਂ ਜੇਰਾ।
ਮਾਤਾ ਜੀ ਸਮਝਾ ਲੈ______

6. ਨਿੱਕੀ ਜਿਹੀ ਉਮਰ ਦਾ ਇਹ ਵੱਡਾ ਜਰਨੈਲ ਮਾਂ !
ਜਿੰਨਾ ਸਮਝਾਈਏ ਸਗੋਂ ਕਰਦਾ ਹੈ ਪਹਿਲ ਮਾਂ !
ਸਾਨੂੰ ਹੈ ਡਿਆ ਇਹਦਾ ਲੱਗਦਾ ਉਚੇਰਾ।
ਮਾਤਾ ਜੀ ਸਮਝਾ ਲੈ ਲਾਲ ਨੂੰ
ਘਰੋਂ ਕੱਢਣਾ ਗੋਬਿੰਦ ਰਾਏ ਤੇਰਾ।

ਇਥੋਂ ਇਹ ਗੱਲ ਸਾਫ਼ ਨਜ਼ਰ ਆਉਂਦੀ ਹੈ ਕਿ ਗੁਰਦੇਵ ਪਾਤਸ਼ਾਹ ਵੱਡੇ ਹੋ ਕੇ ਇਕ ਮਹਾਨ ਜਰਨੈਲ ਤੇ ਬਹਾਦਰ ਯੋਧਾ ਬਣਨਗੇ। ਰੋਜ਼ਾਨਾ ਹੀ ਤੜ੍ਹਾਂ ਜਦੋਂ ਸ਼ਿਕਾਇਤਾਂ ਗੁਲੇਲ ਦੀ ਲੈ ਕੇ ਪੁੱਜੇ ਤਾਂ ਮਾਤਾ ਜੀ ਨੇ ਕਿਹਾ ਕਿ "ਬੇਟਾ ! ਐਸ ਗੁਲੇਲਾਂ ਨਾਲ ਤੇਰੇ ਨਿਸ਼ਾਨੇ ਵਿਅਰਥ ਜਾਣਗੇ, ਕਿਉਂਕਿ ਐਸ ਚੰਗੀ ਨਹੀਂ, ਉਹਨਾਂ ਨੂੰ ਮੈਂ ਪਿੱਤਲ ਦੀਆਂ ਗਾਗਰਾਂ ਦਿੰਦੀਆਂ ਹਾਂ। ਆਉ ਮੇਰੇ ਸਾਹਮਣੇ ਲਾਲ ! ਮੈਂ ਤੁਹਾਨੂੰ ਵੀ ਸੋਨੇ ਦੇ ਤੀਰ ਕਮਾਨ ਦਿੰਦੀ ਹਾਂ।" ਕਹਿੰਦੇ ਨੇ ਕਿ ਗੁਰੂ ਜੀ ਨੇ ਸੋਨੇ ਦਾ ਤੀਰ ਕਮਾਨ ਲੈ ਕੇ ਸਾਥੀਆਂ ਸਮੇਤ ਐਸ ਜਦੋਂ ਉਹਨਾਂ ਕੁੜੀਆਂ ਕੋਲ ਗਏ ਤਾਂ ਪਿੱਤਲ ਗਾਗਰਾਂ ਵਿਚ ਤੀਰਾਂ ਦੇ ਨਿਸ਼ਾਨੇ ਲਾ ਕੇ ਉਹਨਾਂ ਵਿਚ ਛੇਕ ਕਰ ਦਿੱਤੇ। ਸਤਿਗੁਰ ਜੀ ਨੂੰ ਮਹਾਨ ਯੋਧਾ ਬਣਾਉਣ ਵਿਚ ਉਹਨਾਂ ਦੀ ਮਾਤਾ ਤੇ ਦਾਦੀ ਦੀ ਬਹੁਤ ਵੱਡੀ ਘਾਲਣਾ ਹੈ। ਇਸ ਤਰ੍ਹਾਂ ਗੁਰੂ ਜੀ ਆਪਣੇ ਹਾਣੀਆਂ ਦੀਆਂ ਛੋਟੀਆਂ ਛੋਟੀਆਂ ਦੋ ਟੋਲੀਆਂ ਬਣਾ ਲੈਂਦੇ ਅਤੇ ਉਹਨਾਂ ਦੇ ਯੁੱਧ ਕਰਾਉਂਦੇ, ਜਿਹੜੀ ਟੋਲੀ ਜਿੱਤ ਜਾਂਦੀ, ਉਹਨੂੰ ਪਾਤਸ਼ਾਹ ਜੀ, ਮਾਤਾ ਜੀ ਕੋਲੋਂ ਇਨਾਮ ਦਿਵਾਉਂਦੇ। ਇਹ ਰੋਜ਼ਾਨਾ ਇਕ ਜੰਗੀ ਕਰਤਬ ਖੇਡ ਖੇਡੀ ਜਾਂਦੀ ਸੀ।

ਇਕ ਦਿਨ ਪਟਨੇ ਦੇ ਵੱਡੇ ਨਵਾਬ ਦੀ ਅਸਵਾਰੀ ਜਾ ਰਹੀ ਸੀ। ਉਸ ਦੇ ਨੌਕਰ ਚਾਕਰ ਅੱਗੇ ਅੱਗੇ ਲੋਕਾਂ ਨੂੰ ਖ਼ਬਰਦਾਰ ਕਰਦੇ ਜਾ ਰਹੇ ਸਨ। ਸਾਹਿਬਜ਼ਾਦੇ ਤੇ ਬੱਚਿਆਂ ਨੂੰ ਵੇਖ ਕੇ ਨਵਾਬ ਦੇ ਨੌਕਰਾਂ ਨੇ ਕਿਹਾ ਕਿ "ਬੱਚਿਓ ! ਵੱਡੇ ਨਵਾਬ ਸਾਹਿਬ ਆ ਰਹੇ ਨੇ। ਤੁਸੀਂ ਉਹਨਾਂ ਨੂੰ ਸਲਾਮ ਕਰਨਾ।" ਗੁਰਦੇਵ ਪਾਤਸ਼ਾਹ ਨੇ ਆਪਣੀ ਬਾਲ ਸੈਨਾ ਨੂੰ ਹੁਕਮ ਦਿੱਤਾ, "ਮੇਰੇ ਬਲੀ ਬਹਾਦਰੋ ! ਕਿਸੇ ਦਾ ਨਜਾਇਜ਼ ਰੋਹਬ ਅਸਾਂ ਨਹੀਂ ਮੰਨਣਾ। ਵੱਡਾ ਨਵਾਬ ਸਾਹਮਣੇ ਆਵੇ ਤਾਂ ਸਿਰ ਝੁਕਾਉਣ ਦੀ ਥਾਂ ਉਸ ਦਾ ਮੂੰਹ ਚਿੜਾਉਣਾ ਹੈ। ਮੌਜੂ ਉਡਾਉਣਾ ਹੈ। ਕਦੀਏ ਅੱਗੇ ਵਧਣ ਤਾਂ ਦੌੜ ਜਾਣਾ ਹੈ।" ਸਾਥੀ ਇਸ ਗੱਲ ਨੂੰ ਜਾਣਦੇ ਸਨ ਕਿ ਗੁਰੂ ਤੇਗ ਬਹਾਦਰ ਦੇ ਸਾਹਿਬਜ਼ਾਦੇ ਦਾ ਆਸਰਾ ਹੁੰਦਿਆਂ ਉਹਨਾਂ ਨੂੰ ਕੋਈ ਕੁਝ ਨਹੀਂ ਸੀ ਕਰ ਸਕਦਾ। ਵੱਡਾ ਨਵਾਬ ਅੱਗੇ ਆਇਆ। ਸਭ ਸਜਰੇ ਬਜ਼ਾਰ ਦੇ ਦੋਹੀਂ ਪਾਸੀਂ ਪਾਲਾਂ ਬੰਨ੍ਹ ਕੇ ਖੜੇ ਸਨ। ਸਭ ਦੀਆਂ ਨਜ਼ਰਾਂ ਸਾਹਿਬਜ਼ਾਦੇ 'ਤੇ ਟਿਕੀਆਂ ਹੋਈਆਂ ਸਨ। ਅੱਗੇ-ਅੱਗੇ ਆ ਰਹੇ ਚੋਬਦਾਰ ਨੇ ਬੜੀ ਕਠੋਰ ਆਵਾਜ਼ ਵਿਚ ਹੁਕਮ ਦਿੱਤਾ ਕਿ "ਬੱਚਿਓ ! ਨਵਾਬ ਸਾਹਿਬ ਨੂੰ ਝੁਕ ਕੇ ਸਲਾਮ ਕਰੋ।" ਸਭ ਬਾਲਕਾਂ ਨੇ ਗੁਰਦੇਵ ਵੱਲ ਤੱਕਿਆ। ਸਾਹਿਬਜ਼ਾਦੇ ਨੇ ਨਵਾਬ ਦਾ ਮੂੰਹ ਚਿੜਾਇਆ। ਇਸ਼ਾਰਾ ਸਮਝ ਕੇ ਸਾਰੇ ਸਾਥੀ ਨਵਾਬ ਵੱਲ ਮੂੰਹ ਕਰਕੇ ਦੰਦੀਆਂ ਵਿਖਾ ਚਿੜਾਉਣ ਲੱਗ ਪਏ। ਹੰਕਾਰੀ ਨਵਾਬ ਵੇਖ ਕੇ ਸੜ ਭੁੱਜ ਗਿਆ। ਮਿਥੀ ਵਿਉਂਤ ਅਨੁਸਾਰ ਸਾਰੇ ਬਾਲਕ ਹਰਨ ਹੋ ਗਏ। ਇਹ ਘਟਨਾਵਾਂ ਬੜੀਆਂ ਸਧਾਰਨ ਨਜ਼ਰ ਆਉਂਦੀਆਂ ਹਨ, ਪਰ ਇਹਨਾਂ ਦੇ ਅੰਦਾਜ਼ੇ ਤੋਂ ਪਤਾ ਚਲਦਾ ਹੈ ਕਿ ਨੌਵੇਂ ਪਾਤਸ਼ਾਹ ਦੇ ਸਾਹਿਬਜ਼ਾਦੇ ਕਿਹੋ ਜਿਹੀ ਸ਼ਖ਼ਸੀਅਤ ਦੇ ਮਾਲਕ ਸਨ।

ਮਾਤਾ ਜੀ ਨੇ ਪੰਜਵੇਂ ਕੁ ਸਾਲ ਵਿਚ ਆਪਣੇ ਸਪੁੱਤਰ ਗੋਬਿੰਦ ਰਾਏ ਨੂੰ ਗੁਰਮੁਖੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਹਜ਼ੂਰ ਪਾਤਸ਼ਾਹ ਨੂੰ ਸਿੱਖ ਇਤਿਹਾਸ ਦੀਆਂ ਸਾਖੀਆਂ ਪੜ੍ਹਾਈਆਂ, ਗੁਰਬਾਣੀ ਦੇ ਸੋਹੇ ਅਰਥ ਯਾਦ ਕਰਵਾਏ ਜਾਂਦੇ। ਮਹਾਰਾਜ ਦੀ ਯਾਦਸ਼ਕਤੀ ਹੈਰਾਨ ਕਰਨ ਵਾਲੀ ਸੀ। ਕਈ ਵਾਰ ਜਦੋਂ ਮਾਤਾ ਜੀ ਉਹਨਾਂ ਨੂੰ ਆਪਣੇ ਪਿਤਾ ਦੀਆਂ ਸਾਖੀਆਂ ਸੁਣਾਉਂਦੇ, ਤਾਂ ਆਪ ਮਾਤਾ ਜੀ ਦੇ ਗਲ ਬਾਹੀਂ ਪਾ ਕੇ ਲਾਡ ਨਾਲ ਕਹਿੰਦੇ, "ਮਾਤਾ ਜੀ ! ਪਿਤਾ ਜੀ ਕਦੋਂ ਆਉਣਗੇ। ਉਹਨਾਂ ਦੇ ਦਰਸ਼ਨਾਂ ਲਈ ਸਾਡਾ ਦਿਲ ਤਰਸ ਰਿਹਾ ਹੈ।" ਆਸ ਕਰਦੇ ਪੰਜਵੇਂ ਪਾਤਸ਼ਾਹ ਦਾ ਸ਼ਬਦ ਪੜ੍ਹਦੇ :

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥
ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥

(ਅੰਗ ੯੬)

ਹਜ਼ੂਰ ਪਾਤਸ਼ਾਹ ਵਾਰ-ਵਾਰ ਮਾਤਾ ਜੀ ਨੂੰ ਕਹਿੰਦੇ, ਗੁਰੂ ਸਾਹਿਬ ਨੂੰ ਵਾਪਸ ਆਉਣ ਵਾਸਤੇ ਲਿਖਣ। ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਚਿੱਠੀ ਵਿਚ ਸਾਹਿਬਜ਼ਾਦੇ ਦੀ ਬੇਨਤੀ

ਦੀ ਗੱਲ ਲਿਖੀ ਹੋਈ ਪੜ੍ਹੀ ਤਾਂ ਗੁਰੂ ਸਾਹਿਬ ਦਾ ਮਨ ਵੀ ਸਾਹਿਬਜ਼ਾਦੇ ਦੇ ਦਰਸ਼ਨ ਕਰਨ ਵਾਸਤੇ ਕਾਹਲਾ ਪੈ ਗਿਆ। ਅਸਾਮ ਦੇ ਕਾਰਜ ਨਿਪਟਾ ਕੇ ਗੁਰੂ ਤੇਗ ਬਹਾਦਰ ਜੀ ਵਾਪਸ ਪਟਨੇ ਪਹੁੰਚੇ। ਇਨ੍ਹਾਂ ਦੀਆਂ ਸਾਹਿਬਦੀਆਂ ਸੰਗਤਾਂ ਨੇ ਗੁਰੂ ਜੀ ਦੇ ਦਰਸ਼ਨ ਕਰਕੇ ਮਨ ਦੀ ਰੀਝ ਪੂਰੀ ਕੀਤੀ। ਗੁਰਦੇਵ ਪਿਤਾ ਨੇ ਵੀ ਆਪਣੇ ਸਾਹਿਬਜ਼ਾਦੇ ਨੂੰ ਦੇਖ ਕੇ ਅਕਾਲ ਪੁਰਖ ਦਾ ਧੰਨਵਾਦ ਕੀਤਾ। ਸਿਰਫ ਚਾਰ ਕੁ ਦਿਹਾੜੇ ਸਾਹਿਬਜ਼ਾਦੇ ਨੇ ਪਿਤਾ ਦੀ ਗੋਦੀ ਦਾ ਪਿਆਰ ਮਾਣਿਆ। ਸ਼ਰਧਾਲੂਆਂ ਦੀ ਝੋਲੀਆਂ ਭਰ ਕੇ, ਗੁਰੂ ਤੇਗ ਬਹਾਦਰ ਜੀ ਪੰਜਾਬ ਨੂੰ ਪਰਤਣ ਨੂੰ ਤਿਆਰ ਹੋ ਗਏ। ਬਾਲਕ ਗੋਬਿੰਦ ਰਾਏ ਆਪਣੇ ਵਡ-ਵਡੇਰਿਆਂ ਦੀ ਧਰਤ ਭੂਮੀ ਵੇਖਣ ਵਾਸਤੇ ਕਾਹਲੇ ਪੈ ਰਹੇ ਸਨ। ਗੁਰੂ ਤੇਗ ਬਹਾਦਰ ਜੀ ਨੇ ਪਰਿਵਾਰ ਵਿਚ ਬੈਠ ਕੇ ਮਾਤਾ ਨਾਨਕੀ ਤੇ ਆਪਣੇ ਮਹਿਲ ਮਾਤਾ ਗੁਜਰੀ ਨਾਲ ਸਲਾਹ ਕੀਤੀ ਕਿ ਪੰਜਾਬ ਦੇ ਹਾਲਾਤਾਂ ਦਾ ਜਾਇਜ਼ਾ ਲੈ ਕੇ ਅਸੀਂ ਤੁਹਾਨੂੰ ਸੁਨੇਹਾ ਭੇਜਾਂਗੇ, ਫਿਰ ਤੁਸੀਂ ਗੋਬਿੰਦ ਰਾਏ ਨੂੰ ਲੈ ਕੇ ਪੰਜਾਬ ਨੂੰ ਆਉਣਾ। ਸਮੇਂ ਦੇ ਹਾਲਾਤਾਂ ਮੁਤਾਬਕ ਹੀ ਅਗਲਾ ਫੈਸਲਾ ਹੋਵੇਗਾ।

ਇਹ ਫ਼ੈਸਲਾ ਕਰਕੇ ਗੁਰੂ ਤੇਗ ਬਹਾਦਰ ਜੀ ਕੁਝ ਸਿੰਘਾਂ ਦੇ ਨਾਲ ਪਟਨੇ ਸਾਹਿਬ ਤੋਂ ਚਲ ਕੇ ਸਿੱਖੀ ਦਾ ਪ੍ਰਚਾਰ ਕਰਦੇ ਕਰਦੇ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਏ। ਸਿੱਖ ਸੰਗਤ ਬਹੁਤ ਸਮੇਂ ਬਾਅਦ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਈਆਂ। ਫਿਰ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਤੋਂ ਕੁਝ ਆਪਣੇ ਪਿਆਰੇ ਸਿੱਖਾਂ ਦੇ ਹੱਥੀਂ ਹੁਕਮ ਭੇਜਿਆ ਕਿ ਮਾਤਾ ਜੀ ! ਤੁਸੀਂ ਸਾਰਾ ਪਰਿਵਾਰ ਬਾਲਕ ਗੋਬਿੰਦ ਰਾਏ ਨੂੰ ਨਾਲ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਆ ਜਾਉ। ਜਦੋਂ ਇਹ ਹੁਕਮ ਪਟਨਾ ਸਾਹਿਬ ਪਹੁੰਚਿਆ, ਪੰਜਾਬ ਨੂੰ ਜਾਣ ਦੀਆਂ ਤਿਆਰੀਆਂ ਹੋਣ ਲੱਗੀਆਂ। ਪਟਨੇ ਦੀਆਂ ਸੰਗਤਾਂ ਨੂੰ ਪਤਾ ਲੱਗਾ ਕਿ ਬਾਲਾ ਪ੍ਰੀਤਮ ਪੰਜਾਬ ਨੂੰ ਜਾ ਰਹੇ ਨੇ, ਸੰਗਤਾਂ ਵੈਰਾਗ ਵਿਚ ਆ ਕੇ ਕਿਵੇਂ ਬੇਨਤੀਆਂ ਤੇ ਅਰਜੋਈਆਂ ਕਰਦੀਆਂ ਹਨ, ਇੰਞ ਪੇਸ਼ ਹੈ ਜੀ :

ਦੋਤਾਰਾ ਛੰਦ

1. ਜਦ ਸੁਣਿਆ ਸੰਗਤ ਨੇ,
ਛੱਡ ਕੇ ਪਟਨਾ ਗੋਬਿੰਦ ਚੱਲੇ।
ਇਹ ਗੱਲ ਜੁਦਾਈ ਦੀ,
ਜਾਣੇ ਨਹੀਂ ਜਿੰਦੜਾਂ ਤੋਂ ਝੱਲੇ।
ਰੋਂਦ ਰਹੇ ਸਨ ਸਾਰੇ ਹੀ,
ਇੰਞ-ਇੰਞ ਜੁੜਿਆ ਮਾਈਆਂ ਰਾਣੀਆਂ।
ਦੇਸ ਬਾਲਾ ਪ੍ਰੀਤਮ ਜੀ,
ਕਿਵੇਂ ਛੱਡ ਸੰਗਤ ਜੁਦਾਈਆਂ ?

2. ਆ ਸਿਖ ਦੱਤ ਪੰਡਤ ਦੀ,
ਤਰਲਾ ਲੈ ਕੇ ਕਹੇ ਵਿਚਾਰਾ।
ਮੇਰੇ ਦਿਲ ਦੀ ਜੁਗਿਆ ਓ,
ਕਿਧਰ ਤੁਰ ਗਿਆ ਰਾਮ ਪਿਆਰਾ।
ਆ ਡਿੱਗ ਪਿਆ ਚਰਨਾਂ ਤੇ,
ਅੱਖੀਆਂ ਸ਼ਰਧਾ ਨਾਂ ਭਰ ਆਈਆਂ।
ਦੱਸ ਖਾਲਾ ਪ੍ਰੀਤਮ ਜੀ____

3. ਰੋ ਡਿੱਗ ਪਏ ਚਰਨਾਂ ਤੇ,
ਰਾਜਾ ਫ਼ਤਹਿ ਚੰਦ ਤੇ ਮਿਣੀ।
ਮਾਂ ਆਖਣ ਵਾਲਿਆ ਵੇ,
ਮੇਰਾ ਤੇਰੇ ਬਿਨ ਕੁਝ ਰੈਣੀ।
ਮੇਰੇ ਦਿਲ ਦੇ ਬਾਗ਼ ਦੀਆਂ,
ਸਧਰਾਂ ਤੇਰੇ ਬਿਣ ਕੁਮਲਾਈਆਂ।
ਦੱਸ ਖਾਲਾ ਪ੍ਰੀਤਮ ਜੀ____

4. ਕਿਨਾ ਰੋ ਰੋ ਹਾਣੀਆਂ ਨੇ,
ਸਾਡੀ ਸੁਣ ਲੈ ਗੋਬਿੰਦ ਪਾਰਾ।
ਕੀ ਫੌਜਾਂ ਕਰਨਗੀਆਂ,
ਤੁਰ ਗਿਆ ਜੇ ਸ਼ਹਨੀਲ ਪਿਆਰਾ।
ਅਸ੍ਰੂ ਬਿਨ ਸੌਂਦਣੀਆਂ,
ਫੌਜਾਂ ਕਿਵੇਂ ਕਰਨ ਸਫ਼ਾਈਆਂ।
ਦੱਸ ਖਾਲਾ ਪ੍ਰੀਤਮ ਜੀ____

5. ਹੱਥ ਜੋੜ ਕਰੀਮ ਕਹੇ,
ਮੇਰਾ ਕਿਧਰ ਤੁਰ ਗਿਆ ਔਕੂ।
ਬਿਨ ਦਰਸ਼ਨ ਤੇਰੇ ਤੋਂ,
ਹੋਊ ਮੈਂ ਰੋ ਰੋ ਕੇ ਝੱਲਾ।
ਬੰਗ ਲਾਈ ਪ੍ਰੀਤਮ ਨਾ,
ਅੱਖੀਆਂ ਰਾਹਾਂ ਵਿਚ ਵਿਛਾਈਆਂ।
ਦੱਸ ਖਾਲਾ ਪ੍ਰੀਤਮ ਜੀ____

6. ਏ ਵਾਂਗੂੰ ਤੋਤੇ ਦੇ,

ਹਾਣੀ ਕਰਦੇ ਮਿੱਠੀਆਂ ਗੱਲਾਂ।

ਅੰਤ ਦਰਦ ਵਿਛੋੜੇ ਦਾ,

ਸਾਗਰ ਦਿਲ 'ਚੋਂ ਮਾਰੇ ਛੱਲਾਂ।

ਬਿਨ ਮਾਲਕ ਦਿਲ ਦੇ ਤੋਂ,

ਸੁਈਆਂ ਜਾਪਣ ਚਾਰੇ ਬਾਹੀਆਂ।

ਦੱਸ ਬਾਲਾ ਪ੍ਰੀਤਮ ਜੀ......

7. ਦੇ ਜਾਹ ਨਿਸ਼ਾਨੀ ਕੋਈ,

ਜੇ ਤੂੰ ਨਹੀਂ ਹੁਣ ਇਥੇ ਰਹਿਣਾ।

ਇਹ ਸੱਲ ਜੁਦਾਈ ਦਾ,

ਔਖਾ ਬੜਾ ਹੈ ਜਾਤਾ ਸਹਿਣਾ।

ਸਤਿਸੰਗ ਕਰੀਸਰ ਜੀ,

ਕਰਦਾ ਸਾਹਿਬ ਦੀਆਂ ਵਡਿਆਈਆਂ।

ਦੱਸ ਬਾਲਾ ਪ੍ਰੀਤਮ ਜੀ,

ਕਿਵੇਂ ਝੱਲੂ ਸੰਗਤ ਜੁਦਾਈਆਂ ?

ਜਿਥੇ ਨਾਲ ਸ਼ਰਧਾ ਤੇ ਪਤੀਵ੍ਰਤਤਾ ਵੀ ਨਾਲ ਮਿਲੀ ਹੋਵੇ, ਉਥੇ ਵਿਛੋੜਾ ਸਹਿ[illegible] ਔਖਾ ਹੁੰਦਾ ਹੈ। ਜਿਉਂ-ਜਿਉਂ ਕੂਚ ਦਾ ਸਮਾਂ ਨੇੜੇ ਆਉਂਦਾ ਜਾਂਦਾ, ਸ਼ਰਧਾਲੂਆਂ [illegible] ਬੇਚੈਨੀ ਵਧਦੀ ਜਾਂਦੀ। ਅੰਤ ਕੂਚ ਦਾ ਸਮਾਂ ਆ ਗਿਆ। ਰਾਜਾ ਫ਼ਤਹਿ ਚੰਦ ਤੇ ਰਾਣੀ [illegible] ਨੇ ਹੰਝੂ ਕੇਰਦਿਆਂ ਬੇਨਤੀ ਕੀਤੀ, "ਲਾਲ ਜੀ ! ਅਸੀਂ ਤੁਹਾਡੇ ਦਰਸ਼ਨਾਂ ਬਿਨਾਂ [illegible] ਜੀਵਾਂਗੇ। ਕੋਈ ਬਿਧ ਦੱਸੋ, ਜਿਵੇਂ ਸਾਨੂੰ ਤੁਹਾਡਾ ਦੀਦਾਰ ਹੁੰਦਾ ਰਹੇ।" ਹਜ਼ੂਰ ਰਾਣੀ [illegible] ਗਲ ਵਿਚ ਬਾਹੀਂ ਪਾ ਕੇ ਬੋਲੇ, "ਜਦੋਂ ਸਾਡਾ ਨਾਂ ਲੈ ਕੇ ਛੋਟੇ-ਛੋਟੇ ਬਾਲਾਂ ਨੂੰ ਛੋਲੇ ਤੇ ਪੂਰੀ[illegible] ਛਕਾਇਆ ਕਰੋਗੇ, ਉਹਨਾਂ ਭੋਲੇ ਬਾਲਕਿਆਂ ਵਿਚੋਂ ਸਾਡਾ ਦੀਦਾਰ ਹੋਇਆ ਕਰੇਗਾ[illegible] ਪੰਡਤ ਸ਼ਿਵ ਦੱਤ ਨੇ ਬੇਨਤੀ ਕੀਤੀ। ਮਹਾਰਾਜ ਜੀ ਨੇ ਕਿਹਾ ਕਿ ਜਦੋਂ ਤੁਸੀਂ ਭਜਨ ਕਰੋਗੇ [illegible] ਅਸੀਂ ਤੁਹਾਨੂੰ ਇਸ਼ਟ ਰੂਪ ਵਿਚ ਦਰਸ਼ਨ ਦਿਆ ਕਰਾਂਗੇ। ਨਵਾਬ ਰਹੀਮ ਬਖ਼ਸ਼ ਤੇ ਕਰੀ[illegible] ਬਖ਼ਸ਼ ਨੂੰ ਉਪਦੇਸ਼ ਦਿੱਤਾ ਕਿ ਜਦੋਂ ਤੁਸੀਂ ਅੱਲ੍ਹਾ ਤਾਲਾ ਨੂੰ ਯਾਦ ਕਰਕੇ ਨਮਾਜ਼ ਪੜ੍ਹੋ[illegible] ਨਮਾਜ਼ ਪੜ੍ਹਦਿਆਂ ਸਾਡੇ ਦੀਦਾਰ ਹੋਇਆ ਕਰਨਗੇ। ਫਿਰ ਸਾਰੀ ਸੰਗਤ ਨੂੰ ਸੰਬੋਧ[illegible] ਕਰਦਿਆਂ ਕਿਹਾ ਕਿ ਤੁਹਾਡਾ ਪ੍ਰੇਮ ਸੱਚਾ ਹੈ। ਅਸੀਂ ਆਤਮਾ ਕਰਕੇ ਕਦੇ ਵੀ ਤੁਹਾਡੇ ਤੋਂ ਨ[illegible] ਵਿਛੜਾਂਗੇ। ਸਾਡੇ ਪੰਘੂੜੇ ਵੱਲ ਵੇਖਿਆਂ, ਤੁਹਾਨੂੰ ਸਾਡੇ ਦੀਦਾਰ ਹੋਇਆ ਕਰਨਗੇ। ਸਾਡੀਆਂ ਨਿਸ਼ਾਨੀਆਂ ਸਾਡੀਆਂ ਯਾਦਾਂ ਸਦਾ ਤੁਹਾਡੇ ਕੋਲ ਰਹਿਣਗੀਆਂ। ਦੋਵੇਂ ਪਾਸੀਂ ਪਿਆਰ [illegible]

ਅੱਥਰੂ ਵਹਿ ਰਹੇ ਸਨ।

ਮਾਤਾ ਜੀ ਸੰਗਤਾਂ ਨੂੰ ਧੀਰਜ ਦੇਂਦੇ ਹੋਏ ਪਟਨਾ ਸਾਹਿਬ ਤੋਂ ਰਵਾਨਾ ਹੋ ਤੁਰੇ। ਨਾਲ ਕੁਝ ਸਿੱਖ ਸੰਗਤਾਂ ਤੁਰੀਆਂ। ਦਾਨਾਪੁਰ ਤੱਕ ਜਾਂਦਿਆਂ ਸ਼ਾਮ ਪੈ ਗਈ। ਪਹਿਲਾ ਪੜਾਅ ਦਾਨਾਪੁਰ ਕੀਤਾ। ਇਕ ਬਿਰਧ ਮਾਈ ਨੇ ਘਿਉ ਵਾਲੀ ਖਿਚੜੀ ਰਿੰਨ੍ਹ ਕੇ ਭੇਟਾ ਕੀਤੀ। ਮਹਾਰਾਜ ਨੂੰ ਖਾਣਾ ਪਸੰਦ ਆਇਆ। ਹਜ਼ੂਰ ਨੇ ਪ੍ਰਸੰਨ ਹੋ ਕੇ ਕਿਹਾ, "ਮਾਤਾ ਜੀ! ਇਸ ਹਾਂਡੀ ਵਿਚ ਪਕਵਾਨ ਪਕਾ ਕੇ ਸੰਗਤਾਂ ਨੂੰ ਛਕਾਇਆ ਕਰੇਗੀ ਤਾਂ ਸਾਡਾ ਦੀਦਾਰ ਹੋਵੇਗਾ।" ਉਹ ਜਗ੍ਹਾ ਹਾਂਡੀ ਸੰਗਤ ਨਾਂ ਨਾਲ ਪ੍ਰਸਿੱਧ ਹੈ। ਉਥੋਂ ਚੱਲ ਕੇ ਹਰ ਪੜਾਅ ਤੇ ਇਕ-ਦੋ ਦਿਨ ਠਹਿਰਦੇ, ਹਜ਼ੂਰ ਪਾਤਸ਼ਾਹ ਕਾਸ਼ੀ ਪੁੱਜੇ। ਉਥੇ ਮੰਦਰਾਂ ਦੇ ਦਰਸ਼ਨ ਕੀਤੇ। ਪੁੰਨ ਦਾਨ ਕੀਤਾ। ਉਥੋਂ ਚੱਲ ਕੇ ਮਿਰਜ਼ਾਪੁਰ, ਪਰਾਗਰਾਜ, ਤ੍ਰਿਬੇਣੀ, ਅਯੁੱਧਿਆ, ਲਖਨਊ, ਕਾਨਪੁਰ, ਦੇਹਲੀ, ਖੁਰਜਾ ਆਦਿ ਹੁੰਦੇ ਹੋਏ ਮਥਰਾ ਪੁੱਜੇ। ਉਥੇ ਕਈ ਦਿਨ ਰਹਿ ਕੇ ਬਿੰਦਰਾਬਨ ਭਗਵਾਨ ਕ੍ਰਿਸ਼ਨ ਦੇ ਅਸਥਾਨ ਵੇਖੇ। ਉਥੋਂ ਹਰਿਦੁਆਰ ਪੁੱਜੇ। ਹਿੰਦੂ ਤੀਰਥਾਂ ਦੇ ਦਰਸ਼ਨ ਕੀਤੇ। ਉਥੋਂ ਲਿਖਿਆ ਹੈ ਕੇ ਗੁਰੂ ਕਾ ਪ੍ਰਵਾਰ ਸਹਾਰਨਪੁਰ, ਬੂੜੀਏ, ਦਾਮਲੇ ਰਾਹੀਂ ਅੰਬਾਲੇ ਪੁੱਜਾ ਤੇ ਲਖਨੌਰ ਵਿਚ ਭਾਈ ਛੱਜੂ ਮਸੰਦ ਦੇ ਘਰ ਠਹਿਰਿਆ। ਪਟਨੇ ਤੋਂ ਲਖਨੌਰ ਪੁੱਜਦਿਆਂ ਤੱਕ 6 ਮਹੀਨੇ ਲੰਘ ਗਏ। ਲਖਨੌਰ ਵਿਚ ਹਜ਼ੂਰ ਕਈ ਮਹੀਨੇ ਰਹੇ। ਦੂਰੋਂ ਦੂਰੋਂ ਸੰਗਤਾਂ ਆਉਂਦੀਆਂ ਤੇ ਮਹਾਰਾਜ ਦੇ ਦਰਸ਼ਨ ਕਰਕੇ ਨਿਹਾਲ ਹੁੰਦੀਆਂ। ਇਥੇ ਹੀ ਮਹਾਰਾਜ ਜੀ ਦਾ ਸੇਵਕ ਸੱਯਦ ਭੀਖਣ ਸ਼ਾਹ ਠਸਕੇ ਤੋਂ ਚੱਲ ਕੇ ਸਤਿਗੁਰਾਂ ਨੂੰ ਮਿਲਣ ਆਇਆ। ਕੁਝ ਚਿਰ ਵਾਰਤਾਲਾਪ ਹੋਣ ਤੋਂ ਬਾਅਦ ਪ੍ਰਸ਼ਾਦ ਪਾ ਕੇ ਸੱਯਦ ਭੀਖਣ ਸ਼ਾਹ ਵਾਪਸ ਮੁੜ ਗਿਆ। ਲਖਨੌਰ ਤੋਂ ਚੱਲ ਕੇ ਰਸਤੇ ਵਿਚ ਪੀਰ ਆਰਫ਼ ਦੀਨ ਨਾਲ ਮੁਲਾਕਾਤ ਕੀਤੀ। ਉਸ ਨੇ ਸਾਹਿਬਜ਼ਾਦੇ ਨੂੰ ਸਿਜਦਾ ਕੀਤਾ। ਪੀਰ ਜੀ ਉਪਦੇਸ਼ ਸੁਣ ਕੇ ਨਿਹਾਲ ਹੋਇਆ।

ਉਥੋਂ ਚੱਲ ਕੇ ਸਾਰਾ ਜੱਥਾ ਕੀਰਤਪੁਰ ਪੁੱਜ ਗਿਆ। ਕੀਰਤਪੁਰ ਸਾਹਿਬ ਵਿਖੇ ਹਜ਼ੂਰ ਪਾਤਸ਼ਾਹ ਨੇ ਆਪਣੇ ਵਡ-ਵਡੇਰਿਆਂ ਦੇ ਪਾਵਨ ਅਸਥਾਨਾਂ ਦੇ ਦਰਸ਼ਨ ਕੀਤੇ। ਜਦੋਂ ਅਨੰਦਪੁਰ ਦੀਆਂ ਸੰਗਤਾਂ ਨੂੰ ਪਤਾ ਲੱਗਾ, ਇਕ ਜਲੂਸ ਕੀਰਤਨ ਦੇ ਰੂਪ ਵਿਚ ਗੋਬਿੰਦ ਰਾਏ ਨੂੰ ਲੈਣ ਗਈਆਂ। ਇਕ ਸੁੰਦਰ ਪਾਲਕੀ ਵਿਚ ਬਿਠਾ ਕੇ ਫਿਰ ਗੁਰੂ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਤੱਕ ਆਉਂਦੀਆਂ ਸੰਗਤਾਂ ਸ਼ਬਦ ਪੜ੍ਹਦੀਆਂ ਹੋਈਆਂ ਪਹੁੰਚੀਆਂ। ਅਨੰਦਾਂ ਦੀ ਪੁਰੀ ਵਿਚ ਸਿੱਖ ਸੰਗਤਾਂ ਵਲੋਂ ਦੀਪਮਾਲਾ ਕੀਤੀ ਗਈ। ਖੁਸ਼ੀਆਂ ਮਨਾਈਆਂ ਗਈਆਂ। ਨੌਵੇਂ ਪਾਤਸ਼ਾਹ ਜੀ ਦੇ ਇਕਲੌਤੇ ਸਾਹਿਬਜ਼ਾਦੇ ਦੇ ਅੱਜ ਅਨੰਦਪੁਰ ਦੇ ਵਾਸੀ ਦਰਸ਼ਨ ਕਰਕੇ ਨਿਹਾਲ ਹੋ ਰਹੇ ਸਨ। ਇਥੇ ਹੀ ਗੋਬਿੰਦ ਰਾਏ ਨੂੰ ਮੁਨਸ਼ੀ ਸਾਹਿਬ ਚੰਦ ਪਾਸੋਂ ਗੁਰਮੁਖੀ ਤੇ ਗੁਰਬਾਣੀ ਪੜ੍ਹਾਈ ਗਈ। ਭਾਈ ਮਨੀ ਸਿੰਘ ਹਜ਼ੂਰ ਪਾਤਸ਼ਾਹ ਦੇ ਹਮਜਮਾਤੀ ਸਨ। ਆਪ ਇਕੱਠਿਆਂ ਬੈਠ ਕੇ ਰੋਜ਼ਾਨਾ ਗੁਰਬਾਣੀ ਦਾ ਅਭਿਆਸ ਕਰਦੇ ਸਨ। ਸੰਸਕ੍ਰਿਤ,

ਫਾਰਸੀ, ਅਰਬੀ, ਪੰਡਤ ਹਰਜਸ ਤੇ ਕਾਜ਼ੀ ਮੀਰ ਮੁਹੰਮਦ ਸਲੋਹ ਵਾਲੇ ਪਾਸੇ ਆਪ ... ਨੂੰ ਪੜ੍ਹਾਈ ਗਈ। ਇਹਨਾਂ ਭਾਸ਼ਾਵਾਂ ਵਿਚੋਂ ਜੋ ਮਹਾਰਾਜ ਜੀ ਨੇ ਤਰੱਕੀ ਕੀਤੀ, ਉਸ... ਦੀਆਂ ਰਚਨਾਵਾਂ ਪੜ੍ਹਨ ਤੋਂ ਪਤਾ ਲੱਗ ਜਾਂਦਾ ਹੈ। ਅੱਖਰੀ ਵਿੱਦਿਆ ਦੇ ਨਾਲ ਨਾਲ ... ਪਾਤਸ਼ਾਹ ਨੇ ਸ਼ਸਤਰ ਵਿੱਦਿਆ ਵੀ ਸਿਖੀ। ਗੁਰੂ ਤੇਗ ਬਹਾਦਰ ਜੀ ਜਾਣਦੇ ਸਨ ਕਿ ਆਉਣ ਵਾਲੇ ਸਮੇਂ ਵਿਚ ਸ਼ਸਤਰ ਵਿੱਦਿਆ ਦੀ ਬਹੁਤ ਲੋੜ ਹੈ।

ਇਧਰ ਗੁਰਦੇਵ ਪਾਤਸ਼ਾਹ ਅਨੰਦਪੁਰ ਸਾਹਿਬ ਵਿਚ ਇਹ ਤਿਆਰੀ ਵਿਚ ਲੱਗੇ ਹੋ... ਸਨ। ਦੂਸਰੇ ਪਾਸੇ ਮੁਗਲ ਰਾਜ ਦਾ ਤਖ਼ਤ ਹਾਸਲ ਕਰਨ ਵਾਸਤੇ ਔਰੰਗਜ਼ੇਬ ਨੇ ਇਕ ਪਾ... ਆਪਣਿਆਂ ਦੇ ਖ਼ੂਨ ਦੀ ਤੇ ਦੂਜੇ ਪਾਸੇ ਸਾਰੇ ਹੀ ਭਾਰਤ ਦੇਸ਼ ਵਿਚ ਜ਼ੁਲਮ ਕਰਨੇ ਸ਼ੁ... ਕਰ ਦਿੱਤੇ। ਉਸ ਦੇ ਦਰਦਨਾਕ ਜ਼ੁਲਮ ਦੀ ਕਹਾਣੀ ਇਉਂ ਪੇਸ਼ ਹੈ :

ਪਉੜੀ ਛੰਦ

1. ਜ਼ਾਲਮ ਔਰੰਗਜ਼ੇਬ ਦੀ ਸੁਣ ਲਵੋ ਕਹਾਣੀ।
ਖ਼ੂਨ ਵਹਾਇਆ ਧਰਤ ਤੇ ਉਸ ਵਾਂਗਰ ਪਾਣੀ।
ਪਹਿਲਾਂ ਫੜ ਕੇ ਆਪਣੇ ਉਸ ਸੂਲੀ ਟੰਗੇ।
ਹੱਦ ਮੁਕਾਤੀ ਜ਼ੁਲਮ ਦੀ ਭਾਰਤ ਵਿਚ ਰੰਗੇ।

2. ਪਿਤਾ ਉਸ ਨੇ ਪਕੜ ਕੇ ਕੈਦਾਂ ਵਿਚ ਪਾਇਆ।
ਪਾਲਣ ਵਾਲੇ ਬਾਪ ਤੇ ਉਹਨੂੰ ਤਰਸ ਨਾ ਆਇਆ।
ਉਸਨੇ ਸੁਣੇ ਨਾ ਬਾਪ ਦਾ ਜੋ ਪਾਣੀ ਮੰਗੇ।
ਹੱਦ ਮੁਕਾਤੀ ਜ਼ੁਲਮ ਦੀ ਭਾਰਤ ਵਿਚ ਰੰਗੇ।

3. ਭੇਜਿਆ ਤੋਹਫ਼ਾ ਬਾਪ ਨੂੰ ਪੁੱਤਰ ਦੇ ਸਿਰ ਦਾ।
ਪੱਥਰ ਨਾਲੋਂ ਸਖ਼ਤ ਸੀ ਜ਼ਾਲਮ ਦਾ ਹਿਰਦਾ।
ਜੋ ਕੋਈ ਸੱਚ ਸੁਣਾਂਵਦਾ ਫੜ ਸੂਲੀ ਟੰਗੇ।
ਹੱਦ ਮੁਕਾਤੀ ਜ਼ੁਲਮ ਦੀ ਭਾਰਤ ਵਿਚ ਰੰਗੇ।

4. ਜੰਮੀ ਆਪਣੀ ਕੈਦ ਤੇ ਉਸ ਨੇ ਮਾਂ ਜਾਏ।
ਸਕੇ ਭਰਾਤੇ ਉਸ ਨੇ ਦੋ ਕਤਲ ਮਰਵਾਏ।
ਆਪਣਿਆਂ ਦੇ ਖ਼ੂਨ ਨਾਲ ਹੱਥ ਉਸ ਨੇ ਰੰਗੇ।
ਹੱਦ ਮੁਕਾਤੀ ਜ਼ੁਲਮ ਦੀ ਭਾਰਤ ਵਿਚ ਰੰਗੇ।

5. ਜੇ ਕੋਈ ਸਾਧੂ ਸੰਤ ਵੀ ਉਸ ਨੂੰ ਸਮਝਾਵੇ।
ਸੱਦ ਕੇ ਵਿਚ ਦਰਬਾਰ ਦੇ ਸਿਰ ਉਸ ਦਾ ਲਾਹਵੇ।
ਡਰਦਾ ਮਾਰਾ ਉਸ ਤੋਂ ਕੋਈ ਜ਼ਰਾ ਨਾ ਖੰਘੇ।
ਹੱਦ ਮੁਕਾਤੀ ਜ਼ੁਲਮ ਦੀ ਭਾਰਤ ਵਿਚ ਰੰਗੇ।

6. ਜਨਮ ਮੰਦਰ ਭਗਵਾਨ ਦਾ ਢਾਹ ਢੇਰੀ ਕਰਿਆ।
ਨਾਂ ਇਸਲਾਮਾਬਾਦ ਹੈ ਮਥਰਾ ਦਾ ਕਰਿਆ।
ਥਾਂ ਥਾਂ ਭਾਰਤ ਵਿਚ ਸੀ ਕਰਵਾਤੇ ਦੰਗੇ।
ਹੱਦ ਮੁਕਾਤੀ ਜ਼ੁਲਮ ਦੀ ਭਾਰਤ ਵਿਚ ਰੰਗੇ।

7. ਕਹਿੰਦਾ ਹੁਣ ਇਸਲਾਮ ਨੇ ਕਰਨੀ ਸਰਦਾਰੀ।
ਦੀਨ ਇਸਲਾਮ ਕਬੂਲ ਲਓ ਜਿਹਨੂੰ ਜਾਣ ਪਿਆਰੀ।
ਪਕੜ ਭੰਮਣੀ ਤੇਗ ਦੀ ਉਸ ਹਿੰਦੂ ਛੰਗੇ।
ਹੱਦ ਮੁਕਾਤੀ ਜ਼ੁਲਮ ਦੀ ਭਾਰਤ ਵਿਚ ਰੰਗੇ।

8. ਸਵਾ ਸਵਾ ਮਣ ਰੋਜ਼ਾਂ ਹੀ ਨਿਤ ਜੰਞੂ ਲਾਹਵੇ।
ਜਰਨੈਲ ਸਿੰਘਾ ਉਸ ਦੁਸ਼ਟ ਨੂੰ ਕਿਹੜਾ ਸਮਝਾਵੇ।
ਪਰਜਾ ਡਰਦੀ ਉਸ ਤੋਂ ਪਈ ਥਰ ਥਰ ਕੰਬੇ।
ਹੱਦ ਮੁਕਾਤੀ ਜ਼ੁਲਮ ਦੀ ਭਾਰਤ ਵਿਚ ਰੰਗੇ।

ਔਰੰਗਜ਼ੇਬ ਨੇ ਬਾਦਸ਼ਾਹ ਬਣ ਕੇ ਇਕ ਐਲਾਨ ਕਰ ਦਿੱਤਾ ਕਿ ਮੈਂ ਸਾਰੇ ਹੀ ਦੇਸ਼ ਵਿਚ ਕੇਵਲ ਇੱਕੋ ਧਰਮ ਰਹਿਣ ਦੇਣਾ ਹੈ। ਬਾਕੀ ਸਾਰੇ ਧਰਮ ਖ਼ਤਮ ਕਰ ਦੇਣੇ ਹਨ। ਜੇ ਕੋਈ ਪਿਆਰ ਨਾਲ ਮੰਨ ਜਾਵੇ ਠੀਕ, ਨਹੀਂ ਤਾਂ ਤਲਵਾਰ ਦੇ ਜ਼ੋਰ ਨਾਲ ਉਸ ਨੂੰ ਆਪਣਾ ਧਰਮ ਪਰਿਵਰਤਨ ਵਾਸਤੇ ਕਿਹਾ ਜਾਂਦਾ। ਰੋਜ਼ਾਨਾ ਔਰੰਗਜ਼ੇਬ ਦੇ ਇਸ ਇਕ ਪੱਖ ਨੀਤੀ ਨੇ ਸਾਰੇ ਦੇਸ਼ ਵਿਚ ਜ਼ੁਲਮ ਦੇ ਝੱਖੜ ਝੁਲਾ ਦਿੱਤੇ। ਸਭ ਤੋਂ ਵੱਧ ਜ਼ੁਲਮ ਹਿੰਦੂਆਂ ਉੱਤੇ ਕੀਤਾ ਜਾਣ ਲੱਗਾ। ਰੋਜ਼ਾਨਾ ਸਵਾ ਸਵਾ ਮਣ ਜੰਞੂ ਹਿੰਦੂਆਂ ਨੂੰ ਕਤਲ ਕਰਕੇ ਉਤਾਰੇ ਜਾਂਦੇ। ਅਨੇਕਾਂ ਪੀਰਾਂ ਫ਼ਕੀਰਾਂ ਨੂੰ ਵੀ ਕਤਲ ਕੀਤਾ ਗਿਆ। ਸਭ ਤੋਂ ਜ਼ਿਆਦਾ ਅਸਰ ਕਸ਼ਮੀਰ ਦੀ ਧਰਤੀ 'ਤੇ ਪਿਆ। ਹਿੰਦੂਆਂ ਦੇ ਮੰਦਰ ਢਾਹ ਕੇ ਉੱਥੇ ਮਸੀਤਾਂ ਉਸਾਰੀਆਂ ਗਈਆਂ। ਮਸੀਤਾਂ ਦੀਆਂ ਪੌੜੀਆਂ ਵਿਚ ਹਿੰਦੂਆਂ ਦੇ ਸਿਰ ਲਾਏ ਜਾਂਦੇ, ਤਾਂ ਕਿ ਮੁਸਲਮਾਨ ਉਹਨਾਂ ਦੇ ਸਿਰਾਂ ਦੇ ਉੱਤੇ ਪੈਰ ਰੱਖ ਕੇ ਮਸੀਤਾਂ ਅੰਦਰ ਜਾ ਕੇ ਨਮਾਜ਼ ਪੜ੍ਹਨ। ਕਸ਼ਮੀਰ ਦਾ ਗਵਰਨਰ ਸ਼ੇਰ ਖਾਂ ਨੂੰ ਬਣਾਇਆ ਗਿਆ। ਜੋ ਰੋਜ਼ਾਨਾ ਹਿੰਦੂਆਂ 'ਤੇ ਜ਼ੁਲਮ ਕਰਦਾ। ਇਸ ਜ਼ੁਲਮ ਕਹਿਰ ਦੇ ਸਤਾਏ ਹੋਏ ਕਸ਼ਮੀਰ ਦੇ ਪੰਡਤਾਂ ਨੇ ਆਪਣੇ ਦੇਵੀ ਦੇਵਤਿਆਂ ਨੂੰ ਯਾਦ ਕੀਤਾ। ਮੰਦਰਾਂ ਵਿਚ ਜਾ ਕੇ ਟੱਲ ਖੜਕਾਏ ਕਿ ਹੇ ਭਗਵਾਨ ਜੀ, ਸਾਨੂੰ ਇਸ ਕਹਿਰ ਤੋਂ

ਗਏ, ਪਰ ਕਿਸੇ ਨੇ ਵੀ ਉਹਨਾਂ ਦੁਖੀਆਂ ਦੀ ਫ਼ਰਿਆਦ ਨਾ ਸੁਣੀ। ਆਖ਼ਰਕਾਰ ਇਹ ਦੁਖੀ ਪੰਡਤ, ਪੰਡਤ ਕ੍ਰਿਪਾ ਰਾਮ ਦੀ ਅਗਵਾਈ ਵਿਚ ਅਨੰਦਪੁਰ ਸਾਹਿਬ ਪਹੁੰਚੇ। ਗੁਰੂ ਤੇਗ਼ ਬਹਾਦਰ ਜੀ ਦੇ ਦਰਬਾਰ ਵਿਚ ਜਾ ਕੇ, ਸਤਿਗੁਰਾਂ ਨੂੰ ਮੱਥਾ ਟੇਕ ਕੇ ਆਪਣੀ ਦੁੱਖਾਂ ਭਰੀ ਕਹਾਣੀ ਦੀ ਦਾਸਤਾਨ ਇਉਂ ਸੁਣਾਈ :

ਬੈਂਤ ਛੰਦ

1.

ਨੌਵੇਂ ਗੁਰਾਂ ਦੇ ਭਰੇ ਦਰਬਾਰ ਅੰਦਰ,
ਆਣ ਪੰਡਤਾਂ ਹਾਲ ਪੁਕਾਰ ਕੀਤੀ।
ਜਿਹੜੀ ਦੁੱਖਾਂ ਭਾਵਨਾ ਦਿਲਾਂ ਅੰਦਰ,
ਰੋ ਰੋ ਕੇ ਪੰਡਤਾਂ ਜ਼ਾਹਰ ਕੀਤੀ।
ਟੁੱਟੇ ਦੁੱਖਾਂ ਦੇ ਪਹਾੜ ਨਿਮਾਣਿਆਂ 'ਤੇ,
ਪਈ ਦਿੱਸਦੀ ਉਠ ਬਲਾ ਸਾਨੂੰ।
ਔਰੰਗਜ਼ੇਬ ਨੇ ਜ਼ੁਲਮ ਤੇ ਲੱਕ ਬੱਧਾ,
ਅੱਜ ਗੁਰੂ ਜੀ ਲਓ ਬਚਾਅ ਸਾਨੂੰ।

2.

ਹੁਕਮ ਔਰੰਗੇ ਦਾ ਹੋਇਆ ਕਸ਼ਮੀਰ ਅੰਦਰ,
ਹੈ ਪੰਡਤਾਂ ਨੂੰ ਮੁਸਲਮ ਬਣਾ ਦੇਣਾ।
ਔਖਾ ਰੂ ਦੀ ਆਏ ਅਵਾਜ਼ ਸਾਰੇ,
ਜੀਵਣ ਰਾਮ ਦਾ ਕਿਤੇ ਨਹੀਂ ਨਾਂ ਦੇਣਾ।
ਕੇਸੀ ਕਾਹੀਆਂ ਔਖਿਆਂ ਔਤ ਗੁੰਦ,
ਕਰਦੇ ਮੂੰਹ 'ਤੇ ਘੜਾ ਘੜਾ ਸਾਨੂੰ।
ਔਰੰਗੇ ਨੇ ਜ਼ੁਲਮ______

3.

ਕਾਜ਼ੀ ਮੁਲਾਣਾ ਵਾਂਗ ਪਏ ਦੇਣ ਧਾੜਾਂ,
ਅਸੀਂ ਰਾਮ ਕਹੀਏ ਸਾਨੂੰ ਕੋਹ ਦੇਂਦੇ।
ਚੋਟਾ ਪਾਉਣਾ ਕੇ ਮਿਲ ਜਾਵੇ ਪੰਡਤ ਕੋਈ,
ਜੀਭਾ ਉਸ ਨਿਮਾਣੇ ਦੀ ਖਿੱਚ ਦੇਂਦੇ।

ਜੰਞੂ ਸਵਾ ਮਣ ਲੱਥਦੇ ਰੋਜ਼ ਸਾਡੇ,
ਵਾਂਗ ਬੱਕਰੇ ਕਰੇ ਝਟਕਾ ਸਾਨੂੰ।
ਔਰੰਗੇ ਨੇ ਜ਼ੁਲਮ............

4.

ਖੂਹਾਂ ਬਉਲੀਆਂ ਵਿਚ ਤਲਾਬ ਢਾਹਕੇ,
ਗਊਆਂ ਮਾਰ ਕੇ ਵਿਚ ਸੁਟਵਾਂਦੇ ਨੇ।
ਸਾਡੇ ਜਿਊਣ ਦਾ ਰਹਿ ਗਿਆ ਚੱਜ ਕੋਈ ਨਾ,
ਸਾਨੂੰ ਗਊਆਂ ਦਾ ਖੂਨ ਪਿਲਾਂਵਦੇ ਨੇ।
ਅੱਖਾਂ ਸਾਹਮਣੇ ਧੀਆਂ ਦੀ ਪੱਤ ਲਾਹੁੰਦੇ,
ਮੌਤੋਂ ਭੈੜੀਏ ਦੇਣ ਸਜ਼ਾ ਸਾਨੂੰ।
ਔਰੰਗੇ ਨੇ ਜ਼ੁਲਮ............

5.

ਬੁੱਤ ਤੋੜ ਭਗਵਾਨ ਦਾ ਨਾਸ ਕੀਤਾ,
ਹਿੰਦ ਧਰਮ ਦੇ ਮੰਦਰ ਵੀ ਢਾਹ ਦਿੱਤੇ।
ਪੂਜਣ ਯੋਗ ਜੋ ਧਰਮ ਅਸਥਾਨ ਸਾਡੇ,
ਉਹਨਾਂ ਖਾਕ ਦੇ ਵਿਚ ਮਿਲਾ ਦਿੱਤੇ।
ਹੱਥ ਜੋੜ ਕੇ ਕਰੀ ਤਸਲੀਮ ਆਖੇ,
ਮੁਗਲਸ ਦੈਂਤ ਤੋਂ ਲਈਂ ਬਚਾਅ ਸਾਨੂੰ।
ਔਰੰਗਜ਼ੇਬ ਨੇ ਜ਼ੁਲਮ ਤੇ ਲੱਕ ਬੱਧਾ,
ਅੱਜ ਗੁਰੂ ਜੀ ਲਈਂ ਬਚਾਅ ਸਾਨੂੰ।

ਜੋ ਇਹਨਾਂ ਪੰਡਤਾਂ ਨਾਲ ਬੀਤੀ ਸੀ ਇਹਨਾਂ ਨੇ ਰੋ ਰੋ ਕੇ ਸਤਿਗੁਰਾਂ ਦੇ ਭਰੇ ਦਰਬਾਰ ਵਿਚ ਸੁਣਾ ਦਿੱਤੀ। ਗੁਰਦੇਵ ਪਿਤਾ ਜੀ ਇਹਨਾਂ ਦੀ ਦਾਸਤਾਨ ਸੁਣ ਕੇ ਕੁਝ ਸੋਚ ਰਹੇ ਸਨ। ਇਧਰ ਗੋਬਿੰਦ ਰਾਏ ਦੀ ਉਮਰ ਏਸੇ ਕੁ 9 ਸਾਲ ਦੀ ਸੀ। ਬਾਹਰੋਂ ਹਾਣੀਆਂ ਦੇ ਨਾਲ ਖੇਡਦੇ ਖੇਡਦੇ ਜਦੋਂ ਗੁਰੂ ਤੇਗ ਬਹਾਦਰ ਜੀ ਦੇ ਕੋਲ ਪਹੁੰਚੇ, ਨਮਸਕਾਰ ਕੀਤੀ, ਹਜ਼ੂਰ ਪਿਤਾ ਦੇ ਕੋਲ ਬੈਠ ਗਏ ਤੇ ਭਰੀ ਸੰਗਤ ਵਿਚ ਸਾਹਿਬਜ਼ਾਦਾ ਗੋਬਿੰਦ ਰਾਏ ਨੇ ਪੁੱਛਿਆ, "ਗੁਰਦੇਵ ਪਿਤਾ ! ਕੀ ਕਾਰਨ ਹੈ, ਮੈਂ ਪਹਿਲੇ ਵੀ ਤੁਹਾਡੇ ਦਰਬਾਰ ਵਿਚ ਕੋਈ ਨਿਰਾਸ਼ ਚਿਹਰੇ ਵਾਲੇ ਨੂੰ ਨਹੀਂ ਤੱਕਿਆ। ਇਹ ਲੋਕ ਏਨੇ ਨਿਰਾਸ਼ ਕਿਉਂ ਹਨ ?" ਪਾਤਸ਼ਾਹ ਨੇ ਕਿਹਾ, "ਬੇਟਾ ! ਇਹਨਾਂ ਦਾ ਧਰਮ ਸਮੇਂ ਦਾ ਬਾਦਸ਼ਾਹ ਧੱਕੇ ਨਾਲ ਖੋਹ ਰਿਹਾ ਹੈ।" "ਪਿਤਾ ਜੀ ! ਫਿਰ

ਇਹਨਾਂ ਦਾ ਧਰਮ ਕਿਵੇਂ ਬਚ ਸਕਦਾ ਹੈ ?" ਗੁਰੂ ਤੇਗ ਬਹਾਦਰ ਸਾਹਿਬ ਜੀ ਬੜੇ ਧੀਰਜ ਨਾਲ ਬੋਲੇ, "ਜਿਵੇਂ ਕਮਜ਼ੋਰ ਹੋ ਚੁੱਕੇ ਸਰੀਰ ਨੂੰ ਨਰੋਏ ਖ਼ੂਨ ਦੀ ਲੋੜ ਹੁੰਦੀ ਹੈ, ਇਸੇ ਤਰ੍ਹਾਂ ਨਿਤਾਣੀ ਹੋ ਚੁੱਕੀ ਕੌਮ ਨੂੰ ਨਵੇਂ ਸਿਰਿਓਂ ਸੁਰਜੀਤ ਕਰਨ ਵਾਸਤੇ ਕਿਸੇ ਮਹਾਨ ਪੁਰਖ ਦੀ ਕੁਰਬਾਨੀ ਦੀ ਲੋੜ ਹੁੰਦੀ ਹੈ। ਕੋਈ ਮਹਾਨ ਤਪਸਵੀ ਇਹਨਾਂ ਦੀ ਥਾਂ 'ਤੇ ਕੁਰਬਾਨੀ ਦੇਵੇ ਤਾਂ ਇਹਨਾਂ ਦਾ ਧਰਮ ਬਚ ਸਕਦਾ ਹੈ।" "ਗੁਰਦੇਵ ਪਿਤਾ", ਸਾਹਿਬਜ਼ਾਦੇ ਬੜੇ ਗੰਭੀਰ ਸੁਰ ਵਿਚ, "ਇਹ ਨਿਤਾਣੇ, ਗੁਰੂ ਨਾਨਕ ਦੇਵ ਜੀ ਦੀ ਸ਼ਰਨ ਆਏ ਹਨ, ਇਹਨਾਂ ਦੇ ਧਰਮ ਦੀ ਰੱਖਿਆ ਮਹਾਨ ਗੱਦੀ ਦੇ ਮਾਲਕ ਨੂੰ ਕਰਨੀ ਪਵੇਗੀ, ਆਪ ਜੀ ਤਿਆਰ ਹੋਵੋ।"

ਕਾਫ਼ੀ ਛੰਦ

1. ਕਲਗੀ ਵਾਲੇ ਸਤਿਗੁਰ ਜੀ, ਬਾਪੂ ਨੂੰ ਫ਼ਰਮਾਇਆ ਸੀ।
ਕਸ਼ਮੀਰੀ ਪੰਡਤਾਂ ਦਾ ਟੋਲਾ ਫਿਰਦਾ ਜਾ ਘਬਰਾਇਆ ਸੀ।
ਬਣ ਕੇ ਹੱਥ ਵਿਚ ਤੇਗ ਸਬਰ ਦੀ ਦੁਸ਼ਮਣ ਨੂੰ ਲਲਕਾਰ ਦਿਓ।
ਹਿੰਦ ਧਰਮ ਦੀ ਰੱਖਿਆ ਦੇ ਲਈ ਸੀਸ ਪਿਤਾ ਜੀ ਵਾਰ ਦਿਓ।

2. ਪੰਜ ਕਸ਼ਮੀਰੋਂ ਆਹ ਜੋ ਪੰਡਤ ਸ਼ਰਨ ਤੁਸਾਂ ਦੀ ਆਏ ਨੇ।
ਡੋਲੇ ਜੇਰੇ ਬੋਲ ਨਾ ਸਕਣ, ਹੱਦੋਂ ਵੱਧ ਘਬਰਾਏ ਨੇ।
ਤਪਦਾ ਹਿਰਦਾ ਔਰੰਗਜ਼ੇਬ ਦਾ, ਖ਼ੂਨ ਵਹਾ ਕੇ ਠਾਰ ਦਿਓ।
ਹਿੰਦ ਧਰਮ ਦੀ ਰੱਖਿਆ ਦੇ ਲਈ ਸੀਸ ਪਿਤਾ ਜੀ ਵਾਰ ਦਿਓ।

3. ਢਾਹ ਦਿੱਤੇ ਔਰੰਗਜ਼ੇਬ ਨੇ ਹਿੰਦ ਧਰਮ ਦੇ ਮੰਦਰ ਜੀ।
ਸਿਰ ਕਰੇ ਨਾ ਜ਼ੁਲਮ ਜ਼ਮਾਨੇ, ਬੈਠਾ ਦਿੱਲੀ ਅੰਦਰ ਜੀ।
ਢਾਹ ਕੇ ਕੰਧ ਜ਼ੁਲਮ ਦੀ ਗੰਦੀ, ਧਰਮੀ ਮਹਿਲ ਉਸਾਰ ਦਿਓ।
ਹਿੰਦ ਧਰਮ ਦੀ ਰੱਖਿਆ ਦੇ ਲਈ ਸੀਸ ਪਿਤਾ ਜੀ ਵਾਰ ਦਿਓ।

4. ਮੁਗ਼ਲੀਆ ਪਾਪੀ ਔਰੰਗਜ਼ੇਬ ਜੋ, ਪੱਤ ਧੀਆਂ ਦੀ ਲਾਹੁੰਦਾ ਹੈ।
ਖ਼ੂਨਾਂ ਭਰੀਆਂ ਵਿਚ ਤਲਾਬਾਂ, ਜਨੇਊਆਂ ਮਣ ਲੁਹਾਉਂਦਾ ਹੈ।
ਜ਼ੁਲਮ ਕਰੀ ਸਿਰਫਿਰਿਆਂ ਉੱਤੇ ਖੁੰਢੀ ਕਰ ਤਲਵਾਰ ਦਿਓ।
ਹਿੰਦ ਧਰਮ ਦੀ ਰੱਖਿਆ ਦੇ ਲਈ ਸੀਸ ਪਿਤਾ ਜੀ ਵਾਰ ਦਿਓ।

5. ਜੇਕਰ ਅੱਜ ਇਹਨਾਂ ਦੇ ਬਾਪੂ ਧੁੱਪ ਸੀਸ 'ਤੇ ਝੱਲੇ ਨਾ।
ਕੁਲ ਜਾਵੇਗੀ ਹਿੰਦ ਨਿਮਾਣੀ, ਜੇ ਜਾਬਰ ਅੱਜ ਠੱਲੇ ਨਾ।
ਹਿੰਦ ਬਚਣੀ ਸੀਸ ਵਾਰ ਕੇ, ਦੇਗਾ ਵਿਚ ਸੰਸਾਰ ਦਿਓ।
ਹਿੰਦ ਧਰਮ ਦੀ ਰੱਖਿਆ ਦੇ ਲਈ ਸੀਸ ਪਿਤਾ ਜੀ ਵਾਰ ਦਿਓ।

6. ਜਿਵੇਂ ਮੱਖਣ ਸ਼ਾਹ ਦਾ ਬੇੜਾ ਡੁੱਬਦਾ ਬੰਨ੍ਹੇ ਲਾਇਆ ਸੀ।
ਹਿੰਦ ਰੱਖ ਲਉ ਜਾਨ ਵਾਰ ਕੇ ਗੋਬਿੰਦ ਨੇ ਫਰਮਾਇਆ ਸੀ।
ਹਿੰਦ ਨਿਮਾਣੀ ਦੇ ਸਿਰ ਉੱਤੋਂ, ਚੁੱਕ ਜ਼ੁਲਮ ਦਾ ਭਾਰ ਦਿਓ।
ਹਿੰਦ ਧਰਮ ਦੀ ਰੱਖਿਆ ਦੇ ਲਈ ਸੀਸ ਪਿਤਾ ਜੀ ਵਾਰ ਦਿਓ।

7. ਤੁਰ ਦਿੱਲੀ ਨੂੰ ਜਾਣ ਵਾਸਤੇ ਕਰੋ ਤਿਆਰੀ ਛੇਤੀ ਜੀ।
ਪਾਣੀ ਦੀ ਥਾਂ ਖ਼ੂਨ ਪਾ ਦਿਓ, ਸੁੱਕ ਰਹੀ ਹਿੰਦ ਖੇਤੀ ਜੀ।
ਕਲਮ ਲਿਖੇ ਜਰਨੈਲ ਕਵੀ ਦੀ ਕਰ ਇਹ ਪਰਉਪਕਾਰ ਦਿਓ।
ਹਿੰਦ ਧਰਮ ਦੀ ਰੱਖਿਆ ਦੇ ਲਈ ਸੀਸ ਪਿਤਾ ਜੀ ਵਾਰ ਦਿਓ।

ਇਹ ਉਹ ਉੱਤਰ ਸੀ, ਜੋ ਹੋਣ ਵਾਲੇ ਦਸਵੇਂ ਗੁਰੂ ਨੇ ਆਪਣੇ ਪਿਤਾ ਨੂੰ ਦਿੱਤਾ। ਇਹ ਸੀ ਗੁਰੂ ਗੋਬਿੰਦ ਰਾਏ ਦੀ ਪਹਿਲੀ ਕੁਰਬਾਨੀ, ਜਿਸ ਦੀ ਮਿਸਾਲ ਇਤਿਹਾਸ ਵਿਚ ਨਹੀਂ ਮਿਲਦੀ। ਬੇਗਾਨਿਆਂ ਦਾ ਧਰਮ ਰੱਖਣ ਬਦਲੇ ਆਪਣੇ ਪਿਤਾ ਨੂੰ ਕੁਰਬਾਨ ਹੋਣ ਵਾਸਤੇ ਪ੍ਰੇਰਣਾ। ਗੁਰੂ ਤੇਗ ਬਹਾਦਰ ਜੀ ਇਸ ਪਾਸਿਓਂ ਨਿਸ਼ਚਿੰਤ ਹੋ ਗਏ। ਫਿਰ ਪਾਤਸ਼ਾਹ ਜੀ ਨੇ ਇਨ੍ਹਾਂ ਆਏ ਹੋਏ ਪੰਡਤਾਂ ਨੂੰ ਇਕ ਪੱਤਰਕਾ ਲਿਖ ਕੇ ਦੇ ਦਿੱਤੀ ਕਿ "ਜਾਓ, ਸਮੇਂ ਦੇ ਬਾਦਸ਼ਾਹ ਨੂੰ ਕਹਿ ਦਿਓ ਕਿ ਜੇ ਉਹ ਗੁਰੂ ਨਾਨਕ ਸਾਹਿਬ ਦੇ ਘਰ ਦੇ ਨੌਵੇਂ ਗੁਰੂ ਨੂੰ ਮੁਸਲਮਾਨ ਬਣਾ ਸਕੇਗਾ, ਤਾਂ ਸਾਰੇ ਹਿੰਦੂ ਆਪਣੇ ਆਪ ਮੁਸਲਮਾਨ ਧਰਮ ਕਬੂਲ ਕਰ ਲੈਣਗੇ।" ਇਹ ਖ਼ਤ ਲੈ ਕੇ ਕਸ਼ਮੀਰ ਦੇ ਪੰਡਤ ਤਾਂ ਵਾਪਸ ਮੁੜ ਗਏ।

ਇਧਰ ਸਿੱਖ ਸੰਗਤਾਂ ਦੇ ਵਿਚ ਚਿੰਤਾਮਈ ਮਾਹੌਲ ਬਣਿਆ ਹੋਇਆ ਸੀ। ਫਿਰ ਪਾਤਸ਼ਾਹ ਜੀ ਨੇ ਅਗਲੇ ਦਿਨ ਸਿੱਖ ਸੰਗਤਾਂ ਦਾ ਇਕ ਬਹੁਤ ਵੱਡਾ ਦਰਬਾਰ ਕੀਤਾ। ਗੁਰਦੇਵ ਪਿਤਾ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਨ ਵਾਸਤੇ ਬਹੁਤ ਸਾਰੀਆਂ ਸਿੱਖ ਸੰਗਤਾਂ ਆਈਆਂ। ਮਾਤਾ ਗੁਜਰੀ ਜੀ ਵੀ ਉਸ ਸਮੇਂ ਆਪਣੇ ਪਿਆਰੇ ਸਿਰ ਦੇ ਸਾਈਂ ਸਤਿਗੁਰੂ ਜੀ ਨੂੰ ਅੰਤਮ ਵਿਦਾਇਗੀ ਦੇਣ ਲਈ ਪੇਸ਼ ਹੋਏ ਸਨ। ਗੁਰਦੇਵ ਪਿਤਾ ਜੀ ਨੇ ਸਾਰੀਆਂ ਸੰਗਤਾਂ ਨੂੰ ਸੰਬੋਧਨ ਹੋ ਕੇ ਕਿਹਾ ਕਿ "ਅਸੀਂ ਤੁਰ ਦਿੱਲੀ ਨੂੰ ਚੱਲੇ ਹਾਂ। ਸਾਡੇ ਤੋਂ ਬਾਅਦ ਸਾਡਾ ਸਾਹਿਬਜ਼ਾਦਾ ਗੋਬਿੰਦ ਰਾਏ ਦਸਵਾਂ ਗੱਦੀ ਨਸ਼ੀਨ ਹੋਵੇਗਾ। ਇਨ੍ਹਾਂ ਨੂੰ ਸਾਡਾ ਹੀ ਰੂਪ ਸਮਝਣਾ।" ਅਨੰਦਪੁਰ ਸਾਹਿਬ ਤੋਂ ਤੁਰਨ ਸਮੇਂ ਜੋ ਬਚਨ ਕਹੇ ਇਹ ਪੇਸ਼ ਹਨ :

ਕਸੂਰੀ ਛੰਦ

1. ਨੌਵੇਂ ਗੁਰਾਂ ਨੇ ਦੀਵਾਨ ਕੀਤਾ ਜਾਰੀ ਭਾਰੀ ਸੀ।
ਰੋਂਦੀ ਵੇਖੀ ਜੋ ਸੰਗਤ ਵਿਚ ਕੌਮ ਸਾਰੀ ਸੀ।
ਨੀਤੀ ਰੱਖ ਲਈ ਹੈ ਔਖੇ ਹਿੰਦ ਨੂੰ ਮੁਕਾਉਣ ਲਈ।
ਅਸੀਂ ਚੱਲੇ ਹਾਂ ਧਰਮ ਹਿੱਤ ਸੀਸ ਲਾਉਣ ਲਈ।

2. ਅਸੀਂ ਆਪਣਾ ਦਿੱਲੀ ਦੇ ਵਿਚ ਸੀਸ ਲਾਉਣਾ ਹੈ।
ਜਾਂਦਾ ਡੁੱਬਦਾ ਜੋ ਹਿੰਦ ਧਰਮ ਬਚਾਉਣਾ ਹੈ।
ਜੜ੍ਹ ਜ਼ੁਲਮ ਦੀ ਚੱਲੇ ਹਾਂ ਪੁੱਟ ਕੇ ਵਿਖਾਉਣ ਲਈ।
ਅਸੀਂ ਚੱਲੇ ਹਾਂ ਧਰਮ ਹਿੱਤ ਸੀਸ ਲਾਉਣ ਲਈ।

3. ਔਰੰਗਾ ਆਖਦਾ ਮੈਂ ਜਿਊਂਦੇ ਨਹੀਂ ਪੰਡਤ ਛੱਡਣੇ।
ਅਸਾਂ ਉਸ ਦੇ ਹੈ ਦਿਲ ਚੋਂ ਭੁਲੇਖੇ ਕੱਢਣੇ।
ਚੱਲੇ ਉਸ ਦੇ ਕਲੇਜੇ ਅਸੀਂ ਠੰਡ ਪਾਉਣ ਲਈ।
ਅਸੀਂ ਚੱਲੇ ਹਾਂ ਧਰਮ ਹਿੱਤ ਸੀਸ ਲਾਉਣ ਲਈ।

4. ਜਿਹੜਾ ਪੰਡਤਾਂ ਨੂੰ ਫੜ ਨਿਰਦੋਸ਼ ਮਾਰਦਾ।
ਜੰਞੂ ਸਵਾ ਮਣ ਰੋਜ਼ ਜਿਹੜਾ ਹੈ ਉਤਾਰਦਾ।
ਰੋਕਣ ਚੱਲੇ ਨਾ ਦਰੋਪਤਾ ਦੇ ਚੀਰ ਲਾਹੁਣ ਲਈ।
ਅਸੀਂ ਚੱਲੇ ਹਾਂ ਧਰਮ ਹਿੱਤ ਸੀਸ ਲਾਉਣ ਲਈ।

5. ਜਿਨ੍ਹਾਂ ਅਮਲਾਂ ਦੇ ਹੈ ਕਰੇ ਮਸਤਾਣੇ ਅੰਨ੍ਹੇ ਜੀ।
ਉਹ ਵੀ ਕਰੇ ਨਾ, ਜਿਨ੍ਹਾਂ ਨੇ ਕਾਲ ਪਾਵੇ ਬੰਨ੍ਹੇ ਜੀ।
ਰਾਮ ਚੱਲਿਆ ਹੈ ਕਾਲ ਕਟਾਉਣ ਦਾ ਸਿਖਾਉਣ ਲਈ।
ਅਸੀਂ ਚੱਲੇ ਹਾਂ ਧਰਮ ਹਿੱਤ ਸੀਸ ਲਾਉਣ ਲਈ।

6. ਵਾਂਗ ਪੰਜਵੇਂ ਗੁਰਾਂ ਦੇ ਸ਼ਾਂਤ ਚਿੱਤ ਰਹਿ ਕੇ ਜੀ।
ਦੁਖੀ ਹਿੰਦ ਨੂੰ ਬਚਾਉਣਾ ਦੁੱਖ ਸੀਸ ਸਹਿ ਕੇ ਜੀ।
ਝੰਡਾ ਹੈਦਰੀ ਦਾ ਅਸੀਂ ਚੱਲੇ ਹਾਂ ਝੁਕਾਉਣ ਲਈ।
ਅਸੀਂ ਚੱਲੇ ਹਾਂ ਧਰਮ ਹਿੱਤ ਸੀਸ ਲਾਉਣ ਲਈ।

7. ਗੁਰਾਂ ਮੰਨਣਾ ਹੈ ਮੇਰਾ ਰੂਪ ਹੀ ਗੋਬਿੰਦ ਨੂੰ।
ਅਸੀਂ ਸੀਸ ਲਾ ਕੇ ਚੱਲੇ ਹਾਂ ਬਚਾਉਣ ਹਿੰਦ ਨੂੰ।
ਮੇਜਰ ਸਿੰਘ [illegible] [illegible] ਕਰਾਉਣ ਲਈ।
ਅਸੀਂ ਚੱਲੇ ਹਾਂ ਧਰਮ ਹਿੱਤ ਸੀਸ ਲਾਉਣ ਲਈ।

ਪੰਜ ਸਿੰਘਾਂ ਨੂੰ ਨਾਲ ਲੈ ਕੇ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਤੋਂ ਤੁਰੇ। ਉਹਨਾਂ ਦਾ ਇਹ ਕਦਮ ਸ਼ਹੀਦੀ ਮਾਰਗ ਤੇ ਸੀ। ਨਿਰਦੋਸ਼ਾਂ ਤੇ ਨਿਤਾਣਿਆਂ ਦੀ ਰਾਖੀ ਵਾਸਤੇ ਗੁਰਦੇਵ ਪਿਤਾ ਜੀ ਚੱਲ ਪਏ। ਇਥੋਂ ਚੱਲ ਕੇ ਮਕਰੌੜ ਪਹੁੰਚੇ। ਫਿਰ ਬਹਾਦਰਗੜ੍ਹ ਵਿਖੇ ਪਹੁੰਚੇ। ਇਥੇ ਇਕ ਮੁਸਲਮਾਨ ਫ਼ਕੀਰ ਦੇ ਕੋਲ ਪਾਤਸ਼ਾਹ ਜੀ ਕੁਝ ਦਿਨ ਠਹਿਰੇ। ਉਸ

ਫ਼ਕੀਰ ਨੇ ਬੜੀ ਸੇਵਾ ਕੀਤੀ, ਭਾਵੇਂ ਉਹ ਔਰੰਗਜ਼ੇਬ ਦਾ ਰਿਸ਼ਤੇਦਾਰ ਸੀ, ਪਰ ਗੁਰੂ ਘਰ ਨਾਲ ਅਥਾਹ ਪਿਆਰ ਰੱਖਦਾ ਸੀ। ਇਥੋਂ ਸਤਿਗੁਰੂ ਜੀ ਰਵਾਨਾ ਹੋਏ, ਅਨੇਕਾਂ ਥਾਵਾਂ 'ਤੇ ਹੁੰਦੇ ਹੋਏ ਸਿੱਖੀ ਦਾ ਪ੍ਰਚਾਰ ਕਰਦੇ ਕਰਦੇ ਦਿੱਲੀ ਨੂੰ ਜਾ ਰਹੇ ਸੀ।

ਉਧਰ ਸਮੇਂ ਦੀ ਹਕੂਮਤ ਦੇ ਬਾਦਸ਼ਾਹ ਨੇ ਆਪਣੇ ਇਕ ਫੌਜਦਾਰ ਸਦਰਦੀਨ ਨੂੰ ਕੁਝ ਫੌਜਾਂ ਦੇ ਕੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਵਾਸਤੇ ਪੰਜਾਬ ਨੂੰ ਭੇਜ ਦਿੱਤਾ। ਇਤਿਹਾਸਕਾਰਾਂ ਦੀਆਂ ਵੱਖ-ਵੱਖ ਰਾਵਾਂ ਹਨ। ਕੋਈ ਕਹਿੰਦਾ ਹੈ ਕਿ ਪਾਤਸ਼ਾਹ ਜੀ ਨੇ ਆਪ ਆਗਰੇ ਵਿਚ ਪਹੁੰਚ ਕੇ ਗ੍ਰਿਫਤਾਰੀ ਦਿੱਤੀ। ਕੋਈ ਕਹਿੰਦਾ ਕਿ ਜੋ ਬਾਦਸ਼ਾਹ ਨੇ ਫੌਜਦਾਰ ਭੇਜਿਆ ਸੀ, ਜਦੋਂ ਉਹ ਅਨੰਦਪੁਰ ਸਾਹਿਬ ਪਹੁੰਚਾ ਤੇ ਪਤਾ ਲੱਗਾ ਕਿ ਗੁਰੂ ਤੇਗ ਬਹਾਦਰ ਜੀ ਇਥੋਂ ਆਪ ਦਿੱਲੀ ਨੂੰ ਚੱਲੇ ਗਏ ਹਨ ਤਾਂ ਉਹ ਪਿੱਛਾ ਕਰਦਾ ਕਰਦਾ, ਜਦੋਂ ਦਿੱਲੀ ਦੇ ਨੇੜੇ ਪਹੁੰਚਾ ਤਾਂ ਉਸ ਦਾ ਸਤਿਗੁਰਾਂ ਦੇ ਨਾਲ ਮਿਲਾਪ ਹੋ ਗਿਆ ਅਤੇ ਹਜ਼ੂਰ ਪਾਤਸ਼ਾਹ ਨੂੰ ਉਹ ਆਪਣੇ ਨਾਲ ਲੈ ਕੇ ਦਿੱਲੀ ਵਿਚ ਪਹੁੰਚਾ।

ਸਮੇਂ ਦੇ ਬਾਦਸ਼ਾਹ ਨੂੰ ਇਹ ਖਬਰ ਪਹੁੰਚਾਈ ਗਈ ਕਿ ਗੁਰੂ ਤੇਗ ਬਹਾਦਰ ਤੇ ਉਸ ਦੇ ਸਾਥੀ ਅਸੀਂ ਗ੍ਰਿਫਤਾਰ ਕਰ ਲਏ ਹਨ। ਬਾਦਸ਼ਾਹ ਦੇ ਹੁਕਮ ਅਨੁਸਾਰ ਹਜ਼ੂਰ ਪਾਤਸ਼ਾਹ ਤੇ ਉਹਨਾਂ ਦੇ ਸਿੱਖਾਂ ਨੂੰ [illegible] ਦੀ ਜੇਲ੍ਹ ਵਿਚ ਕੈਦ ਕੀਤਾ ਗਿਆ। ਕਈ ਇਤਿਹਾਸਕਾਰ ਇਹਨੂੰ ਭੂਤਾਂ ਵਾਲੀ ਹਵੇਲੀ ਵੀ ਆਖਦੇ ਹਨ। ਹਰ ਸਰਕਾਰ ਦਾ ਇਹ ਤਰੀਕਾ ਹੁੰਦਾ ਹੈ ਜਿਸ ਮੁਜਰਮ ਨੂੰ ਕੁਝ ਮਨਾਉਣਾ ਹੋਵੇ, ਉਸ ਨੂੰ ਡਰਾਉਣ ਵਾਸਤੇ ਐਸੇ ਤਰੀਕੇ ਵਰਤੇ ਜਾਂਦੇ ਸਨ, ਪਰ ਪਾਤਸ਼ਾਹ ਜੀ ਤਾਂ ਆਪ ਦੀਨ ਦੁਨੀ ਦਾ ਵਾਲੀ ਸੀ। ਉਹਨਾਂ ਨੂੰ ਕੌਣ ਡਰਾ ਸਕਦਾ ਸੀ। ਜਿਹੜੇ ਸਦਾ ਹੀ ਇਹ ਜਪਦੇ ਸਨ ਕਿ ਅਸੀਂ ਨਾ ਕਿਸੇ ਤੋਂ ਡਰਦੇ ਹਾਂ ਤੇ ਨਾ ਡਰਾਉਂਦੇ ਹਾਂ।

ਕੁਝ ਦਿਨ ਇਥੇ ਰੱਖਣ ਤੋਂ ਬਾਅਦ ਫਿਰ ਗੁਰੂ ਜੀ ਨੂੰ ਬਾਦਸ਼ਾਹ ਦੇ ਦਰਬਾਰ ਵਿਚ ਪੇਸ਼ ਕੀਤਾ ਗਿਆ। ਔਰੰਗਜ਼ੇਬ ਨੇ ਹਜ਼ੂਰ ਪਿਤਾ ਨੂੰ ਆਪਣੇ ਦਰਬਾਰ ਵਿਚ ਇਕ ਚੰਦਨ ਦੀ ਚੌਕੀ 'ਤੇ ਬਿਠਾਇਆ ਤੇ ਫਿਰ ਬਾਦਸ਼ਾਹ ਕਹਿਣ ਲੱਗਾ ਕਿ "ਗੁਰੂ ਤੇਗ ਬਹਾਦਰ ਜੀ ! ਮੈਂ ਤੁਹਾਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਸ ਦੇਸ਼ ਵਿਚ ਇਕ ਧਰਮ ਹੋਵੇਗਾ ਤਾਂ ਸਾਰੇ ਝਗੜੇ ਮੁੱਕ ਜਾਣਗੇ। ਇਕ ਅੱਲ੍ਹਾ ਤਾਲਾ ਹੀ ਸਾਡੇ ਸਾਰਿਆਂ ਦਾ ਮਾਲਕ ਹੋਵੇਗਾ। ਪਾਤਸ਼ਾਹ, ਜੇ ਤੁਸੀਂ ਇਸਲਾਮ ਧਰਮ ਕਬੂਲ ਕਰ ਲਵੋਗੇ ਤਾਂ ਮੈਂ ਤੁਹਾਨੂੰ ਆਪਣਾ ਮੁਰਸ਼ਦ ਬਣਾ ਸਕਾਂਗਾ।" ਫਿਰ ਗੁਰਦੇਵ ਪਿਤਾ ਜੀ ਕਹਿਣ ਲੱਗੇ, "ਹੇ ਬਾਦਸ਼ਾਹ ! ਹਰ ਇਨਸਾਨ ਨੂੰ ਆਪਣਾ ਧਰਮ ਪਿਆਰਾ ਹੁੰਦਾ ਹੈ। ਇਸ ਕਰਕੇ ਤੂੰ ਤਲਵਾਰ ਦੇ ਜ਼ੋਰ ਨਾਲ ਕਿਸੇ ਦਾ ਧਰਮ ਨਹੀਂ ਖੋਹ ਸਕਦਾ।" ਫਿਰ ਬਾਦਸ਼ਾਹ ਕਹਿਣ ਲੱਗਾ, "ਜੇ ਤੁਸੀਂ ਮੇਰੀ ਇਸ ਗੱਲ ਨਾਲ ਸਹਿਮਤ ਨਹੀਂ ਤਾਂ ਫਿਰ ਕੋਈ ਕਰਾਮਾਤ ਵਿਖਾਓ।" ਅੱਗੋਂ ਸਤਿਗੁਰਾਂ ਨੇ ਕਿਹਾ ਕਿ "ਬਾਦਸ਼ਾਹ ! ਕਰਾਮਾਤ ਕਹਿਰ ਦਾ ਨਾਮ ਹੈ। ਅਸੀਂ ਸਦਾ ਹੀ ਉਸ ਅਕਾਲ ਪੁਰਖ ਦੇ ਭਾਣੇ

ਵਿਚ ਰਹਿੰਦੇ ਹਾਂ। ਇਸ ਕਰਕੇ ਅਸੀਂ ਕੋਈ ਵੀ ਕਰਾਮਾਤ ਨਹੀਂ ਵਿਖਾਉਂਦੇ।
ਬਾਦਸ਼ਾਹ ਨੇ ਤੀਸਰਾ ਸਵਾਲ ਕੀਤਾ ਕਿ "ਜੇ ਤੁਸੀਂ ਧਰਮ ਵੀ ਤਬਦੀਲ ਨਹੀਂ ਕ
ਕਰਾਮਾਤ ਵੀ ਨਹੀਂ ਵਿਖਾਉਂਦੇ, ਤਾਂ ਫਿਰ ਮਰਨ ਵਾਸਤੇ ਤਿਆਰ ਹੋ ਜਾਵੋ।" ਗੁ
ਪਾਤਸ਼ਾਹ ਹੱਸ ਕੇ ਕਹਿਣ ਲੱਗੇ ਕਿ "ਬਾਦਸ਼ਾਹ! ਆਹ ਤੇਰਾ ਸਵਾਲ ਅਸੀਂ ਕਬੂਲ
ਹਾਂ, ਕਿਉਂਕਿ ਮੌਤ ਤਾਂ ਇਕ ਦਿਨ ਆਉਣੀ ਹੀ ਹੈ। ਫਿਰ ਡਰਨਾ ਕਿਉਂ। ਅਸੀਂ ਤੈਨੂੰ
ਗੱਲ ਜ਼ਰੂਰ ਕਹਿੰਦੇ ਹਾਂ ਕਿ ਕਿਸੇ ਦੇ ਧਰਮ ਨੂੰ ਤੂੰ ਧੱਕੇ ਨਾਲ ਨਹੀਂ ਖੋਹ ਸਕਦਾ। ਤੇਰ
ਜ਼ੁਲਮ ਅਸੀਂ ਸਹਿ ਸਕਦੇ ਹਾਂ, ਪਰ ਅਸੀਂ ਆਪਣਾ ਧਰਮ ਨਹੀਂ ਛੱਡ ਸਕਦੇ।"
ਸਤਿਗੁਰਾਂ ਦੇ ਮੁੱਖੋਂ ਇਹ ਸ਼ਬਦ ਬਾਦਸ਼ਾਹ ਨੇ ਸੁਣੇ, ਉਹ ਅੱਗ ਬਿਗੋਲਾ ਹੋ ਗਿਆ।
ਵਕਤ ਆਪਣੇ ਇਕ ਕੋਤਵਾਲ ਨੂੰ ਸੱਦ ਕੇ ਹੁਕਮ ਦਿੱਤਾ ਕਿ "ਗੁਰੂ ਤੇਗ ਬਹਾਦ
ਹਵਾਲਾਤ ਵਿਚ ਨਹੀਂ, ਇਕ ਲੋਹੇ ਦੇ ਪਿੰਜਰੇ ਵਿਚ ਬੰਦ ਕੀਤਾ ਜਾਵੇ।"

ਔਰੰਗਜ਼ੇਬ ਦਾ ਇਰਾਦਾ ਸੀ ਕਿ ਜਦੋਂ ਇਹ ਪਿੰਜਰੇ ਵਿਚ ਦੁਖੀ ਹੋਵੇਗਾ, ਫਿਰ
ਇਸਲਾਮ ਧਰਮ ਕਬੂਲ ਕਰ ਲਵੇਗਾ। ਪਰ ਜਿਨ੍ਹਾਂ ਨੇ ਮੌਤ ਦਾ ਭੈਅ ਹੀ ਮਨ ਵਿਚੋ
ਦਿੱਤਾ ਹੋਵੇ, ਉਹਨਾਂ ਨੂੰ ਕੌਣ ਡੁਲਾ ਸਕਦਾ ਸੀ। ਬਾਦਸ਼ਾਹ ਦੇ ਹੁਕਮ ਅਨੁਸਾਰ ਇਕ
ਦੇ ਪਿੰਜਰੇ ਵਿਚ ਹਜ਼ੂਰ ਪਾਤਸ਼ਾਹ ਨੂੰ ਬੰਦ ਕੀਤਾ ਗਿਆ, ਜਿਹੜਾ ਹਜ਼ੂਰ ਪਿਤਾ ਦੇ
ਨਾਲੋਂ ਛੋਟਾ ਸੀ, ਜਿਸ ਦੇ ਵਿਚ ਨਾ ਤਾਂ ਪਾਤਸ਼ਾਹ ਜੀ ਖੜੇ ਸਕਦੇ ਸਨ ਤੇ ਨਾ ਹੀ
ਪੈ ਸਕਦੇ ਸਨ। ਉਸ ਦੇ ਵਿਚ ਨੀਵੇਂ ਲੱਗ ਹੀ ਖਲੋਤਾ ਜਾਂਦਾ ਸੀ ਅਤੇ ਫਿਰ ਉਸ
ਦੇ ਅੰਦਰ ਤਿੱਖੇ ਕਿੱਲ ਅੰਦਰ ਵਾਲੇ ਪਾਸੇ ਨੂੰ ਕਰਕੇ ਲਾਏ ਸਨ। ਜਦੋਂ ਵੀ ਸਤਿਗੁ
ਪਾਸਾ ਮੋੜਦੇ ਸਨ ਤਾਂ ਉਹ ਕਿੱਲ ਚੁੱਭਦੇ ਸੀ। ਐਸੇ ਤਰੀਕੇ ਦਾ ਤਸ਼ੱਦਦ ਮੇਰੇ ਪਾ
ਤੇ ਕੀਤਾ ਜਾ ਰਿਹਾ ਸੀ। ਸਤਿਗੁਰੂ ਜੀ ਦੇ ਪਿਆਰੇ ਸਿੱਖਾਂ ਨੇ ਜਦੋਂ ਇਹ ਹਾਲਤ ਆਪ
ਅੱਖਾਂ ਨਾਲ ਤੱਕੀ, ਆਪਣੇ ਪਿਆਰੇ ਗੁਰਦੇਵ ਦੀ ਐਸੀ ਹਾਲਤ ਨੂੰ ਬਰਦਾਸ਼ਤ ਨ
ਸਕੇ। ਉਹ ਕਹਿ ਉਠੇ ਕਿ ਜਿਸ ਸਰਕਾਰ ਦੇ ਹੁਕਮ ਨਾਲ ਗੁਰੂ ਤੇਗ ਬਹਾਦਰ
ਮਹਾਂਪੁਰਖਾਂ ਉਤੇ ਜ਼ੁਲਮ ਹੋ ਰਹੇ ਨੇ, ਇਹ ਸਰਕਾਰ ਨਹੀਂ ਰਹੇਗੀ। ਭਾਈ ਮਤੀ ਦਾ
ਤੋਂ ਰਿਹਾ ਨਾ ਗਿਆ, ਉੱਚੀ ਉੱਚੀ ਕਹਿਣ ਲੱਗਾ, ਜੇ ਹਜ਼ੂਰ ਪਿਤਾ ਮੈਨੂੰ ਹੁਕਮ ਦਿਉ,
ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦਿਆਂਗਾ।"

ਇਹ ਸਾਰੀ ਖ਼ਬਰ ਬਾਦਸ਼ਾਹ ਨੂੰ ਜਾ ਕੇ ਦੱਸੀ ਗਈ ਕਿ ਗੁਰੂ ਨੇ ਤੇ ਕੀ ਮੰਨ
ਉਹਦਾ ਤਾਂ ਸਿੱਖ ਹੀ ਮੰਨਦਾ ਨਹੀਂ। ਉਹ ਕਹਿੰਦਾ ਹੈ ਕਿ ਮੈਂ ਇੱਟ ਨਾਲ ਇੱਟ
ਦਿਆਂਗਾ। ਉਸੇ ਵੇਲੇ ਬਾਦਸ਼ਾਹ ਨੇ ਭਾਈ ਜੀ ਨੂੰ ਫੜਵਾ ਮੰਗਵਾ ਕੇ ਆਰੇ ਨਾਲ ਚੀਰ
ਹੁਕਮ ਦੇ ਦਿੱਤਾ ਗਿਆ। ਜਦੋਂ ਜੱਲਾਦ ਫੱਟਿਆਂ ਵਿਚ ਬੰਨ੍ਹ ਕੇ ਚੀਰਨ ਦੀ ਤਿਆਰੀ
ਸਿੰਘ ਨੇ ਇਉਂ ਜਵਾਬ ਦਿੱਤਾ :

ਤਰਜ

1.

ਆਉਣਾ ਜੱਗ ਉੱਤੇ ਕਿਸੇ ਨਹੀਂ ਦੁਬਾਰਾ।
ਮੈਂ ਵੀ ਉਦੇ ਤਿੱਖਾ ਮਨ ਕਰ ਲਾਂ, ਤਿੱਖਾ ਕਰ ਲੈ ਜੱਲਾਦਾ ਤੂੰ ਵੀ ਆਰਾ।

2.

ਕਹਿੰਦਾ ਮਤੀ ਦਾਸ ਗੱਲ ਸੁਣ ਲੈ ਜੱਲਾਦ ਉਏ।
ਖੁੰਢੇ ਆਰੇ ਨਾਲ ਸਾਨੂੰ ਆਉਣਾ ਨਹੀਂ ਸਵਾਦ ਉਏ।
ਇਕ ਮਨ ਲੈ ਤੂੰ ਬਚਨ ਹਮਾਰਾ।
ਮੈਂ ਵੀ ਉਦੇ ਤਿੱਖਾ ਮਨ ਕਰ ਲਾਂ, ਤਿੱਖਾ ਕਰ ਲੈ ਜੱਲਾਦਾ ਤੂੰ ਵੀ ਆਰਾ।

3.

ਚੜ੍ਹਿਆ ਸੀ ਸੂਲੀ ਕਦੇ ਹੰਸ ਮਨਸੂਰ ਉਏ।
ਸੱਜਣਾ ਤੋਂ ਯਾਰ ਕਦੇ ਵੱਸਦੇ ਨਹੀਂ ਦੂਰ ਉਏ।
ਸੂਲੀ ਚੜ੍ਹ ਉਹਨੇ ਮਾਰਿਆ ਸੀ ਨਾਅਰਾ।
ਮੈਂ ਵੀ ਉਦੇ ਤਿੱਖਾ ਮਨ ਕਰ ਲਾਂ, ਤਿੱਖਾ ਕਰ ਲੈ ਜੱਲਾਦਾ ਤੂੰ ਵੀ ਆਰਾ।

4.

ਦੇਗਾਂ ਵਿਚ ਬਹਿ ਕੇ ਗੁਰੂ ਪੰਜਵੇਂ ਨੇ ਦੀਤੀਆਂ।
ਤਵੀਆਂ 'ਤੇ ਬਹਿ ਕੇ ਇਵੇਂ ਕਰਨੀ ਤਪੀਤੀਆਂ।
ਦੰਗ ਰਹਿ ਗਿਆ ਸੀ ਚੰਦੂ ਹਤਿਆਰਾ।
ਮੈਂ ਵੀ ਉਦੇ ਤਿੱਖਾ ਮਨ ਕਰ ਲਾਂ, ਤਿੱਖਾ ਕਰ ਲੈ ਜੱਲਾਦਾ ਤੂੰ ਵੀ ਆਰਾ।

5.

ਨੌਵਾਂ ਗੁਰੂ ਦਾਸ ਨੂੰ ਜੋ ਹੁਕਮ ਸੁਣਾਂਵਦਾ।
ਦਿੱਲੀ ਤੇ ਲਾਹੌਰ ਕਰ ਪੁੱਠਿਆਂ ਵਿਖਾਂਵਦਾ।
ਦਿੰਦਾ ਆਖਿਆ ਨਹੀਂ ਪਾਤਸ਼ਾਹ ਪਿਆਰਾ।
ਮੈਂ ਵੀ ਉਦੇ ਤਿੱਖਾ ਮਨ ਕਰ ਲਾਂ, ਤਿੱਖਾ ਕਰ ਲੈ ਜੱਲਾਦਾ ਤੂੰ ਵੀ ਆਰਾ।

6.

ਪੜ੍ਹ ਸਕਾਂ ਚਿਤ ਲਾ ਕੇ ਜਪੁਜੀ ਦੀ ਬਾਣੀ ਨੂੰ।
ਦਿਲ 'ਚ ਵਸਾਇਆ ਜਿਨ੍ਹਾਂ ਰਤਨਾਂ ਦੀ ਖਾਣੀ ਨੂੰ।

ਹੁੰਦਾ ਕਰਜ਼ਨੋਂ ਪਾਰ ਉਤਾਰਾ।
ਮੈਂ ਵੀ ਉਹਦੇ ਤਿੱਖਾ ਮਨ ਕਰ ਲਾਂ, ਤਿੱਖਾ ਕਰ ਲੈ ਜੱਲਾਦਾ ਤੂੰ ਵੀ ਆਰਾ।

7.

ਤਿੱਖਾ ਕਰ ਆਰਾ ਮੇਰੇ ਸੀਸ ਉੱਤੇ ਧਰ ਦਈਂ।
ਮੂੰਹ ਮੇਰਾ ਮੇਰੇ ਗੁਰੂ ਵੱਲੇ ਕਰ ਦਈਂ।
ਸਾਨੂੰ ਹਰ ਵੇਲੇ ਉਸ ਦਾ ਸਹਾਰਾ।
ਮੈਂ ਵੀ ਉਹਦੇ ਤਿੱਖਾ ਮਨ ਕਰ ਲਾਂ, ਤਿੱਖਾ ਕਰ ਲੈ ਜੱਲਾਦਾ ਤੂੰ ਵੀ ਆਰਾ।

8.

ਆਖਦੇ ਨੇ ਸੰਤ ਕਈ ਮੂੰਹੋਂ ਸਤਗੁਰਾਂ ਦੇ।
ਹੁੰਦੇ ਨੇ ਸ਼ਹੀਦ ਪੁੱਤ ਵਿਰਲੀਆਂ ਮਾਵਾਂ ਦੇ।
ਜਿਉਂਦੇ ਰਹਿਣ ਸਦਾ ਮਰ ਕੇ ਦੁਬਾਰਾ।
ਮੈਂ ਵੀ ਉਹਦੇ ਤਿੱਖਾ ਮਨ ਕਰ ਲਾਂ, ਤਿੱਖਾ ਕਰ ਲੈ ਜੱਲਾਦਾ ਤੂੰ ਵੀ ਆਰਾ।

ਜਦੋਂ ਭਾਈ ਮਤੀ ਦਾਸ ਨੇ ਜੱਲਾਦ ਨੂੰ ਇਹ ਬਚਨ ਕਹੇ ਕਿ "ਤੂੰ ਆਪਣੇ ਮਾ[illegible] ਦਾ ਹੁਕਮ ਵਜਾ, ਅਸੀਂ ਆਪਣੇ ਮਾਲਕ ਨੂੰ ਯਾਦ ਕਰਨ ਲੱਗੇ ਹਾਂ। ਭਾਵੇਂ ਤੁਸੀਂ [illegible] ਰੱਸਿਆਂ ਵਿਚ ਬੰਨ੍ਹਿਆ ਹੋਇਆ ਹੈ, ਮੈਂ ਕਿਸੇ ਪਾਸੇ ਵੀ ਹਿੱਲ ਨਹੀਂ ਸਕਦਾ, ਪਰ ਮੇਰੀ [illegible] ਵੀ ਇਕ ਖਾਹਸ਼ ਹੈ, ਆਪਣੇ ਪਿਆਰੇ ਗੁਰਦੇਵ ਜੀ ਵਾਸਤੇ ਕਿ ਜਦੋਂ ਤੁਸੀਂ ਮੇਰੇ ਸੀਸ ਉ[illegible] ਆਰਾ ਚਲਾਉਣ ਲੱਗੋ, ਮੇਰਾ ਮੂੰਹ ਮੇਰੇ ਪਿਆਰੇ ਗੁਰੂ ਤੇਗ ਬਹਾਦਰ ਜੀ ਵੱਲ ਕਰ ਦੇ[illegible] ਇਹ ਮੇਰੇ ਮਨ ਦੀਆਂ ਕੁਝ ਸੱਧਰਾਂ ਹਨ। ਆਪਣੇ ਮੁਰਸ਼ਦ ਪ੍ਰਤੀ ਜਦੋਂ ਮੇਰੀ ਜ਼ਿੰਦ ਆ[illegible] ਰੱਬ ਵੱਲ ਜਾ ਰਹੀ ਹੋਵੇਗੀ ਤਾਂ ਮੈਂ ਆਪਣੇ ਗੁਰਦੇਵ ਦੇ ਦਰਸ਼ਨ ਕਰਦਾ ਜਾਵਾਂ।"

ਕਹਿੰਦੇ ਨੇ ਕਿ ਜੱਲਾਦਾਂ ਨੇ ਤਿੱਖਾ ਕਰ ਕੇ ਆਰਾ ਭਾਈ ਮਤੀ ਦਾਸ ਜੀ ਦੇ ਸਿਰ ਉੱਤੇ ਰੱਖ ਦਿੱਤਾ, ਜੱਲਾਦਾਂ ਨੇ ਆਰਾ ਚਲਾਉਣਾ ਸ਼ੁਰੂ ਕਰ ਦਿੱਤਾ ਤੇ ਭਾਈ ਮਤੀ ਦ[illegible] ਜੀ ਨੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰ ਦਿੱਤਾ। ਜਿਉਂ-ਜਿਉਂ ਆਰਾ ਸਿਰ ਵਿਚ ਧੱ[illegible] ਜਾਂਦਾ ਸੀ, ਖ਼ੂਨ ਦੀਆਂ ਧਾਰਾਂ ਤੇਜ਼ ਹੁੰਦੀਆਂ ਜਾਂਦੀਆਂ ਸਨ। ਖ਼ਲਕਤ ਵੇਖ ਕੇ ਤ੍ਰ[illegible] ਤ੍ਰਾਹ ਕਰ ਰਹੀ ਸੀ। ਸਿਦਕੀ ਸਿੰਘ ਜਪੁਜੀ ਸਾਹਿਬ ਦੀ ਬਾਣੀ ਪੜ੍ਹੀ ਜਾ ਰਿਹਾ ਸੀ। [illegible] ਸਭੇ ਵਿਚ ਹੀ ਸਰੀਰ ਦੋ-ਫਾੜ ਹੋ ਕੇ ਧਰਤੀ 'ਤੇ ਡਿੱਗਾ। ਇਤਿਹਾਸ ਕਹਿੰਦਾ ਹੈ ਕਿ [illegible] ਦੀ ਸਰੀਰ ਦੇ ਦੋ-ਫਾੜ ਹਿੱਸਿਆਂ ਵਿਚੋਂ ਜਪੁਜੀ ਸਾਹਿਬ ਦੀ ਆਵਾਜ਼ ਆ ਰਹੀ ਸੀ। [illegible] ਪੇਸ਼ ਹੈ:

ਜੁਗਨੀ ਛੰਦ

1.

ਕਾਜ਼ੀ ਨੇ ਫ਼ਤਵਾ ਲਾਇਆ ਹੈ।
ਮਤੀ ਦਾਸ ਨੂੰ ਕੋਲ ਬੁਲਾਇਆ ਹੈ।
ਵਿਚ ਫੱਟਿਆਂ ਦੇ ਬੰਨ੍ਹਵਾਇਆ ਹੈ।
ਪਾ ਸਿਰ ਵਿਚ ਆਰਾ ਸੱਲ ਰਿਹਾ।
ਉਹ ਵੇਖੋ ਸਿਦਕੀ ਸੂਰੇ ਦੇ ਸਿਰ ਉੱਤੇ ਆਰਾ ਚੱਲ ਰਿਹਾ।

2.

ਖੜੇ ਵੇਖ ਸੀ ਲੋਕ ਹਜ਼ਾਰਾਂ ਨੇ।
ਕਰ ਦਿਲ ਦੇ ਨਾਲ ਵਿਚਾਰਾਂ ਨੇ।
ਪਾਪੀ ਜ਼ੁਲਮ ਦੀਆਂ ਕਰ ਕਾਰਾਂ ਨੇ।
ਹੁਣ ਜ਼ੁਲਮੀ ਸੂਰਜ ਢੱਲ ਰਿਹਾ।
ਉਹ ਵੇਖੋ ਸਿਦਕੀ ਸੂਰੇ ਦੇ ਸਿਰ ਉੱਤੇ ਆਰਾ ਚੱਲ ਰਿਹਾ।

3.

ਜਦੋਂ ਜ਼ੋਰ ਨਾਲ ਖਿੱਚਣ ਆਰਾ ਜੀ।
ਚੱਲੇ ਖ਼ੂਨ ਦਾ ਜਿਵੇਂ ਫ਼ੁਹਾਰਾ ਜੀ।
ਧੰਨ ਧੰਨ ਹੈ ਸਿੱਖ ਪਿਆਰਾ ਜੀ।
ਜਪੁ ਹਰ ਬਾਣੀ ਮੂੰਹ ਬੋਲ ਰਿਹਾ।
ਉਹ ਵੇਖੋ ਸਿਦਕੀ ਸੂਰੇ ਦੇ ਸਿਰ ਉੱਤੇ ਆਰਾ ਚੱਲ ਰਿਹਾ।

4.

ਜੋ ਸਤਿਗੁਰ ਹੁਕਮ ਸੁਣਾ ਦਿੱਤਾ।
ਸਿੱਖ ਦਿੱਲੀ ਲਾਹੌਰ ਨੂੰ ਢਾਹ ਦਿੱਤਾ।
ਨਾਲ ਇੱਟ ਦੇ ਇੱਟ ਖੜਕਾ ਦਿੱਤਾ।
ਇਹ ਮੌਤ ਆਖਿਆਂ ਬੋਲ ਰਿਹਾ।
ਉਹ ਵੇਖੋ ਸਿਦਕੀ ਸੂਰੇ ਦੇ ਸਿਰ ਉੱਤੇ ਆਰਾ ਚੱਲ ਰਿਹਾ।

5.

ਸਿੱਖ ਸਤਿਗੁਰ ਵੱਲੋਂ ਤੋਰੇ ਜੀ।

ਮੁਖੋਂ ਨਾਮ ਵਾਹਿਗੁਰੂ ਰਟੇ ਜੀ।
ਆਰੇ ਨੇ ਖੋਲ੍ਹੇ ਖੱਪੇ ਜੀ।
ਪਿਆ ਖੂਨ ਫੁਹਾਰਾ ਚੱਲ ਰਿਹਾ।
ਉਹ ਵੇਖੋ ਸਿਦਕੀ ਸੂਰੇ ਦੇ ਸਿਰ ਉੱਤੇ ਆਰਾ ਚੱਲ ਰਿਹਾ।

6.

ਕਾਜ਼ੀ ਮੂੰਹ ਵਿਚ ਉਂਗਲਾਂ ਪਾਈਆਂ ਜੀ।
ਸਭ ਲੋਕੀਂ ਦੇਣ ਦੁਹਾਈਆਂ ਜੀ।
ਇਹ ਕਰਕ ਜਾਣੀਆਂ ਸਾਰੀਆਂ ਜੀ।
ਹੁਣ ਰਾਜ ਜ਼ੁਲਮ ਦਾ ਹੱਲ ਰਿਹਾ।
ਉਹ ਵੇਖੋ ਸਿਦਕੀ ਸੂਰੇ ਦੇ ਸਿਰ ਉੱਤੇ ਆਰਾ ਚੱਲ ਰਿਹਾ।

7.

ਨਾ ਸਿੰਘ ਦਿਲੋਂ ਘਬਰਾਇਆ ਹੈ।
ਚਿੱਤ ਜਪੁਜੀ ਸਾਹਿਬ ਵਿਚ ਲਾਇਆ ਹੈ।
ਆਰੇ ਨਾਲ ਜਿਸਮ ਚਿਰਾਇਆ ਹੈ।
ਜਾ ਵਿਚ ਸ਼ਹੀਦਾਂ ਰਲ ਰਿਹਾ।
ਉਹ ਵੇਖੋ ਸਿਦਕੀ ਸੂਰੇ ਦੇ ਸਿਰ ਉੱਤੇ ਆਰਾ ਚੱਲ ਰਿਹਾ।

8.

ਧੰਨ ਸਿੰਘ ਦੀ ਇਹ ਕੁਰਬਾਨੀ ਜੀ।
ਜਿਹਾ ਧਰਮ ਤੋਂ ਵਾਰ ਜੁਆਨੀ ਜੀ।
ਲਿਖੀ ਇਹ ਜਗਦੀਸ਼ ਕਹਾਣੀ ਜੀ।
ਸੀ ਪਾਪ ਜ਼ੁਲਮ ਨੂੰ ਠੱਲ ਰਿਹਾ।
ਉਹ ਵੇਖੋ ਸਿਦਕੀ ਸੂਰੇ ਦੇ ਸਿਰ ਉੱਤੇ ਆਰਾ ਚੱਲ ਰਿਹਾ।

ਇਸ ਤਰ੍ਹਾਂ ਭਾਈ ਮਤੀ ਦਾਸ ਜੀ ਨੂੰ ਆਰੇ ਦੇ ਨਾਲ ਚੀਰ ਕੇ ਸਰੀਰ ਦੋ-ਫਾੜ ਕਰਕੇ ਸ਼ਹੀਦ ਕੀਤਾ ਗਿਆ। ਫਿਰ ਵਾਰੀ ਆਈ ਭਾਈ ਦਿਆਲਾ ਜੀ ਦੀ ਉਹਨਾਂ ਉੱਤੇ ਕਾਜ਼ੀ ਨੇ ਇਹ ਫਤਵਾ ਲਗਾਇਆ ਕਿ ਇਸ ਨੂੰ ਪਾਣੀ ਵਿਚ ਉਬਾਲ ਕੇ ਸ਼ਹੀਦ ਕੀਤਾ ਜਾਵੇ। ਉਸ ਵਕਤ ਇਕ ਵੱਡੀ ਸਾਰੀ ਦੇਗ ਪਾਣੀ ਦੀ ਭਰ ਕੇ ਲਿਆਂਦੀ ਗਈ। ਹੇਠਾਂ ਅੱਗ ਬਾਲ ਕੇ ਪਾਣੀ ਨੂੰ ਉਬਾਲਣਾ ਸ਼ੁਰੂ ਕਰ ਦਿੱਤਾ ਅਤੇ ਭਾਈ ਦਿਆਲਾ ਜੀ ਨੂੰ ਉਸ ਵਿਚ ਬਿਠਾ ਦਿੱਤਾ :

ਮੋਘ ਵਰਨ ਛੰਦ

1. ਕਾਜ਼ੀ ਨੇ ਫਤਵਾ ਲਾ ਕੇ, ਆਖਿਆ ਫਿਰ ਇੰਝ ਸੁਣਾ ਕੇ,
ਸਿਦਕੀ ਜੋ ਸਿੰਘ ਦਿਆਲਾ, ਸ਼ਕਲੋਂ ਹੈ ਬਹੁਤ ਨਿਰਾਲਾ।
ਪਾਓ ਦੇਗ ਵਿਚ ਕਾਜ਼ੀ ਬਤਲਾਵੇ।
ਤੇਰਾ ਕੀਆ ਮੀਠਾ ਲੱਗਦਾ, ਸਿੰਘ ਸਿਦਕੀ ਦਿਆਲਾ ਮੁੱਖੋਂ ਗਾਵੇ।

2. ਪਾਣੀ ਪਿਆ ਖਾਵੇ ਉਬਾਲੇ, ਪਿੰਡੇ 'ਤੇ ਪਾਉਂਦਾ ਛਾਲੇ।
ਸਿਦਕੀ ਸਿੰਘ ਵਿਚ ਬਹਿ ਗਿਆ, ਜਪੁਜੀ ਨੂੰ ਪੜ੍ਹਨ ਡਹਿ ਗਿਆ।
ਚਿੱਤ ਗੁਰ ਚਰਨੀਂ ਟਿਕਾ ਕੇ,
ਵਾਂਗੂੰ ਗੁਰੂ ਪੰਜਵੇਂ ਦੇ ਬੈਠਾ ਦੇਗ 'ਚ ਸਮਾਧੀ ਸਿੰਘ ਲਾ ਕੇ।

3. ਸੜ ਸੜ ਕਰ ਅਗਨੀ ਮੱਚੇ, ਲੱਗੀ ਜਲ ਉੱਠੇ ਖੌਲੇ।
ਕਹਿੰਦੇ ਸਨ ਬੋਲੇ ਬੋਲੇ, ਕਿਤਨੇ ਸਿੰਘ ਦੁੱਖੜੇ ਝੱਲੇ।
ਚਿੱਤ ਚਰਨ ਲਾਈ ਕਸ਼ਟ ਉਠਾਵੇ।
ਤੇਰਾ ਕੀਆ ਮੀਠਾ ਲੱਗਦਾ, ਸਿੰਘ ਸਿਦਕੀ ਦਿਆਲਾ ਮੁੱਖੋਂ ਗਾਵੇ।

4. ਕਾਜ਼ੀ ਕਹਿ ਸਿੰਘਾ ਸੁਣ ਤੂੰ, ਮੇਰੀ ਗੱਲ ਮੰਨ ਲੈ ਹੁਣ ਤੂੰ।
ਤੈਨੂੰ ਮੈਂ ਹੁਣੇ ਛੱਡਦਿਆਂ, ਦੇਗ 'ਚੋਂ ਬਾਹਰ ਕੱਢਦਿਆਂ।
ਮੇਰਾ ਮਾਣ ਲੈ ਸ਼ਰ੍ਹਾ ਦੇ ਵਿਚ ਆ ਕੇ।
ਵਾਂਗੂੰ ਗੁਰੂ ਪੰਜਵੇਂ ਦੇ ਬੈਠਾ ਦੇਗ 'ਚ ਸਮਾਧੀ ਸਿੰਘ ਲਾ ਕੇ।

5. ਦਿਆਲਾ ਕਹੇ ਸੁਣ ਲੈ ਕਾਜ਼ੀ, ਐਵੇਂ ਨਹੀਂ ਬਣਦੇ ਗਾਜ਼ੀ।
ਸਿਰ ਤੇ ਮੈਂ ਧੂੰਖ ਝੱਲ ਕੇ, ਪਿਆਰੇ ਦੀ ਬਾਣੀ ਮੰਨ ਕੇ,
ਲੋਚੀ ਦਿਆਲਾ ਪਰਮ ਗਤ ਪਾਵੇ।
ਤੇਰਾ ਕੀਆ ਮੀਠਾ ਲੱਗਦਾ, ਸਿੰਘ ਸਿਦਕੀ ਦਿਆਲਾ ਮੁੱਖੋਂ ਗਾਵੇ।

6. ਜਪੁਜੀ ਦੀ ਪੜ੍ਹ ਕੇ ਬਾਣੀ, ਜੋਤੀ ਜੋਤ ਮਿਲ ਗਿਆ ਪ੍ਰਾਣੀ।
ਫੇਰ ਕਰ ਪਿੰਜਰਾ ਖ਼ਾਲੀ, ਬਾਗਾਂ ਨੂੰ ਛੱਡ ਗਏ ਮਾਲੀ।
ਬੈਠਾ ਦਰ ਯਾਰ ਦੇ ਤੇ ਜਾ ਕੇ।
ਵਾਂਗੂੰ ਗੁਰੂ ਪੰਜਵੇਂ ਦੇ ਬੈਠਾ ਦੇਗ 'ਚ ਸਮਾਧੀ ਸਿੰਘ ਲਾ ਕੇ।

7. ਤੱਕ ਕੇ ਇਹ ਜ਼ੁਲਮੀ ਕਾਰੇ, ਰੋਂਦੇ ਚੰਨ ਸੂਰਜ ਤਾਰੇ।
ਵੇਖ ਕੇ ਜ਼ੁਲਮ ਕਹਾਣੀ, ਹੋ ਗਿਆ ਰੰਗ ਬੱਦਲਾਂ ਘਾਣੀ।
ਔਰੰਗਜ਼ੇਬ ਨੂੰ ਤਰਸ ਨਾ ਆਵੇ।
ਤੇਰਾ ਕੀਆ ਮੀਠਾ ਲੱਗਦਾ, ਸਿੱਖ ਸਿਦਕੀ ਦਿਆਲਾ ਮੁੱਖੋਂ ਗਾਵੇ।

8. ਜ਼ਾਲਮ ਗਏ ਬੈਠ ਹਾਰ ਕੇ, ਧਰਮੀ ਸਿੱਖ ਜਾਨ ਵਾਰ ਕੇ।
ਜੱਗ 'ਤੇ ਨਾਂ ਰੌਸ਼ਨ ਕਰ ਗਿਆ, ਛੰਦ ਨੂੰ ਜਰਨੈਲ ਕਰ ਗਿਆ।
ਮੇਜਰ ਸਿੰਘ ਬਲਵੰਤ ਕਹੇ ਗਾ ਕੇ।
ਵਾਂਗੂੰ ਗੁਰੂ ਪੰਜਵੇਂ ਦੇ ਬੈਠਾ ਦੇਗ 'ਚ ਸਮਾਧੀ ਸਿੰਘ ਲਾ ਕੇ।

ਭਾਈ ਦਿਆਲਾ ਜੀ ਪੰਜਵੇਂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਵਾਂਗ ਪ੍ਰਮਾਤਮਾ ਦੇ ਭਾਣੇ ਵਿਚ ਰਹਿ ਕੇ ਸ਼ਹਾਦਤ ਦਾ ਜਾਮ ਪੀ ਗਏ। ਅਜੇ ਔਰੰਗਜ਼ੇਬ ਦਾ ਗੁੱਸਾ ਠੰਡਾ ਨਹੀਂ ਪਿਆ, ਉਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਇਕ ਵਾਰ ਫਿਰ ਆਪਣੇ ਦਰਬਾਰ ਵਿਚ ਬੁਲਾਇਆ ਤੇ ਇਹ ਕਹਿਣਾ ਸ਼ੁਰੂ ਕੀਤਾ ਕਿ "ਤੁਸੀਂ ਏਨੀ ਜ਼ਿੱਦ ਕਿਉਂ ਕਰਦੇ ਹੋ। ਤੇਰੇ ਤੁਹਾਡੇ ਸਿੱਖ ਨੇ ਜ਼ਿੱਦ ਵਿਚ ਹੀ ਖੋਇਆ ਏ। ਮੈਂ ਉਹਨਾਂ ਨੂੰ ਵੇਖੋ ਕਿਹੜੀ ਮੌਤੇ ਮਾਰਿਆ ਹੈ। ਤੁਸੀਂ ਮੇਰੀ ਗੱਲ ਨਾਲ ਸਹਿਮਤ ਹੋ ਜਾਵੋ, ਨਹੀਂ ਤਾਂ ਉਹਨਾਂ ਦੇ ਵਾਂਗ ਮੌਤ ਕਹਿਰ ਦਾ ਸ਼ਿਕਾਰ ਹੋ ਜਾਵੋਗੇ।" ਪਾਤਸ਼ਾਹ ਜੀ ਨੇ ਕਿਹਾ ਕਿ "ਹੇ ਬਾਦਸ਼ਾਹ ! ਹਰ ਇਨਸਾਨ ਨੂੰ ਆਪਣਾ ਆਪਣਾ ਧਰਮ ਪਿਆਰਾ ਹੈ। ਜਿਵੇਂ ਤੈਨੂੰ ਤੇਰਾ ਧਰਮ ਪਿਆਰਾ ਹੈ, ਸਾਨੂੰ ਆਪਣਾ ਧਰਮ ਪਿਆਰਾ ਹੈ। ਹਿੰਦੂਆਂ ਨੂੰ ਆਪਣੇ ਧਰਮ ਨਾਲ ਪਿਆਰ ਹੈ। ਤੂੰ ਇਹ ਇੰਨਾ ਜ਼ੁਲਮ ਤੇ ਅੱਤਿਆਚਾਰ ਨਾ ਕਰ।"

ਪਰ ਇਹਨਾਂ ਗੱਲਾਂ ਦਾ ਬਾਦਸ਼ਾਹ ਦੇ ਮਨ 'ਤੇ ਅਸਰ ਨਾ ਹੋਇਆ। ਉਸ ਨੇ ਫਿਰ ਇਹੋ ਹੀ ਕਹਿਣਾ ਸ਼ੁਰੂ ਕੀਤਾ ਕਿ ਤੁਸੀਂ ਇਸਲਾਮ ਧਰਮ ਕਬੂਲ ਕਰ ਲਵੋ, ਜੇ ਨਾ ਮੰਨੇ ਤਾਂ ਆਪਣੇ ਸਾਥੀਆਂ ਵਾਂਗ ਮੌਤ ਕਹਿਰ ਦਾ ਸ਼ਿਕਾਰ ਹੋ ਜਾਵੋਗੇ।

ਵੈਰਾਗਾ ਛੰਦ

1. ਔਰੰਗਜ਼ੇਬ ਆਖਦਾ ਗੁਰਾਂ ਨੂੰ ਮੁੱਖ 'ਚੋਂ।
ਹੁੰਦੇ ਬੰਦ ਕਾਇਦਾ ਦੀ ਸਿਫ਼ਤੀ ਮੁੱਖ 'ਚੋਂ।
ਆਖਾ ਮੇਰਾ ਕਰੋ ਪ੍ਰਵਾਨ ਗੁਰੂ ਜੀ।
ਛੇਤੀ ਰੱਖ ਮੰਨ ਲਓ ਇਸਲਾਮ ਗੁਰੂ ਜੀ।

2. ਅੱਗੇ ਤੇਰੇ ਸਾਥੀ ਅੱਖਾਂ ਸਾਹਵੇਂ ਮਾਰੇ ਨੇ।
ਕਰਤਾ ਦੋਫਾੜ ਮਤੀ ਦਾਸ ਆਰੇ ਨੇ।
ਕੱਢੀ ਤੜਫਾ ਕੇ ਉਹਦੀ ਜਾਨ ਗੁਰੂ ਜੀ।
ਛੱਡੀ ਜ਼ਿਦ ਮੰਨ ਲਓ ਇਸਲਾਮ ਗੁਰੂ ਜੀ।
3. ਘਟਿਆ ਵੀ ਨਾ ਜੋਸ਼ ਚੋਂ ਦਿਆਲੇ ਨੇ।
ਦੇਗ 'ਚ ਬਿਠਾਇਆ ਦੁੱਖ ਝੱਲੇ ਬਾਹਲੇ ਨੇ।
ਜਿੰਦ ਕਰ ਦੇ ਗਿਆ ਪੂਰਣ ਗੁਰੂ ਜੀ।
ਛੱਡੀ ਜ਼ਿਦ ਮੰਨ ਲਓ ਇਸਲਾਮ ਗੁਰੂ ਜੀ।
4. ਡੱਕਰੇ ਨੇ ਪਿੰਡੇ ਦੇ ਜਿਉਂਦੇ ਜੋਸ਼ ਦੇ।
ਸਾੜ ਦੇਵੇ ਵਰ ਕੇ ਮਲ੍ਹਾ ਦੀ ਔਖ ਦੇ।
ਮੰਦਰਾਂ ਦੇ ਪਤਨੀ ਕੁਰਬਾਨ ਗੁਰੂ ਜੀ।
ਛੱਡੀ ਜ਼ਿਦ ਮੰਨ ਲਓ ਇਸਲਾਮ ਗੁਰੂ ਜੀ।
5. ਤੁਸੀਂ ਸਾਡੇ ਵਾਸਤੇ ਅੱਖਾਂ ਦਾ ਨੂਰ ਜੀ।
ਹਿੰਦ ਵਾਲੀ ਗੱਲ ਕਰੋ ਦਿਲੋਂ ਦੂਰ ਜੀ।
ਅਸੀਂ ਤੁਹਾਡੇ ਹੋਏ ਹਾਂ ਗੁਲਾਮ ਗੁਰੂ ਜੀ।
ਛੱਡੀ ਜ਼ਿਦ ਮੰਨ ਲਓ ਇਸਲਾਮ ਗੁਰੂ ਜੀ।
6. ਦੁਖੜਾ 'ਚ ਆ ਕੇ ਕਰਦੇ ਉਹਨਾ ਕਿਉਂ ?
ਸਿੱਖ ਦਾ ਬੰਦਾ ਸਭਨਾਂ ਨੂੰ ਜਾਣਾ ਕਿਉਂ ?
ਸਾਰੇ ਤੁਹਾਡੇ ਹੋਏ ਕੁਰਬਾਨ ਗੁਰੂ ਜੀ।
ਛੱਡੀ ਜ਼ਿਦ ਮੰਨ ਲਓ ਇਸਲਾਮ ਗੁਰੂ ਜੀ।

ਗੁਰਦੇਵ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅੱਗੋਂ ਬਾਦਸ਼ਾਹ ਨੂੰ ਕਿਹਾ ਕਿ "ਜੇ ਅਸੀਂ ਮੌਤੋਂ ਡਰਨਾ ਹੁੰਦਾ ਤਾਂ ਉਹਨਾਂ ਦੁਖੀਆਂ ਨੂੰ ਵੀ ਲੈ ਕੇ ਹੀ ਕਰ ਆਉਂਦੇ ਜੀ। ਮੈਂ ਤਾਂ ਜਦੋਂ ਅਨੰਦਪੁਰ ਤੋਂ ਤੁਰਿਆ ਸੀ, ਸ਼ਹੀਦੀ ਮਾਰਗ 'ਤੇ ਆਪਣਾ ਪਹਿਲਾ ਕਦਮ ਰੱਖਿਆ ਸੀ, ਮੌਤ ਤਾਂ ਇਕ ਦਿਨ ਆਉਣੀ ਹੈ। ਫਿਰ ਉਸ ਤੋਂ ਕਿਉਂ ਡਰੀਏ। ਬਾਦਸ਼ਾਹ ਅਸੀਂ ਨਾ ਕਿਸੇ ਤੋਂ ਡਰਦੇ ਹਾਂ, ਨਾ ਕਿਸੇ ਨੂੰ ਡਰਾਉਂਦੇ ਹਾਂ। ਅਸੀਂ ਤੈਨੂੰ ਇਹ ਕਹਿੰਦੇ ਹਾਂ ਕਿ ਤੂੰ ਧੱਕੇ ਨਾਲ ਕਿਸੇ ਦੇ ਧਰਮ ਨੂੰ ਨਹੀਂ ਬਦਲ ਸਕਦਾ। ਅਸੀਂ ਉਹਨਾਂ ਕਸ਼ਮੀਰੀਆਂ ਦਾ ਧਰਮ ਬਚਾਉਣ ਆਏ ਹਾਂ।" ਜਦੋਂ ਬਾਦਸ਼ਾਹ ਨੇ ਇਹ ਜਵਾਬ ਗੁਰੂ ਜੀ ਤੋਂ ਸੁਣਿਆ, ਉਹ ਗੁੱਸਾ ਲਾਲ ਹੋ ਗਿਆ। ਉਸ ਨੇ ਕੁਝ ਆਪ-ਮੁਹਾਰੇ ਹੀ ਬੋਲੇ ਤੇ ਉਸੇ ਵਕਤ ਕਾਜ਼ੀ ਨੂੰ ਬੁਲਾ ਕੇ, ਸਤਿਗੁਰੂ

ਜੀ ਨੂੰ ਸ਼ਹੀਦ ਕਰਨ ਦਾ ਐਲਾਨ ਕਰ ਦਿੱਤਾ। ਅਗਲੇ ਦਿਨ ਵੀਰਵਾਰ 12 ਮੱਘਰ ਸੁਦੀ ਪੰਜ ਸੰਮਤ 1732 ਬਿ: 11 ਨਵੰਬਰ 1675 ਈਸਵੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਸ਼ਹੀਦ ਕੀਤਾ ਗਿਆ।

ਦੂਸਰੇ ਪਾਸੇ ਬਾਬਾ ਬੁੱਢਾ ਜੀ ਦੀ ਵੰਸ਼ ਭਾਈ ਰਾਮ ਕੁਇਰ ਨੇ ਗੁਰਿਆਈ ਦਾ ਤਿਲਕ ਸਾਹਿਬਜ਼ਾਦੇ ਗੋਬਿੰਦ ਰਾਏ ਨੂੰ ਦਿੱਤਾ। ਉਸ ਵੇਲੇ ਗੋਬਿੰਦ ਰਾਏ ਦੀ ਉਮਰ ਅੱਠ ਸਾਲ, ਦਸ ਮਹੀਨੇ ਤੇ ਉਨੀ ਦਿਨ ਦੀ ਸੀ। ਏਨੀ ਛੋਟੀ ਅਵਸਥਾ ਵਿਚ ਹਜ਼ੂਰ ਸਿੱਖਾਂ ਦੇ ਦਸਵੇਂ ਗੁਰੂ ਬਣੇ।

ਇਧਰ ਸਮਾਣੇ ਸ਼ਹਿਰ ਦੇ ਰਹਿਣ ਵਾਲੇ ਜੱਲਾਦ ਜਲਾਲਦੀਨ ਨੇ ਜਿਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਤਲਵਾਰ ਦੇ ਵਾਰ ਨਾਲ ਸ਼ਹੀਦ ਕੀਤਾ, ਜਿਵੇਂ ਗੁਰਦੇਵ ਪਿਤਾ ਜੀ ਤਿਲਕ ਜੰਞੂ ਦੀ ਰਾਖੀ ਵਾਸਤੇ ਦਿੱਲੀ ਦੇ ਚਾਂਦਨੀ ਚੌਕ ਵਿਚ ਕੁਰਬਾਨ ਹੋਏ, ਇਉਂ ਪੇਸ਼ ਹੈ :

ਗੱਡੀ ਛੰਦ

ਵੀਰਵਾਰ ਦਾ ਨਿਭਾਗਾ ਦਿਨ ਚੜ੍ਹਿਆ
ਜ਼ਾਲਮਾਂ ਦੀ ਜੜ੍ਹ ਪੁੱਟਣੇ
ਵਿਚ ਚਾਂਦਨੀ ਚੌਕ ਦੇ ਆਂਦਾ
ਪਾਪੀਆਂ ਨੇ ਗੁਰੂ ਸਾਹਿਬ ਨੂੰ।
ਆ ਕੇ ਸਾਹਮਣੇ ਔਰੰਗਜ਼ੇਬ ਕਹਿੰਦਾ,
ਅਜੇ ਵੀ ਸਮਝ ਮਨ ਜੇ
ਜਾਨ ਬਖ਼ਸ਼ ਲੈ ਮੁਸਲਮਾਨੀ ਧਾਰ ਕੇ, ਬੀਤਿਆ ਨਹੀਂ ਸਮਾਂ ਲੰਘਣਾ।
ਅੱਗੋਂ ਹੱਸ ਕੇ ਸਤਿਗੁਰੂ ਬੋਲੇ, ਲੋੜ ਨਹੀਂ ਕੋਈ ਹੋਰ ਕਹਿਣ ਦੀ,
ਅਸਾਂ ਰੱਖਣਾ ਧਰਮ ਸਿਰ ਦੇ ਕੇ, ਤੇਰਾ ਆਸਮਾ ਹੈ ਆਪਣੀ।
ਤੇਰੇ ਪਾਪ ਦਾ ਭਰ ਗਿਆ ਘੜਾ, ਅੰਤ ਵੰਸ਼ ਡੁੱਬ ਜਾਏਗਾ।
ਏਨੀ ਸੁਣ ਕੇ ਲੱਗੀ ਅੱਗ ਸ਼ਾਹ ਨੂੰ, ਹੁਕਮ ਜੱਲਾਦ ਨੂੰ ਕਰੇ,
ਤੇਗ ਮਾਰ ਕੇ ਉਡਾ ਦੇ ਸਿਰ ਏਸ ਦਾ, ਚਿੱਤ ਦਾ ਕਲੇਸ਼ ਮੁੱਕ ਜਾਏ।
ਤੇਗ ਫੜ ਕੇ ਜੱਲਾਦ ਸੁਣਾਇਆ, ਯਾਦ ਕਰ ਲਓ ਜੀ ਰੱਬ ਨੂੰ।
ਪਾਠ ਜਪੁਜੀ ਦਾ ਕਰ ਗੁਰੂ ਜੀ, ਸਤਿਨਾਮ ਬੋਲੇ ਹੱਸ ਕੇ।
ਤੇਗ ਜ਼ੋਰ ਦੀ ਜੱਲਾਦੀ ਮਾਰੀ, ਧੜੋਂ ਸੀਸ ਵੱਖ ਹੋ ਗਿਆ।
ਕਾਰਾ ਵੇਖ ਕੇ ਛਿਪ ਗਿਆ ਸੂਰਜ, ਅੰਬਰ ਨੇ ਰੋ ਦਿੱਤਿਆ।

ਛੁੱਟ ਹੋ ਗਿਆ ਹਨੇਰਾ ਸਾਰੇ, ਕਹਿਰ ਦੀ ਹਨੇਰੀ ਚੱਲ ਪਈ।
ਹੰਝੂ ਬੱਦਲਾਂ ਨੇ ਛਮ ਛਮ ਕੇਰੇ, ਪ੍ਰਿਥਵੀ ਵੀ ਧਾਹੀਂ ਮਾਰੀਆਂ।
ਪੈਣ ਨਰਕੀ ਜਿਨ੍ਹਾਂ ਨੇ ਪਾਪ ਕੀਤਾ, ਧਰਮੀ ਅਨੰਤ ਸੇਜ ਨੂੰ।
ਮਾਣ ਦਾ, ਮਾਣ ਦਾ, ਨਿੱਤ ਕੁਰਬਾਨੀ ਦੀ ਜੋਤ ਜਾਣਦਾ।

ਇਸ ਬਾਬਤ ਮੇਰੇ ਕਲਗੀਧਰ ਜੀ ਬਚਿੱਤਰ ਨਾਟਕ ਵਿਚ ਇਉਂ ਫੁਰਮਾਉਂਦੇ ਹਨ:

ਠੀਕਰ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਓ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਸ਼ਾਮ ਤੱਕ ਮਹਾਰਾਜ ਦਾ ਸਰੀਰ ਉਥੇ ਪਿਆ ਰਿਹਾ। ਚੁਫੇਰੇ ਪੁਲੀਸ ਦਾ ਸਖ਼ਤ ਪਹਿਰਾ ਸੀ। ਜ਼ਰਾ ਕੁ ਹਨੇਰਾ ਹੋਇਆ, ਭਾਈ ਜੈਤਾ (ਜੀਵਨ ਸਿੰਘ) ਜੀ, ਜਿਹੜਾ ਉਸ ਵਕਤ ਉਥੇ ਖਲੋਤਾ ਸੀ। ਉਸ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਬੇਨਤੀ ਕੀਤੀ। ਉਸੇ ਵਕਤ ਕੁਝ ਹਨੇਰੀ ਦੇ ਕਾਲੇ ਬੁਲੇ ਆਏ, ਜਿਨ੍ਹਾਂ ਨਾਲ ਧੂੜ ਉੱਡਣੀ ਸ਼ੁਰੂ ਹੋਈ। ਇਸ ਮੌਕੇ ਦਾ ਫ਼ਾਇਦਾ ਉਠਾ ਕੇ ਭਾਈ ਜੈਤਾ ਜੀ ਨੇ ਹਜ਼ੂਰ ਪਾਤਸ਼ਾਹ ਦਾ ਸੀਸ ਉਠਾਇਆ। ਇਕ ਕੱਪੜੇ ਵਿਚ ਲਪੇਟ ਕੇ ਆਪਣੀ ਛਾਤੀ ਦੇ ਨਾਲ ਲਾ ਕੇ ਉਥੋਂ ਤੁਰ ਪਿਆ। ਬੜੀ ਲੰਮੀ ਵਾਟ ਤੈਅ ਕਰਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ। ਇਧਰ ਧੜ ਦਾ ਸਸਕਾਰ ਭਾਈ ਲੱਖੀ ਸ਼ਾਹ ਲੁਬਾਣੇ ਨੇ ਆਪਣੇ ਘਰ ਵਿਚ ਧਰ ਕੇ, ਉਸ ਨੇ ਆਪਣੇ ਘਰ ਨੂੰ ਹੀ ਅੱਗ ਲਾ ਦਿੱਤੀ ਤੇ ਸਤਿਗੁਰਾਂ ਦੇ ਪਾਵਨ ਧੜ ਦਾ ਸਸਕਾਰ ਕੀਤਾ। ਇਥੇ ਗੁਰਦੁਆਰਾ ਰਕਾਬ ਗੰਜ ਹੈ।

ਉਧਰ ਜਦੋਂ ਭਾਈ ਜੈਤਾ ਜੀ ਅਨੰਦਪੁਰ ਸਾਹਿਬ ਪਹੁੰਚੇ, ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਰਾਏ ਨੇ ਭਾਈ ਜੈਤੇ ਨੂੰ ਛਾਤੀ ਨਾਲ ਲਾਇਆ ਤੇ ਮੂੰਹ ਵਿਚੋਂ ਕਿਹਾ, ਰੰਘਰੇਟੇ ਗੁਰੂ ਕੇ ਬੇਟੇ। ਭਾਈ ਜੈਤਾ ਮਜ਼ਹਬੀ ਸਿੱਖ ਸੀ। ਏਹੀ ਭਾਈ ਜੈਤਾ ਅੰਮ੍ਰਿਤ ਛਕ ਕੇ ਭਾਈ ਜੀਵਨ ਸਿੰਘ ਬਣਿਆ। ਜੋ ਮੇਰੇ ਦਾਤਾ ਜੀ ਨੇ ਭਾਈ ਜੈਤੇ ਨੂੰ ਵਰਦਾਨ ਦਿੱਤਾ, ਉਹ ਇਉਂ ਪੇਸ਼ ਹੈ:

ਕੋਰੜਾ ਛੰਦ

1. ਉਠ ਕੇ ਗੁਰੂ ਜੀ ਗਲ ਲਾਉਂਦੇ ਜੈਤੇ ਨੂੰ।
ਸਭਾ ਵਿਚ ਅੱਗੇ ਵਡਿਆਉਂਦੇ ਜੈਤੇ ਨੂੰ।
ਸਾਡੇ ਦਿਲ ਵਿਚ ਤੇਰਾ ਮਾਣ ਜੈਤਿਆ।
ਦੱਸ ਕੇ ਦਿਖਾਈ ਸਿੱਖੀ ਸ਼ਾਨ ਜੈਤਿਆ।

2. ਪਹਿਰੇ ਲੱਗੇ ਰਹਿ ਗਏ ਐਵੇਂ ਸਰਕਾਰ ਦੇ।
ਪਾਲ ਕੇ ਵਿਖਾਤੇ ਤੂੰ ਜਰਾਨੇ ਯਾਰ ਦੇ।
ਕੀਤੀ ਨਾ ਪਿਆਰੀ ਜਿੰਦ ਜਾਨ ਜੈਤਿਆ।
ਰੱਖ ਕੇ ਵਿਖਾਤੀ ਸਿੱਖੀ ਸ਼ਾਨ ਜੈਤਿਆ।

3. ਜਿਹੜੀ ਥਾਂ ਤੋਂ ਚੁੱਕ ਕੇ ਲਿਆਇਆ ਸੀਸ ਨੂੰ।
ਵਿਰਲਾ ਕੋਈ ਯੋਧਾ ਤੇਰੀ ਕਰੂ ਰੀਸ ਨੂੰ।
ਪੂਜਾ ਤੇਰੀ ਕਰੂਗਾ ਜਹਾਨ ਜੈਤਿਆ।
ਰੱਖ ਕੇ ਵਿਖਾਤੀ ਸਿੱਖੀ ਸ਼ਾਨ ਜੈਤਿਆ।

4. ਤੂੰ ਹੈਂ ਰੰਘਰੇਟਾ ਤੇ ਗੁਰੂ ਦਾ ਬੇਟਾ ਜੀ।
ਤਨ ਮਨ ਕਰਤਾ ਸਿੱਖੀ ਦੀ ਭੇਟਾ ਜੀ।
ਜੋਧਿਆਂ ਦਾ ਤੂੰ ਪ੍ਰਧਾਨ ਜੈਤਿਆ।
ਰੱਖ ਕੇ ਵਿਖਾਤੀ ਸਿੱਖੀ ਸ਼ਾਨ ਜੈਤਿਆ।

5. ਖਾਲਸਾ ਤੂੰ ਖਾਲਸਿਆਂ ਗੁਰੂ ਦੇ ਪਿਆਰਿਆ।
ਆਪ ਤਰ ਗਿਓਂ ਤੇ ਕੁਲਾਂ ਨੂੰ ਤਾਰਿਆ।
ਗੁਰੂ ਘਰੋਂ ਤੈਨੂੰ ਵਰਦਾਨ ਜੈਤਿਆ।
ਰੱਖ ਕੇ ਵਿਖਾਤੀ ਸਿੱਖੀ ਸ਼ਾਨ ਜੈਤਿਆ।

6. ਨਦੀਆਂ ਨੂੰ ਲੰਘ ਪਾਣੀਆਂ 'ਚ ਠਰਿਓਂ
ਸਿੱਖੀ ਪਿੱਛੇ ਜੋਧਿਆ ਕੀਤੇ 'ਤੇ ਤਰਿਓਂ।
ਤੇਰੇ ਉੱਤੋਂ ਅਸੀਂ ਕੁਰਬਾਨ ਜੈਤਿਆ।
ਰੱਖ ਕੇ ਵਿਖਾਤੀ ਸਿੱਖੀ ਸ਼ਾਨ ਜੈਤਿਆ।

7. ਜਿੰਨੇ ਚਿਰ ਗੁਰੂ ਦਾ ਕੋਈ ਨਾਮ ਲਵੇਗਾ।
ਉਨੇ ਚਿਰ ਜੈਤਾ ਵੀ ਅਮਰ ਰਵੇਗਾ।
ਕਹਿੰਦੇ ਸਭਾ 'ਚ ਵਿਦਵਾਨ ਜੈਤਿਆ।
ਰੱਖ ਕੇ ਵਿਖਾਤੀ ਸਿੱਖੀ ਸ਼ਾਨ ਜੈਤਿਆ।

ਕੁਝ ਗੁਰੂ ਸਾਹਿਬਾਨਾਂ ਦੇ ਅੰਤਮ ਅਸਥਾਨ ਕੀਰਤਪੁਰ ਵਿਚ ਸਨ। ਕੁਝ ਸਿੰਘਾਂ ਨੇ ਸਤਿਗੁਰੂ ਦੇ ਸੀਸ ਦਾ ਸਸਕਾਰ ਕਰਨ ਦੀ ਸਲਾਹ ਦਿੱਤੀ ਕਿ ਕੀਰਤਪੁਰ ਕੀਤਾ ਜਾਵੇ, ਪਰ ਗੁਰੂ ਗੋਬਿੰਦ ਰਾਏ ਜੀ ਨੇ ਅਨੰਦਪੁਰ ਵਿਚ ਸਸਕਾਰ ਕਰਨ ਦਾ ਫੈਸਲਾ ਦਿੱਤਾ। ਸਿੰ ਸੰਗਤਾਂ ਵੈਰਾਗਮਈ ਹਾਲਤ ਪਹੁੰਚ ਗਈਆਂ ਸਨ। ਮਾਤਾ ਗੁਜਰੀ ਤੇ ਮਾਤਾ ਨਾਨਕੀ ਜੀ ਦੀ

ਨੌਵੇਂ ਪਾਤਸ਼ਾਹ ਦਾ ਸੀਸ ਵੇਖ ਕੇ ਗ਼ਮ ਵਿਚ ਡੁੱਬ ਗਈਆਂ। ਦਸਮੇਸ਼ ਪਿਤਾ ਨੇ ਮਾਤਾਵਾਂ ਤੇ ਸੰਗਤਾਂ ਨੂੰ ਧੀਰਜ ਦੇ ਕੇ ਚੁੱਪ ਕਰਵਾਇਆ। ਉਹਨਾਂ ਸਭ ਨੂੰ ਸੰਬੋਧਨ ਕਰਦਿਆਂ ਕਿਹਾ, "ਰੋਣਾ ਉਸ ਨੂੰ ਚਾਹੀਦਾ ਹੈ, ਜੋ ਬਿਨਾਂ ਅਰਥਾ ਮਰ ਜਾਵੇ। ਸ਼ਹੀਦ ਕੌਮ ਨੂੰ ਨਵਾਂ ਜੀਵਨ ਦੇ ਜਾਂਦਾ ਹੈ, ਉਸ ਨੂੰ ਕਿਉਂ ਰੋਇਆ ਜਾਵੇ। ਸਾਡੇ ਗੁਰਦੇਵ ਪਿਤਾ ਜੀ ਧਰਮ ਦੀ ਖ਼ਾਤਰ ਸ਼ਹੀਦ ਹੋਏ ਹਨ।" ਏਨੀ ਛੋਟੀ ਉਮਰ ਵਿਚ ਗੁਰੂ ਜੀ ਦਾ ਹੌਸਲਾ ਵੇਖ ਕੇ ਸੰਗਤਾਂ ਹੈਰਾਨ ਰਹਿ ਗਈਆਂ। ਅੰਤ ਚੰਦਨ ਦੀ ਚਿਖਾ ਤਿਆਰ ਕਰ ਕੇ ਮਰਯਾਦਾ ਅਨੁਸਾਰ ਨੌਵੇਂ ਪਾਤਸ਼ਾਹ ਦੇ ਸੀਸ ਦਾ ਸਸਕਾਰ ਕੀਤਾ ਗਿਆ। ਉਸ ਅਸਥਾਨ ਉੱਤੇ ਦਸਵੇਂ ਪਾਤਸ਼ਾਹ ਨੇ ਆਪਣੇ ਹੱਥੀਂ ਸ਼ਹੀਦ ਗੰਜ ਬਣਵਾਇਆ।

ਕੁਝ ਦਿਨਾਂ ਪਿੱਛੋਂ ਭਾਈ ਲੱਖੀ ਸ਼ਾਹ ਵਣਜਾਰਾ ਅਨੰਦਪੁਰ ਸਾਹਿਬ ਆਇਆ। ਉਸ ਨੇ ਹਜ਼ੂਰ ਦੇ ਸ਼ਹੀਦ ਹੋਣ ਦੀ ਤੇ ਪਿੱਛੋਂ ਹਜ਼ੂਰ ਦੇ ਸਰੀਰ ਦੇ ਸਸਕਾਰ ਕਰਨ ਦੀ ਵਾਰਤਾ ਵਿਸਥਾਰ ਨਾਲ ਸੁਣਾਈ। ਉਹਨੇ ਅੱਖਾਂ ਵਿਚੋਂ ਹੰਝੂ ਪੂੰਝਦਿਆਂ ਕਿਹਾ, "ਮਹਾਰਾਜ ! ਉਸ ਵੇਲੇ ਵੇਖਣ ਵਾਲਿਆਂ ਵਿਚ ਬਹੁਤ ਸਾਰੇ ਸਿੱਖ ਵੀ ਖੜੇ ਸਨ। ਜਦ ਇਹ ਸਾਕਾ ਵਾਪਰਿਆ, ਬਾਦਸ਼ਾਹ ਨੇ ਸਾਰੀ ਕੌਮ ਨੂੰ ਲਲਕਾਰ ਕੇ ਕਿਹਾ ਕਿ ਹੈ ਕੋਈ ਗੁਰੂ ਦਾ ਸਿੱਖ, ਹੈ ਤਾਂ ਉਹਨਾਂ ਦਾ ਸਰੀਰ ਚੁੱਕਣ ਵਾਸਤੇ ਅੱਗੇ ਵਧੇ। ਹਿੰਦੂ ਮੁਸਲਮਾਨਾਂ ਵਿਚ ਲੁਕੇ ਖੜੇ, ਸਿੱਖ ਧੌਣਾਂ ਨੀਵੀਆਂ ਕਰਕੇ ਖੜੇ ਸਨ। ਉਹਨਾਂ ਵਿਚ ਅੱਗੇ ਵੱਧਣ ਦੀ ਹਿੰਮਤ ਨਹੀਂ ਸੀ। ਮੌਤ ਦਾ ਭੈਅ ਛਾਇਆ ਹੋਇਆ ਸੀ।" ਇਹ ਸੁਣ ਕੇ ਹਜ਼ੂਰ ਪਾਤਸ਼ਾਹ ਦੇ ਨੇਤਰ ਕ੍ਰੋਧ ਵਿਚ ਲਾਲ ਹੋ ਗਏ। ਆਪ ਬੜੇ ਜੋਸ਼ ਨਾਲ ਬੋਲੇ, "ਭਾਈ ਲੱਖੀ ਸ਼ਾਹ ! ਸਮਾਂ ਆ ਲੈਣ ਦਿਉ। ਮੈਂ ਸਿੱਖਾਂ ਨੂੰ ਅਜਿਹਾ ਰੂਪ ਦਿਆਂਗਾ, ਜੋ ਹਜ਼ਾਰਾਂ ਵਿਚ ਲੁਕਿਆਂ ਵੀ ਨਾ ਲੁਕ ਸਕੇ।"

ਜੋ ਉਹਨਾਂ ਨੇ ਭਵਿੱਖ ਬਾਚ ਕਹੇ, ਉਹ ਕਵਿਤਾ ਵਿਚ ਇਉਂ ਪੇਸ਼ ਹਨ :

ਕੋਰੜਾ ਛੰਦ

ਜੋਸ਼ ਵਿਚ ਆ ਕੇ ਬੋਲੇ ਦਸਮੇਸ਼ ਜੀ।
ਕਹਿੰਦੇ ਭਵਿੱਖ ਗੁਰੂ ਦਰਵੇਸ਼ ਜੀ।
ਸਿੱਖ ਦੀ ਪਹਿਚਾਣ ਵੱਖਰੀ ਬਣਾਵਾਂਗਾ।
ਜੱਗ ਤੋਂ ਨਿਆਰਾ ਖ਼ਾਲਸਾ ਸਜਾਵਾਂਗਾ।

ਲੈਣਾ ਪਰਖ ਕਰ ਪੰਜ ਸਿਰਦਾਨ ਜੀ।
ਪੰਜੇ ਬਣੇ ਸਿੰਘ ਹੋਣਗੇ ਮਹਾਨ ਜੀ।
ਫੇਰ ਅੰਮ੍ਰਿਤ ਤਿਆਰ ਕਿਤੇ ਖੰਡੇ ਵਿਚ ਜੀ।
ਪੜ੍ਹ ਕੇ ਗੁਰਬਾਣੀ ਕਰ ਦਊਂ ਪਵਿੱਤਰ ਜੀ।

ਜਾਤ ਪਾਤ ਵਾਲੇ ਭਰਮ ਮਿਟਾਵਾਂਗਾ।
ਜੱਗ ਤੋਂ ਨਿਆਰਾ ਖ਼ਾਲਸਾ ਸਜਾਵਾਂਗਾ।
ਖੰਡੇਧਾਰ ਵਿਚੋਂ ਸਾਜੂੰ ਪੰਥ ਖ਼ਾਲਸਾ।
ਕਰੇ ਜਰਵਾਣਿਆਂ ਦਾ ਅੰਤ ਖ਼ਾਲਸਾ।
ਗੁਲਾਮੀ ਦੀਆਂ ਜੰਜ਼ੀਰਾਂ ਸਦਾ ਲਈ ਤੁੜਾਵਾਂਗਾ
ਜੱਗ ਤੋਂ ਨਿਆਰਾ ਖ਼ਾਲਸਾ ਸਜਾਵਾਂਗਾ।

ਹਕੂਮਤਾਂ ਜਿਨ੍ਹਾਂ ਨੂੰ ਕਹੀਆਂ ਦੁਰਕਾਰ ਜੀ।
ਇਨ੍ਹਾਂ ਨੂੰ ਬਣਾਊਂਗਾ ਪੰਥੇ ਸਰਦਾਰ ਜੀ।
ਚਿੜੀਆਂ ਤੋਂ ਖੰਭ ਬਾਜਾਂ ਦੇ ਤੁੜਾਵਾਂਗਾ।
ਜੱਗ ਤੋਂ ਨਿਆਰਾ ਖ਼ਾਲਸਾ ਸਜਾਵਾਂਗਾ।

ਜ਼ੁਲਮ ਖ਼ਿਲਾਫ਼ ਛਾਤੀ ਤਾਣ ਖੜੂੰਗਾ।
ਪਰਉਪਕਾਰ ਤੋਂ ਨਾ ਪਿੱਛੇ ਹਟੂੰਗਾ।
ਵੈਰੀ ਨੂੰ ਵੰਗਾਰ ਰਣ ਵਿਚ ਢਾਹਵਾਂਗਾ।
ਜੱਗ ਤੋਂ ਨਿਆਰਾ ਖ਼ਾਲਸਾ ਸਜਾਵਾਂਗਾ।

ਜਾਬਰਾਂ ਦੇ ਸਾਹਵੇਂ ਨਾ ਝੁਕਾਇਆ ਝੁਕੇਗਾ।
ਸਿਦਕ ਅਡੋਲ ਨਾ ਡੁਲਾਇਆਂ ਡੁਲੇਗਾ।
ਤਲੀ ਉੱਤੇ ਸੀਸ ਰਣ 'ਚ ਲੜਾਵਾਂਗਾ।
ਜੱਗ ਤੋਂ ਨਿਆਰਾ ਖ਼ਾਲਸਾ ਸਜਾਵਾਂਗਾ।

ਜਦੋਂ ਤੱਕ ਜ਼ਿਮੀਂ ਅਸਮਾਨ ਰਹੂਗਾ।
ਖ਼ਾਲਸੇ ਦਾ ਜੱਗ 'ਤੇ ਨਿਸ਼ਾਨ ਰਹੂਗਾ।
ਖ਼ਾਲਸੇ ਦੀ ਮਹਿਮਾ ਸ਼ਾਇਰਾਂ ਤੋਂ ਕਰਵਾਵਾਂਗਾ।
ਜੱਗ ਤੋਂ ਨਿਆਰਾ ਖ਼ਾਲਸਾ ਸਜਾਵਾਂਗਾ।

ਸਤਿਗੁਰੂ ਜੀ ਦੀ ਸ਼ਹੀਦੀ ਤੋਂ ਬਾਦ ਦਸਮੇਸ਼ ਪਿਤਾ ਜੀ ਆਪਣੀ ਕੌਮ ਨੂੰ ਕੁਝ ਵੱਖਰੇ ਢੰਗਾਂ ਵਿਚ ਢਾਲਣ ਦਾ ਫ਼ੈਸਲਾ ਕਰ ਲਿਆ। ਦੂਸਰੇ ਪਾਸੇ ਮਾਤਾ ਗੁਜਰੀ ਜੀ ਤੇ ਮਾ ਨਾਨਕੀ ਨੇ ਇਹ ਵਿਚਾਰ ਕੀਤੀ ਕਿ ਗੋਬਿੰਦ ਰਾਏ ਦੀ ਸ਼ਾਦੀ ਕਰ ਦੇਣੀ ਚਾਹੀਦੀ ਹੈ ਉਹਨਾਂ ਸਮਿਆਂ ਵਿਚ ਛੋਟੇ-ਛੋਟੇ ਬੱਚਿਆਂ ਦੇ ਛੇਤੀ ਵਿਆਹ ਕਰ ਦਿੱਤਾ ਕਰਦੇ ਸਨ

ਵਿਸਾਖੀ ਦਾ ਤਿਉਹਾਰ ਹਰ ਸਾਲ ਸ੍ਰੀ ਅਨੰਦਪੁਰ ਸਾਹਿਬ ਮਨਾਇਆ ਜਾਂਦਾ। ਬੜੀ ਦੂਰ-ਦੂਰ ਤੋਂ ਸੰਗਤਾਂ ਵਿਸਾਖੀ ਵੇਖਣ ਅਨੰਦਪੁਰ ਸਾਹਿਬ ਆਉਂਦੀਆਂ ਸਨ। ਕਈ ਸ਼ਰਧਾਵਾਨ ਆਪਣੀਆਂ ਭੇਟਾਵਾਂ ਸਤਿਗੁਰਾਂ ਨੂੰ ਚੜ੍ਹਾ ਕੇ ਆਪਣੀ ਕਿਰਤ ਨੂੰ ਸਫਲ ਬਣਾਉਂਦੇ। ਕਈ ਸਤਿਗੁਰੂ ਜੀ ਨੂੰ ਨਤਮਸਤਕ ਹੋ ਕੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਸੀ। ਇਸੇ ਤਰ੍ਹਾਂ ਹੀ ਲਾਹੌਰ ਦੇ ਰਹਿਣ ਵਾਲਾ ਖੱਤਰੀ ਭਾਈ ਹਰਜਸ ਵੀ ਆਪਣੇ ਪਰਿਵਾਰ ਸਮੇਤ ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ਆਇਆ। ਨਾਲ ਉਹਨਾਂ ਦੀ ਇਕ ਬੇਟੀ ਜੀਤੋ ਸੀ। ਉਹ ਵੀ ਉਹਨਾਂ ਦੇ ਨਾਲ ਸੀ। ਹਰਜਸ ਤੇ ਉਸ ਦੀ ਪਤਨੀ ਨੇ ਸਾਹਿਬਜ਼ਾਦੇ ਦੇ ਦਰਸ਼ਨ ਕਰਕੇ ਜਦੋਂ ਮਾਤਾ ਜੀ ਦੇ ਕੋਲ ਗਏ, ਨਮਸਕਾਰ ਕੀਤੀ ਤੇ ਬੈਠ ਗਏ। ਇਹਨਾਂ ਦੀ ਬੱਚੀ ਜੀਤੋ ਨੇ ਵੀ ਜਦੋਂ ਮਾਤਾ ਜੀ ਨੂੰ ਮਾਂ ਜੀ ਕਹਿ ਕੇ ਬੁਲਾਇਆ, ਮੱਥਾ ਟੇਕਿਆ। ਇਸ ਅਵਾਜ਼ ਨੇ ਮਾਤਾ ਜੀ ਦੇ ਮਨ ਨੂੰ ਮੋਹ ਲਿਆ। ਮਾਤਾ ਜੀ ਨੇ ਪਿਆਰ ਦਿੱਤਾ। ਫਿਰ ਭਾਈ ਹਰਜਸ ਤੋਂ ਪੁੱਛਿਆ, "ਤੁਸੀਂ ਕਿਥੋਂ ਆਏ ਹੋ ?" ਉਨ੍ਹਾਂ ਬੜੇ ਪਿਆਰ ਨਾਲ ਕਿਹਾ ਕਿ "ਲਾਹੌਰ ਆਏ ਹਾਂ।" ਫਿਰ ਮਾਤਾ ਜੀ ਨੇ ਕਿਹਾ, "ਭਾਈ ਜੀ ! ਤੁਹਾਡੀ ਬੇਟੀ ਸਾਨੂੰ ਬੜੀ ਪਿਆਰੀ ਲੱਗਦੀ ਹੈ। ਅਸੀਂ ਇਸ ਨੂੰ ਆਪਣੀ ਨੂੰਹ ਰਾਣੀ ਹੀ ਬਣਾਉਣਾ ਹੈ, ਇਹ ਬੇਨਤੀ ਪ੍ਰਵਾਨ ਕਰੋ।"

ਕੋਰੜਾ ਛੰਦ

1. ਮਾਤਾ ਕਹਿੰਦੀ ਸੁਣੋ ਹਰਜਸ ਭਾਈ ਜੀ !
ਪੁੱਤਰੀ ਤੁਹਾਡੀ ਜਿਹੜੀ ਨਾਲ ਆਈ ਜੀ !
ਪਹੁੰਚੀ ਕਰੂ ਆ ਕੇ ਮੁਕਾ ਕੇ ਪੰਧ ਜੇ।
ਜੀਤਾ ਤੁਹਾਡੀ ਬੇਟੀ ਅਸਾਂ ਦੇ ਪਸੰਦ ਜੇ।

2. ਕੋਲ ਕੇ ਲਾਹੌਰ ਜਿਹੜੇ ਲੋਕ ਆਉਂਦੇ ਜੇ।
ਸਾਡੇ ਕੋਲ ਬੜਾ ਆਣ ਕੇ ਸਲੌਂਦੇ ਜੇ।
ਜੀਅ ਸਾਨੂੰ ਪਹਿਲਾਂ ਧਾਉਂਦੇ ਕਰੇ ਅਨੰਦ ਜੇ।
ਜੀਤਾ ਤੁਹਾਡੀ ਬੇਟੀ ਅਸਾਂ ਦੇ ਪਸੰਦ ਜੇ।

3. ਬੱਚੀ ਜਦੋਂ ਕੋਲ ਇਸ ਬੈਠ ਹੀ ਗਈ ਸੀ।
ਮਾਤਾ ਕਹਿ ਕੇ ਜਦੋਂ ਕੋਲੀ ਵਿਚ ਬਹਿ ਗਈ ਸੀ।
ਬਹੁਤ ਮਿੱਠੇ ਬੋਲ ਜੈਸੇ ਗੁਲਕੰਦ ਜੇ।
ਜੀਤਾ ਤੁਹਾਡੀ ਬੇਟੀ ਅਸਾਂ ਦੇ ਪਸੰਦ ਜੇ।

4. ਸੁੰਦਰ ਸਰੀਰ ਹੈਗਾ ਚਿੱਟਾ ਰੰਗ ਜੇ।
ਰੱਬ ਨੇ ਬਣਾਏ ਹੀਰਿਆਂ ਲਾ ਕੇ ਅੰਗ ਜੇ।
ਮੋਤੀਆਂ ਦੀ ਮਾਲਾ 'ਚ ਪਰੋਏ ਦੰਦ ਜੇ।
ਜੀਤਾ ਤੁਹਾਡੀ ਬੇਟੀ ਅਸਾਂ ਦੇ ਪਸੰਦ ਜੇ।

5. ਸਾਡਾ ਵੀ ਪਿਆਰਾ ਪੁੱਤ ਰੂਪ ਰੱਬ ਦਾ।
ਦਿਨੇ ਰਾਤ ਮੰਗਦਾ ਜੋ ਭਲਾ ਸਭ ਦਾ।
ਨੂਰਾਂ ਨਾਲ ਹੋਏ ਇਸ ਦੇ ਅਨੰਦ ਜੇ।
ਜੀਤਾ ਤੁਹਾਡੀ ਬੇਟੀ ਅਸਾਂ ਦੇ ਪਸੰਦ ਜੇ।

6. ਰੱਬ ਦੇ ਸਬੱਬ ਨਾ ਬਣਨ ਜੋੜੀਆਂ।
ਆਖਦੇ ਸਿਆਣੇ ਜੱਗ ਵਿਚ ਥੋੜ੍ਹੀਆਂ।
ਮਿੱਠੀ ਖੰਡ ਜੈਸੇ ਬੋਲਦੀ ਦਾ ਢੰਗ ਜੇ।
ਜੀਤਾ ਤੁਹਾਡੀ ਬੇਟੀ ਅਸਾਂ ਦੇ ਪਸੰਦ ਜੇ।

7. ਖੁਸ਼ ਹੋ ਕਹੇ ਸਿੱਖ ਪੁੱਛਿਆ ਜਾ ਮਾਤਾ ਨੇ।
ਚੰਗੇ ਲਿਖੇ ਲੇਖ ਜੀਤਾ ਦੇ ਵਿਧਾਤਾ ਨੇ।
ਕਵੀ ਜਰਨੈਲ ਦੇ ਅਨੋਖੇ ਛੰਦ ਜੇ।
ਜੀਤਾ ਤੁਹਾਡੀ ਬੇਟੀ ਅਸਾਂ ਦੇ ਪਸੰਦ ਜੇ।

ਜਦੋਂ ਮਾਤਾ ਗੁਜਰੀ ਜੀ ਨੇ ਜੀਤਾ ਦੇ ਮਾਤਾ ਪਿਤਾ ਨੂੰ ਨਾਲ ਆਈਆਂ ਲਾਹੌਰ ਸੰਗਤਾਂ ਨੂੰ, ਆਪਣੇ ਦਿਲ ਦੀ ਖਾਹਿਸ਼ ਦੱਸੀ ਤਾਂ ਸਾਰੀ ਸੰਗਤ ਬੜੀ ਖੁਸ਼ ਹੋਈ। ਲਾਹੌ ਸਿੰਘ ਐਥੇ ਹੀ ਪਹੁੰਚੇ ਸਨ। ਉਹਨਾਂ ਨੇ ਕਿਹਾ ਕਿ "ਮਾਤਾ ਜੀ ਦੀ ਖੁਸ਼ੀ ਵਿਚ ਹੀ ਸਾ ਦੀ ਖੁਸ਼ੀ ਹੈ। ਸਾਡੇ ਵਾਸਤੇ ਤਾਂ ਇਹ ਪਿਤਾ ਗੁਰਦੇਵ ਦੀ ਥਾਂ ਹਨ। ਅਸੀਂ ਮਾਤਾ ਜੀ ਸਲਾਹ 'ਤੇ ਪੂਰੇ ਹਾਂ।" ਭਾਈ ਹਰਜਸ ਦੀ ਵੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਹ ਵਿਚ ਪੱਲਾ ਪਾ ਕੇ ਕਹਿਣ ਲੱਗਾ, "ਜੇ ਸਾਡੀ ਪੁੱਤਰੀ ਦਾ ਵਿਆਹ ਗੁਰੂ ਗੋਬਿੰਦ ਰਾਏ ਨਾ ਹੋ ਜਾਵੇ ਤਾਂ ਸਾਡੇ ਵੱਡੇ ਭਾਗ ਹਨ। ਸਾਨੂੰ ਹੋਰ ਕੀ ਚਾਹੀਦਾ ਹੈ। ਸਾਡੀ ਗੁਰੂ ਘਰ ਨਾਲ ਬਣ ਜਾਵੇਗੀ। ਅਸੀਂ ਤਾਂ ਐਥੇ ਹੀ ਗੁਰੂ ਨਾਨਕ ਦੇ ਘਰ ਨਾਲ ਅਥਾਹ ਪਿਆਰ ਰੱਖਦੇ ਸਾਨੂੰ ਹੋਰ ਕੀ ਚਾਹੀਦਾ ਹੈ। ਸਾਡੇ ਵੱਲੋਂ ਪੱਕੀ ਹਾਂ ਹੈ। ਸਾਡੇ ਚੰਗੇ ਭਾਗ ਹਨ।"

ਜਿਵੇਂ ਭਾਈ ਹਰਜਸ ਨੇ ਉਸ ਵਕਤ ਖੁਸ਼ੀ ਜ਼ਾਹਿਰ ਕੀਤੀ ਉਸ ਨੂੰ ਕਵਿਤਾ ਦੇ ਵਿਚ ਇਉਂ ਪੇਸ਼ ਕੀਤਾ ਗਿਆ ਹੈ:

ਸਾਕਾ ਛੰਦ

1. ਆਖਿਆ ਇਉਂ ਹਰਜਸ ਨੇ, ਧੰਨ ਭਾਗ ਹਮਾਰੇ।
2. ਜੇ ਸਾਡੀ ਧੀ ਲਾਡਲੀ, ਪਸੰਦ ਤੁਮਾਰੇ।
3. ਜੀਤਾਂ ਸੇਵਾ ਕਰੇਗੀ, ਰਹਿ ਗੁਰਦੁਆਰੇ।
4. ਸਾਨੂੰ ਸਤਿਗੁਰ ਲੱਗਦੇ, ਹਨ ਬਹੁਤ ਪਿਆਰੇ।
5. ਜੇਕਰ ਸਾਡੀ ਧੀ ਗੁਰੂ ਘਰ ਸਤਿਕਾਰੇ।
6. ਲਿਖੇ ਧੁਰੋਂ ਸੰਜੋਗ ਨੇ, ਉਸ ਲਿਖਣਹਾਰੇ।
7. ਇਹ ਅਸੀਂ ਖਿਮ ਤੁਸਾਂ ਉਸ ਤੋਂ, ਕਰੀਏ ਇਕਰਾਰੇ।
8. ਜੀਤਾ ਵਿਆਹੁਣ ਵਾਸਤੇ ਕਰ ਲਓ ਤਿਆਰੇ।
9. ਖੁਸ਼ਖਬਰ ਇਹ ਸੰਦੇਸ਼ ਦੇ ਘਰ ਆਣ ਹਮਾਰੇ।
10. ਖੁਸ਼ੀਆਂ ਜਾਂਦੀ ਫੈਲ ਸੀ ਸੰਗ ਵਿਚ ਸਤਿਕਾਰੇ।
11. ਚੰਦ ਦੁਆਲੇ ਜਿਸ ਤਰ੍ਹਾਂ ਘੇਰੇ ਨੇ ਤਾਰੇ।
12. ਸਤਨਾਮ ਸਿੰਘ ਸੰਗ ਦੇਖ ਕਿ ਜਾਵੇ ਬਲਿਹਾਰੇ।

ਇਹ ਸਮਾਚਾਰ ਪਾ ਕੇ ਭਾਈ ਹਰਜਸ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਸ ਨੇ ਅਗਲੇ ਦਿਨ ਹੀ ਭਰੇ ਦੀਵਾਨ ਵਿਚ ਗੁਰੂ ਗੋਬਿੰਦ ਰਾਏ ਦੀ ਝੋਲੀ ਵਿਚ ਸ਼ਗਨ ਪਾ ਦਿੱਤਾ। ਵਧਾਈਆਂ ਦੇ ਨਾਲ ਅਕਾਸ਼ ਗੂੰਜ ਉਠਿਆ। ਸਾਰੀਆਂ ਹੀ ਸਿੱਖ ਸੰਗਤਾਂ ਨੇ ਬਹੁਤ ਖੁਸ਼ੀਆਂ ਮਨਾਈਆਂ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਇਹ ਪਹਿਲਾ ਖੁਸ਼ੀ ਦਾ ਮੌਕਾ ਸ੍ਰੀ ਅਨੰਦਪੁਰ ਸਾਹਿਬ ਵਿਚ ਵੇਖਣ ਵਾਸਤੇ ਮਿਲਿਆ। ਮਾਤਾ ਗੁਜਰੀ ਤੇ ਗੁਰੂ ਗੋਬਿੰਦ ਰਾਏ ਜੀ ਨੇ ਆਈ ਹੋਈ ਵਿਸਾਖੀ 'ਤੇ ਸਿੱਖ ਸੰਗਤਾਂ ਨੂੰ 23 ਹਾੜ ਦਾ ਵਿਆਹ ਦਾ ਦਿਨ ਦੱਸਿਆ। ਗੁਰੂ ਜੀ ਨੇ ਸੰਗਤਾਂ ਨੂੰ ਚਿੱਠੀਆਂ ਵੀ ਭੇਜੀਆਂ। ਮਸੰਦਾਂ ਦੇ ਰਾਹੀਂ ਹੁਕਮਨਾਮੇ ਵੀ ਲਿਖ-ਲਿਖ ਸੰਗਤਾਂ ਚਿੱਠੀਆਂ ਵੀ ਭੇਜ ਦਿੱਤੇ।

ਗੁਰੂ ਗੋਬਿੰਦ ਰਾਏ ਦੇ ਵਿਆਹ ਦੀ ਖੁਸ਼ੀ ਵਿਚ ਬਾਬਾ ਬੁੱਢਾ ਸਾਹਿਬ ਜੀ ਦੀ ਵੰਸ਼ ਦੇ ਵਾਰਸ ਬਾਬਾ ਗੁਰਬਖਸ਼ ਸਿੰਘ ਜੀ ਨੇ ਇਕ ਚਿੱਟੇ ਰੰਗ ਦਾ ਬਾਜ਼ ਤੇ ਇਕ ਸੌ ਸੋਨੇ ਦੀ ਮੋਹਰ ਭੇਟਾ ਕੀਤੀ। ਗੁਰੂ ਮਹਾਰਾਜ ਜੀ ਦਾ ਖਾਸ ਸ਼ਿਕਾਰ ਘੋੜਾ ਜਿਸ ਨੂੰ ਨੀਲਾ ਕਿਹਾ ਜਾਂਦਾ ਸੀ ਕੋਟਕਪੂਰੇ ਦੇ ਰਹਿਣ ਵਾਲੇ ਕਪੂਰੇ ਚੌਧਰ ਨੇ ਇਹ ਨੀਲਾ ਘੋੜਾ ਤੇ ਪੰਜ ਸੋਨੇ ਦੀ ਮੋਹਰ, ਗੁਰੂ ਜੀ ਨੂੰ ਭੇਟਾ ਕੀਤੀ। ਖੁਸ਼ਾਮਦੀ ਹਾਥੀ, ਪੰਜ ਕਲਾ ਸ਼ਸਤਰ, ਪੰਜ ਕਸ਼ਮੀਰੀ ਸ਼ਾਲ ਦੇ ਥੈਲੇ, ਚੰਦਨ ਦੀ ਚੌਕੀ ਅਤੇ ਬਹੁਤ ਕੀਮਤੀ ਤੋਹਫੇ ਲੈ ਕੇ ਆਸਾਮ ਦਾ ਰਾਜਾ ਰਤਨ ਰਾਏ ਵੀ ਗੁਰੂ ਗੋਬਿੰਦ ਰਾਏ ਦੇ ਵਿਆਹ 'ਤੇ ਪਹੁੰਚਣ ਦੀਆਂ ਤਿਆਰੀਆਂ ਕਰ ਰਿਹਾ ਹੈ।

ਹੋਰ ਵੀ ਦੂਰੋਂ ਦੂਰੋਂ ਸਿੱਖ ਸੰਗਤਾਂ ਬਹੁਤ ਹੀ ਕੀਮਤੀ ਸੌਗਾਤਾਂ ਤੇ ਤੋਹਫੇ ਲੈ ਕੇ ਸਤਿਗੁਰੂ ਪਾਤਸ਼ਾਹ ਦੀ ਖੁਸ਼ੀਆਂ ਹਾਸਲ ਕਰ ਰਹੀਆਂ ਸਨ। ਗੁਰਦੇਵ ਪਾਤਸ਼ਾਹ ਦੇ ਭੂਆ ਦੇ ਪੁੱਤਰ ਵੀ ਗੁਰੂ ਜੀ ਦਾ ਵਿਆਹ ਵੇਖਣ ਵਾਸਤੇ ਆ ਗਏ। ਕਿਵੇਂ ਸਿੱਖ ਸੰਗਤਾਂ ਨੂੰ ਖੁਸ਼ੀ ਹੋਈ, ਹਜ਼ਾਰਾਂ ਨਹੀਂ ਲੱਖਾਂ ਸੰਗਤਾਂ ਗੁਰੂ ਜੀ ਦਾ ਵਿਆਹ ਵੇਖਣ ਵਾਸਤੇ, ਜਿਵੇਂ ਅਨੰਦਪੁਰ ਸਾਹਿਬ ਵਿਖੇ ਪਹੁੰਚੀਆਂ, ਉਸ ਵਕਤ ਦੀ ਸਾਰੀ ਤਸਵੀਰ ਨੂੰ ਇਉਂ ਬਿਆਨ ਕੀਤਾ ਗਿਆ ਹੈ :

ਦੋਤਾਰਾ ਛੰਦ

1.

ਜਦ ਸੁਣਿਆ ਸੰਗਤਾਂ ਨੇ, ਦਸਵੇਂ ਗੁਰ ਨੇ ਵਿਆਹ ਰਚਾਇਆ।
ਇਕ ਨਵਾਂ ਲਾਹੌਰ ਵਸਾ ਕੇ, ਕਾਰਜ ਜੀਤਾਂ ਨਾਲ ਰਚਾਇਆ।
ਪੜ੍ਹ ਚਿੱਠਿਆਂ ਸੰਗਤਾਂ ਨੇ ਚਿੱਠੀਆਂ ਸਤਿਗੁਰ ਜੋ ਲਿਖਵਾਈਆਂ।
ਵਿਆਹ ਵੇਖਣ ਸਤਿਗੁਰ ਸੰਗਤਾਂ ਚੱਲ ਹਜ਼ਾਰਾਂ ਆਈਆਂ।

2.

ਕਾਬਲ, ਕਸ਼ਮੀਰ ਤੇ ਦੂਰ ਪਹਾੜੀ ਚਲ ਕੇ ਸੰਗਤ ਪਿਸ਼ੌਰੋਂ।
ਕੁਝ ਨਾਲ ਲਾਹੌਰੀਆਂ ਦੇ ਚੱਲ ਕੇ ਆ ਗਈ ਸੰਗਤ ਲਾਹੌਰੋਂ।
ਜੀਤਾਂ ਦੇ ਵਿਆਹਵਣ ਨੂੰ ਚਲ ਕੇ ਤੁਰਨ ਚਾਚੀਆਂ ਤਾਈਆਂ।
ਵਿਆਹ ਵੇਖਣ ਸਤਿਗੁਰ ਸੰਗਤਾਂ ਚੱਲ ਹਜ਼ਾਰਾਂ ਆਈਆਂ।

3.

ਚਲ ਸੰਗਤ ਮਾਲਵੇ ਦੀ ਵੇਖਣ ਗੁਰ ਪਈ ਪਿਆਰੀ ਜੀਤਾ।
ਆ ਮਰਦ ਕਪੂਰੇ ਨੇ ਕੀਤਾ ਭੇਟ ਗੁਰਾਂ ਨੂੰ ਨੀਲਾ।
ਲਾ ਆਪਣੇ ਚਰਨਾਂ ਨਾਲ, ਸਾਨੂੰ ਤਾਰ ਮਿਹਰ ਦਿਆ ਸਾਈਆਂ।
ਵਿਆਹ ਵੇਖਣ ਸਤਿਗੁਰ ਸੰਗਤਾਂ ਚੱਲ ਹਜ਼ਾਰਾਂ ਆਈਆਂ।

4.

ਗੁਰ ਪਏ ਪਿਤਾ ਮੋਏ ਤੇ ਗੁਰ ਦੀ ਭੂਆ ਦੇ ਪੁੱਤ ਪਿਆਰੇ।
ਜਿਉਂ ਚਲ ਕੇ ਪੰਜ ਪਾਂਡੋ ਚੱਲ ਆ ਗਏ ਕ੍ਰਿਸ਼ਨ ਦੁਆਰੇ।
ਮਿਲ ਮਾਤਾ ਗੁਜਰੀ ਨੂੰ ਦੇਂਦਾ ਰਲ ਸਭ ਵਧਾਈਆਂ।
ਵਿਆਹ ਵੇਖਣ ਸਤਿਗੁਰ ਸੰਗਤਾਂ ਚੱਲ ਹਜ਼ਾਰਾਂ ਆਈਆਂ।

5.

ਤੁਰ ਪਿਆ ਅਸਾਮ ਵਿਚੋਂ, ਰਾਜਾ ਲੈ ਹਾਥੀ ਪ੍ਰਸਾਦੀ।
ਵੇਖਣ ਲਈ ਅੱਖੀਆਂ ਨਾਂ ਸ੍ਰੀ ਗੁਰੂ ਗੋਬਿੰਦ ਰਾਏ ਦੀ ਸ਼ਾਦੀ।
ਕੁੱਲ ਜੱਗ ਤੋਂ ਵੱਖਰੀਆਂ ਚੀਜ਼ਾਂ ਉਸ ਨੇ ਭੇਟ ਚੜ੍ਹਾਈਆਂ।
ਵਿਆਹ ਵੇਖਣ ਸਤਿਗੁਰ ਸੰਗਤਾਂ ਚੱਲ ਹਜ਼ਾਰਾਂ ਆਈਆਂ।

6.

ਨਹੀਂ ਗੱਲ ਹਜ਼ਾਰਾਂ ਦੀ ਸੰਗਤਾਂ ਚੱਲ ਕੇ ਆਈਆਂ ਲੱਖਾਂ।
ਸੱਜ ਰਿਹਾ ਅਨੰਦਪੁਰ ਸੀ ਕੈਸਾ ਅਜਬ ਨਮੂਨਾ ਦੱਸਾਂ।
ਚੱਲ ਰਹੇ ਭੰਡਾਰੇ ਵੀ ਵਰਤਣ ਲੱਡੂ ਤੇ ਮਠਿਆਈਆਂ।
ਵਿਆਹ ਵੇਖਣ ਸਤਿਗੁਰ ਸੰਗਤਾਂ ਚੱਲ ਹਜ਼ਾਰਾਂ ਆਈਆਂ।

ਜਦੋਂ ਲਾਹੌਰੀਆਂ ਨੇ ਜ਼ਿੱਦ ਕੀਤੀ ਕਿ ਬਰਾਤ ਲਾਹੌਰ ਵਿਚ ਆਉਣੀ ਚਾਹੀਦੀ ਹੈ। ਗੁਰੂ ਜੀ ਨੇ ਕਿਹਾ ਕਿ ਸਾਡਾ ਲਾਹੌਰ ਜਾਣਾ ਠੀਕ ਨਹੀਂ, ਕਿਉਂਕਿ ਗੁਰੂ ਜੀ ਜਾਣਦੇ ਸਨ ਸਮੇਂ ਦੇ ਹਾਲਤ ਠੀਕ ਨਹੀਂ। ਦੁਆਬੇ ਵਿਚ ਗੁਰੂ ਘਰ ਦਾ ਵਿਰੋਧੀ ਧੀਰਮੱਲ ਗੱਦੀ ਲਾ ਕੇ ਬੈਠਾ ਹੈ ਅਤੇ ਸ੍ਰੀ ਅੰਮ੍ਰਿਤਸਰ ਵਿਚ ਵੀ ਕੁਝ ਪੁਜਾਰੀ ਬੈਠੇ ਹਨ। ਜਦੋਂ ਨੌਵੇਂ ਪਾਤਸ਼ਾਹ ਅੰਮ੍ਰਿਤਸਰ ਦਰਸ਼ਨਾਂ ਨੂੰ ਆਏ ਸਨ ਤਾਂ ਇਹਨਾਂ ਪੁਜਾਰੀਆਂ ਨੇ ਦਰਵਾਜ਼ੇ ਬੰਦ ਕਰ ਲਏ ਸਨ। ਇਸ ਕਰਕੇ ਗੁਰੂ ਪਾਤਸ਼ਾਹ ਜੀ ਦੁਬਾਰਾ ਇਸ ਈਰਖਾ ਦੀ ਅੱਗ ਨੂੰ ਨਹੀਂ ਸਨ ਵੇਖਣਾ ਚਾਹੁੰਦੇ। ਉਹਨਾਂ ਨੇ ਲਾਹੌਰੀਆਂ ਨੂੰ ਕਹਿ ਦਿੱਤਾ, ਅਸੀਂ ਉਸ ਲਾਹੌਰ ਤਾਂ ਨਹੀਂ ਜਾਣਾ, ਪਰ ਤੁਹਾਡੀ ਮੰਗ ਉੱਤੇ ਅਸੀਂ ਇਥੇ ਇਕ ਨਵਾਂ ਲਾਹੌਰ ਵਸਾ ਦਿੱਤਾ ਜਾਵੇਗਾ। ਇਹ ਗੱਲ ਲਾਹੌਰੀਆਂ ਨੇ ਪ੍ਰਵਾਨ ਕਰ ਲਈ।

ਏਧਰ ਗੁਰੂ ਕਾ ਲਾਹੌਰ ਵਸਾਉਣ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਲੱਖਾਂ ਰੁਪਈਆ ਗੁਰੂ ਕੇ ਖ਼ਜ਼ਾਨੇ ਵਿਚੋਂ ਲਾ ਦਿੱਤਾ। ਇਸ ਲਾਹੌਰ ਦੀ ਉਸਾਰੀ ਗੁਰੂ ਜੀ ਦੇ ਸਕੇ ਮਾਮੇ ਕ੍ਰਿਪਾਲ ਚੰਦ ਤੇ ਗੁਰੂ ਜੀ ਦੇ ਭੂਆ ਦੇ ਪੋਤਰ ਸੰਗੋ ਸ਼ਾਹ ਦੀ ਦੇਖ ਰੇਖ ਥੱਲੇ ਹੋਈ। ਲਾਹੌਰ ਦੇ ਵਿਚ ਗੁਰੂ ਸਾਹਿਬ ਤੇ ਜੀਤਾ ਜੀ ਦੇ ਅਨੰਦ ਕਾਰਜ ਵਾਸਤੇ ਗੁਰੂ ਕਾ ਮਹਿਲ ਉਸਾਰਿਆ ਗਿਆ। ਚਾਰ ਮੁੱਖ ਦਰਵਾਜ਼ੇ ਬਣਾਏ ਗਏ। ਮੁੱਖ ਦਰਵਾਜ਼ੇ ਦਾ ਨਾਂ ਪਾਸੇ ਆਉਂਦੇ ਸ਼ਹਿਰ ਦੇ ਨਾਂ 'ਤੇ ਰੱਖਿਆ ਗਿਆ, ਜਿਵੇਂ ਹੁਸ਼ਿਆਰਪੁਰ ਵਾਲੇ ਪਾਸੇ ਦਾ ਨਾਂ ਹੁਸ਼ਿਆਰਪੁਰੀ ਦਰਵਾਜ਼ਾ, ਲਾਹੌਰ ਵਾਲੇ ਪਾਸੇ ਲਾਹੌਰੀ ਦਰਵਾਜ਼ਾ, ਰੋਪੜ ਵਾਲੇ ਪਾਸੇ ਰੋਪੜੀ ਦਰਵਾਜ਼ਾ, ਸਰਹੰਦ ਵੱਲ ਸਰਹੰਦੀ ਦਰਵਾਜ਼ਾ ਬਣਾ ਦਿੱਤਾ ਗਿਆ। ਸੇਵਾਦਾਰਾਂ ਨੇ ਪੁੱਛਿਆ, ਮਹਾਰਾਜ, ਏਨੀ ਛੇਤੀ ਮਕਾਨਾਂ ਦੀ ਉਸਾਰੀ ਨਹੀਂ ਹੋ ਸਕਦੀ। ਗੁਰੂ ਜੀ ਨੇ ਕਿਹਾ, ਕੋਈ ਗੱਲ ਨਹੀਂ, ਤੰਬੂ ਕਨਾਤਾਂ ਲਗਾ ਕੇ ਹੀ ਸ਼ਿੰਗਾਰ ਕਰ ਦਿੱਤਾ ਜਾਵੇ। ਇਹ ਲਾਹੌਰ ਵੱਖਰੀ ਕਿਸਮ ਦਾ ਹੋਵੇਗਾ। ਗੁਰੂ ਜੀ

ਨੇ ਚੁਣੀਆਂ ਕਰ ਦੇ ਵਪਾਰੀਆਂ ਨੂੰ ਚਿੱਠੀਆਂ ਲਿਖ ਕੇ ਉਥੇ ਸੱਦਿਆ। ਵੱਡੇ-ਵੱਡੇ ਬਜ਼ਾਰ ਬ... ਵਿੱਚ ਲਗਏ। ਕਿਤੇ ਸੋਨੇ ਦਾ ਵਪਾਰ, ਕਿਤੇ ਚਾਂਦੀ, ਕਿਤੇ ਹੀਰੇ, ਕਿਤੇ ਲਾਲਾਂ ਦਾ ਵਪਾ... ਕਰਨ ਵਾਸਤੇ ਵੱਡੇ-ਵੱਡੇ ਵਪਾਰੀ ਆਏ। ਉਸ ਨਵੇਂ ਬਣੇ ਸ਼ਹਿਰ ਲਾਹੌਰ ਦੀ ਸਿਫ਼ਤ ਬਣੀ... ਜਿਵੇਂ ਕੀਤੀ ਇਉਂ ਪੇਸ਼ ਹੈ :

ਕੋਰੜਾ ਛੰਦ

1. ਜਿਥੇ ਲਹੂ ਸਾਹਿਬਾਂ ਸ਼ਾਦੀ ਨੂੰ ਰਚਾਇਆ ਹੈ।
ਲਹੂ ਦਾ ਲਾਹੌਰ ਉਸ ਥਾਂ ਵਸਾਇਆ ਹੈ।
ਵੱਖਰੀ ਝਲਕ ਉਸ ਦੇ ਸੀ ਟੌਹਰ ਦੀ।
ਕਰਾਂ ਕੀ ਸਿਫ਼ਤ ਲਹੂ ਦੇ ਲਾਹੌਰ ਦੀ।

2. ਸੱਥਾਂ ਹੈ ਬੁਣਿਆ ਦੇਸ ਉਤੇ ਸੋਹਣਿਆ।
ਤਪੋਧਿ ਜਾ ਲਹੂ ਦਾ ਲਾਹੌਰ ਕੀਤਿਆ।
ਪੈਂਦੀ ਹੈ ਚਮਕ ਜਿਸ ਤਰ੍ਹਾਂ ਚਕੋਰ ਦੀ।
ਕਰਾਂ ਕੀ ਸਿਫ਼ਤ ਲਹੂ ਦੇ ਲਾਹੌਰ ਦੀ।

3. ਮਾਮੇ ਕ੍ਰਿਪਾਲ ਇਸ ਨੂੰ ਸ਼ਿੰਗਾਰਿਆ।
ਵੱਡੇ ਨਵੇਂ ਦੇਸ ਦੇ ਬਜ਼ਾਰ ਚਾਰ ਆ।
ਆ ਗਈ ਹੈ ਸਿਫ਼ਤ ਲਾਹੌਰ ਤੇ ਪਿਸ਼ੌਰ ਦੀ।
ਕਰਾਂ ਕੀ ਸਿਫ਼ਤ ਲਹੂ ਦੇ ਲਾਹੌਰ ਦੀ।

4. ਦੇਖਣੀ ਬਜ਼ਾਰ ਹੁਸ਼ਿਆਰਪੁਰ ਦੀ।
ਖੰਡ ਸਹਾਰਨੀ ਔਖੀ ਪੈਂਦਾ ਦੂਰ ਸੀ।
ਰਹਿਆ ਲਾਹੌਰੀ ਦੇਖਾ ਕੌਲ ਕੋਰ ਦੀ।
ਕਰਾਂ ਕੀ ਸਿਫ਼ਤ ਲਹੂ ਦੇ ਲਾਹੌਰ ਦੀ।

5. ਆ ਗਏ ਹੈ ਵਪਾਰੀ ਦੂਰੋਂ ਦੂਰੋਂ ਦੇਸ ਦੇ।
ਵੱਖ ਵੱਖ ਵੇਚ ਗਏ ਬਜ਼ਾਰ ਮੇਲ ਦੇ।
ਦੇਖ ਦੇਸ ਦੇਸ ਪਈ ਵਪਾਰ ਦੌਰ ਦੀ।
ਕਰਾਂ ਕੀ ਸਿਫ਼ਤ ਲਹੂ ਦੇ ਲਾਹੌਰ ਦੀ।

6. ਰਚਤੇ ਵਿਚਾਲੇ ਹੈ ਗੁਰੂ ਕੇ ਮਹਿਲ ਜੀ।
ਅਜਬ ਨਮੂਨਾ ਕਹਿੰਦਾ ਜਰਨੈਲ ਜੀ।
ਕੀਤੀ ਇਥੇ ਦੀਦ ਨਾ ਫੁੱਲਾਂ ਨੇ ਭੌਰ ਦੀ।
ਕਰਾਂ ਕੀ ਸਿਫਤ ਗੁਰੂ ਕੇ ਲਾਹੌਰ ਦੀ।

7. ਏਥੇ ਜੀਤਾ ਆ ਕੇ ਸਹੇਲੀਆਂ ਵਿਆਹੀ ਸੀ।
ਗੁਰੂ ਦਸਮੇਸ਼ ਜੀ ਦੇ ਲੜ ਲਾਈ ਸੀ।
ਬਣ ਗਈ ਕਹਾਣੀ ਚੰਦ ਤੇ ਚਕੋਰ ਦੀ
ਕਰਾਂ ਕੀ ਸਿਫਤ ਗੁਰੂ ਕੇ ਲਾਹੌਰ ਦੀ।

ਬੀਬੀ ਜੀਤਾ ਦੇ ਮਾਪੇ ਤੇ ਰਿਸ਼ਤੇਦਾਰ ਸਾਕ ਸਬੰਧੀ ਜਦੋਂ ਗੁਰੂ ਕੇ ਲਾਹੌਰ ਪਹੁੰਚੇ ਤਾਂ ਸਜਿਆ ਵੇਖ ਕੇ ਲਾਹੌਰੀਏ ਪਰਿਵਾਰਾਂ ਦਾ ਮਨ ਬੜਾ ਖੁਸ਼ ਹੋਇਆ। ਮਿਥ੍ਹੇ-ਮਿਥ੍ਹੇ ਵਿਆਹ ਦੇ ਦਿਨ ਨੇੜੇ ਆਉਂਦੇ ਜਾਂਦੇ ਸਨ. ਜਿਹੜਾ ਵੀ ਸਿੱਖ ਸੁਣਦਾ ਆਪਣੇ ਪਰਿਵਾਰ ਨੂੰ ਲੈ ਕੇ ਗੁਰੂ ਜੀ ਦਾ ਪਹਿਲਾ ਵਿਆਹ ਵੇਖਣ ਵਾਸਤੇ ਆਉਂਦਾ। ਜਿਥੇ ਗੁਰੂ ਕਾ ਲਾਹੌਰ ਸਜਿਆ ਹੋਇਆ ਸੀ ਉਥੇ ਅਨੰਦਪੁਰ ਸਾਹਿਬ ਵੀ ਰੌਣਕ ਭਰੇ ਤੰਬੂਆਂ ਨਾਲ ਸਜਿਆ ਹੋਇਆ ਸੀ। ਜਿਥੇ ਅਮੀਰ ਲੋਕ ਆਏ ਸੀ ਉਥੇ ਗਰੀਬ ਲੋਕ ਵੀ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ ਵੇਖਣ ਵਾਸਤੇ ਆਏ। ਮਾਮਾ ਕ੍ਰਿਪਾਲ ਚੰਦ ਜੀ ਆਈਆਂ ਹੋਈਆਂ ਸਿੱਖ ਸੰਗਤਾਂ ਨੂੰ ਤੰਬੂ ਲਾ ਕੇ ਦੇ ਰਹੇ ਹਨ। ਬਰਾਤ ਤੋਂ ਇਕ ਦਿਨ ਪਹਿਲਾਂ ਗੁਰੂ ਜੀ ਨੇ ਸਿੱਖ ਸੰਗਤਾਂ ਦਾ ਦਰਬਾਰ ਲਗਵਾਇਆ, ਹੁਕਮ ਕੀਤਾ, "ਜਿਸ ਦਾ ਵੀ ਬਰਾਤ ਦੇ ਨਾਲ ਜਾਣ ਨੂੰ ਜੀਅ ਕਰਦਾ ਹੈ ਉਹ ਤਿਆਰ ਹੋ ਜਾਵੇ।" ਗੁਰੂ ਜੀ ਦੇ ਪੰਜ ਭੂਆ ਦੇ ਪੁੱਤਰ, ਉਮਰ ਵਿਚ ਸਭ ਤੋਂ ਵੱਡੇ ਸਨ। ਗੁਰੂ ਜੀ ਨੇ ਆਖਿਆ ਕਿ ਤਿਆਰੀ ਕਰੋ। ਇਨ੍ਹਾਂ ਪੰਜਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸਤਿਗੁਰੂ ਜੀ ! ਆਪ ਜੀ ਦਾ ਹੁਕਮ ਹੋਵੇ ਤਾਂ ਅਸੀਂ ਪੰਜੇ ਤਿਆਰ ਹੋ ਜਾਈਏ।" ਗੁਰੂ ਜੀ ਨੇ ਆਖਿਆ ਕਿ ਦੋਵਾਂ ਬਰਾਤਾਂ ਨਾਲ ਸਿੱਖਣੀਆਂ ਹਨ। ਪੰਜੇ ਹੀ ਤਿਆਰ ਹੋ ਜਾਵੋ। ਗੁਰੂ ਜੀ ਦੀਆਂ ਸਾਕਣੀਆਂ ਵੀ ਤਿਆਰ ਹੋਈਆਂ। ਗੁਰੂ ਮਹਾਰਾਜ ਜੀ ਦੇ ਘਰੀ ਕਵੀਸ਼ਰ ਤਿਆਰ ਹੋਏ। ਗੁਰੂ ਜੀ ਦੀ ਬਰਾਤ ਦਾ ਦਿਨ ਚੜ੍ਹਿਆ। ਕਲਗੀਧਰ ਪਿਤਾ ਜੀ ਨੂੰ ਸਗਨਾਂ ਦੇ ਕੱਪੜੇ ਪਵਾਏ ਗਏ। ਅਨੰਦਪੁਰ ਸਾਹਿਬ ਵਿਚ ਉਸ ਦਿਨ ਬਹੁਤ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਸੀ। ਇਕ ਪਾਸੇ ਅਤਾਰਸੀ ਲੈਣ, ਦੂਜੇ ਪਾਸੇ ਸਿੱਖਾਂ ਤੇ ਆਈਆਂ ਸੰਗਤਾਂ ਤਿਆਰ ਹੋਈਆਂ। ਗੁਰੂ ਮਹਾਰਾਜ ਜੀ ਦੀ ਬਰਾਤ ਦੇਖ ਕੇ ਅੰਤ ਲੋਕੀ ਸਿਖਰੇ ਦੀ [illegible] ਖੁਸ਼ ਕੇ ਸੀਸ ਨਿਵਾ ਰਹੇ ਸਨ। ਔਰਤਾਂ ਵਿਚੋਂ ਘੋੜੀਆਂ ਗੀਤ ਗਾਉਣਾ ਚਲਿਆ ਸਨ। ਇਸ ਖੁਸ਼ੀ ਵਿਚ ਦਸਮੇਸ਼ ਪਿਤਾ ਦੀ ਬਰਾਤ ਸ੍ਰੀ ਅਨੰਦਪੁਰ ਸਾਹਿਬ ਤੋਂ ਚੜ੍ਹੀ. ਉਸ ਵੇਲੇ ਦਾ ਗੀਤ ਇਉਂ ਪੇਸ਼ ਹੈ :

ਕਾਫ਼ੀ ਛੰਦ

1.

ਦਿਨ ਚੜ੍ਹਿਆ ਹੈ ਭਾਗਾਂ ਭਰਿਆ ਮਾਤਾ ਸ਼ਗਨ ਮਨਾਵੇ ਜੀ।
ਕਲਗੀਧਰ ਨੂੰ ਸੁੰਦਰ ਸਿਹਰੇ, ਜਿਸ ਦਮ ਗਏ ਸਜਾਏ ਜੀ।
ਦਿਊਤੇ ਪਰੀਆਂ ਫੁੱਲ ਬਰਸੌਂਦੇ, ਖੁਸ਼ੀ 'ਚੋਂ ਮੰਗਲ ਗਾਉਣ ਚੱਲੇ।
ਜੰਞ ਚੜ੍ਹੀ ਗੁਰੂ ਕਲਗੀਧਰ ਦੀ, ਜੀਤਾਂ ਰਾਣੀ ਵਿਆਉਣ ਚੱਲੇ।

2.

ਨੀਲੇ ਘੋੜੇ ਉਪਰ ਚੜ੍ਹਿਆ, ਸੱਜਦਾ ਸ਼ਾਹ ਅਸਵਾਰਾਂ ਦਾ।
ਸੰਗ ਚੱਲੀ ਫੌਜ ਅਕਾਲੀ, ਦਲ ਅਣਖੀ ਸਰਦਾਰਾਂ ਦਾ।
ਰਚਿਆ ਨਵਾਂ ਲਾਹੌਰ ਗੁਰੂ ਕਾ, ਚਰਨ ਮੁਬਾਰਕ ਪਾਉਣ ਚੱਲੇ।
ਜੰਞ ਚੜ੍ਹੀ ਗੁਰੂ ਕਲਗੀਧਰ ਦੀ, ਜੀਤਾਂ ਰਾਣੀ ਵਿਆਉਣ ਚੱਲੇ।

3.

ਕਰ ਅਰਦਾਸ ਖੁਸ਼ੀ ਵਿਚ, ਪਿੱਛੋਂ ਚੱਲੇ ਗਏ ਪਿਆਰੇ ਸਨ।
ਮਹਾਂਬਲੀ ਗੁਰੂ ਗੋਬਿੰਦ ਸਿੰਘ ਦੇ ਵੇਖਣ ਜੋਗ ਦੀਦਾਰੇ ਸਨ।
ਚੱਕੀ ਵੀਹੇ ਦੇ ਪੰਜ ਪੁੱਤਰ ਜੰਞ ਦੀ ਸ਼ਾਨ ਵਧਾਉਣ ਚੱਲੇ।
ਜੰਞ ਚੜ੍ਹੀ ਗੁਰੂ ਕਲਗੀਧਰ ਦੀ, ਜੀਤਾਂ ਰਾਣੀ ਵਿਆਉਣ ਚੱਲੇ।

4.

ਹੋਈ ਅਨੰਦ ਅਨੰਦਪੁਰੀ ਅੰਦਰ, ਖੁਸ਼ੀਆਂ ਦੇ ਵਿਚ ਹੱਸ ਰਹੀ।
ਹਰ ਪਾਸੇ ਅੰਦਰ ਕੁਦਰਤ ਰਾਣੀ, ਖੁਸ਼ੀਆਂ ਦੇ ਵਿਚ ਵੱਸ ਰਹੀ।
ਮਾਂ ਗੁਜਰੀ ਦੇ ਦਿਲ ਰੀਝਾਂ, ਲਾੜੇ ਅੱਜ ਪੁਗਾਉਣ ਚੱਲੇ।
ਜੰਞ ਚੜ੍ਹੀ ਗੁਰੂ ਕਲਗੀਧਰ ਦੀ, ਜੀਤਾਂ ਰਾਣੀ ਵਿਆਉਣ ਚੱਲੇ।

5.

ਗੀਤ, ਸੁਹਾਗ, ਸਭੀ ਤੇ ਘੋੜੀ, ਕਹਿ ਦੋਹੜੇ ਗੌਣ ਰਹੇ।
ਕਿਧਰੇ ਬਾਗਾਂ ਵਿਚ ਭੌਰ ਪਿਆਰੇ ਫੁੱਲ ਅਨੋਖੇ ਖਿੜ ਰਹੇ।
ਕਿਧਰੇ ਪੁੰਨਿਆਂ ਦੇ ਚੰਨ ਦੁਆਲੇ ਤਾਰੇ ਟਿਮ ਟਿਮਾਉਣ ਚੱਲੇ।
ਜੰਞ ਚੜ੍ਹੀ ਗੁਰੂ ਕਲਗੀਧਰ ਦੀ, ਜੀਤਾਂ ਰਾਣੀ ਵਿਆਉਣ ਚੱਲੇ।

6.

ਜਿਵੇਂ ਜੀਤਾਂ ਕਰੇ ਉਡੀਕਾਂ ਕਲਗੀਧਰ ਦੇ ਦਰਸ ਦੀਆਂ।
ਮੌਸਿਆ ਰਾਤ ਚਕੋਰੀ ਅੱਖਾਂ, ਜੈਸੇ ਚੰਦ ਨੂੰ ਤਰਸਦੀਆਂ।
ਜਿਉਂ ਰਾਧਾ ਦੀ ਨਗਰੀ ਅੰਦਰ, ਕਾਹਨ ਜੀ ਕਦਮ ਟਕੋਣ ਚੱਲੇ।
ਜੰਞ ਚੜ੍ਹੀ ਗੁਰੂ ਕਲਗੀਧਰ ਦੀ, ਜੀਤਾਂ ਰਾਣੀ ਵਿਆਹੁਣ ਚੱਲੇ।

7.

ਨਾਲ ਚੱਲੇ ਕਈ ਕਵੀ ਕਵੀਸ਼ਰ, ਕਾਵਿ ਸਮੇਂ ਦਾ ਗਾਵਣਗੇ।
ਦਾਸਮੇਸ਼ ਗੁਰੂ ਦੀ ਕਰਕੇ ਉਸਤਤ, ਜੀਵਨ ਸਫਲ ਬਣਾਵਣਗੇ।
ਜਰਨੈਲ ਕਵੀ ਤੇ ਮੇਜਰ ਭਰਥਨ, ਕਰਨੀ ਜੰਞ ਸੁਹਾਉਣ ਚੱਲੇ।
ਜੰਞ ਚੜ੍ਹੀ ਗੁਰੂ ਕਲਗੀਧਰ ਦੀ, ਜੀਤਾਂ ਰਾਣੀ ਵਿਆਹੁਣ ਚੱਲੇ।

ਗੁਰੂ ਗੋਬਿੰਦ ਸਿੰਘ ਜੀ ਇਕ ਅਨੋਖੀ ਬਰਾਤ ਲੈ ਕੇ ਚੱਲੇ ਹਨ। ਅੱਜ ਮਾਂ ਗੁਜਰੀ ਦੇ ਹਿਰਦੇ ਦੀ ਖੁਸ਼ੀ ਡੱਲੀ ਨਹੀਂ ਸੀ ਜਾ ਰਹੀ। ਕਿਸੇ ਇਕਾਂਤੀ ਕੋਨੇ ਵਿਚ ਬੈਠੀ ਮਾਤਾ ਗੁਜਰੀ ਅਕਾਲ ਪੁਰਖ ਅੱਗੇ ਅਰਦਾਸ ਕਰ ਰਹੀ ਸੀ ਕਿ ਇਹ ਖੁਸ਼ੀਆਂ ਦੇ ਦਿਨ ਹਰ ਮਾਂ ਨੂੰ ਵੇਖਣ ਨੂੰ ਮਿਲਣ, ਕਿਉਂਕਿ ਜਦੋਂ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋ ਗਏ ਸਨ ਉਦੋਂ ਤੋਂ ਹੀ ਮਾਤਾ ਗੁਜਰੀ ਜੀ ਨੂੰ ਇਹ ਘਰ ਸੁੰਞਾ ਸੁੰਞਾ ਲੱਗ ਰਿਹਾ ਸੀ। ਇਸ ਕਰਕੇ ਮਾਤਾ ਜੀ ਨੇ ਆਪਣੀ ਸੱਸ ਮਾਤਾ ਨਾਨਕੀ ਜੀ ਨਾਲ ਸਲਾਹ ਕਰਕੇ ਇਹ ਫੈਸਲਾ ਅੰਤ ਕੀਤਾ ਸੀ ਕਿ ਗੋਬਿੰਦ ਰਾਏ ਦੀ ਸ਼ਾਦੀ ਕਰਕੇ ਘਰ ਵਿਚ ਨੂੰਹ ਰਾਣੀ ਆਵੇਗੀ ਤੇ ਰੌਣਕਾਂ ਲੱਗਣਗੀਆਂ, ਮੇਰੀ ਨਾਲ ਅੱਗੇ ਸਾਂਝ ਬਣੇਗੀ। ਅੱਜ ਉਹ ਖੁਸ਼ੀ ਦਾ ਮੌਕਾ ਆਣ ਪਹੁੰਚਿਆ। ਸ਼ਗਨ ਮਨਾ ਕੇ ਮਾਤਾ ਗੁਜਰੀ ਜੀ ਨੇ ਬਰਾਤ ਨੂੰ ਰਵਾਨਾ ਕੀਤਾ। ਇਹ ਬਰਾਤ ਦੂਜੇ ਦਿਨ ਸ਼ਾਮ ਨੂੰ ਲਾਹੌਰ ਪਹੁੰਚੀ। ਲਾਹੌਰੀਆਂ ਨੇ ਫੁੱਲਾਂ ਦੇ ਹਾਰ ਪਾ ਕੇ ਬਰਾਤ ਦਾ ਸਵਾਗਤ ਕੀਤਾ। ਜਲ ਪਾਣੀ ਛਕਾਇਆ। ਸਾਰੀ ਰਾਤ ਭਜਨ ਬੰਦਗੀ ਹੁੰਦੀ ਰਹੀ। ਮਹਾਰਾਜ ਦੇ ਕਈ ਕਵੀਸ਼ਰ ਸਾਰੀ ਰਾਤ ਆਪਣੀਆਂ ਕਵਿਤਾਵਾਂ ਉਚਾਰਦੇ ਰਹੇ। ਅੰਮ੍ਰਿਤ ਵੇਲੇ ਗੁਰੂ ਜੀ ਨੇ ਇਸ਼ਨਾਨ ਕੀਤਾ। ਮਹਾਰਾਜ ਪਹਾੜ ਵੱਲੋਂ ਸਿੱਖ ਦਰਸ਼ਨ ਆ ਗਏ। ਨਾਲ ਗੁਰੂ ਦੇ ਪੈਸੇ ਭੂਆ ਦੇ ਪੁੱਤਰ ਸਨ। ਇਸ ਵਿਚ ਮਾਣ ਕਰ ਬੈਠੇ ਕਿ ਅਸੀਂ ਇਸ ਤੋਂ ਵੱਡੇ ਹਾਂ, ਇਸ ਦੀ ਟੋਹਰ ਅਸੀਂ ਪੈਸੇ ਬਣਾਏ ਬੈਠੇ ਹਾਂ। ਇਹਨਾਂ ਮਹਾਰਾਜ ਦੀ ਅਵਸਥਾ ਵੇਖਣ ਵਾਸਤੇ ਇਕ ਲੋਟਾ ਪੌੜ ਵਿਚ ਰੱਖ ਦਿੱਤਾ, ਕਹਿਣ ਲੱਗੇ, "ਮਹਾਰਾਜ ! ਇਹ ਬਕਰਾ ਸਾਥੋਂ ਪੁੱਟਿਆ ਨਹੀਂ ਜਾਂਦਾ, ਕਿਰਪਾ ਕਰਕੇ ਇਸ ਨੂੰ ਪੁੱਟ ਦਿਓ।" ਕਲਗੀਧਰ ਨੇ ਸੱਜਾ ਪੈਰ ਬਕਰੇ ਨੂੰ ਮਾਰਿਆ ਤੇ ਪੁੱਟ ਕੇ ਸੁੱਟ ਦਿੱਤਾ। ਨਾਲ ਹੀ ਇਕ ਨਿਰਮਲ ਜਲ ਦੀ ਧਾਰਾ ਵਗਣ ਲੱਗੀ। ਗੁਰੂ ਹਜ਼ੂਰ ਨੇ ਫਿਰ ਬਕਰਾ ਪੈਰ ਨਾਲ ਹੀ ਇਸ ਨੂੰ ਪੁੱਟ ਕੇ ਵਿਖਾ ਦਿਓ" ਵਿਚ ਰੱਖ ਦਿੱਤਾ ਤੇ ਆਖਿਆ, "ਹੁਣ ਤੁਸੀਂ ਪੈਸੇ ਵਾਲੇ ਇਸ ਨੂੰ ਪੁੱਟ ਕੇ

ਉਹ ਪੰਜੇ ਭਰਾ ਜ਼ੋਰ ਲਾ ਰਹੇ ਸਨ, ਪਰ ਪੰਜਾਂ ਤੋਂ ਨਾ ਪੁੱਟਿਆ ਗਿਆ। ਹਜ਼ੂਰ ਦੇ ਚਰਨਾਂ ਤੇ ਢਹਿ ਕੇ ਕਹਿੰਦੇ, "ਮਹਾਰਾਜ! ਅਸੀਂ ਭੁੱਲ ਗਏ ਹਾਂ, ਸਾਨੂੰ ਬਖਸ਼ ਦਿਉ।" ਮਹਾਰਾਜ ਨੇ ਇਸ ਬਰਛੇ ਨੂੰ ਵੀ ਪੁੱਟ ਦਿੱਤਾ। ਇਥੋਂ ਇਕ ਹੋਰ ਨਿਰਮਲ ਜਲ ਦੀ ਧਾਰਾ ਵਹਿ ਤੁਰੀ। ਕੋਲ ਖਲੋਤੇ ਹਨ ਗੁਰੂ ਘਰ ਦੇ ਕੁੰਚੀ ਬਾਬਾ ਗੁਰਬਖਸ਼ ਸਿੰਘ ਜੀ। ਉਹ ਇਸ ਰਮਜ਼ ਨੂੰ ਪਛਾਣ ਗਏ। ਉਹਨਾਂ ਹੱਥ ਜੋੜ ਕੇ ਆਖਿਆ, "ਮਹਾਰਾਜ! ਕਿਰਪਾ ਕਰੋ ਇਕ ਹੋਰ ਪੱਥਰ ਵਿਚ ਨੇਜ਼ਾ ਮਾਰ ਕੇ ਪੁੱਟ ਦਿਉ। ਇਥੇ ਤ੍ਰਿਵੇਣੀ ਸਾਹਿਬ ਬਣ ਜਾਵੇਗਾ।" ਗੁਰੂ ਘਰ ਦੇ ਕੁੰਚੀ ਦੀ ਬੇਨਤੀ ਮੰਨ ਕੇ ਇਸ ਪੱਥਰ ਵਿਚ ਬਰਛਾ ਮਾਰ ਕੇ ਪੁੱਟ ਦਿੱਤਾ। ਇਥੋਂ ਵੀ ਇਕ ਨਿਰਮਲ ਜਲ ਦੀ ਧਾਰਾ ਵਹਿ ਤੁਰੀ। ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਵਿਆਹ ਦੀ ਯਾਦ ਅੱਜ ਵੀ ਇਹ ਤ੍ਰਿਵੇਣੀ ਸਾਹਿਬ ਸੰਭਾਲੀ ਬੈਠਾ ਹੈ।

ਇਸ ਤੋਂ ਬਾਅਦ ਗੁਰੂ ਮਹਾਰਾਜ ਤੇ ਮਾਤਾ ਜੀਤਾ ਜੀ ਦਾ ਅਨੰਦ ਕਾਰਜ ਹੋਇਆ। ਲਾਵਾਂ ਦਾ ਪਾਠ ਬਾਬਾ ਗੁਰਬਖਸ਼ ਸਿੰਘ ਜੀ ਨੇ ਪੜ੍ਹਿਆ। ਜੀਤਾ ਦੇ ਮਾਪਿਆਂ ਨੇ ਆਪਣੀ ਸਪੁੱਤਰੀ ਨੂੰ ਗੁਰੂ ਘਰ ਜੋੜ ਕੇ ਆਪਣੇ ਆਪ ਨੂੰ ਵਡਭਾਗੀ ਬਣਾਇਆ। ਪ੍ਰਮਾਤਮਾ ਅੱਗੇ ਅਰਦਾਸ ਕੀਤੀ ਗਈ, ਨਾਲ ਕੁਝ ਅਸੀਸਾਂ ਦਿੱਤੀਆਂ ਗਈਆਂ। ਇਧਰੋਂ ਲਾਹੌਰੀਆਂ ਨੇ ਸਾਰੇ ਸ਼ਗਨ ਵਿਹਾਰ ਕਰਕੇ ਆਪਣੀ ਸਪੁੱਤਰੀ ਦੀ ਡੋਲੀ ਨੂੰ ਵਿਦਾ ਕੀਤਾ ਗਿਆ। ਉਧਰ ਮਾਂ ਗੁਜਰੀ ਜੀ ਅਨੰਦਪੁਰ ਤੋਂ ਐਥੇ ਆ ਕੇ ਆਪਣੀ ਨੂੰਹ ਰਾਣੀ ਦਾ ਸਵਾਗਤ ਕਰਨ ਵਾਸਤੇ ਅੱਪੜ ਗਏ। ਘਰੇ ਚਾਵਾਂ ਤੇ ਸੱਧਰਾਂ ਨਾਲ ਡੋਲੀ ਵਿਚੋਂ ਉਤਾਰ ਕੇ ਅਤੇ ਪਿਆਰ ਦੇ ਕੇ ਧੀਆਂ ਵਾਂਗੂੰ ਗਲ ਨਾਲ ਕਿਵੇਂ ਲਾ ਲਈ, ਉਸ ਵਕਤ ਦਾ ਸੀਨ ਇਉਂ ਪੇਸ਼ ਹੈ:

ਬੈਂਤ ਸਿਹਰਾ

1. ਭਾਗਾਂ ਭਰੀ ਉਹ ਘੜੀ ਸੁਲੱਖਣੀ ਸੀ,
 ਡੋਲੀ ਵਿਚ ਜਾ ਮਾਪਿਆਂ ਪਾਈ ਜੀਤਾ।
2. ਖੁਸ਼ੀ ਖੁਸ਼ੀ ਦੇ ਵਿਚ ਪੁਰੀ ਅਨੰਦਪੁਰ ਦੀ,
 ਦਸਮ ਗੁਰਾਂ ਦੇ ਨਾਲ ਜਾ ਆਈ ਜੀਤਾ।
3. ਲਾਈ ਘੁੱਟ ਕਲੇਜੇ ਨਾ ਮਾਂ ਗੁਜਰੀ,
 ਡੋਲੀ ਵਿਚੋਂ ਜਾ ਲਾਡਲੀ ਲਾਹੀ ਜੀਤਾ।
4. ਮਾਂ ਦੀ ਬਣ ਕੇ ਨੂੰਹ ਮੌਜ ਕਰੀਆਂ,
 ਕਿਸੇ ਗੱਲੋਂ ਨਾ ਕਦੇ ਘਬਰਾਈ ਜੀਤਾ।
5. ਮਿੱਠੇ ਬੋਲ ਤੇ ਨੈਣਾਂ ਵਿਚ ਨਿਮਰਤਾ ਸੀ,
 ਕਲਗੀ ਵਾਲੇ ਦੇ ਦਿਲ ਨੂੰ ਭਾਈ ਜੀਤਾ।

6. ਗੁਰੂ ਸਾਹਿਬ ਤੇ ਮਾਤਾ ਦੇ ਹੁਕਮ ਅੰਦਰ,
ਸਦਾ ਰੱਖਿਆ ਸੀਸ ਝੁਕਾਈ ਜੀਤਾ।
7. ਗੁਰੂ ਘਰ ਹੈ ਮਾਣ ਨਿਮਾਣਿਆਂ ਦਾ,
ਨੀਵੇਂ ਹੋ ਕੇ ਪਾਈ ਵਡਿਆਈ ਜੀਤਾ।
8. ਜਤ ਸਤ ਤੇ ਅਣਖ ਦੀ ਪੁਤਲੀ ਸੀ,
ਨੇਕ ਮਾਪਿਆਂ ਦੀ ਨੇਕ ਜਾਈ ਜੀਤਾ।
9. ਸਮਾਂ ਆਉਣ ਤੇ ਰੱਬ ਨੇ ਭਾਗ ਲਾਇਆ,
ਤਿੰਨਾਂ ਪੁੱਤਾਂ ਦੀ ਬਣੀ ਸੀ ਮਾਈ ਜੀਤਾ।
10. ਵੱਡਾ ਪੁੱਤਰ ਸੀ ਬੀਰ ਜੁਝਾਰ ਉਸ ਦਾ,
ਜ਼ੋਰਾਵਰ ਤੇ ਫ਼ਤਹਿ ਦੀ ਮਾਈ ਜੀਤਾ।
11. ਸਬਰ ਸਤ ਸੰਤੋਖ ਤੇ ਅਣਖ ਗੈਰਤ,
ਰੱਬੀ ਹਿਰਦੇ ਦੇ ਵਿਚ ਵਸਾਈ ਜੀਤਾ।
12. ਐਸੇ ਵੰਸ ਦੇ ਧੰਨ ਜਸਵੰਤ ਸਿੰਘਾ,
ਕਰ ਗਈ ਜੱਗ ਤੇ ਕਿਵੇਂ ਚੜ੍ਹਾਈ ਜੀਤਾ।

ਇਸ ਤਰ੍ਹਾਂ ਗੁਰੂ ਜੀ ਦੀ ਬਰਾਤ ਗੁਰੂ ਕੇ ਲਾਹੌਰ ਤੋਂ ਮਾਤਾ ਜੀਤਾ ਦੀ ਡੋਲੀ ਸਮੇਤ ਸ੍ਰੀ ਅਨੰਦਪੁਰ ਸਾਹਿਬ ਪਹੁੰਚੀ। ਸਾਰੇ ਸ਼ਹਿਰ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ। ਦੂਰੋਂ ਦੂਰ ਤੋਂ ਆਈਆਂ ਸੰਗਤਾਂ ਨੂੰ ਗੁਰੂ ਜੀ ਨੇ ਬਹੁਤ ਬਖਸ਼ਿਸ਼ਾਂ ਕੀਤੀਆਂ। ਰਾਜਾ ਰਤਨ ਰਾਏ ਆਸਾਮ ਵਾਲੇ ਨੂੰ ਬਹੁਤ ਸਾਰਾ ਆਦਰ ਮਾਣ ਦਿੱਤਾ। ਰਾਜਾ ਕਈ ਦਿਨ ਅਨੰਦਪੁਰ ਰਿਹਾ। ਫਿਰ ਬੜੇ ਪ੍ਰੇਮ ਵਿਚ ਵਾਪਸ ਗਏ। ਏਹਨੀਂ ਦਿਨੀਂ ਹੀ ਜੈਪੁਰ ਦੇ ਰਾਜਾ ਬਿਸ਼ਨ ਸਿੰਘ ਵਲੋਂ ਬਹੁਤ ਵਧੀਆ ਪੌਸ਼ਾਕ ਘੋੜੇ ਸਣੇ (ਸਾਜ) ਲੈ ਕੇ ਆਏ। ਮੁਹੰਮਦ ਬਖਸ਼ ਅਤੇ ਸ਼ਿਕਾਰਪੁਰੀਏ ਨੇ ਦਸ ਹਜ਼ਾਰ ਦੇ ਤੋਹਫ਼ੇ ਅਰਪਨ ਕੀਤੇ। ਹੋਰ ਵੀ ਸੰਗਤਾਂ ਵਲੋਂ ਕੀਮਤੀ ਤੋਹਫ਼ੇ ਤੇ ਹਥਿਆਰ ਭੇਟ ਹੀ ਆਉਂਦੇ। ਉਸ ਸਮੇਂ ਮਹਾਰਾਜ ਦੇ ਵੱਡੇ ਸਲਾਹਕਾਰ ਮਾਮਾ ਕ੍ਰਿਪਾਲ ਚੰਦ ਤੇ ਦੀਵਾਨ ਨੰਦ ਚੰਦ ਸਨ। ਘਰ ਦਾ ਸਾਰਾ ਮਾਲੀ ਪ੍ਰਬੰਧ ਦੀਵਾਨ ਨੰਦ ਚੰਦ ਦੇ ਹੱਥ ਸੀ। ਮਹਾਰਾਜ ਦੇ ਹੋਰ ਸਾਥੀ ਸਨ—ਸੈਦੀ ਸੂਰਜ ਮੱਲ ਦੇ ਪੋਤਰੇ (ਗੁਲਾਬ ਰਾਏ ਤੇ ਸ਼ਾਮ ਦਾਸ) ਬੀਬੀ ਵੀਰੋ ਦੇ ਪੰਜੇ ਪੁੱਤਰ (ਸੰਗੋ ਸ਼ਾਹ, ਜੀਤ ਮੱਲ, ਗੁਲਾਬ ਰਾਏ, ਗੰਗਾ ਰਾਮ ਤੇ ਮਾਹਰੀ ਚੰਦ) ਆਦਿ ਕਈ ਹੋਰ ਸਿੱਖ ਸਤਿਗੁਰੂ ਜੀ ਦੇ ਕੋਲ ਹਰ ਵਕਤ ਹਾਜ਼ਰ ਰਹਿੰਦੇ ਸਨ।

ਇਨ੍ਹਾਂ ਦਿਨਾਂ ਵਿਚ ਹੀ ਇਕ ਹੋਰ ਘਟਨਾ ਹੋਰ ਹੈ ਮਹਾਰਾਜ ਦੀ ਦੂਸਰੀ ਸ਼ਾਦੀ। ਵਿਸਾਖੀ ਦਾ ਮੇਲਾ ਹਰ ਸਾਲ ਬਹੁਤ ਭਾਰੀ ਲੱਗਿਆ ਕਰਦਾ ਸੀ। ਦੂਰੋਂ ਨੇੜਿਓਂ ਅਨੇਕ ਸੰਗਤਾਂ ਦਰਸ਼ਨ ਕਰਨ ਆਇਆ ਕਰਦੀਆਂ ਸਨ। ਸੰਮਤ 1741 ਬਿ. ਦੀ ਵੈਸਾਖੀ ਤੇ

ਲਾਹੌਰ ਦੀ ਸੰਗਤ ਆਈ। ਜਿਸ ਨਾਲ ਭਾਈ ਰਾਮ ਸ਼ਰਨ (ਖੱਤਰੀ ਗੋਤ ਕੁਮਰਾਵ) ਵੀ ਹਾਜ਼ਰ ਹੋਇਆ। ਨਾਲ ਉਸ ਦੀ ਕੰਨਿਆ ਸੁੰਦਰੀ ਵੀ ਸੀ। ਕਾਫੀ ਸਮਾਂ ਪਹਿਲਾਂ ਹੀ ਰਾਮ ਸ਼ਰਨ ਨੇ ਸੰਗਤ ਵਿਚ ਅਰਦਾਸ ਕੀਤੀ ਸੀ, ਉਸ ਦੀ ਕੰਨਿਆ ਸੁੰਦਰੀ, ਗੁਰੂ ਤੇਗ ਬਹਾਦਰ ਦੇ ਸਾਹਿਬਜ਼ਾਦੇ ਦੀ ਪਤਨੀ ਬਣੇਗੀ। ਭਾਈ ਰਾਮ ਸ਼ਰਨ ਜੀ ਨੇ ਹੱਥ ਬੰਨ੍ਹ ਕੇ ਬੇਨਤੀ ਕੀਤੀ ਕਿ ਨਿਮਾਣੇ ਸਿੱਖ ਦੀ ਬੇਨਤੀ ਪ੍ਰਵਾਨ ਕਰੋ। ਮੈਂ ਆਪਣੀ ਕੰਨਿਆ ਸੁੰਦਰੀ ਦੀ ਸੰਗਤ ਵਿਚ ਅਰਦਾਸ ਕਰ ਚੁੱਕਾ ਹਾਂ, ਇਸ ਨੂੰ ਆਪਣੇ ਚਰਨਾਂ ਦੀ ਦਾਸੀ ਬਣਾਉ। (ਮੈਕਾਲਿਫ ਲਿਖਦਾ ਹੈ) ਗੁਰੂ ਜੀ ਦੂਸਰਾ ਵਿਆਹ ਕਰਾਉਣਾ ਨਹੀਂ ਸਨ ਚਾਹੁੰਦੇ, ਪਰ ਮਾਤਾ ਜੀ ਦੇ ਜ਼ੋਰ ਦੇਣ 'ਤੇ ਉਹ ਮੰਨ ਗਏ ਤੇ ਥੋੜ੍ਹੇ ਦਿਨਾ ਪਿਛੋਂ ਬੜੀ ਧੂਮ ਧਾਮ ਨਾਲ ਵਿਆਹ ਹੋਇਆ। ਵਿਆਹ ਰਸਮ ਸੰਤ ਵਿਸਾਖ ਨੂੰ ਅਨੰਦਪੁਰ ਵਿਚ ਹੋਈ।

ਮਾਤਾ ਸੁੰਦਰੀ ਜੀ ਦੀ ਕੁੱਖ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਾ ਜਨਮ 1743 ਬਿ. ਵਿਚ ਹੋਇਆ ਅਤੇ ਬਾਕੀ ਤਿੰਨੇ ਸਾਹਿਬਜ਼ਾਦੇ ਮਾਤਾ ਜੀਤੋ ਦੀ ਕੁੱਖੋਂ ਜਨਮੇ। ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ 1747 ਬਿ. ਵਿਚ ਹੋਇਆ ਅਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਜਨਮ 1753 ਵਿਚ ਹੋਇਆ ਅਤੇ ਫ਼ਤਹਿ ਸਿੰਘ ਦਾ ਜਨਮ 1755 ਬਿ. ਵਿਚ ਹੋਇਆ।

ਸਭ ਤੋਂ ਪਹਿਲਾਂ ਛੇਵੇਂ ਪਾਤਸ਼ਾਹ ਨੇ ਅਕਾਲ ਤਖ਼ਤ ਰਚ ਕੇ ਸਾਹਮਣੇ ਕੌਮੀ ਝੰਡਾ ਨਿਸ਼ਾਨ ਸਾਹਿਬ ਝੁਲਾਇਆ ਸੀ। ਉਸ ਦਿਨ ਤੋਂ ਸਿੱਖ ਮੱਤ ਧਾਰਮਿਕ ਦੇ ਨਾਲ ਨਾਲ ਰਾਜਸੀ ਵੀ ਬਣ ਗਿਆ ਸੀ। ਗੁਰੂ ਹਰਿਗੋਬਿੰਦ ਸਾਹਿਬ ਦੀਆਂ ਫੌਜਾਂ ਨਗਾਰਾ ਖੜਕਾ ਕੇ ਝੰਡੇ ਝੁਲਾ ਕੇ ਜੰਗਾਂ ਯੁੱਧਾਂ ਵਿਚ ਜੂਝਦੀਆਂ ਰਹੀਆਂ। ਪਿਛੋਂ ਸਰਕਾਰ ਦੀ ਨੀਤੀ ਕੁਝ ਤਬਦੀਲ ਹੋਈ ਤਾਂ ਗੁਰ ਸਾਹਿਬਾਂ ਦਾ ਕਦਮ ਵੀ ਉਸ ਤਰ੍ਹਾਂ ਹੋ ਗਿਆ। ਸੱਤਵੇਂ, ਅੱਠਵੇਂ ਨੌਵੇਂ ਗੁਰੂ ਆਪਣਾ ਜੀਵਨ ਸ਼ਾਂਤੀ ਨਾਲ ਗੁਜ਼ਾਰਿਆ। ਸਿੱਖ ਵੀ ਅਮਨ ਪਸੰਦੀ ਵਿਚ ਖੁਸ਼ ਸਨ, ਪਰ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਦੀ ਸਖ਼ਤ ਨੀਤੀ ਨੇ ਸਿੱਖਾਂ ਨੂੰ ਤਲਵਾਰ ਉਠਾਉਣ ਵਾਸਤੇ ਮਜਬੂਰ ਕਰ ਦਿੱਤਾ। ਕੌਮੀ ਨਿਸ਼ਾਨ ਝੁਲਾ ਕੇ ਸਿੱਖ ਫੌਜੀ ਕਵਾਇਦ ਤੇ ਹੋਰ ਜੰਗੀ ਖੇਡਾਂ ਕਰਦੇ। ਇਕ ਦਿਨ ਖੁਲ੍ਹੇ ਮੈਦਾਨ ਵਿਚ ਗੁਰੂ ਗੋਬਿੰਦ ਸਿੰਘ ਆਪਣੀ ਸੈਨਾ ਦੀ ਕਵਾਇਦ ਵੇਖ ਰਹੇ ਸਨ। ਹਜ਼ੂਰ ਕੋਲ ਹੀ ਦੀਵਾਨ ਨੰਦ ਚੰਦ ਤੇ ਮਾਮਾ ਕ੍ਰਿਪਾਲ ਚੰਦ ਜੀ ਖੜੇ ਸਨ। ਗੁਰੂ ਮਹਾਰਾਜ ਨੇ ਦੀਵਾਨ ਵੱਲ ਵੇਖ ਕੇ ਕਿਹਾ, ਦੀਵਾਨ ਜੀ, ਅਕਾਲ ਦੀ ਸੈਨਾ ਤਿਆਰ ਹੋ ਰਹੀ ਹੈ। ਛੇਵੇਂ ਪਾਤਸ਼ਾਹ ਦਾ ਬਖ਼ਸ਼ਿਆ ਹੋਇਆ ਨਿਸ਼ਾਨ ਸਾਹਿਬ ਸਿੰਘਾਂ ਦੇ ਪਾਸ ਹੈ। ਪਰ ਤਾਂ ਇਕ ਨਗਾਰੇ ਦੀ ਘਾਟ ਹੈ। ਮਹਾਰਾਜ ਜੀ ਉਹ ਵੀ ਤਿਆਰ ਹੋ ਜਾਵੇਗਾ। ਦੀਵਾਨ ਨੇ ਸਿਰ ਝੁਕਾ ਕੇ ਕਿਹਾ। ਛੇਤੀ ਹੀ ਦੀਵਾਨ ਨੇ ਇਕ ਸੁੰਦਰ ਨਗਾਰਾ ਤਿਆਰ ਕਰਵਾ ਕੇ ਮਹਾਰਾਜ ਦੇ ਪੇਸ਼ ਕੀਤਾ। ਕਲਗੀਧਰ ਪਾਤਸ਼ਾਹ ਵੇਖ ਕੇ ਬਹੁਤ ਪ੍ਰਸੰਨ ਹੋਏ। ਖੁਸ਼ ਹੋ ਕੇ ਮਹਾਰਾਜ ਜੀ ਨੇ ਉਸ ਦਾ ਨਾਮ ਰਣਜੀਤ ਨਗਾਰਾ ਰੱਖਿਆ। ਉਸ ਸਮੇਂ ਨਿਸ਼ਾਨ ਤੇ ਨਗਾਰਾ ਬਾਦਸ਼ਾਹੀ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ। ਰਜਵਾੜਿਆਂ ਦੇ

ਮਾਲਕਾਂ ਨੂੰ ਬਾਦਸ਼ਾਹ ਵਲੋਂ ਨਗਾਰਾ ਖੜਕਾਉਣ ਦੀ ਆਗਿਆ ਹੁੰਦੀ ਸੀ। ਸਮੇਂ ਦੇ ਮੁਗ਼ਲ ਬਾਦਸ਼ਾਹ ਵਲੋਂ ਆਮ ਜਨਤਾ ਉਤੇ ਬੜੀਆਂ ਪਾਬੰਦੀਆਂ ਲੱਗੀਆਂ ਹੋਈਆਂ ਸਨ। ਬਿਨਾ ਆਗਿਆ ਕੋਈ ਪਾਲਕੀ 'ਤੇ ਨਹੀਂ ਚੜ੍ਹ ਸਕਦਾ। ਅਰਬੀ ਘੋੜਾ ਨਹੀਂ ਰੱਖ ਸਕਦਾ ਤੇ ਝੰਡਾ ਝੁਲਾਉਣ ਜਾਂ ਨਗਾਰਾ ਖੜਕਾਉਣਾ ਤਾਂ ਸ਼ਾਹੀ ਹੁਕਮ ਦੀ ਉਲੰਘਣਾ ਤੇ ਜੁਰਮ ਸਮਝਿਆ ਜਾਂਦਾ ਸੀ। ਖ਼ਾਲਸਾ ਫ਼ੌਜਾਂ ਰਣਜੀਤ ਨਗਾਰਾ ਵਜਾ ਕੇ ਸ਼ਿਕਾਰ ਖੇਡਦੀਆਂ ਤੇ ਜੰਗੀ ਕਵਾਇਦ ਕਰਦੀਆਂ, ਅਕਾਲ ਅਕਾਲ ਦੇ ਜੈਕਾਰਿਆਂ ਨਾਲ ਅਸਮਾਨ ਗੂੰਜ ਉਠਦਾ। ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਤ ਵੇਖ ਕੇ ਬਾਈਧਾਰ ਦੇ ਰਾਜੇ ਤੜਫ਼ ਉਠੇ। ਰਾਜੇ ਭੀਮ ਚੰਦ ਨੂੰ ਇਹ ਖ਼ਤਰਾ ਸੀ ਕਿ ਗੁਰੂ ਗੋਬਿੰਦ ਸਿੰਘ ਮੇਰੀ ਰਾਜਧਾਨੀ ਉਤੇ ਕਬਜ਼ਾ ਕਰ ਲਏਗਾ, ਕਿਉਂਕਿ ਇਹ ਰਾਜੇ ਸਿੱਖ ਦੀ ਇਸ ਨਵੀਂ ਰੀਤ ਨੂੰ ਪਸੰਦ ਨਹੀਂ ਸਨ ਕਰਦੇ। ਗੁਰੂ ਜੀ ਨੇ ਸਾਰੀਆਂ ਪੁਰਾਣੀਆਂ ਰਵਾਇਤਾਂ ਨੂੰ ਬਦਲ ਦਿੱਤਾ। ਜਿਹੜੀ ਵਰਨ ਵੰਡ ਇਹਨਾਂ ਨੇ ਮਨੂੰ ਦੀ ਵਰਨ ਵੰਡ ਅਨੁਸਾਰ ਪਾਈ ਸੀ। ਚਾਰ ਵਰਨਾਂ ਵਿਚ ਇਹਨਾਂ ਨੇ ਸਾਰੀ ਮਨੁੱਖਤਾ ਨੂੰ ਵੰਡਿਆ ਹੋਇਆ ਸੀ। ਖੱਤਰੀ, ਬ੍ਰਾਹਮਣ, ਵੈਸ਼, ਸ਼ੂਦਰ ਵਿਚ ਵੰਡ ਕੀਤਾ ਸੀ। ਪਰ ਗੁਰੂ ਜੀ ਨੇ ਜਿਨ੍ਹਾਂ ਨੂੰ ਇਹ ਸ਼ੂਦਰ ਕਹਿ ਕੇ ਦੁਰਕਾਰਦੇ ਸੀ ਉਹਨਾਂ ਨੂੰ ਆਪਣੀ ਫ਼ੌਜ ਵਿਚ ਭਰਤੀ ਕਰੀ ਜਾਂਦੇ ਸਨ। ਗੁਰੂ ਘਰ ਵਿਚ ਹਰ ਜਾਤ-ਪਾਤ ਦਾ ਭਰਮ ਮਿਟਾ ਕੇ ਉਸ ਨੂੰ ਇਕ ਜਗ੍ਹਾ ਉਤੇ ਬਿਠਾ ਕੇ ਪ੍ਰਸ਼ਾਦਾ ਛਕਾਇਆ ਜਾਂਦਾ। ਇਥੇ ਦਾ ਸਾਰੀ ਸੰਗਤ ਗੁਰੂ ਦਰਬਾਰ ਵਿਚ ਬੈਠ ਕੇ ਗੁਰਬਾਣੀ ਸਰਵਣ ਕਰਦੀ। ਇਹਨਾਂ ਸਾਰੀਆਂ ਗੱਲਾਂ ਦੀ ਰਿਪੋਰਟ ਸਮੇਂ ਦੇ ਸੂਹੀਆਂ ਨੇ ਰਾਜੇ ਭੀਮ ਚੰਦ ਨੂੰ ਦਿੱਤੀ, ਜਿਹੜਾ ਨਿਤ ਨਗਾਰੇ ਦੀ ਆਵਾਜ਼ ਤੋਂ ਕਲਪਿਆ ਪਿਆ ਸੀ। ਜਦੋਂ ਉਸ ਨੇ ਸੂਹੀਏ ਤੋਂ ਇਹ ਸਾਰੀਆਂ ਗੱਲਾਂ ਸੁਣੀਆਂ। ਕੁਝ ਸਮਾਂ ਮਿੰਟ ਤੋਂ ਬਾਅਦ ਉਸ ਨੇ ਆਪਣੇ ਦਿਲ ਦਾ ਡਰ ਆਪਣੇ ਇਕ ਮੋਹਰੀ (ਵਜ਼ੀਰ) ਝਾਲੀ ਦੇਵੀ ਚੰਦ ਨੂੰ ਇੰਞ ਸੁਣਾਇਆ :

ਪਉੜੀ ਛੰਦ

1. ਭੀਮ ਚੰਦ ਨੇ ਆਖਿਆ ਸੁਣ ਦੇਵੀ ਚੰਦਾ।
ਇਰਾਦਾ ਮੈਨੂੰ ਜਾਪਦਾ ਗੋਬਿੰਦ ਦਾ ਮੰਦਾ।
ਦਮਾਮੇ ਮੇਰੀ ਜੂਹ ਵਿਚ ਫਿਰਦਾ ਖੜਕੌਂਦਾ।
ਕਬਜ਼ਾ ਮੇਰੇ ਰਾਜ 'ਤੇ ਗੁਰੂ ਕਰਨਾ ਚਾਹੁੰਦਾ।
2. ਕੰਬਦੇ ਮੇਰੀ ਸੇਜ ਤੋਂ ਦੁਨੀਆਂ ਦੇ ਰਾਜੇ।
ਆਕੀ ਹੋ ਕੇ ਜਾਪਦੇ ਮੰਦ ਇਹਦੇ ਕਾਰੇ।
ਬਾਦਸ਼ਾਹਾਂ ਦੇ ਵਾਂਗ ਹੈ ਸਿਰ ਛਤਰ ਝੁਲਾਉਂਦਾ।
ਕਬਜ਼ਾ ਮੇਰੇ ਰਾਜ 'ਤੇ ਗੁਰੂ ਕਰਨਾ ਚਾਹੁੰਦਾ।

3. ਸੁਣਿਓ ਮੈਨੂੰ ਦੱਸਦੀ ਆ ਕੇ ਗੱਲ ਸਾਰੀ।
ਕਲਗੀਧਰ ਦੀ ਫੌਜ ਦੀ ਹੈ ਗਿਣਤੀ ਭਾਰੀ।
ਕਰਤਬ ਜੰਗੀ ਢੰਗ ਦੇ ਨਿਤ ਨਵੇਂ ਸਿਖਾਉਂਦਾ।
ਕਬਜ਼ਾ ਮੇਰੇ ਰਾਜ 'ਤੇ ਗੁਰੂ ਕਰਨਾ ਚਾਹੁੰਦਾ।

4. ਉਹਨੇ ਮੇਰੀ ਹਿੱਕ 'ਤੇ ਆ ਕਿਲ੍ਹਾ ਬਣਾਇਆ।
ਹੱਥ ਸ਼ੇਰ ਦੀ ਮੁੱਛ ਨੂੰ ਗਿੱਦੜਾਂ ਨੇ ਪਾਇਆ।
ਜਾਪੇ ਆਪਣੀ ਅਜਲ ਨੂੰ ਉਹ ਆਪ ਬੁਲੌਂਦਾ।
ਕਬਜ਼ਾ ਮੇਰੇ ਰਾਜ 'ਤੇ ਗੁਰੂ ਕਰਨਾ ਚਾਹੁੰਦਾ।

5. ਮੌਤ ਆਵੇ ਜਦ ਸੱਪ ਦੀ ਰਾਹ ਮੱਲ ਕੇ ਬਹਿੰਦਾ।
ਖੋਹਣਾ ਮੇਰੇ ਰਾਜ ਨੂੰ ਨਿਤ ਸੁਪਨੇ ਲੈਂਦਾ।
ਰਾਜ ਕਰੇਗਾ ਖ਼ਾਲਸਾ ਨਿਤ ਨਾਅਰੇ ਲਾਉਂਦਾ।
ਕਬਜ਼ਾ ਮੇਰੇ ਰਾਜ 'ਤੇ ਗੁਰੂ ਕਰਨਾ ਚਾਹੁੰਦਾ।

6. ਚੰਗੇ ਕਰ ਲਏ ਉਸ ਨੇ ਜੱਟ ਛੀਂਬੇ ਨਾਈ।
ਸ਼ਸਤਰਾਂ ਮੂਲ ਨਹੀਂ ਜਾਣਦੇ ਕਰਦੇ ਵਾਹੀ।
ਨੀਵੀਂ ਜਾਤੀ ਵਿਚੋਂ ਉਹ ਸਿੰਘੀ ਨੂੰ ਚਾਹੁੰਦਾ।
ਕਬਜ਼ਾ ਮੇਰੇ ਰਾਜ 'ਤੇ ਗੁਰੂ ਕਰਨਾ ਚਾਹੁੰਦਾ।

7. ਭੂਰੀ ਵਸੂ ਗਿਆ ਬਹੁਤ ਹੈ ਵਿਚ ਕਹੂਰਾ ਖੇੜਾ।
ਦੂਣੇ ਦਰਬਾਰੀਏ ਉਸ ਨੂੰ ਚਿੰਤ ਦਾ ਨਹੀਂ ਜੇੜਾ।
ਟੈਕਸ ਵਾਰ ਕਰਾਇਆਂ ਦੇਂਦੀ ਮੁੜ ਨਹੀਂ ਆਉਂਦਾ।
ਕਬਜ਼ਾ ਮੇਰੇ ਰਾਜ 'ਤੇ ਗੁਰੂ ਕਰਨਾ ਚਾਹੁੰਦਾ।

8. ਭੇਜੀ ਮੰਗਾ ਲੈਣ ਵਿਚ ਭੀਮਾ ਹੱਥਣੀ।
ਦੇਵੀ ਚੰਦ ਨੇ ਉਠ ਕੇ ਇਕ ਅਰਜ ਗੁਜ਼ਾਰੀ।
ਹਰ ਵੇ ਦਰ ਮਲੀਆਮੇਂ ਚਿੜਾ ਟੈਕਸ ਨਹੀਂ ਭਰਿਉਂਦਾ।
ਕਬਜ਼ਾ ਮੇਰੇ ਰਾਜ 'ਤੇ ਗੁਰੂ ਕਰਨਾ ਚਾਹੁੰਦਾ।

ਜਦੋਂ ਰਾਜੇ ਭੀਮ ਚੰਦ ਨੇ ਬਹੁਤ ਰਾਜਿਆਂ ਵਿਚ ਗੁਰੂ ਜੀ ਦੇ ਖ਼ਿਲਾਫ਼ ਤਕਰੀਰ ਕੀਤੀ ਤਾਂ ਭਾਈ ਦੇਵੀ ਚੰਦ ਵਜ਼ੀਰ ਨੇ ਇਕ ਸਲਾਹ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਦਾ ਕਿਸੇ ਮਨੁੱਖ ਨਾਲ ਕੋਈ ਵੈਰ ਨਹੀਂ ਹੈ। ਉਹ ਤਾਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਮਾਤ-ਲੋਕ ਵਿਚ ਜ਼ੁਲਮ ਦਾ ਨਾਸ਼ ਕਰਨ ਲਈ ਆਏ ਹਨ। ਉਹਨਾਂ ਨੇ ਤਾਂ ਹਿੰਦੂ ਧਰਮ ਦੀ ਰੱਖਿਆ ਖ਼ਾਤਰ

ਆਪਣਾ ਪਿਤਾ ਵੀ ਕੁਰਬਾਨ ਕਰ ਦਿੱਤਾ ਹੈ। ਜਿਸ ਦੇ ਦਾਦੇ ਗੁਰੂ ਹਰਿਗੋਬਿੰਦ ਸਾਹਿਬ ਨੇ ਤੇਰੇ ਵਡੇਰੇ ਜਿਹੜੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਸਨ ਉਹਨਾਂ ਨੂੰ ਉਥੋਂ ਰਿਹਾਅ ਕਰਵਾਇਆ। ਕੈਦ ਵਿਚੋਂ ਛੁਡਾਅ ਕੇ ਲਿਆਂਦੇ ਸੀ। ਉਹ ਨਿਰਵੈਰ ਗੁਰੂ ਹੈ। ਕਿਸੇ ਦੇ ਨਾਲ ਕੋਈ ਵਾਧਾ ਨਹੀਂ ਕਰਦਾ। ਉਹ ਗੁਰੂ ਤਾਂ ਪੂਜਣਯੋਗ ਹੈ। ਯਾਦ ਰੱਖੀਂ ਉਸ ਉਤੇ ਚੜ੍ਹ ਨਾ ਜਾਵੀਂ, ਜੇ ਗਿਉਂ ਤਾਂ ਜਿੱਤ ਕੇ ਨਹੀਂ ਆਵੇਂਗਾ। ਜਿਵੇਂ ਵਜ਼ੀਰ ਦੇਵੀ ਚੰਦ ਰਾਜੇ ਭੀਮ ਚੰਦ ਨੂੰ ਗੁਰੂ ਦੀ ਵਡਿਆਈ ਦੱਸਦਾ ਹੈ ਇਉਂ ਪੇਸ਼ ਹੈ:

ਜੁਗਨੀ ਕਮਾਨੀ ਛੰਦ

1.

ਕਿਹਾ ਦੇਵੀ ਚੰਦ ਨੇ ਸੁਣ ਰਾਜਾ।
ਤੂੰ ਭੁੱਲ ਗਿਆ ਕੀਤੇ ਕੂੜ ਕਾਜਾ।
ਕੰਮ ਨਾਲ ਅਕਲ ਦੇ ਸੁਣ ਰਾਜਾ।
ਉਲਟੇ ਰਾਹ ਪਾਈਏ ਪੈਰ ਨਹੀਂ।
ਗੁਰੂ ਆਇਆ ਜ਼ੁਲਮ ਮਿਟਾਉਣ ਲਈ, ਉਹਦਾ ਨਾਲ ਕਿਸੇ ਦੇ ਵੈਰ ਨਹੀਂ।

2.

ਉਹ ਰੂਪ ਇਲਾਹੀ ਆਇਆ ਹੈ।
ਈਸ਼ਵਰ ਨੇ ਆਪ ਘਲਾਇਆ ਹੈ।
ਉਸ ਦੁਖੀ ਦਾ ਦਰਦ ਵੰਡਾਇਆ ਹੈ।
ਕਰੇ ਪਾਪੀ ਨੂੰ ਮੂੰਹ ਲਾਣਾ ਨਹੀਂ।
ਤੂੰ ਆਪਣੀ ਜਾਨ ਗਵਾਵੀਂ ਨਾ, ਗੁਰੂ ਤੇਥੋਂ ਜਿੱਤਿਆ ਜਾਣਾ ਨਹੀਂ।

3.

ਰੋਕਣ ਲਈ ਜ਼ੁਲਮੀ ਜਾਬਰ ਨੂੰ।
ਦਿੱਲੀ ਵਾਰਿਆ ਪਿਤਾ ਬਹਾਦਰ ਨੂੰ।
ਹਿੰਦੂਆਂ ਦੇ ਦੇਖ ਨਿਰਾਦਰ ਨੂੰ।
ਦਿਲ ਉਸ ਦੇ ਰਹਿਆ ਠਹਿਰ ਨਹੀਂ।
ਗੁਰੂ ਆਇਆ ਜ਼ੁਲਮ ਮਿਟਾਉਣ ਲਈ, ਉਹਦਾ ਨਾਲ ਕਿਸੇ ਦੇ ਵੈਰ ਨਹੀਂ।

4.

ਜਦੋਂ ਮੁਗ਼ਲਾਂ ਜ਼ੁਲਮ ਕਮਾਏ ਸੀ।
ਤੇਰੇ ਵੱਡੇ ਕੈਦ ਕਰਵਾਏ ਸੀ।

ਇਸ ਦੇ ਦਾਦੇ ਨੇ ਛੁਡਵਾਏ ਸੀ।
ਤੈਨੂੰ ਚਾਹੀਦੇ ਅਹਸਾਨ ਭੁਲਾਉਣਾ ਨਹੀਂ।
ਤੂੰ ਆਪਣੀ ਜਾਨ ਕੁਹਾਵੀਂ ਨਾ, ਗੁਰੂ ਤੈਥੋਂ ਜਿੱਤਿਆ ਜਾਣਾ ਨਹੀਂ।

5.

ਗੁਰੂ ਘਰ ਦੀ ਇਹ ਮਰਯਾਦਾ ਹੈ।
ਨਾ ਕਰਦੀ ਕਿਸੇ ਤੇ ਧਾਵਾ ਹੈ।
ਗੁਰੂ ਧੀਰ ਬਹਾਦਰ ਜ਼ਿਆਦਾ ਹੈ।
ਕਿਤੇ ਦਿਲ ਦਾ ਸਮਝੀ ਵੈਰ ਨਹੀਂ।
ਗੁਰੂ ਆਇਆ ਜ਼ੁਲਮ ਮਿਟਾਉਣ ਲਈ, ਉਹਦਾ ਨਾਲ ਕਿਸੇ ਦੇ ਵੈਰ ਨਹੀਂ।

6.

ਜਦੋਂ ਮੁਗਲਾਂ ਕੀਤੇ ਧਾਵੇ ਸੀ।
ਤਦ ਦੇਸ ਗੁਰੂ ਦੇ ਦਾਦੇ ਸੀ।
ਤੇਗਾਂ ਨਾਲ ਤੁਰਕ ਖਪਾਏ ਸੀ।
ਲੜ ਸਕਦਾ ਤੇਰਾ ਲਾਣਾ ਨਹੀਂ।
ਤੂੰ ਆਪਣੀ ਜਾਨ ਕੁਹਾਵੀਂ ਨਾ, ਗੁਰੂ ਤੈਥੋਂ ਜਿੱਤਿਆ ਜਾਣਾ ਨਹੀਂ।

7.

ਉਹ ਦਸਵਾਂ ਗੁਰੂ ਸਦੇਂਦਾ ਹੈ।
ਬਾਜ ਬਣਨ ਚਿੜੀਆਂ ਨੂੰ ਲਾਉਂਦਾ ਹੈ।
ਜੋ ਚੜ੍ਹ ਕੇ ਉਸ ਤੇ ਆਉਂਦਾ ਹੈ।
ਉਹਦੀ ਜਾਨ ਦੀ ਸਮਝੋ ਖ਼ੈਰ ਨਹੀਂ।
ਗੁਰੂ ਆਇਆ ਜ਼ੁਲਮ ਮਿਟਾਉਣ ਲਈ, ਉਹਦਾ ਨਾਲ ਕਿਸੇ ਦੇ ਵੈਰ ਨਹੀਂ।

8.

ਜੇ ਮੰਨ ਜਰਨੈਲ ਦਾ ਕਹਿਣਾ ਤੂੰ।
ਜੇ ਸੁੱਖ ਰਾਜਾ ਜੀ ਲੈਣਾ ਤੂੰ।
ਰਲ ਨਾਲ ਗੁਰਾਂ ਦੇ ਰਹਿਣਾ ਤੂੰ।
ਫੇਰ ਬੀਤਿਆ ਵੇਲਾ ਆਉਣਾ ਨਹੀਂ।
ਤੂੰ ਆਪਣੀ ਜਾਨ ਕੁਹਾਵੀਂ ਨਾ, ਗੁਰੂ ਤੈਥੋਂ ਜਿੱਤਿਆ ਜਾਣਾ ਨਹੀਂ।

ਗੁਰੂ ਗੋਬਿੰਦ ਸਿੰਘ ਦੀ ਤਰੀਫ਼ ਆਪਣੇ ਵਜ਼ੀਰ ਦੇ ਮੂੰਹੋਂ ਸੁਣ ਕੇ ਰਾਜੇ ਭੀਮ ਚੰਦ ਨੂੰ ਅੱਗ ਲੱਗ ਉਠੀ। ਉਸ ਨੇ ਕੜਕ ਕੇ ਕਿਹਾ, "ਨਿਮਕਹਰਾਮਾ, ਤਨਖਾਹ ਮੇਰੇ ਕੋਲੋਂ ਲਵੇਂ ਤੇ ਸਿਫ਼ਤ ਤੂੰ ਮੇਰੇ ਦੁਸ਼ਮਣ ਦੀ ਕਰੇਂ। ਇਹ ਗੱਲ ਮੈਨੂੰ ਪ੍ਰਵਾਨ ਨਹੀਂ।" ਲਾਗੇ ਰਾਜੇ ਕੇਸਰੀ ਚੰਦ ਨੇ ਬਲਦੀ 'ਤੇ ਤੇਲ ਵਾਲੀ ਗੱਲ ਕੀਤੀ, "ਏਹੋ ਜਿਹੇ ਗੁਸਤਾਖ਼ ਨੂੰ ਜਾਨੋਂ ਮਾਰ ਦੇਣਾ ਚਾਹੀਦਾ ਹੈ।" ਉਸੇ ਵਕਤ ਕਰੋਧ ਵਿਚ ਆਏ ਹੋਏ ਰਾਜੇ ਭੀਮ ਚੰਦ ਨੇ ਵਜ਼ੀਰ ਦੇਵੀ ਚੰਦ ਨੂੰ ਇਕ ਕੈਦੀ ਬਣਾ ਲਿਆ ਤੇ ਜੇਲ੍ਹ ਵਿਚ ਪਾ ਦਿੱਤਾ।

ਕਾਫ਼ੀ ਛੰਦ

1. ਰਾਜੇ ਆਖਿਆ ਦੇਵੀ ਚੰਦਾ, ਕਾਹਦਾ ਕਹਿਰ ਕਮਾਇਆ ਤੂੰ।
ਉਹ ਹੈ ਮੇਰੀ ਜਾਨ ਦਾ ਦੁਸ਼ਮਣ, ਜਿਸ ਦੇ ਤਾਈਂ ਸਲਾਹਿਆ ਤੂੰ।
ਵਿਚ ਦੀਵਾਨਾਂ ਸਭ ਕੇ ਰਾਜੇ, ਕਰੜਾ ਹੁਕਮ ਸੁਣਾ ਦਿੱਤਾ।
ਦੇਵੀ ਚੰਦ ਨੂੰ ਮਾਰ ਸੰਗਲਾਂ, ਰਾਜੇ ਕੈਦ ਕਰਾ ਦਿੱਤਾ।

2. ਨਿਮਕ ਹਰਾਮਾ ਮੇਰਾ ਖਾ ਕੇ, ਸਿਫ਼ਤ ਗੁਰੂ ਦੀ ਕਰਦਾ ਤੂੰ।
ਹੁਣੇ ਵੇਖ ਲਈਂ ਮੇਰੇ ਹੱਥੋਂ, ਕਿਵੇਂ ਕਮੀਤੇ ਮਰਦਾ ਤੂੰ।
ਦੇ ਦੇ ਤਸੀਹੇ ਤੈਨੂੰ ਜੇਲ੍ਹ ਜਾਵੀਂ ਮਰਵਾ ਦਿੱਤਾ।
ਦੇਵੀ ਚੰਦ ਨੂੰ ਮਾਰ ਸੰਗਲਾਂ, ਰਾਜੇ ਕੈਦ ਕਰਾ ਦਿੱਤਾ।

3. ਕੇਹ ਸਿਖਾਊ ਨਾਲ ਕੁਫ਼ਰਾਂ ਦੇ, ਪਹਿਲਾਂ ਤੈਨੂੰ ਮਾਰ ਲਵਾਂ।
ਗੁੱਸਾ ਬਲਦੇ ਦਿਲ ਮੇਰੇ ਵਿਚ, ਖੂਨ ਤੇਰੇ ਵਿਚ ਠਾਰ ਲਵਾਂ।
ਤੂੰ ਤਾਂ ਮੇਰੇ ਸਾਰੀ ਲੋਕਾਂ ਨੂੰ ਮਿੱਟੀ ਵਿਚ ਮਿਲਾ ਦਿੱਤਾ।
ਦੇਵੀ ਚੰਦ ਨੂੰ ਮਾਰ ਸੰਗਲਾਂ, ਰਾਜੇ ਕੈਦ ਕਰਾ ਦਿੱਤਾ।

4. ਮੇਰੇ ਲੋਕਾਂ ਨੂੰ ਦੁਨੀਆਂ ਕੀਤੀ, ਤੂੰ ਪਰਵਾਹ ਨਹੀਂ ਕੀਤੀ ਉਏ।
ਕੋਲੋ ਲੱਖ ਸਾਰੀ ਦੁਨੀਆਂ, ਜੋ ਤੇਰੇ ਨਾਲ ਕੀਤੀ ਉਏ।
ਗੱਲ ਕਰੇ ਤੂੰ ਕਲਗੀਧਰ ਦੀ ਮੇਰਾ ਸੇਕ ਭੁਲਾ ਦਿੱਤਾ।
ਦੇਵੀ ਚੰਦ ਨੂੰ ਮਾਰ ਸੰਗਲਾਂ, ਰਾਜੇ ਕੈਦ ਕਰਾ ਦਿੱਤਾ।

5. ਮਾੜੀ ਮੌਤ ਮੈਂ ਦੇ ਕੇ ਮਾਰਾਂ ਤਾਂ ਫੇਰ ਵੇਲਾ ਹੱਥ ਆਉਣਾ ਨਹੀਂ।
ਮਰ ਜਾਵੇਂਗਾ ਮੇਰੇ ਹੱਥ, ਤੈਨੂੰ ਕਿਸੇ ਛੁਡਾਉਣਾ ਨਹੀਂ।
ਸੂਲੀ 'ਤੇ ਮਾਲਕੁਲ ਚਾੜ੍ਹਕਾਂ ਜਾਵੇਗਾ ਲਟਕਾ ਦਿੱਤਾ।
ਦੇਵੀ ਚੰਦ ਨੂੰ ਮਾਰ ਸੰਗਲਾਂ, ਰਾਜੇ ਕੈਦ ਕਰਾ ਦਿੱਤਾ।

6. ਗੁਰੂ ਤੇ ਮੇਰੇ ਅੱਗੇ ਉੱਚਾ ਨਹੀਂ ਰਣ ਦੇ ਵਿਚ ਲੜ ਸਕਦਾ।
ਮੇਰੀਆਂ ਫੌਜਾਂ ਅੱਗੇ ਉਸ ਦਾ, ਕੋਈ ਸਿੱਖ ਨਹੀਂ ਖੜ ਸਕਦਾ।
ਵੱਸਦਾ ਉਸਦਾ ਕਿਲ੍ਹਾ ਅਨੰਦਪੁਰ ਜਾਊ ਦਿਨਾਂ ਵਿਚ ਢਾਹ ਦਿੱਤਾ।
ਦੇਵੀ ਚੰਦ ਨੂੰ ਮਾਰ ਜੰਜੀਰਾਂ, ਰਾਜੇ ਕੈਦ ਕਰਾ ਦਿੱਤਾ।

ਰਾਣੀ ਦੇਵੀ ਚੰਦ ਨੂੰ ਕੈਦ ਕਰ ਦਿੱਤਾ ਅਤੇ ਫਿਰ ਰਾਜੇ ਭੀਮ ਚੰਦ ਨੇ ਨਾਲ ਹੀ ਹੁਕਮ ਸੁਣਾ ਦਿੱਤਾ ਕਿ ਤੇਰੀ ਜਾਨ ਤਾਂ ਬਚ ਸਕਦੀ ਹੈ, ਜੇ ਤੂੰ ਫੌਜਾਂ ਲੈ ਕੇ ਗੁਰੂ ਗੋਬਿੰਦ ਸਿੰਘ ਉੱਤੇ ਚੜ੍ਹ ਕੇ ਜਾਵੇਂ। ਪਰ ਇਹ ਕਿਵੇਂ ਹੋ ਸਕਦਾ। ਉਹ ਤਾਂ ਕਲਗੀ ਵਾਲੇ ਦਾ ਚਰਨ ਚੇਰਾ ਬਣ ਚੁੱਕਾ ਸੀ। ਉਹ ਬੰਦੀਖਾਨੇ ਵਿਚ ਵੀ ਇਹ ਕਹਿ ਰਿਹਾ ਸੀ, ਮੇਰੇ ਸਰੀਰ ਦੀ ਬੋਟੀ ਬੋਟੀ ਤਾਂ ਹੋ ਸਕਦੀ ਹੈ, ਪਰ ਮੈਂ ਅਨੰਦਪੁਰ ਸਾਹਿਬ ਉੱਤੇ ਚੜ੍ਹ ਕੇ ਨਹੀਂ ਜਾਵਾਂਗਾ।

ਉਧਰ ਕੁਝ ਦਿਨ ਕੈਦ ਰੱਖਣ ਤੋਂ ਬਾਅਦ ਰਾਜੇ ਭੀਮ ਚੰਦ ਨੇ ਵਜ਼ੀਰ ਦੇਵੀ ਚੰਦ ਨੂੰ ਕਿਹਾ ਕਿ ਇਕੋ ਇਕ ਰਸਤਾ ਹੈ ਤੇਰੇ ਬਚਣ ਦਾ, ਜਾਂ ਤਾਂ ਅਨੰਦਪੁਰ ਤੇ ਚੜ੍ਹਾਈ ਕਰ ਦੇ, ਨਹੀਂ ਤਾਂ ਮੈਂ ਤੇਰੇ ਅੱਖਾਂ ਵਿਚ ਕਿੱਲ ਠੋਕ ਕੇ ਮਾਰ ਦੇਵਾਂਗਾ। ਪਰ ਉਹ ਸਿਦਕੀ ਸਿੱਖ ਇਕੋ ਹੀ ਗੱਲ ਕਹਿ ਰਿਹਾ ਸੀ ਕਿ ਮੈਂ ਆਪਣੇ ਪਿਆਰੇ ਗੁਰੂ ਉੱਤੇ ਚੜ੍ਹ ਕੇ ਲੜਨ ਵਾਸਤੇ ਨਹੀਂ ਜਾਵਾਂਗਾ। ਉਸ ਵੇਲੇ ਜੋ ਸਵਾਲ ਜਵਾਬ ਹੋ ਰਹੇ ਨੇ, ਉਸ ਨੂੰ ਕਵਿਤਾ ਵਿਚ ਲਿਖਿਆ ਹੈ :

ਲੰਬੀ ਹੇਕ ਛੰਦ

1. ਆ ਕੇ ਵਜ਼ੀਰ ਬੋਲੇ।
ਗੁੱਸੇ ਵਿਚ ਰਾਜਾ ਬੋਲੇ।
ਸੜ ਕੇ ਦਿਲ ਹੋ ਗਿਆ ਕੋਲੇ।
ਅੱਖਾਂ ਵਿਚ ਕਿੱਲ ਠੋਕ ਕੇ ਤੈਨੂੰ ਮੈਂ ਮਾਰੂੰਗਾ।
2. ਦੇਵੀ ਚੰਦ ਕਿਹਾ ਵਿਚਾਰੇ।
ਕਰ ਲੈ ਜੋ ਕਰਨੇ ਕਾਰੇ।
ਸੂਲੀ 'ਤੇ ਮਾਰ ਗੁਜ਼ਾਰੇ।
ਛੱਡੂੰਗਾ ਜੱਗ ਭਾਵੇਂ ਸਿਦਕੋਂ ਨਾ ਡੋਲੂੰਗਾ।
3. ਕਰਦਾ ਜਾਂ ਤੂੰ ਸਰਦਾਰੀ।
ਤੇਰੀ ਹੁਣ ਮੱਤ ਗਈ ਮਾਰੀ।
ਤੇਰੀ ਇਹ ਗੱਲ ਹੰਕਾਰੀ।

ਮੈਂ ਨਾ ਸਹਾਰੂੰਗਾ,
ਅੱਖਾਂ ਵਿਚ ਕਿੱਲ ਠੋਕ ਕੇ ਤੈਨੂੰ ਮੈਂ ਮਾਰੂੰਗਾ।

4. ਰੱਜ ਕੇ ਜ਼ੁਲਮ ਕਮਾ ਲਾ।
ਆਪਣਾ ਦਿਲ ਸਾੜਾ ਲਾ ਲਾ।
ਪੀ ਕੇ ਮੈਂ ਪ੍ਰੇਮ ਪਿਆਲਾ।
ਦਿਲਬਰ ਨੂੰ ਵੇਖੂੰਗਾ,
ਝੱਲੂੰਗਾ ਹੱਸ ਤਸੀਹੇ ਸਿਦਕੋਂ ਨਾ ਡੋਲੂੰਗਾ।

5. ਆਪਣੇ ਪਿਆ ਹੈ ਗੁਰ ਨੂੰ।
ਤੈਨੂੰ ਪਰਤਾਉਣਾ ਪੁੱਤ ਨੂੰ।
ਧਾਵਾਂਗਾ ਵਿਚ ਅਨੰਦਪੁਰ
ਖੇਡ ਖਲਾਰੂੰਗਾ,
ਅੱਖਾਂ ਵਿਚ ਕਿੱਲ ਠੋਕ ਕੇ ਤੈਨੂੰ ਮੈਂ ਮਾਰੂੰਗਾ।

6. ਅੱਗ ਦੇ ਵਿਚ ਕਿੱਲ ਤਪਾ ਦੇ।
ਅੱਖਾਂ ਦੇ ਵਿਚ ਠੁਕਾ ਦੇ।
ਪੂਰਾ ਕਰ ਖਸ ਨੂੰ ਲਾਹ ਦੇ।
ਭੇਤ ਨਾ ਖੋਲੂੰਗਾ,
ਝੱਲੂੰਗਾ ਹੱਸ ਤਸੀਹੇ ਸਿਦਕੋਂ ਨਾ ਡੋਲੂੰਗਾ।

7. ਜ਼ਹਿਰ ਦਾ ਸੁਰਮਾ ਪਾ ਕੇ।
ਤੱਤੇ ਕਰ ਕਿੱਲ ਠੁਕਾ ਕੇ।
ਪਰਬਤ ਦੇ ਉੱਤੇ ਚੜ੍ਹਾ ਕੇ।
ਥੱਲੇ ਪਟਕਾਊਂਗਾ,
ਅੱਖਾਂ ਵਿਚ ਕਿੱਲ ਠੋਕ ਕੇ ਤੈਨੂੰ ਮੈਂ ਮਾਰੂੰਗਾ।

8. ਜਿਨ੍ਹਾਂ ਨੇ ਸਿਦਕ ਨਿਭਾਉਣਾ,
ਜਾਣਦੇ ਜਬਰ ਜਰਾਉਣਾ।
ਜਿਸ ਨੂੰ ਸਤਗੁਰਾਂ ਲਾਉਣਾ।
ਉਸ ਦੇ ਗੁਣ ਬੋਲੂੰਗਾ।
ਝੱਲੂੰਗਾ ਹੱਸ ਤਸੀਹੇ ਸਿਦਕੋਂ ਨਾ ਡੋਲੂੰਗਾ।

ਰਾਜੇ ਭੀਮ ਚੰਦ ਨੇ ਗੁੱਸੇ ਤੇ ਈਰਖਾ ਵਿਚ ਸੜ ਕੇ ਹੁਕਮ ਸੁਣਾ ਦਿੱਤਾ ਕਿ 'ਦੇਵੀ ਚੰਦ ਦੀਆਂ ਅੱਖਾਂ ਵਿਚ ਤੱਤੇ ਕਿੱਲ ਕਰਕੇ ਠੋਕ ਕੇ ਪਹਾੜ ਦੀ ਕਿਸੇ ਖੱਡ ਵਿਚ ਸੁੱਟ ਦੇਣਾ। ਦੇਖ ਲਊਂ ਮੈਂ ਗੁਰੂ ਗੋਬਿੰਦ ਸਿੰਘ ਇਸ ਦੀ ਰੱਖਿਆ ਕਿਵੇਂ ਕਰਦਾ ਹੈ।" ਜੱਲਾਦ, ਭਾਈ ਦੇਵੀ ਚੰਦ ਨੂੰ ਮਾਰਨ ਵਾਸਤੇ ਲੈ ਤੁਰੇ। ਇਸ ਘਟਨਾ ਦੀ ਖ਼ਬਰ ਸਾਰੇ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲੀ ਸੀ। ਜਦੋਂ ਦੇਵੀ ਚੰਦ ਦੇ ਪਰਿਵਾਰ ਨੂੰ ਪਤਾ ਲੱਗਾ, ਕੂੰਜ ਵਾਂਗੂੰ ਕੁਰਲਾਉਂਦੀ ਦੇਵੀ ਚੰਦ ਦੀ ਭੈਣ ਤੇ ਮਾਤਾ ਅਤੇ ਦੇਵੀ ਚੰਦ ਦੀ ਰਾਣੀ ਰੋਂਦੀਆਂ ਹੋਈਆਂ ਦੇਵੀ ਚੰਦ ਨੂੰ ਮਿਲਣ ਤੁਰ ਪਈਆਂ। ਜਦੋਂ ਭੈਣ ਦੇ ਰੋਣ ਦੀ ਅਵਾਜ਼ ਭਾਈ ਦੇਵੀ ਚੰਦ ਦੇ ਕੰਨਾਂ ਵਿਚ ਪਈ ਤਾਂ ਜੱਲਾਦਾਂ ਨੂੰ ਕਹਿਣ ਲੱਗਾ, ਮੇਰੀ ਅੰਮਾ ਜਾਈ ਭੈਣ ਨੂੰ ਮਿਲਣ ਦੇਣ ਦਿੱਤਾ ਜਾਵੇ। ਜੱਲਾਦ ਜ਼ਰਾ ਕੁ ਰੁਕੇ ਨੇ, ਭੈਣ ਅੱਗੇ ਵਧੀ ਹੈ। ਆਪਣੇ ਵੀਰ ਦੇ ਗਲ ਲੱਗ ਕੇ ਉੱਚੀ-ਉੱਚੀ ਕੁਰਲਾਉਂਦੀ ਹੈ। ਉਹਦੀਆਂ ਚੀਕਾਂ ਸੁਣ ਕੇ ਪੱਥਰ ਵੀ ਮੋਮ ਹੋ ਜਾਂਦਾ ਸਨ। ਆਪਣੇ ਪਿਆਰੇ ਵੀਰ ਨਾਲ ਜੋ ਗੱਲਾਂ ਕਰਦੀ ਹੈ ਇਓਂ ਪੇਸ਼ ਹੈ :

ਕਸੂਰੀ ਛੰਦ

1. ਜਦੋਂ ਫੜ ਕੇ ਜੱਲਾਦਾਂ, ਤੋਰ ਲਿਆ ਵੀਰ ਨੂੰ।
ਭੈਣ ਜਾਵੇ ਜਾਰ, ਨੈਣਾਂ ਚੋਂ ਵਹਾਉਂਦੀ ਨੀਰ ਨੂੰ।
ਭੀਮ ਚੰਦ ਨੇ ਕਮਾਇਆ ਕਹਿਰ ਭਾਰਾ ਵੀਰ ਵੇ।
ਸਾਡਾ ਤੇਰੇ ਬਾਝੋਂ ਕਿਤੇ ਨਹੀਂ ਸਹਾਰਾ ਵੀਰ ਵੇ।

2. ਪਿਤਾ ਕਿਹਾ ਨਾ ਜਿਉਂਦਾ, ਨਾ ਕੋਈ ਹੋਰ ਵੀਰ ਵੇ।
ਤੇਰੀ ਟੁੱਟ ਚਲੀ ਜ਼ਿੰਦਗੀ ਦੀ ਡੋਰ ਵੀਰ ਵੇ।
ਸਾਡਾ ਰਾਜੇ ਅੱਗੇ ਚੱਲੇ ਨਾ ਕੋਈ ਚਾਰਾ ਵੀਰ ਵੇ।
ਸਾਡਾ ਤੇਰੇ ਬਾਝੋਂ ਕਿਤੇ ਨਹੀਂ ਸਹਾਰਾ ਵੀਰ ਵੇ।

3. ਜਦੋਂ ਤੱਤੇ ਕਿੱਲ ਠੋਕੇਂਗੇ, ਅੱਖਾਂ ਚੋਂ ਵਹਿਣਗੇ।
ਉਦੋਂ ਭੈਣ ਦੇ ਕਲੇਜੇ ਚੀਰ ਡੂੰਘੇ ਪੈਣਗੇ।
ਅਉਣਾ ਮੁੱਖ ਉੱਤੇ ਕਿਸੇ ਨਹੀਂ ਦੁਬਾਰਾ ਵੀਰ ਵੇ।
ਸਾਡਾ ਤੇਰੇ ਬਾਝੋਂ ਕਿਤੇ ਨਹੀਂ ਸਹਾਰਾ ਵੀਰ ਵੇ।

4. ਰੋਂਦੀ ਫਾਵੇ ਮੈਂ ਭੱਜੀ ਨਹੀਉਂ ਜਾਣੀ ਵੀਰ ਵੇ।
ਜੱਲਾਦਾਂ ਕੀਤਿਆ ਵਿਛੜ ਅੰਮਾ ਜਾਈ ਵੀਰ ਵੇ।
ਉਹਦਾ ਆਸ ਵਾਲਾ ਢਹਿ ਗਿਆ ਮੁਨਾਰਾ ਵੀਰ ਵੇ।
ਸਾਡਾ ਤੇਰੇ ਬਾਝੋਂ ਕਿਤੇ ਨਹੀਂ ਸਹਾਰਾ ਵੀਰ ਵੇ।

5. ਬੁੱਢੀ ਅੰਮੜੀ ਦੀ ਧੀਰ ਕੌਣ ਵੇ ਧਰਾਊਗਾ।
ਹੁਣ ਮਾਤਾ ਕਹਿ ਕੇ ਕੌਣ ਉਸ ਨੂੰ ਬੁਲਾਊਗਾ।
ਜੀਹਦੀ ਅੱਖੀਆਂ ਦਾ ਟੁੱਟ ਗਿਆ ਤਾਰਾ ਵੀਰ ਵੇ।
ਸਾਡਾ ਤੇਰੇ ਬਾਝੋਂ ਕਿਤੇ ਨਹੀਂ ਸਹਾਰਾ ਵੀਰ ਵੇ।
6. ਭਾਰੇ ਦੁੱਖ ਸਹਿਣੇ ਪੈਣੇ ਸੋਹਲ ਜਿਹੇ ਸਰੀਰ ਨੂੰ।
ਕੌਣ ਜਮਾਂ ਤੋਂ ਛੁਡਾਵੇ ਅੱਜ ਮੇਰੇ ਵੀਰ ਨੂੰ।
ਕਹਿੰਦਾ ਰੋਕਿਆ ਨਹੀਂ ਰੁਕਿਆ ਹੱਤਿਆਰਾ ਵੀਰ ਵੇ।
ਸਾਡਾ ਤੇਰੇ ਬਾਝੋਂ ਕਿਤੇ ਨਹੀਂ ਸਹਾਰਾ ਵੀਰ ਵੇ।

ਮਾਂ ਦੀ ਮਮਤਾ ਜਾਗ ਉੱਠੀ। ਕੈਣ ਤੋਂ ਬਾਅਦ ਅੱਗੇ ਵਧੀ ਆਪਣੇ ਪੁੱਤਰ ਨੂੰ ਗਲਵੱਕੜੀ ਵਿਚ ਲੈ ਕੇ ਇਕ ਲੰਮਾ ਹੌਕਾ ਲਿਆ, ਫਿਰ ਉੱਚੀ-ਉੱਚੀ ਰੋ-ਰੋ ਕੇ ਆਪਣੇ ਪੁੱਤਰ ਦਾ ਮੂੰਹ-ਮੱਥਾ ਚੁੰਮਦੀ, ਫਿਰ ਛਾਤੀ ਨਾਲ ਲਾਉਂਦੀ। ਫਿਰ ਸਿਰ 'ਤੇ ਪਿਆਰ ਦਿੰਦੀ। ਮਾਂ ਇਕ ਐਸੀ ਮਮਤਾ ਹੈ ਪੁੱਤਰ ਨੂੰ ਕਿਤੇ ਠੋਕਰ ਲੱਗ ਜਾਵੇ, ਮਾਂ ਤੋਂ ਜਰਿਆ ਨਹੀਂ ਜਾਂਦਾ। ਮਾਂ, ਪੁੱਤਰ ਨੂੰ ਸੁੱਕੇ ਥਾਂ 'ਤੇ ਪਾਉਂਦੀ, ਆਪ ਗਿੱਲੇ ਥਾਂ 'ਤੇ ਪੈ ਕੇ ਦਿਨ ਲੰਘਾ ਜਾਂਦੀ। ਇਸ ਮਾਂ ਦੀ ਬਾਬਤ ਚਾਰ ਸਤਰਾਂ ਬਣੀਆਂ ਹੀ ਢੁਕਦੀਆਂ ਹੈ :

ਮਾਂ ਵਰਗਾ ਘਣ ਛਾਵਾਂ ਬੂਟਾ ਮੈਨੂੰ ਹੋਰ ਨਜ਼ਰ ਨਾ ਆਵੇ।
ਜਿਸ ਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸਵਰਗ ਬਣਾਏ।
ਬਾਕੀ ਕੁਲ ਦੁਨੀਆਂ ਦੇ ਬੂਟੇ ਜੜ੍ਹ ਸੁੱਕਿਆਂ ਮਰ ਜਾਂਦੇ।
ਐਪਰ ਫੁੱਲਾਂ ਦੇ ਮੁਰਝਾਇਆਂ ਇਹ ਬੂਟਾ ਸੁੱਕ ਜਾਂਦੇ।

ਇਸ ਬੁੱਢੜੀ ਮਾਂ ਦੀਆਂ ਚੀਕਾਂ ਤੇ ਕੂਕਾਂ ਪੁਕਾਰਾਂ ਦੇ ਸੀਨੇ ਚੀਰ-ਚੀਰ ਕੇ ਨਿਕਲ ਰਹੀਆਂ ਸਨ। ਆਖਰ ਉਸ ਨੇ ਆਪਣੇ ਪਿਆਰੇ ਪੁੱਤਰ ਨੂੰ ਗਲ ਨਾਲ ਲਾ ਕੇ ਕਿਹਾ, ਪੁੱਤਰਾ, ਮੈਂ ਤੇਰੇ ਤੋਂ ਬਿਨਾਂ ਕਿਵੇਂ ਇਸ ਦੁਨੀਆਂ 'ਤੇ ਜ਼ਿੰਦਗੀ ਕਟਾਂਗੀ। ਮੇਰਾ ਤਾਂ ਤੇਰੇ ਨਾਲ ਹੀ ਸੰਸਾਰ ਵੱਸਦਾ ਹੈ। ਉਸ ਵਕਤ ਮਮਤਾ ਮਾਰੀ ਮਾਂ ਦੇ ਦਰਦ ਭਰੇ ਕੈਣਾਂ ਨੂੰ ਕਵੀ ਨੇ ਇੰਞ ਬਿਆਨ ਕੀਤਾ ਹੈ :

ਟੁੱਟੇ ਦਿਲ ਨਹੀਂ ਜੁੜਦੇ

ਤਰਜ਼ ਛੰਦ

1. ਵਕਤ ਗਿਆ ਜਦ ਭਾਣਾ ਉਸ ਵਿਧਾਤਾ ਦਾ।
ਲੱਗਾ ਹੋਣ ਵਿਛੋੜਾ ਪੁੱਤ ਤੇ ਮਾਤਾ ਦਾ।
ਜਾਵੇ ਜ਼ੁਲਮ ਖੂਨਾ ਖ਼ਤਰ ਜ਼ਲਾਦਾਂ ਦਾ।
ਕੀ ਪੁੱਤਰਾਂ ਬਿਨ ਜ਼ਿੰਦੜੀਆਂ ਲੋਕ 'ਤੇ ਮਾਂਵਾਂ ਦਾ।

2. ਹੋਣੇ ਫੇਰ ਨਹੀਂ ਮੇਲੇ ਅੱਜ ਦੇ ਵਿਛੜਿਆਂ।
ਫੇਰ ਕਦੇ ਨਹੀਂ ਮਿਲਣਾ ਅੱਜ ਦੇ ਨਿਖੜਿਆਂ।
ਲਾਜ ਕਿਤੇ ਨਹੀਂ ਹੋਣਾ ਟੁੱਟੀਆਂ ਬਾਂਹਵਾਂ ਦਾ।
ਕੀ ਪੁੱਤਰਾਂ ਬਿਨ ਜਿਊਣਾ ਜੱਗ 'ਤੇ ਮਾਂਵਾਂ ਦਾ।

3. ਅੱਖੀਆਂ ਦੇ ਵਿਚ ਕਿੱਸ ਜਾ ਤੇਰੇ ਰੁਕਣਗੇ।
ਮਾਂ ਤੱਤੜੀ ਦੇ ਦੀਦੇ ਉਦੋਂ ਫੁੱਟਣਗੇ।
ਪਾਟ ਜਾਊਗਾ ਸੀਨਾ ਠੰਡੀਆਂ ਛਾਵਾਂ ਦਾ।
ਕੀ ਪੁੱਤਰਾਂ ਬਿਨ ਜਿਊਣਾ ਜੱਗ 'ਤੇ ਮਾਂਵਾਂ ਦਾ।

4. ਕੌਣ ਤੇਰੀ ਨੂੰ ਡੋਲੀ ਕੌਣ ਚੜ੍ਹਾਊਗਾ।
ਮੁੜ ਮੁੜ ਤੇਰਾ ਚੇਤਾ ਉਸ ਨੂੰ ਆਊਗਾ।
ਪੈਂਦਾ ਮੁੱਲ ਵਿਛੋੜਾ ਭੈਣ ਭਰਾਵਾਂ ਦਾ।
ਕੀ ਪੁੱਤਰਾਂ ਬਿਨ ਜਿਊਣਾ ਜੱਗ 'ਤੇ ਮਾਂਵਾਂ ਦਾ।

5. ਧੀਰਜ ਕੌਣ ਧਰਾਊ ਤੇਰੀ ਰਾਣੀ ਨੂੰ।
ਕੌਣ ਚੱਕੀ ਜੋ ਹੱਥੀਂ ਆਪਣੇ ਹਾਣੀ ਨੂੰ।
ਭੈਣ ਜਿਸਦਾ ਬਿਨ ਸੁੰਨਾ ਲਗਣਾ ਰਾਹਵਾਂ ਦਾ।
ਕੀ ਪੁੱਤਰਾਂ ਬਿਨ ਜਿਊਣਾ ਜੱਗ 'ਤੇ ਮਾਂਵਾਂ ਦਾ।

6. ਅੱਖਰਾਂ ਵਾਂਗੂੰ ਅੱਖੀ ਰੋ ਰੋ ਰੋਊਗੀ।
ਪਾਰ ਕੋਈ ਨਾ ਤੇਰੀ ਜਦ ਮੈਂ ਮੋਊਗੀ।
ਮੁੜ ਚੇਤਾ ਆਊਗਾ ਤੇਰਿਆਂ ਰਾਹਵਾਂ ਦਾ।
ਕੀ ਪੁੱਤਰਾਂ ਬਿਨ ਜਿਊਣਾ ਜੱਗ 'ਤੇ ਮਾਂਵਾਂ ਦਾ।

7. ਘੁਟ ਦੇ ਵਾਂਗਰ ਖਾ ਜਾਊ ਦੁੱਖੜਾ ਤੇਰਾ ਵੇ।
ਅੱਜ ਉਜੜ ਗਿਆ ਰੰਗਲਾ ਖੇੜਾ ਮੇਰਾ ਵੇ।
ਦੇਣਾ ਘਰ ਨਾ ਉਜੜੇ ਚਿੜੀਆਂ ਕਾਵਾਂ ਦਾ।
ਕੀ ਪੁੱਤਰਾਂ ਬਿਨ ਜਿਊਣਾ ਜੱਗ 'ਤੇ ਮਾਂਵਾਂ ਦਾ।

8. ਪਰਖਣ ਉਤੇ ਤੈਨੂੰ ਜਾਲਮ ਲੁੱਟਣਗੇ।
ਦਮ ਜਿੰਦੜੀ ਦੇ ਮੇਰੇ ਉਦੋਂ ਟੁੱਟਣਗੇ।
ਨਹੀਂ ਰੱਬ ਨੇ ਕੀਤਾ ਕੰਮ ਦਨਾਵਾਂ ਦਾ।
ਕੀ ਪੁੱਤਰਾਂ ਬਿਨ ਜਿਊਣਾ ਜੱਗ 'ਤੇ ਮਾਂਵਾਂ ਦਾ।

੭. ਤੇਰੇ ਵਿਚ ਵਿਛੋੜੇ ਲੁਛ ਲੁਛ ਮਰਾਂਗੀਆਂ।
ਮੜੀਆਂ ਵਿਚ ਵੀ ਤੈਨੂੰ ਚੇਤੇ ਕਰਾਂਗੀਆਂ।
ਹਾਲ ਲਿਖੂਗਾ ਸ਼ਾਇਰੀ ਜੋ ਸਤਰਾਵਾਂ ਦਾ।
ਕੀ ਪੁੱਤਰਾਂ ਬਿਨ ਜਿਊਣਾ ਜੱਗ 'ਤੇ ਮਾਂਵਾਂ ਦਾ।

ਭਾਈ ਦੇਵੀ ਚੰਦ ਦੀਆਂ ਅੱਖਾਂ ਵਿਚੋਂ ਜਲ ਵਹਿ ਰਿਹਾ ਸੀ। ਉਸ ਨੇ ਆਪਣੀ ਮਾਤਾ ਨੂੰ ਸੀਸ ਝੁਕਾ ਕੇ ਕਿਹਾ ਕਿ ਹੇ ਮੇਰੀ ਮਾਤਾ ਜੀ! ਦੀਨ ਦੁਨੀਆਂ ਦਾ ਮਾਲਕ ਗੁਰੂ ਗੋਬਿੰਦ ਸਿੰਘ ਜੀ ਮੇਰੇ ਅੰਗ ਸੰਗ ਨੇ। ਉਹ ਮੇਰੀ ਰੱਖਿਆ ਕਰਨਗੇ। ਧੀਰਜ ਦੇ ਕੇ ਆਪਣੀ ਭੈਣ, ਮਾਤਾ ਤੇ ਰਾਣੀ ਨੂੰ ਵਾਪਸ ਕਰ ਦਿੱਤਾ। ਕਿਹਾ ਕਿ ਤੁਸੀਂ ਵੀ ਗੁਰੂ ਪਾਤਸ਼ਾਹ ਅੱਗੇ ਅਰਦਾਸ ਕਰੋ, ਉਹ ਭਲਾ ਕਰੇਗਾ। ਜੱਲਾਦ ਸਿੰਘ ਨੂੰ ਲੈ ਕੇ ਪਰਬਤ ਦੀ ਚੋਟੀ ਉੱਤੇ ਜਾ ਚੜ੍ਹੇ। ਉਹਨਾਂ ਅੰਗ ਵਿਚ ਸੀਖਾਂ ਤੱਤੀਆਂ ਕਰਕੇ ਕਿਹਾ ਕਿ "ਅਸੀਂ ਆਪਣੇ ਮਾਲਕ ਦਾ ਹੁਕਮ ਵਜਾਉਣ ਲੱਗੇ ਹਾਂ, ਤੂੰ ਆਪਣੇ ਮਾਲਕ ਨੂੰ ਯਾਦ ਕਰ ਲੈ।" ਸੋ ਭਾਈ ਦੇਵੀ ਚੰਦ ਨੇ ਕਲਗੀਆਂ ਵਾਲੇ ਪਾਤਸ਼ਾਹ ਦੇ ਚਰਨਾਂ ਦਾ ਆਸਰਾ ਲੈ ਕੇ ਅਰਦਾਸ ਕੀਤੀ। ਸਿੰਘ ਦੀ ਅਰਦਾਸ ਜਿਵੇਂ ਗੁਰੂ ਦੇ ਦਰ 'ਤੇ ਪ੍ਰਵਾਨ ਹੋਈ, ਜਿਵੇਂ ਗੁਰੂ ਨੇ ਸਿੰਘ ਦੀ ਰੱਖਿਆ ਕੀਤੀ, ਉਸ ਵਕਤ ਦਾ ਸੀਨ ਇਉਂ ਪੇਸ਼ ਹੈ:

ਗੱਡੀ ਛੰਦ

ਉੱਤੇ ਚੋਟੀ ਦੇ ਚੜ੍ਹਾ ਕੇ ਦੇਵੀ ਚੰਦ ਨੂੰ,
ਆਖਿਆ ਜੱਲਾਦਾਂ ਇਸ ਤਰ੍ਹਾਂ, ਹੁਣ ਆਪਣੇ ਧਿਆ ਲੈ ਸਿੰਘਾ ਗੁਰੂ ਨੂੰ
ਜਿਹੜਾ ਰੱਖੇ ਲਾਜਾਂ ਤੇਰੀਆਂ।
ਪਾਪੀ ਰਾਜੇ ਦਾ ਹੁਕਮ ਹੈ ਕਰੜਾ, ਦੇਣੀਆਂ ਸਜ਼ਾਵਾਂ ਭਾਰੀਆਂ।
ਤੱਤੇ ਕਿੱਲ ਜੋ ਤਪਾ ਕੇ ਅੰਗ ਦਾਗਣਾ, ਠੋਕ ਦੇਣੇ ਵਿਚ ਨੇਤਰਾਂ
ਕੁਝ ਰੀਸ ਨਾ ਕਚੀਚਾ ਸਾਡੇ, ਹਾਰ ਦੇਣੀ ਤੇਰੇ ਕਰਮਾਂ।
ਦੇਵੀ ਚੰਦ ਸੀ ਸਿਦਕ ਵਿਚ ਪੂਰਾ, ਡਰਾ ਨਾ ਡਰੀਂਦਾ ਹੌਸਲਾ,
ਅੱਖਾਂ ਮੀਟ ਕੇ ਕਰੇ ਅਰਦਾਸਾਂ, ਤੂੰ ਲਾਜਾਂ ਰੱਖੀਂ ਬਾਜਾਂ ਵਾਲਿਆ।
ਛੇਟ ਪਹੁੰਚੀਆਂ ਦਿਲਾਂ ਦੀਆਂ ਤਾਰਾਂ, ਆ ਕੇ ਵਿਚ ਅਨੰਦਪੁਰ ਦੇ,
ਲੱਗਾ ਹੋਇਆ ਸੀ ਦੀਵਾਨ ਦਸਮੇਸ਼ ਦਾ, ਸੰਗਤਾਂ ਸੀ ਪਾਸ ਬੈਠੀਆਂ।
ਕਿੱਲ ਉਧਰੋਂ ਜੱਲਾਦਾਂ ਜਦੋਂ ਠੋਕੇ, ਲਾਜ ਰੱਖੀ ਗੁਰਾਂ ਸਿੰਘ ਦੀ।
ਜਾਣੀ ਜਾਣ ਨੇ ਠਣਾ ਵਿਚ ਚਰਨਾਂ, ਡਰਾ ਨਾ ਹੋਇਆ ਦੁੱਖ ਸਿੰਘ ਨੂੰ।
ਧੱਕਾ ਮਾਰ ਕੇ ਖੱਡੀਂ ਵਿਚ ਸੁੱਟਿਆ, ਜ਼ਰਾ ਨਾ ਲੱਗੀ ਸੱਟ ਉਸ ਨੂੰ।

ਖੂਨ ਵੱਗਦਾ ਗੁਰਾਂ ਦੇ ਜਦੋਂ ਵੇਖਿਆ, ਰਹਿ ਗਈਆਂ ਹੈਰਾਨ ਸੰਗਤਾਂ।
ਨੰਦ ਚੰਦ ਨੂੰ ਗੁਰਾਂ ਨੇ ਝੱਟ ਆਖਿਆ, ਜਲਦੀ ਲਿਆਉ ਪਾਲਕੀ,
ਕੋਲੇ ਮਾਤਾ ਦੇ ਅਸਾਂ ਨੂੰ ਲੈ ਜਾਉ, ਹਕੀਮ ਨੂੰ ਲਿਆਉ ਸੱਦ ਕੇ।
ਵੈਦ ਜਲਦੀ ਲਿਆਂਦਾ ਸਿੱਖਾਂ ਸੱਦ ਕੇ, ਪੁੱਟੇ ਜਦੋਂ ਕਿੱਲ ਉਸ ਨੇ,
ਅੱਗ ਵਾਂਗਰਾਂ ਅਜੇ ਸੀ ਕਿੱਲ ਸੜਦੇ, ਸਾਰੇ ਰਹਿ ਗਏ ਦੰਗ ਵੇਖ ਕੇ।
ਮਾਤਾ ਪੁੱਛਦੀ ਗੁਰਾਂ ਦੇ ਕੋਲੋਂ, ਇਹ ਕੀ ਚੋਜ ਮਿਹਰਾਂ ਵਾਲਿਆ,
ਕੀਹਦੇ ਪ੍ਰੇਮ ਦੇ ਵੱਸ ਜੋ ਦੁੱਖ ਜਰਦੇ, ਖੋਲ੍ਹ ਕੇ ਸੁਣਾਦੇ ਅਸਾਂ ਨੂੰ।
ਗੁਰਾਂ ਆਖਿਆ ਦੱਸੇਗਾ ਆਪੇ, ਜਿਸ ਦੇ ਵੰਡਾਏ ਦੁੱਖੜੇ।
ਏਨੇ ਚਿਰਾਂ ਨੂੰ ਫਕੀਰ ਆਣ ਪਹੁੰਚਿਆ, ਡਿੱਗਿਆ ਗੁਰਾਂ ਦੇ ਚਰਨੀਂ,
ਮੈਨੂੰ ਰੱਖਿਆ ਮੁਸੀਬਤਾਂ 'ਚੋਂ ਮਾਲਕਾ, ਜਿਵੇਂ ਪ੍ਰਹਲਾਦ ਤਾਰਿਆ।
ਫਿਰ ਪੁੱਛਦਾ ਜ਼ਖਮ ਇਹ ਕਾਹਦੇ, ਜੋ ਚਰਨ 'ਚੋਂ ਖੂਨ ਵੱਗਦਾ।
ਕਿੱਲ ਗੁਰਾਂ ਨੇ ਸਰਾਣੇ ਹੇਠੋਂ ਕੱਢ ਕੇ, ਦਿਖਾਏ ਜਦੋਂ ਦੇਵੀ ਚੰਦ ਨੂੰ,
ਦੰਗ ਰਹਿ ਗਿਆ ਤੇ ਚਰਨਾਂ 'ਤੇ ਪੈ ਗਿਆ, ਤੂੰ ਧੰਨ ਗੁਰੂ ਬਾਜਾਂ ਵਾਲਿਆ।
ਆਖਦਾ, ਆਖਦਾ,
ਕੀਤਾ ਤੂੰ ਨਤਾਰਾ ਮਾਲਕਾ ! ਪੁੰਨ ਪਾਪ ਦਾ।

ਦੇਵੀ ਚੰਦ ਦੀ ਇਸ ਘਟਨਾ ਨੇ ਰਾਜੇ ਭੀਮ ਚੰਦ 'ਤੇ ਬੜਾ ਗਹਿਰਾ ਅਸਰ ਪਾਇਆ। ਰਾਜੇ ਭੀਮ ਚੰਦ ਨੇ ਗੁਰੂ ਜੀ ਨਾਲ ਮੇਲ ਕਰਨ ਦੀ ਤਜਵੀਜ਼ ਸੁਣੀ ਕਿ ਆਪ ਨੂੰ ਵੀ ਕਿਸੇ ਦਿਨ ਗੁਰੂ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ। ਇਸ ਮਿਲਾਪ ਨਾਲ ਦੋਹਾਂ ਧਿਰਾਂ ਨੂੰ ਲਾਭ ਪਹੁੰਚੇਗਾ। ਇਸ ਸਲਾਹ ਤੇ ਫੌਜੀ ਤਾਕਤ ਤੋਂ ਸਾਨੂੰ ਡਰਨ ਦੀ ਲੋੜ ਨਹੀਂ, ਮੇਲ ਮਿਲਾਪ ਵਧਾਈਏ। ਇਹ ਸਾਡੇ ਸਹਾਇਕ ਸਾਬਤ ਹੋ ਸਕਦੇ ਹਨ। ਭੀਮ ਚੰਦ ਸਾਰੇ ਪਹਾੜੀ ਰਾਜਿਆਂ ਵਿਚੋਂ ਤਾਕਤਵਰ ਸੀ। ਫਿਰ ਵੀ ਉਸ ਨੂੰ ਭੈਅ ਰਹਿੰਦਾ ਸੀ ਕਿ ਕੋਈ ਹੋਰ ਰਾਜਾ ਉਸ ਤੋਂ ਬਲਵਾਨ ਨਾ ਹੋ ਜਾਵੇ। ਉਸ ਨੇ ਸੋਚਿਆ ਕਿ ਗੁਰੂ ਤਾਕਤ ਪਕੜ ਰਿਹਾ ਹੈ। ਹੋ ਸਕਦਾ ਉਹ ਕਿਸੇ ਦਿਨ ਫੌਜੀ ਤਾਕਤ ਦਾ ਮਾਲਕ ਬਣ ਜਾਵੇ। ਸਾਡੇ ਵਿਚੋਂ ਜਿਸ ਨੂੰ ਉਹਦੀ ਸਹਾਇਤਾ ਪ੍ਰਾਪਤ ਹੋਵੇਗੀ, ਉਹ ਸਹੀ ਅਰਥਾਂ ਵਿਚ ਦੂਸਰਿਆਂ ਨਾਲੋਂ ਬਲਵਾਨ ਹੋ ਜਾਵੇਗਾ। ਹੋਰ ਕਿਸੇ ਤੋਂ ਪਹਿਲਾਂ ਇਹ ਲਾਭ ਮੈਂ ਕਿਉਂ ਨਾ ਉਠਾਵਾਂ। ਨੀਤੀਵਾਨ ਹਰ ਵਸਤੂ ਦੀ ਕੀਮਤ ਨੀਤੀ ਦੇ ਨਿਯਮਾਂ ਦੇ ਆਧਾਰ 'ਤੇ ਮਿਥਦਾ ਹੈ। ਧਰਮ ਨੂੰ ਵੀ ਉਹ ਆਪਣੀ ਰਾਜਸੀ ਮਨੋਰਥ ਵਾਸਤੇ ਵਰਤਣ ਦਾ ਯਤਨ ਕਰਦਾ ਹੈ। ਭੀਮ ਚੰਦ ਆਪਣੇ ਪਰਮਾਨੰਦ ਮੰਤਰੀ ਨੂੰ ਹੁਕਮ ਕੀਤਾ ਕਿ ਗੁਰੂ ਜੀ ਨਾਲ ਮੁਲਾਕਾਤ ਦਾ ਪ੍ਰਬੰਧ ਕੀਤਾ ਜਾਵੇ। ਉਸ ਦੇ ਮਨ ਵਿਚ ਗੁਰੂ ਮਹਾਰਾਜ ਵਾਸਤੇ ਸੜਦਾ ਸੀ। ਉਹ ਖੁਸ਼ੀ ਖੁਸ਼ੀ ਸਤਿਗੁਰੂ ਦੇ

ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਮਹਾਰਾਜ ਉਸ ਦੀਆਂ ਗੱਲਾਂ ਸੁਣ ਕੇ ਬੜੇ ਪ੍ਰਸੰਨ ਹੋਏ। ਹਜ਼ੂਰ ਨੇ ਮੰਤਰੀ ਦਾ ਚੋਖਾ ਆਦਰ ਕੀਤਾ। ਗੁਰਦੇਵ ਨੇ ਫੁਰਮਾਇਆ, "ਭਾਈ ਪਰਮਾਨੰਦ ਜੀ! ਆਪ ਜੀ ਦੀ ਤਜਵੀਜ਼ ਸਲਾਹੁਣ ਯੋਗ ਹੈ। ਰਾਜਾ ਭੀਮ ਚੰਦ ਜੀ ਆਉਣ, ਉਹਨਾਂ ਦਾ ਵੀ ਚੋਖਾ ਆਦਰ ਕੀਤਾ ਜਾਵੇਗਾ। ਗੁਰੂ ਨਾਨਕ ਦਾ ਘਰ ਹਰ ਇਕ ਵਾਸਤੇ ਸਾਂਝਾ ਹੈ। ਜਿਹੋ ਜਿਹੀ ਕੋਈ ਭਾਵਨਾ ਲੈ ਕੇ ਕੋਈ ਆਉਂਦਾ ਹੈ ਉਹੋ ਜਿਹਾ ਉਸ ਨੂੰ ਫਲ ਮਿਲਦਾ ਹੈ। ਅਸੀਂ ਰਾਜਾ ਭੀਮ ਚੰਦ ਨੂੰ ਮਿਲ ਕੇ ਖੁਸ਼ ਹੋਵਾਂਗੇ। ਸਾਡਾ ਤਾਂ ਨਿਸ਼ਾਨਾ ਹੀ ਇਹੋ ਹੈ ਕਿ ਅਸੀਂ ਸਾਰੇ ਰਲ ਕੇ ਭਾਰਤ ਦੀ ਤਕਦੀਰ ਬਦਲਣ ਦਾ ਯਤਨ ਕਰੀਏ। ਸਾਡੇ ਵਲੋਂ ਆਗਿਆ ਹੈ ਜਿਸ ਵੇਲੇ ਰਾਜਾ ਸਾਹਿਬ ਚਾਹੇ ਉਹ ਆ ਸਕਦੇ ਹਨ।"

ਗੁਰੂ ਮਹਾਰਾਜ ਦਾ ਨਿਸ਼ਾਨਾ ਸੀ, ਭਾਰਤ ਦੀ ਲੋਕ ਤਾਕਤ ਨੂੰ ਬਲਵਾਨ ਬਣਾ ਕੇ ਔਰੰਗਜ਼ੇਬ ਦਾ ਜ਼ੁਲਮੀ ਤੇ ਇਕਦਾਇਆ ਰਾਜ ਪਲਟ ਦੇਣ ਦਾ। ਮਹਾਰਾਜ ਮੁਸਲਮਾਨਾਂ ਦੇ ਵਿਰੋਧੀ ਨਹੀਂ ਸਨ। ਸ਼ਖ਼ਸੀ ਰਾਜ ਦੀ ਥਾਂ ਮਹਾਰਾਜ ਮੁਲਕ ਵਿਚ ਲੋਕਰਾਜ ਚਾਹੁੰਦੇ ਸਨ। ਜਿਸ ਵਿਚ ਹਰ ਇਨਸਾਨ ਬਿਨਾਂ ਮਜ਼ਹਬ, ਜਾਤ ਜਾਂ ਗਰੀਬੀ ਦੇ ਵਿਤਕਰੇ ਦੇ ਸੁਖ ਨਾਲ ਜੀਵਨ ਗੁਜ਼ਾਰ ਸਕੇ। ਇਸ ਮਨੋਰਥ ਵਾਸਤੇ ਦੇਸ਼ ਤੇ ਦੇਸ਼ ਲੋਕਾਂ ਦਾ ਮਿਲਾਪ ਜ਼ਰੂਰੀ ਸੀ। ਆਪ ਹਿੰਦੂ ਰਾਜਿਆਂ ਦੇ ਮਿਲਵਰਤਣ ਦੇ ਸੱਚੇ ਦਿਲੋਂ ਚਾਹਵਾਨ ਸਨ। ਇਸ ਦਾ ਸਬੂਤ ਹੈ ਭੰਗਾਣੀ ਦੇ ਯੁੱਧ ਦੇ ਥੋੜ੍ਹਾ ਚਿਰ ਪਿੱਛੋਂ ਹੀ ਪਹਾੜੀ ਰਾਜਿਆਂ ਨੇ ਗੁਰੂ ਜੀ ਪਾਸੋਂ ਮਦਦ ਮੰਗੀ ਤਾਂ ਗੁਰਦੇਵ ਨੇ ਬਿਨਾਂ ਕਿਸੇ ਸ਼ਰਤ ਦੇ ਮੁਗ਼ਲ ਸਰਕਾਰ ਦੇ ਅਹਿਲਕਾਰਾਂ ਵਿਰੁਧ, ਹਿੰਦੂ ਰਾਜਿਆਂ ਦੀ ਮਦਦ ਕੀਤੀ। ਇਸ ਕਰਕੇ ਗੁਰੂ ਜੀ ਸਭ ਨੂੰ ਗੁਲਾਮੀ ਰਾਜ ਦੇ ਖ਼ਿਲਾਫ਼ ਏਕੇ ਦੀ ਪ੍ਰੇਰਨਾ ਦੇਂਦੇ ਸਨ।

ਮੰਤਰੀ ਦੀ ਪ੍ਰੇਰਨਾ ਨਾਲ ਰਾਜਾ ਭੀਮ ਚੰਦ ਸ੍ਰੀ ਅਨੰਦਪੁਰ ਸਾਹਿਬ ਆਇਆ। ਗੁਰੂ ਜੀ ਨੇ ਉਸ ਦਾ ਬਹੁਤ ਆਦਰ ਮਾਣ ਕੀਤਾ। ਗੁਰੂ ਜੀ ਦੇ ਮਾਮਾ ਕ੍ਰਿਪਾਲ ਚੰਦ ਤੇ ਮੁਨਸ਼ੀ ਸਾਹਿਬ ਚੰਦ ਰਾਜੇ ਦੀ ਸੇਵਾ ਵਾਸਤੇ ਨੀਯਤ ਕੀਤੇ ਗਏ। ਰਾਜਾ ਵੀ ਇਸ ਸੇਵਾ ਸਤਿਕਾਰ ਨਾਲ ਖੁਸ਼ ਹੋਇਆ। ਮਹਾਰਾਜ ਦੇ ਉਪਦੇਸ਼ ਵੀ ਰਾਜੇ ਨੂੰ ਪਸੰਦ ਆਏ। ਖਾਸ ਸਮਾਗਮਾਂ ਵਿਚ ਦਰਬਾਰ ਦੀ ਪਸ਼ਮੀਨੇ ਦੀ ਚਾਨਣੀ ਚੜ੍ਹਾਈ ਜਾਂਦੀ ਸੀ। ਉਪਰ ਚਾਂਦੀ ਸੋਨੇ ਦੀ ਚਾਨਣੀ ਉਹਲੇ ਉਸ ਦੀਆਂ ਕਨਾਤਾਂ, ਚਾਂਦੀ ਜੜਤ ਵਾਲਾ ਤਖ਼ਤ, ਜਿਸ ਉਤੇ ਗੁਰੂ ਮਹਾਰਾਜ ਸੁਸ਼ੋਭਿਤ ਸਨ। ਗੁਰਦੇਵ ਦੇ ਸਿਰ 'ਤੇ ਸੁਨਹਿਰੀ ਕਲਗੀ ਮੋਤੀ 'ਤੇ ਹੀਰਿਆਂ ਜੜੀ ਇਲਾਹੀ ਸ਼ੋਭਾ ਪਾ ਰਹੀ ਸੀ। ਗੁਰੂ ਜੀ ਤੀਰ ਕਮਾਨ, ਕਿਰਪਾਨ ਸਾਰੇ ਸ਼ਸਤਰ ਸਜਾ ਕੇ ਤਖ਼ਤ 'ਤੇ ਬੈਠਿਆ ਕਰਦੇ ਸਨ। ਮਹਾਰਾਜ ਦੇ ਖੱਬੇ ਹੱਥ ਵਜ਼ੀਰ, ਸੱਜੇ ਹੱਥ ਸਿਪਾਹੀ ਬੈਠਿਆ ਕਰਦੇ ਸਨ। ਏਸ ਸਜੇ ਹੋਏ ਦਰਬਾਰ ਵਿਚ ਹਾਜ਼ਰ ਹੋਇਆ।

ਜੰਗ ਭੰਗਾਣੀ

ਵਾਰ ਛੰਦ

1. ਭੀਮ ਚੰਦ ਪਹੁੰਚ ਗਿਆ ਜਦ ਆਣ ਕੇ, ਵਿਚ ਸਤਿਗੁਰ ਦੇ ਦਰਬਾਰ।
2. ਵੇਖੀ ਸ਼ਾਨ ਜਾ ਦਸਵੇਂ ਗੁਰਾਂ ਦੀ, ਜਿਹਾ ਸੂਰਜ ਝਲਕਾਂ ਮਾਰ।
3. ਵੇਖੇ ਵਿਚ ਤਾਜ ਦੇ ਸੋਹਵਦੇ, ਹੀਰੇ ਮੋਤੀ ਲਾਲ ਜਵਾਹਰ।
4. ਨਾਲੇ ਕਲਗੀ ਚਮਕਾਂ ਮਾਰਦੀ, ਸੋਂਹਦੀ ਸੀਸ ਉਤੇ ਦਸਤਾਰ।
5. ਬੈਠੀ ਸੰਗਤ ਸੋਂਹਦੀ ਇਸ ਤਰ੍ਹਾਂ, ਜਿਉਂ ਚੰਦ ਦੁਆਲੇ ਪ੍ਰਵਾਰ।
6. ਇਕ ਪਾਸੇ ਬੈਠੇ ਸੇਵਦੇ, ਜਿਹੜੇ ਨਾਮ ਜਪਣ ਕਰਤਾਰ।
7. ਦੂਜੇ ਪਾਸੇ ਸਿਦਕੀ ਸੂਰਮੇਂ, ਪਹਿਣੇ ਜਿਨ੍ਹਾਂ ਨੇ ਹਥਿਆਰ।
8. ਜੇਕਰ ਲੋੜ ਪਵੇ ਤਾਂ ਮਰਨ ਲਈ, ਹਰ ਮੌਕੇ ਰਹਿਣ ਤਿਆਰ।
9. ਜਿਹੜੇ ਜੰਗਲ ਦੇ ਵਿਚ ਖੇਡਦੇ, ਹੈ ਜਾ ਕੇ ਰੋਜ਼ ਸ਼ਿਕਾਰ।
10. ਓਥੇ ਨਾਲ ਨਗਾਰਾ ਵੇਖਿਆ, ਸੁਣਦਾ ਜਿਸ ਦੀ ਨਿੱਤ ਧੁਨਕਾਰ।
11. ਜਿਸ ਦੀਆਂ ਗੂੰਜਾਂ ਪੈਂਦੀਆਂ ਪਰਬਤੀਂ, ਗੱਲਾਂ ਕਰਦੇ ਸਭ ਨਰ ਨਾਰ।
12. ਹਾਥੀ ਫੇਰ ਗੁਰਾਂ ਦਾ ਵੇਖਿਆ, ਜੀਹਦੇ ਮੱਥੇ ਵਿਚ ਲਸਕਾਰ।
13. ਜਿਹੜਾ ਚੁੱਕ ਲਿਆਵੇ ਤੀਰ ਨੂੰ, ਖੇਡਾਂ ਕਰਦਾ ਬੇਸ਼ੁਮਾਰ।
14. ਵੇਖੀ ਫੇਰ ਪਸ਼ਮੀਨੇ ਦੀ ਚਾਨਣੀ, ਜੰਚਦੀ ਜਿਸ ਨੂੰ ਚਾਂਦੀ ਦੀ ਤਾਰ।
15. ਅਦੁੱਤਾ ਅੰਤ ਨਾ ਉਹਦੇ ਵੇਖਿਆ, ਬੈਠੀ ਸੰਗਤ ਕਈ ਹਜ਼ਾਰ।
16. ਜਿੱਥੇ ਫ਼ਰਕ ਨਾ ਅਮੀਰ ਗਰੀਬ ਦਾ, ਹੁੰਦਾ ਸਭਨਾਂ ਦਾ ਸਤਿਕਾਰ।
17. ਝਲਕਦਾ ਨੂਰ ਗੁਰਾਂ ਦੇ ਮੱਥਿਓਂ, ਹੋਏ ਜਿਵੇਂ ਰਾਮ ਅਵਤਾਰ।
18. ਭੀਮਾ ਚਰਨਾਂ ਉਤੇ ਢਹਿ ਪਿਆ, ਹੋਇਆ ਦੂਰ ਦਿਲੋਂ ਹੰਕਾਰ।

ਸਭ ਸੰਗਤ ਕਹਿ ਦਿੱਤੀ ਵਾਹਿਗੁਰੂ

ਉਸ ਨੇ ਪੰਜ ਕਲਾ ਸ਼ਸਤਰ ਵੇਖਿਆ, ਜਿਸ ਦੇ ਬਟਨ ਦਬਾਉਣ ਨਾਲ ਵੱਖ-ਵੱਖ ਤਰ੍ਹਾਂ ਸ਼ਸਤਰ ਨਿਕਲਦੇ ਸਨ। ਪ੍ਰਸਾਦੀ ਹਾਥੀ ਜਿਹੜਾ ਗੁਰੂ ਜੀ ਦੇ ਦਰਬਾਰ ਵਿਚ ਸੁੰਡ ਨਾਲ ਚੌਰ ਕਰ ਰਿਹਾ ਸੀ। ਹੋਰ ਕਈ ਕੀਮਤੀ ਵਸਤਾਂ ਵੇਖ ਕੇ ਮਨ ਮੋਹਿਆ ਗਿਆ। ਗੁਰੂ ਘਰ ਦੀ ਸ਼ਾਨ ਵੇਖ ਕੇ ਰਾਜੇ ਭੀਮ ਚੰਦ ਅੰਦਰ ਈਰਖਾ ਪੈਦਾ ਹੋ ਗਈ ਸੀ। ਲਾਲਚ ਨੇ ਉਸ ਈਰਖਾ ਦੀ ਅੱਗ ਨੂੰ ਹਵਾ ਦਿੱਤੀ। ਉਹ ਹਰ ਵੇਲੇ ਇਹੋ ਮਨ ਵਿਚ ਸੋਚਦਾ ਰਹਿੰਦਾ ਕਿ ਇਹ ਚੀਜ਼ਾਂ ਗੁਰੂ ਕੋਲੋਂ ਕਿਵੇਂ ਪ੍ਰਾਪਤ ਕੀਤੀਆਂ ਜਾ ਸਕਣ, ਮੰਗ ਕੇ, ਜ਼ੋਰ ਕੇ ਜਾਂ ਖੋਹ ਕੇ। ਉਹ ਕਿਸੇ ਵੀ ਢੰਗ ਨਾਲ ਇਹ ਚੀਜ਼ਾਂ ਪ੍ਰਾਪਤ ਕਰਨੀ ਚਾਹੁੰਦਾ ਸੀ। ਬਹਾਨਾ ਮਿਲ ਗਿਆ।

(ਅ) ਪਰਤੋਂ ਡਾ ਸੰਦੇਸ਼ ਗੌਂਡ

ਸ੍ਰੀਨਗਰ (ਗੜ੍ਹਵਾਲ) ਰਾਜੇ ਫਤਹਿ ਸ਼ਾਹ ਦੀ ਲੜਕੀ ਦਾ ਰਿਸ਼ਤਾ ਰਾਜੇ ਭੀਮ ਚੰਦ ਦੇ ਲੜਕੇ ਅਜਮੇਰ ਚੰਦ ਨਾਲ ਪੱਕਾ ਹੋਇਆ ਸੀ। ਰਾਜਾ ਭੀਮ ਚੰਦ ਬਿਲਾਸਪੁਰ (ਕਹਿਲੂਰ) ਦਾ ਰਾਜਾ ਸੀ। ਜੋ ਸਾਰੇ ਪਹਾੜੀ ਰਾਜਿਆਂ ਵਿਚੋਂ ਵੱਡਾ ਮੰਨਿਆ ਜਾਂਦਾ ਸੀ। ਭੀਮ ਚੰਦ ਦੇ ਦਿਲ ਆਈ ਕਿ ਮੌਕਾ ਮਿਲ ਗਿਆ ਹੈ। ਇਹ ਸਾਰੀ ਚੀਜ਼ਾਂ ਚਾਰ ਦਿਨ ਵਾਸਤੇ ਮੰਗ ਕੇ ਲੈ ਆਉਂਦੀਆਂ ਜਾਣ, ਫਿਰ ਵਿਹਰ ਜਾਵਾਂਗੇ, ਹੈ ਤਾਂ ਫ਼ਕੀਰ ਹੀ, ਕੀ ਕਰ ਲਵੇਗਾ ਸਾਡਾ। ਇਸ ਤਜਵੀਜ਼ ਬਾਰੇ ਭੀਮ ਚੰਦ ਨੇ ਆਪਣਿਆਂ ਮੰਤਰੀਆਂ ਨਾਲ ਸਲਾਹ ਕੀਤੀ। ਜਿਹੜੇ ਭੀਮ ਚੰਦ ਦੇ ਨਜ਼ਦੀਕੀ ਸਨ ਉਹਨਾਂ ਨੇ ਕਿਹਾ ਕਿ ਠੀਕ ਹੈ। ਮੰਤਰੀ ਪਰਮਾਨੰਦ ਇਸ ਗੱਲ ਨਾਲ ਸਹਿਮਤ ਨਾ ਹੋਇਆ। ਉਸ ਨੇ ਕਿਹਾ ਕਿ "ਗੁਰੂ ਤੇਗ ਬਹਾਦਰ ਦੀ ਕੁਰਬਾਨੀ ਤੇ ਸਾਰੀ ਹਿੰਦੂ ਜਾਤੀ ਲਈ ਸੀ। ਧਰਮ ਰੱਖਿਆ ਲਈ ਸੀ। ਮੇਰੀ ਰਾਏ ਹੈ ਕਿ ਝਗੜਾ ਸਮੇਟਣ ਦੀ ਥਾਂ ਸਾਨੂੰ ਗੁਰੂ ਦੇ ਸਿੱਖ ਬਣ ਜਾਣਾ ਚਾਹੀਦਾ ਹੈ।" ਮੰਤਰੀ ਦੀ ਰਾਏ ਸੁਣ ਕੇ ਸਾਰੇ ਉਸ ਦੇ ਮੂੰਹ ਵੱਲ ਵੇਖਣ ਲੱਗ ਪਏ। ਭੀਮ ਚੰਦ ਨੇ ਇਕ ਵਾਰ ਆਪਣੇ ਸਾਰੇ ਸਲਾਹਕਾਰਾਂ ਵੱਲ ਵੇਖਿਆ। ਰਾਜੇ ਭੀਮ ਚੰਦ ਨੇ ਕਹਿਣਾ ਸ਼ੁਰੂ ਕੀਤਾ, "ਮੰਤਰੀ ਜੀ ਸੋਚੋ ਭਲਾ ਇਹ ਕਿਵੇਂ ਹੋ ਸਕਦਾ ਹੈ ? ਗੁਰੂ ਗੋਬਿੰਦ ਸਿੰਘ ਨੂੰ ਗੁਰੂ ਮੰਨਿਆ ਜਾ ਸਕਦਾ ਹੈ ਕਿ ਉਹ ਉੱਚ ਜਾਤੀਏ ਖੱਤਰੀ ਹਨ। ਸ਼ਹੀਦ ਗੁਰੂ ਤੇਗ ਬਹਾਦਰ ਦੇ ਸਾਹਿਬਜ਼ਾਦੇ ਹਨ, ਪਰ ਅਸੀਂ ਉਹਨਾਂ ਦੇ ਸਿੱਖਾਂ ਨੂੰ ਕਿਵੇਂ ਪ੍ਰਵਾਨ ਕਰ ਲਈਏ, ਉਹ ਨੀਚ ਜਾਤ ਦੇ ਸੂਦਰ, ਕੁਜਾਤ ਨਾਈ, ਛੀਂਬੇ, ਝਿਊਰ, ਤਰਖਾਣ ਸਾਰੇ ਵੀ ਜਿਨ੍ਹਾਂ ਦਾ ਪ੍ਰਛਾਵਾਂ ਪੈਣ ਨਾਲ ਭਿੱਟੇ ਜਾਂਦੇ ਸਨ। ਗੁਰੂ ਸਾਨੂੰ ਉਹਨਾਂ ਨਾਲ ਬਹਿ ਕੇ ਖਾਣ ਲਈ ਮਜਬੂਰ ਕਰੇਗਾ। ਅਸੀਂ ਨਵਾਂ ਧਰਮ ਮੰਨਣ ਲਈ ਤਿਆਰ ਹਾਂ, ਪਰ ਸਾਡੀਆਂ ਦੋ ਸ਼ਰਤਾਂ ਹਨ, ਇਕ ਤਾਂ ਸਾਡੀ ਪੁਰਾਤਨ ਦੇਵੀ ਦੇਵਤਿਆਂ ਨੂੰ ਪੂਜਣ ਤੋਂ ਨਾ ਰੋਕਿਆ ਜਾਵੇ ਤੇ ਦੂਜਾ ਮਨੂੰ ਦੀ ਸ਼ਾਸਤਰੀ ਅਨੁਸਾਰ ਸਿੱਖ ਬਣਨ ਦਾ ਅਧਿਕਾਰ ਕੇਵਲ ਬ੍ਰਾਹਮਣਾਂ ਤੇ ਖੱਤਰੀਆਂ ਨੂੰ ਹੀ ਹੋਵੇ, ਜੇ ਉਹ ਸਾਡੀਆਂ ਇਹਨਾਂ ਗੱਲਾਂ ਨਾਲ ਸਹਿਮਤ ਨਹੀਂ ਤਾਂ ਫਿਰ ਉਹ ਸਾਡਾ ਵਿਰੋਧੀ ਹੈ।" ਰਾਜੇ ਭੀਮ ਚੰਦ ਦੇ ਦਰਬਾਰ ਵਿਚ ਇਕ ਪੋਤਰ ਧਰਮ ਦਾਸ ਬੈਠਾ ਹੋਇਆ, ਇਹ ਸਾਰੀਆਂ ਗੱਲਾਂ ਸੁਣ ਰਿਹਾ ਸੀ। ਉਸ ਉਠ ਕੇ ਕਿਹਾ ਕਿ ਮੈਂ ਇਹ ਸਾਰੀਆਂ ਚੀਜ਼ਾਂ ਗੁਰੂ ਦਰਬਾਰ ਵਿਚ ਲਿਆਵਾਂਗਾ, ਬਾਕੀ ਜੋਤਸਣਾ ਤੁਹਾਡੀ ਜ਼ਿੰਮੇਵਾਰੀ ਹੋਵੇਗੀ।

ਕਾਫੀ ਛੰਦ

1. ਉਠਿਆ ਪੋਤਰ ਧਰਮੂ ਸੁਣ ਕੇ, ਭੀਮ ਚੰਦ ਦੀਆਂ ਗੱਲਾਂ ਨੂੰ।
ਕਾਤੂ ਦਿਖਾਇਆ ਇਨ੍ਹਾਂ ਪਾਪੀਆਂ, ਦੇਖ ਹੜ੍ਹਾਂ ਦੀਆਂ ਛੱਲਾਂ ਨੂੰ।
ਨਾਲ ਗੱਲਾਂ ਦੇ ਜੋ ਦਿਲ ਚਾਹਵੇ, ਧਰਤੀ ਨੂੰ ਉਲਟਾ ਦੇਂਗਾ।
ਦੇਰ ਜਾਵਣਾ ਤਾਕਤ ਤੇਰੀ, ਚੀਜ਼ਾਂ ਛੱਟ ਲਿਆ ਦੇਂਗਾ।

2. ਮੈਂ ਹਾਂ ਪੰਡਤ ਪੜ੍ਹਿਆ ਲਿਖਿਆ, ਸਤਿਗੁਰ ਬਾਲ ਨਿਆਣਾ ਜੀ।
ਮੇਰੀਆਂ ਗੱਲਾਂ ਸਮਝ ਨਾ ਸਕੇ, ਕੋਈ ਵੀ ਮਰਦ ਸਿਆਣਾ ਜੀ।
ਦਿਲ ਚਾਹਵੇ ਤਾਂ ਮੈਂ ਗੱਲਾਂ ਨਾਂ ਪੰਥਕ ਪਾੜ ਦਿਖਾ ਦੂੰਗਾ।
ਵੇਖ ਲਵਣਾ ਤਾਕਤ ਮੇਰੀ, ਕੌਮਾਂ ਵੰਡ ਦਿਖਾ ਦੂੰਗਾ।

3. ਮੈਂ ਹਾਂ ਰਾਜਨੀਤੀ ਦਾ ਜਾਦੂ, ਲੋਕਾਂ ਨਾਲ ਖਿਡਾਊਂਗਾ।
ਜਦ ਨਿਕਲੇ ਨਾ ਮੇਰੀ ਵਾਹੂ, ਪੰਥ ਦੇ ਵਿਚ ਫਸਾਊਂਗਾ।
ਕੋਈ ਫੁਟਣੀ ਪਾ ਕੇ ਰਾਜਨਾ ਅੰਦਰ ਟਾਕੀ ਲਾ ਦੂੰਗਾ।
ਵੇਖ ਲਵਣਾ ਤਾਕਤ ਮੇਰੀ, ਕੌਮਾਂ ਵੰਡ ਦਿਖਾ ਦੂੰਗਾ।

4. ਉਮਰ ਜਵਾਨ ਤੇ ਮਿਹਣੇ ਸਤਿਗੁਰ, ਕਹੂੰ ਮੈਂ ਸਿਫਤ ਜਵਾਨੀ ਦੀ।
ਜਿਵੇਂ ਕਾਂ ਨੇ ਕੋਇਲ ਫੜਿਆ, ਫਟਦੂ ਗੱਲ ਹੈਰਾਨੀ ਦੀ।
ਗੱਲਾਂ ਨਾਲ ਕਿਸੀ ਅਪਮਾਨ ਦਾ, ਪਲ ਵਿਚ ਮੇਲ ਕਰਾ ਦੂੰਗਾ।
ਵੇਖ ਲਵਣਾ ਤਾਕਤ ਮੇਰੀ, ਕੌਮਾਂ ਵੰਡ ਦਿਖਾ ਦੂੰਗਾ।

5. ਮੈਂ ਸਤਿਗੁਰ ਦੀਆਂ ਸਿਫਤਾਂ ਕਰਕੇ, ਉਸ ਦੇ ਤੀਰ ਸਜਾਵਾਂਗਾ।
ਕੁਝੀ ਨੇ ਪੁਜਣ ਪੈਰ ਤਮਾਰੇ, ਗੱਲਾਂ ਨਾਲ ਵਡਿਆਵਾਂਗਾ।
ਨਾਲ ਅਕਲ ਦੇ ਅਕਲ ਲੜਾ ਕੇ, ਵਿਚ ਸਭਾ ਦੇ ਚਾੜ੍ਹ ਦੂੰਗਾ।
ਵੇਖ ਲਵਣਾ ਤਾਕਤ ਮੇਰੀ, ਕੌਮਾਂ ਵੰਡ ਦਿਖਾ ਦੂੰਗਾ।

6. ਮੈਂ ਕਹੂੰ ਰਾਜਾ ਤਖਤਾ ਤੇ ਬਿਠਾ, ਮਰ ਦਾ ਕਰ ਦਿਆ ਦਰਸ਼ਨ ਨੂੰ।
ਹਰ ਮੇਲੇ 'ਤੇ ਕਰੋ ਤਕਰਾਰਾਂ, ਕਰਨਾ ਤੁਸਾਂ ਦੇ ਪਰਸ਼ਨ ਨੂੰ।
ਸਮਝ ਸਕੂ ਨਾ ਨੀਤੀ ਮੇਰੀ, ਐਸਾ ਮੈਂ ਸਿਖਾ ਦੂੰਗਾ।
ਵੇਖ ਲਵਣਾ ਤਾਕਤ ਮੇਰੀ, ਕੌਮਾਂ ਵੰਡ ਦਿਖਾ ਦੂੰਗਾ।

7. ਏਨੀ ਕਹਿ ਕੇ ਪੰਡਤ ਚਤੁਰ, ਕੀਤੀ ਕੁਝੀਤ ਦਿਖਾਈ ਸੀ।
ਆਪਣੀ ਕਰਤਬ ਸਿਖਿਆ ਉਤੇ, ਮਾਣ ਉਸ ਨੂੰ ਭਾਰੀ ਸੀ।
ਕਹੇ ਮਹੀਨੇ ਅੰਦਰ ਤੇ ਕਰਵਾਨ ਤੈਨੀ ਕਹੂੰ ਜਮਾ ਦੂੰਗਾ।
ਵੇਖ ਲਵਣਾ ਤਾਕਤ ਮੇਰੀ, ਕੌਮਾਂ ਵੰਡ ਦਿਖਾ ਦੂੰਗਾ।

ਪੰਡਤ ਚਤੁਰ ਦਾਸ ਨੀਤੀਵਾਨ ਸੀ। ਉਹਨੇ ਸੋਚਿਆ ਕਿ ਜਵਾਨੀ ਰੁੱਤ ਵਿਚ ਕਰਕ ਦੀ ਕੋਈ ਹੋਂਦੀ ਹੈ ਤੇ ਜਦੋਂ ਗੱਲਾਂ ਭੁਲੇ ਵਿਚ ਵੀ ਕੋਈ ਆ ਜਾਂਦੀ ਹੈ। ਗੁਰੂ ਜਵਾਨ ਹੈ, ਉਸ ਨੂੰ ਠੱਗ ਲੈਣਾ ਕੋਈ ਔਖਾ ਨਹੀਂ। ਗੁਰੂ ਦਰਬਾਰ ਵਿਚ ਆਇਆਂ ਦੀ ਪੰਡਤ ਚਤੁਰ ਦਾਸ ਨੇ ਗੁਰੂ ਅਰਜਨ ਦੀ ਕੰਡਾ ਵਾਂਗੂੰ ਸੋਭਾ ਸੁਣ ਕਰ ਲਿੱਤੀ। ਇਕ ਪਾਸੇ ਉਹਨੇ ਕੌਮ

ਚੰਦ ਨੂੰ ਗੁਰੂ ਘਰ ਦਾ ਸ਼ਰਧਾਲੂ ਦੱਸ ਕੇ ਚੀਜ਼ਾਂ ਦੀ ਮੰਗ ਪੇਸ਼ ਕੀਤੀ, ਦੂਸਰੇ ਪਾਸੇ ਇਹ ਵੀ ਜਿਤਾਇਆ ਕਿ ਬਲਵਾਨ ਗੁਆਂਢੀ ਰਾਜਾ ਭੀਮ ਚੰਦ ਦੀ ਮੰਗ ਠੁਕਰਾਉਣ ਦਾ ਅਰਥ ਹੋਵੇਗਾ, ਉਸ ਦੀ ਦੁਸ਼ਮਣੀ ਸਹੇੜ ਲੈਣਾ। ਕਾਬਲ ਦੀ ਪਸ਼ਮੀਨੇ ਦੀ ਚਾਂਦਨੀ ਰਾਜਾ ਰਤਨ ਰਾਏ ਦੀਆਂ ਭੇਟਾ ਕੀਤੀਆਂ ਸੌਗਾਤਾਂ (ਪ੍ਰਸਾਦੀ ਹਾਥੀ, ਪੰਜ ਕਲਾ ਸ਼ਸਤਰ, ਚੰਦਨ ਦੀ ਚੌਕੀ, ਹਥਿਆਰ ਆਦਿ) ਦੀ ਮੰਗ ਕੀਤੀ। ਰਾਜਾ ਰਤਨ ਰਾਏ ਨੇ ਇਹ ਸੌਗਾਤਾਂ ਭੇਟ ਕਰਦਿਆਂ ਇਕ ਬੇਨਤੀ ਕੀਤੀ ਸੀ ਕਿ ਇਹ ਸਭ ਚੀਜ਼ਾਂ ਗੁਰਗੱਦੀ ਦੀ ਸ਼ਾਨ ਵਾਸਤੇ ਹਨ। ਕਿਸੇ ਨੂੰ ਅਗਾਂਹ ਨਹੀਂ ਦੇਣੀਆਂ। ਗੁਰੂ ਜੀ ਮਹਾਨ ਮਨੋਵਿਗਿਆਨੀ ਸਨ। ਦੂਸਰੇ ਦੇ ਦਿਲ ਆਪ ਝੱਟ ਸਮਝ ਜਾਂਦੇ ਸਨ। ਮਹਾਰਾਜ ਨੇ ਸਮਝ ਲਿਆ ਕਿ ਪੰਡਤ ਚਤਰ ਦਾਸ ਠੱਗੀ ਮਾਰਨਾ ਚਾਹੁੰਦਾ ਹੈ। ਧੋਖਾ ਕਰਨਾ ਚਾਹੁੰਦਾ ਹੈ। ਹਜ਼ੂਰ ਨੇ ਸਮਝਿਆ ਕਿ ਕਿਸੇ ਨਾਲ ਠੱਗੀ ਮਾਰਨਾ ਪਾਪ ਹੈ, ਪਰ ਕਿਸੇ ਕੋਲੋਂ ਠੱਗੇ ਜਾਣਾ ਵੀ ਅਗਿਆਨਤਾ ਹੈ। ਮੈਂ ਭੀਮ ਚੰਦ ਦੀ ਠੱਗੀ ਵਿਚ ਨਹੀਂ ਆਉਣਾ ਚਾਹੀਦਾ। ਸ੍ਰੀ ਪਾਤਸ਼ਾਹ ਜਿਵੇਂ ਪੰਡਤ ਚਤਰ ਦਾਸ ਨੂੰ ਭਰੇ ਦਰਬਾਰ ਵਿਚ ਉਸ ਨੂੰ ਦੱਸਦੇ ਨੇ ਕਿ ਤੂੰ ਰਾਜੇ ਭੀਮ ਚੰਦ ਨਾਲ ਇਹ ਵਾਅਦਾ ਕਰਕੇ ਆਇਆ ਹੈਂ ਕਿ ਮੈਂ ਗੱਲ ਬਾਤ ਕਰਕੇ ਤੈਨੂੰ ਇਹ ਸਾਰੀ ਸੌਗਾਤਾਂ ਲਿਆ ਕੇ ਦੇਵਾਂਗਾ, ਪਰ ਗੁਰੂ ਨਾਨਕ ਦੇ ਘਰ ਨਾਲ ਤੂੰ ਠੱਗੀ ਨਹੀਂ ਮਾਰ ਸਕਦਾ।

ਲੈਹਰੀਆ ਛੰਦ

1. ਬੋਲ ਮੁੱਖ ਵਿਚੋਂ ਆਖਦੇ ਹਜ਼ੂਰ ਜੀ।
ਸੱਚ ਝੂਠ ਕੋਲੋਂ ਸਦਾ ਰਹਿੰਦਾ ਦੂਰ ਜੀ।
ਅਸੀਂ ਵੇਖ ਲਈਏ ਸੀਨਿਆਂ ਦਾ ਨੂਰ ਜੀ।
ਸੱਚ ਝੂਠ ਦਾ ਨਤਾਰਾ ਕਰੀਏ ਘਰ ਪੰਡਤਾ।
ਠੱਗੀ ਚੱਲਣੀ ਨੀ ਤੇਰੀ ਗੁਰੂ ਘਰ ਪੰਡਤਾ।

2. ਆ ਕੇ ਗੁਰੂ ਘਰ ਬੋਲਦਾ ਤੂੰ ਝੂਠ ਉਏ।
ਕਦੇ ਛੱਜਲੀਆਂ ਨਾ ਛਲਦੇ ਨਹੀਂ ਊਠ ਉਏ।
ਆਵੇ ਤੇਲ ਨਾ ਰੇਤਾ ਦੀ ਕੂੜ ਉਏ।
ਤੇਰੇ ਦਿਲ ਵਿਚ ਭਰ ਗੈ ਵਿਕਾਰ ਪੰਡਤਾ।
ਝੂਠ ਬੋਲ ਨਾ ਤੂੰ ਗੁਰੂ ਦਰਬਾਰ ਪੰਡਤਾ।

3. ਰਾਜੇ ਭੀਮੇ ਨਾਲ ਗੱਲ ਤੇਰੀ ਹੋਈ ਉਏ।
ਏਥੇ ਆ ਕੇ ਗੱਲ ਹੋਰ ਸਾਰੀ ਹੋਰ ਉਏ।

ਠੱਗੀ ਠੋਰੀ ਅਤੇ ਝੂਠ ਦਾ ਨਾ ਜ਼ੋਰ ਉਏ।
ਝੂਠ ਸੱਚ ਤੋਂ ਹਮੇਸ਼ਾ ਜਾਂਦਾ ਹਾਰ ਪੰਡਤਾ।
ਠੱਗੀ ਚੱਲਣੀ ਨੀ ਤੇਰੀ ਗੁਰੂ ਘਰ ਪੰਡਤਾ।

4. ਅਸੀਂ ਜਾਣ ਲਈ ਪਹਾੜੀਆਂ ਦੀ ਨੀਤ ਉਏ।
ਚੀਜ਼ਾਂ ਵੇਖ ਕੇ ਉਹ ਹੋਇਆ ਬਦਨੀਤ ਉਏ।
ਅਸੀਂ ਦੱਸ ਦੇਈਏ ਤੈਨੂੰ ਠੀਕ ਠੀਕ ਉਏ।
ਰਾਜਾ ਰੱਖਦਾ ਹੈ ਸਾਡੇ ਨਾਲ ਖਾਰ ਪੰਡਤਾ।
ਝੂਠ ਬੋਲ ਨਾ ਤੂੰ ਗੁਰੂ ਦਰਬਾਰ ਪੰਡਤਾ।

5. ਝੂਠ ਬੋਲ ਬੋਲ ਕੀਤੀ ਤੂੰ ਕਮਾਲ ਉਏ।
ਠੱਗੀ ਕਰਨੀ ਤੂੰ ਚਾਹੁੰਦਾ ਸਾਡੇ ਨਾਲ ਉਏ।
ਸਾਨੂੰ ਲੱਗਦੀ ਨਾ ਪੰਡਤਾ ਤੂੰ ਚਾਲ ਉਏ।
ਹਾਥੀ ਅਸਾਂ ਦੀ ਅਮਾਨਤ ਦਿਆ ਕਰ ਪੰਡਤਾ।
ਠੱਗੀ ਚੱਲਣੀ ਨੀ ਤੇਰੀ ਗੁਰੂ ਘਰ ਪੰਡਤਾ।

6. ਅਸੀਂ ਮੰਨਿਆ ਕੇ ਪੰਡਤਾ ਹਾਂ ਯਾਰ ਉਏ।
ਨਹੀਂ ਤਕੜੇ ਨਾ ਹੋਛੇ ਵਿਚਾਰ ਉਏ।
ਏਥੇ ਸੱਚ ਵਾਲੀ ਵਿਸ਼ਨੂੰ ਵਿਚਾਰ ਉਏ।
ਏਥੇ ਝੂਠਿਆਂ ਦਾ ਝੂਠ ਹੋਣਾ ਜ਼ਾਹਰ ਪੰਡਤਾ।
ਝੂਠ ਬੋਲ ਨਾ ਤੂੰ ਗੁਰੂ ਦਰਬਾਰ ਪੰਡਤਾ।

7. ਇਹ ਹੈ ਨਾਨਕ ਗੁਰੂ ਦਾ ਦਰਬਾਰ ਜੀ।
ਇੱਥੇ ਹੁੰਦਾ ਹੈ ਧਰਮ ਪ੍ਰਚਾਰ ਜੀ।
ਸੇਵਾ ਕਰਦੇ ਨੇ ਗੁਰਸਿੱਖ ਨਰ ਨਾਰ ਜੀ।
ਏਥੇ ਕਈ ਪਾਪੀ ਜਾਂਦੇ ਤਰ ਪੰਡਤਾ।
ਠੱਗੀ ਚੱਲਣੀ ਨੀ ਤੇਰੀ ਗੁਰੂ ਘਰ ਪੰਡਤਾ।

8. ਐਸੇ ਪੰਡਤ ਨੂੰ ਸ਼ਰਮ ਨਾ ਕੋਈ ਆਵੇ ਜੀ।
ਝੂਠਾ ਹੈ ਕਿਆ ਬਹਾਨਾ ਕਿਹੜਾ ਲਾਵੇ ਜੀ।
ਗੁਰਸਿੱਖ ਕਵੀ ਮਹੀਸ਼ ਸਿੰਘ ਗਾਵੇ ਜੀ।
ਕਿੰਨਾ ਸੱਚ ਅਤੇ ਝੂਠ ਦੇ ਵਿਚਕਾਰ ਪੰਡਤਾ।
ਝੂਠ ਬੋਲ ਨਾ ਤੂੰ ਗੁਰੂ ਦਰਬਾਰ ਪੰਡਤਾ।

ਮਹਾਰਾਜ ਜੀ ਨੇ ਕਿਹਾ ਕਿ "ਇਹ ਚੀਜ਼ਾਂ ਅਸੀਂ ਮੰਗਵਾਈਆਂ ਨਹੀਂ ਦੇ ਸਕਦੇ। ਸਾਡੇ ਪ੍ਰੇਮ ਭਰੀਏ ਹਾਥੀਆਂ ਵਿਚੋਂ ਹਾਥੀ ਲੈ ਜਾਉ। ਅਸੀਂ ਵਾਪਸ ਵੀ ਨਹੀਂ ਲਵਾਂਗੇ। ਸੰਗਤ ਦੀਆਂ ਭੇਟਾਵਾਂ ਅਸੀਂ ਨਹੀਂ ਦੇ ਸਕਦੇ।" ਪੰਡਤ ਚਤਰ ਦਾਸ ਨੇ ਕੁਝ ਗੱਲਾਂ ਕੋਲੋਂ ਜੋੜ ਕੇ ਰਾਜੇ ਭੀਮ ਚੰਦ ਦੇ ਕੰਨ ਭਰੇ ਕਿ ਗੁਰੂ ਤਾਂ ਬੜਾ ਹੰਕਾਰੀ ਹੈ। ਤੁਹਾਨੂੰ ਤਾਂ ਉਹ ਸਮਝਦਾ ਨਹੀਂ ਕੁਝ। ਪੰਡਤ ਦੀਆਂ ਗੱਲਾਂ ਦਾ ਰਾਜੇ ਭੀਮ ਚੰਦ ਤੇ ਬੜਾ ਅਸਰ ਹੋਇਆ। ਉਸ ਆਪਣੀ ਸ਼ਾਨ ਨਿਰਾਦਰੀ ਸਮਝੀ ਕਿ ਗੁਰੂ ਨੇ ਮੇਰੇ ਹੰਕਾਰ ਨੂੰ ਚੋਟ ਪਹੁੰਚਾਈ ਹੈ। ਬਾਕੀ ਰਾਜਿਆਂ ਨਾਲ ਸਲਾਹ ਕਰਕੇ ਗੁਰੂ ਜੀ ਨੂੰ ਇਕ ਧਮਕੀਆਂ ਭਰੀ ਚਿੱਠੀ ਇਉਂ ਲਿਖੀ :

ਦਵੱਈਆ ਛੰਦ

1. ਲਿਖ ਕੇ ਚਿੱਠੀ ਭੀਮ ਚੰਦ ਨੇ ਘੱਲ ਗੁਰਾਂ ਦੇ ਪਾਈ।
ਮੋੜੇ ਮੇਰੇ ਅਹਿਲਕਾਰ ਨੂੰ ਤੇਰੀ ਸ਼ਾਮਤ ਆਈ।
ਜੇ ਚਾਹਣਾ ਤਾਂ ਸੁਖ ਸਮਝ ਕੇ ਗੱਲ ਮੰਨ ਲੈ ਮੇਰੀ।
ਨਹੀਂ ਤਾਂ ਪਲ ਦੇ ਅੰਦਰ ਕਰ ਦਿਉਂ, ਢਾਹ ਕੇ ਅਨੰਦਪੁਰ ਢੇਰੀ।

2. ਵੇਖੀਂ ਏਥੇ ਪਲ ਦੇ ਅੰਦਰ, ਹੁੰਦਾ ਕੀ ਵਰਤਾਰਾ।
ਵੱਜਣੋਂ ਹਟ ਜਾਊ ਇਹ ਜਿਹੜੇ ਨੇ, ਧਰਕੇ ਨਿੱਤ ਨਗਾਰਾ।
ਤੇਰੇ ਕੋਲ ਨੇ ਦੌਲਤ ਜਿੰਨੀ ਮੇਰੀ ਫੌਜ ਖਸੇਗੀ।
ਨਹੀਂ ਤਾਂ ਪਲ ਦੇ ਅੰਦਰ ਕਰ ਦਿਉਂ, ਢਾਹ ਕੇ ਅਨੰਦਪੁਰ ਢੇਰੀ।

3. ਵੇਲਾ ਵੇਖ ਅਜੇ ਜੇ ਚਾਹਣਾ, ਹਾਥੀ ਦੇ ਪਰਸ਼ਾਦੀ।
ਨਹੀਂ ਤਾਂ ਤੇਰੀ ਮੇਰੀ ਅੜ ਤੇ, ਵਧਜੂ ਗੱਲ ਫਸਾਦੀ।
ਨਹੀਂ ਤਾਂ ਏਥੇ ਪਲ ਦੇ ਅੰਦਰ ਝੁੱਲੂ ਜ਼ੁਲਮ ਹਨੇਰੀ।
ਨਹੀਂ ਤਾਂ ਪਲ ਦੇ ਅੰਦਰ ਕਰ ਦਿਉਂ, ਢਾਹ ਕੇ ਅਨੰਦਪੁਰ ਢੇਰੀ।

4. ਮੰਨ ਲੈ ਗੱਲ ਤੇ ਦੇ ਦੇ ਚੀਜ਼ਾਂ, ਜੇ ਚਾਹੁਣਾ ਸੁਖ ਜੀਣਾ।
ਨਹੀਂ ਤਾਂ ਮੇਰੀ ਜੂਹ ਦੇ ਅੰਦਰ, ਹੋ ਜਾਊ ਮੁਸ਼ਕਲ ਰਹਿਣਾ।
ਬਾਦਸ਼ਾਹਾਂ ਨਾਲ ਮੱਥਾ ਲਾਏਂਗਾ, ਮੌਤ ਆਈ ਹੁਣ ਤੇਰੀ।
ਨਹੀਂ ਤਾਂ ਪਲ ਦੇ ਅੰਦਰ ਕਰ ਦਿਉਂ, ਢਾਹ ਕੇ ਅਨੰਦਪੁਰ ਢੇਰੀ।

5. ਜਿੰਨਾ ਛੇਤੀ ਕੇ ਗੱਲ ਮੰਨ ਲੈ ਮੇਰੀ, ਦੇ ਦੇ ਚੀਜ਼ਾਂ ਸਾਰੇ।
ਕਰ ਲਵਾਂ ਮੈਂ ਪੁੱਤ ਦੀ ਸ਼ਾਦੀ, ਰਾਜਨ ਸਭ ਜਾਣ ਸਾਰੇ।
ਸ਼ਾਦੀ ਕਰਕੇ ਮੋੜ ਦਊਂ ਮੈਂ ਨਹੀਂ ਕੋਈ ਹੇਰਾ ਫੇਰੀ।
ਨਹੀਂ ਤਾਂ ਪਲ ਦੇ ਅੰਦਰ ਕਰ ਦਿਉਂ, ਢਾਹ ਕੇ ਅਨੰਦਪੁਰ ਢੇਰੀ।

6. ਬਾਈਧਾਰ ਨਾਲ ਮੇਲ ਰਖਿਓ, ਫੇਰ ਰਹੋਗੇ ਵੱਸਦੇ।
ਨਹੀਂ ਤਾਂ ਔਖਾ ਹੋ ਜਾਊ ਰਹਿਣਾ, ਸੱਚ ਤੁਹਾਨੂੰ ਦੱਸਦੇ।
ਮੈਨੂੰ ਜਾਪੇ ਮੌਤ ਤੇਰੀ ਹੁਣ ਫਿਰਦੀ ਤੈਨੂੰ ਘੇਰੀ।
ਨਹੀਂ ਤਾਂ ਪਲ ਦੇ ਅੰਦਰ ਕਰ ਦਿਓ, ਢਾਹ ਕੇ ਅਨੰਦਪੁਰ ਢੇਰੀ।

7. ਰਾਜਪੂਤ ਹਾਂ ਅਸੀਂ ਹਠੀਲੇ, ਜੰਗਾਂ ਜੁੱਧਾਂ ਦੇ ਜਾਣੂ।
ਜੋ ਦੇਵਾਂ ਦੀ ਜੈ ਹੋ ਜਾਂਦੀ, ਕੌਣ ਅਸਾਂ ਨੂੰ ਰਾਣੂ।
ਕਹੇ ਜਰਨੈਲ ਕਵੀਸ਼ਰ ਵਧਦੂ ਦਿਖਿਆ ਬਹੁਤ ਲੰਮੇਰੀ।
ਨਹੀਂ ਤਾਂ ਪਲ ਦੇ ਅੰਦਰ ਕਰ ਦਿਓ, ਢਾਹ ਕੇ ਅਨੰਦਪੁਰ ਢੇਰੀ।

ਰਾਜੇ ਭੀਮ ਚੰਦ ਦੀ ਲਿਖੀ ਹੋਈ ਚਿੱਠੀ ਮਹਾਰਾਜ ਨੇ ਭਰੇ ਦਰਬਾਰ ਵਿਚ ਪੜ੍ਹ ਕੇ ਸੁਣਾਈ ਤੇ ਕਿਹਾ ਕਿ "ਸੰਗਤ ਜੀਓ ! ਇਹ ਭੀਮ ਚੰਦ ਦਾ ਸੁਨੇਹਾ ਆਇਆ ਹੈ, ਕੀ ਇਸ ਦਾ ਵੀ ਉੱਤਰ ਦੇਈਏ ?" ਸੰਗਤਾਂ ਨੇ ਸਿਰ ਝੁਕਾ ਕੇ ਕਿਹਾ, "ਮਹਾਰਾਜ ! ਸਾਡੇ ਨਾਲੋਂ ਤੁਸੀਂ ਸਾਡੇ ਗੁਰਦੇਵ ਪਿਤਾ ਜੀ ਚੰਗਾ ਜਾਣਦੇ ਹੋ ਕਿ ਇਸ ਦਾ ਉੱਤਰ ਕੀ ਦੇਣਾ ਚਾਹੀਦਾ ਹੈ। ਅਸੀਂ ਤਾਂ ਇੰਨਾ ਜਾਣਦੇ ਹਾਂ ਕਿ ਅਸੀਂ ਕਾਠ ਦੀਆਂ ਪੁਤਲੀਆਂ ਹਾਂ, ਤਾਰਾਂ ਆਪ ਜੀ ਦੇ ਹੱਥ ਹਨ। ਜਿਵੇਂ ਚਾਹੇ ਨਚਾ ਲਵੋ, ਚਾਹੇ ਬਰਛੀ ਦੀਆਂ ਤਾਰਾਂ 'ਤੇ, ਚਾਹੇ ਖੰਡੇ ਦੀ ਧਾਰ 'ਤੇ ਨਚਾ ਲਵੋ। ਖ਼ਾਲਸਾ ਤਿਆਰ-ਬਰ-ਤਿਆਰ ਹੈ। ਆਪ ਜੀ ਦੀ ਆਗਿਆ ਦੀ ਲੋੜ ਹੈ।"

ਹਜ਼ੂਰ ਸੁਣ ਕੇ ਪ੍ਰਸੰਨ ਹੋਏ, ਫਿਰ ਭੀਮ ਚੰਦ ਦੀ ਚਿੱਠੀ ਦਾ ਉੱਤਰ ਬੜੇ ਦਲੇਰ ਸ਼ਬਦਾਂ ਵਿਚ ਲਿਖਿਆ। ਮਹਾਰਾਜ ਕੋਈ ਕੰਮ ਕਰਨ ਲੱਗਿਆਂ ਮਾਤਾ ਜੀ ਦੀ ਸਲਾਹ ਜ਼ਰੂਰ ਲੈਂਦੇ ਸਨ। ਆਪ ਚਿੱਠੀ ਦਾ ਉੱਤਰ ਲਿਖ ਕੇ ਮਾਤਾ ਜੀ ਕੋਲ ਪਹੁੰਚੇ। ਨਮਸਕਾਰ ਕਰਕੇ ਬੋਲੇ, "ਗੁਰਦੇਵ ਮਾਤਾ ਜੀਓ ! ਭੀਮ ਚੰਦ ਦੀ ਆਹ ਚਿੱਠੀ ਆਈ ਸੀ।" "ਫਿਰ ਸੁਣਾਉ ਲਾਲ ਜੀ।" ਜਿਉਂ ਜਿਉਂ ਹਜ਼ੂਰ ਜੀ ਚਿੱਠੀ ਦੇ ਸ਼ਬਦ ਸੁਣਾਏ, ਮਾਤਾ ਜੀ ਦੇ ਦਿਲ ਨੂੰ ਜੋਸ਼ ਚੜ੍ਹਦਾ ਗਿਆ। ਕਈਆਂ ਲਿਖਾਰੀਆਂ ਨੇ ਮਾਤਾ ਜੀ ਨੂੰ ਕਮਜ਼ੋਰ ਦੱਸਿਆ ਹੈ, ਪਰ ਉਹ ਕਮਜ਼ੋਰ ਨਹੀਂ ਦਲੇਰ ਸੁਭਾਅ ਦੇ ਮਾਲਕ ਸਨ। ਦਲੇਰ ਮਾਵਾਂ ਦੇ ਪੁੱਤਰ ਹੀ ਬਹਾਦਰ ਹੋਇਆ ਕਰਦੇ ਹਨ। ਜੋ ਗੁਰੂ ਜੀ ਨੇ ਇਸ ਚਿੱਠੀ ਦਾ ਉੱਤਰ ਲਿਖਿਆ ਸੀ ਉਹ ਵੀ ਮਾਤਾ ਜੀ ਨੂੰ ਸੁਣਾਇਆ। ਉੱਤਰ ਸੁਣ ਕੇ ਪ੍ਰਸੰਨ ਹੋਏ ਕਿ ਸ਼ਹੀਦ ਗੁਰੂ ਦੇ ਸਾਹਿਬਜ਼ਾਦੇ ਕੋਲੋਂ ਅਜਿਹੇ ਉੱਤਰ ਦੀ ਆਸ ਸੀ। "ਲਾਲ ਜੀ ! ਸਾਡੀ ਅਸੀਸ ਹੈ ਤੁਹਾਡੀ ਧਰਮ ਯੁੱਧ ਵਿਚ ਜੇ ਜੇਤੂ ਹੋਵੋਗੇ।"

ਇਸ ਚਿੱਠੀ ਵਿਚ ਬੜਾ ਨਿਡਰ ਬਿਆਨ ਸੀ। ਜਿਸ ਨੇ ਭੀਮ ਚੰਦ ਨੂੰ ਪੈਰਾਂ ਤੀਕ ਹਿਲਾ ਦਿੱਤਾ। ਉਸ ਨੇ ਸੋਚਿਆ ਕੁਝ ਨਾ, ਸਭੀ ਫ਼ੌਜਾਂ ਉਠਿਆਂ ਤੇ ਹਮਲੇ ਦੀ ਤਿਆਰੀ ਦਾ ਹੁਕਮ ਦੇ ਦਿੱਤਾ। ਇਹ ਖ਼ਬਰ ਉਸ ਦੀ ਰਾਣੀ ਨੇ ਸੁਣੀ ਤਾਂ ਉਹਦਾ ਦਿਲ ਕੰਬ

ਉਠਿਆ। ਗੁਰੂ ਨੂੰ ਜਿੱਤ ਲੈਣਾ ਕੋਈ ਬੱਚਿਆਂ ਦੀ ਖੇਡ ਨਹੀਂ। ਗੁਰੂ ਨਾਨਕ ਦੀ ਗੱਦੀ ਤੇ ਹਮਲਾ ਕਰਕੇ ਕਿਹੜਾ ਫ਼ਤਹਿ ਪ੍ਰਾਪਤ ਕਰ ਸਕੇਗਾ। ਨਾਲੇ ਇਕ ਪਾਸੇ ਪੁੱਤਰ ਦਾ ਵਿਆਹ ਰਚਾ ਰਹੀ ਹਾਂ, ਮੇਰਾ ਪਤੀ ਲੜਾਈ ਸਹੇੜਨ ਲੱਗਾ ਹੈ। ਇਹ ਗੱਲ ਠੀਕ ਨਹੀਂ। ਖ਼ੁਸ਼ੀ ਦੀ ਥਾਂ ਗ਼ਮੀਆਂ ਛਾ ਜਾਣਗੀਆਂ। ਰਾਣੀ ਗਲ ਵਿਚ ਪੱਲਾ ਪਾ ਕੇ ਸਤਿਗੁਰੂ ਨਾਲ ਲੜਨ ਤੋਂ ਇਉਂ ਰੋਕਦੀ ਹੈ :

1. ਜਿੱਦੀ ਪਤੀ ਤੇ ਭੀਮ ਚੰਦ ਨੇ ਕਰੀ ਤਿਆਰੀ ਜੀ।
ਫੜ ਘੋੜੇ ਦੀਆਂ ਵਾਗਾਂ ਰਾਣੀ ਅਰਜ਼ ਗੁਜ਼ਾਰੀ ਜੀ।
ਅਨੰਦਪੁਰੀ ਦੇ ਵੱਲ ਰਾਜਨਾ ਫ਼ੌਜ ਚੜ੍ਹਾਈਓ ਨਾ।
ਦਸਮ ਗੁਰਾਂ ਦੇ ਨਾਲ ਪਤੀ ਜੀ ਵੈਰ ਵਧਾਈਓ ਨਾ।

2. ਜਿਸ ਗੁਰੂ ਦੇ ਦਾਦੇ ਦੇ ਨਾਲ ਜੰਗ ਮਚਾ ਤੇ।
ਸ਼ਾਹਜਹਾਨ ਦੀ ਫ਼ੌਜ ਦਿਆਂ ਸੱਥਾਂ ਫੇਰ ਮਚਾਦਾ ਤੇ।
ਲੱਗਾ ਖੇਡ ਦੇ ਵਾਂਗਰ ਖੇਡਿਓ ਜਾਨ ਗਵਾਈਓ ਨਾ।
ਦਸਮ ਗੁਰਾਂ ਦੇ ਨਾਲ ਪਤੀ ਜੀ ਵੈਰ ਵਧਾਈਓ ਨਾ।

3. ਜਿਸ ਦੇ ਦਾਦੇ ਫ਼ੌਜ ਦੇ ਗੱਡਿਆ ਤੇਰੇ ਦਾਦੇ ਨੂੰ।
ਉਸ ਦੇ ਪੋਤੇ ਉੱਤੇ ਨਾ ਹੁਣ ਕਰ ਤੂੰ ਧਾਵੇ ਨੂੰ।
ਕੀਤਾ ਪਸ਼ਚਾਤਾਪ ਉਮਰਾਂ ਕਰੇ ਭੁਲਾਈਓ ਨਾ।
ਦਸਮ ਗੁਰਾਂ ਦੇ ਨਾਲ ਪਤੀ ਜੀ ਵੈਰ ਵਧਾਈਓ ਨਾ।

4. ਇਕ ਪਾਸੇ ਤਾਂ ਘਰ ਦੇ ਵਿਚ ਪੁੱਤਰ ਦੀ ਸ਼ਾਦੀ ਜੀ।
ਦੂਜੇ ਪਾਸੇ ਵਧਦੀ ਜਾਵੇ ਜੰਗ ਫ਼ਸਾਦੀ ਜੀ।
ਐਸੇ ਥਾਵੇਂ ਕਰੇ ਰਾਜਨਾ ਕਦਮ ਉਠਾਈਓ ਨਾ।
ਦਸਮ ਗੁਰਾਂ ਦੇ ਨਾਲ ਪਤੀ ਜੀ ਵੈਰ ਵਧਾਈਓ ਨਾ।

5. ਇਕ ਪਾਸੇ ਤਾਂ ਸ਼ਾਦੀ ਦੇ ਵਿਚ ਗੀਤ ਵਧਾਵਾਂ ਦੇ।
ਦੂਜੇ ਪਾਸੇ ਵੈਣ ਸੁਣੇ ਮੈਂ ਧੀਏ ਨਾਵਾਂ ਦੇ।
ਕਰਕੇ ਜੰਗ ਰੰਡੇਪਾ ਮੇਰੇ ਸਿਰ ਨੂੰ ਪਾਈਓ ਨਾ।
ਦਸਮ ਗੁਰਾਂ ਦੇ ਨਾਲ ਪਤੀ ਜੀ ਵੈਰ ਵਧਾਈਓ ਨਾ।

6. ਸਤਿਗੁਰ ਵੀਰ ਬਹਾਦਰ ਤੈਥੋਂ ਜਿੱਤਿਆ ਜਾਣਾ ਨਾ।
ਔਖੀ ਵੇਖ ਕਦੇ ਵੀ ਚਾਹੀਏ ਮੋਹਰਾ ਖਾਣਾ ਨਾ।
ਕਹੇ ਜਰਨੈਲ ਮੇਜਰ ਤੇ ਭਗਵਨ ਦਿਲੋਂ ਭੁਲਾਇਓ ਨਾ।
ਦਸਮ ਗੁਰਾਂ ਦੇ ਨਾਲ ਪਤੀ ਜੀ ਵੈਰ ਵਧਾਇਓ ਨਾ।

ਐਨ ਵੇਲੇ ਕ੍ਰਿਪਾਲ ਚੰਦ ਕਟੋਚੀਆ ਵੀ ਆਣ ਪੁੱਜਾ। ਉਹ ਔਰੰਗਜ਼ੇਬ ਦਾ ਸਭ ਤੋਂ ਵੱਡਾ ਭੇਤੀ ਪੁਰਖ ਸੀ। ਉਸ ਨੇ ਇਕ ਪਾਸੇ ਭੀਮ ਚੰਦ ਦਾ ਹਮਾਇਤੀ ਬਣਿਆ ਤੇ ਦੂਜੇ ਪਾਸੇ ਗੁਰੂ ਜੀ ਨੂੰ ਕਿਹਾ ਕਿ ਮੈਂ ਤੁਹਾਡੇ ਨਾਲ ਹਾਂ। ਪਰ ਘਟ ਘਟ ਜਾਣਨ ਵਾਲੇ ਕਲਗੀ ਵਾਲੇ ਪਾਤਸ਼ਾਹ ਨੇ ਕਿਹਾ ਕਿ "ਕ੍ਰਿਪਾਲ ਚੰਦ ਜੀ, ਸਾਨੂੰ ਕਿਸੇ ਦੀ ਮਦਦ ਦੀ ਲੋੜ ਨਹੀਂ। ਸਾਨੂੰ ਇਕ ਵਾਹਿਗੁਰੂ ਦਾ ਆਸਰਾ ਹੈ।" ਜਦੋਂ ਉਸ ਨੂੰ ਇਹ ਖਰੀਆਂ ਗੱਲਾਂ ਸੁਣਾਈਆਂ ਤਾਂ ਉਸ ਨੂੰ ਧਰਤੀ ਵਿਹਲ ਨਾ ਦੇਵੇ। ਉਹ ਇਸ ਫ਼ੈਸਲੇ 'ਤੇ ਪੁੱਜਾ ਕਿ ਇਹ ਲੜਾਈ ਕੁਝ ਸਮੇਂ ਲਈ ਟਾਲ ਦਿੱਤੀ ਜਾਵੇ। ਆਪਾਂ ਪਹਿਲਾਂ ਅਜਮੇਰ ਚੰਦ ਦਾ ਵਿਆਹ ਕਰਾਂਗੇ, ਫਿਰ ਗੁਰੂ ਨਾਲ ਨਜਿੱਠਾਂਗੇ। ਉਦੋਂ ਸਾਰੇ ਰਾਜੇ ਕੱਠੇ ਹੋਣਗੇ। ਰਾਜਾ ਫ਼ਤਹਿ ਸ਼ਾਹ ਨੂੰ ਵੀ ਨਾਲ ਲੈ ਲਵਾਂਗੇ।

ਉਧਰ ਦੂਸਰੇ ਪਾਸੇ ਗੁਰੂ ਜੀ ਰਾਜੇ ਮੇਦਨੀ ਪ੍ਰਕਾਸ਼ ਦੀ ਬੇਨਤੀ ਮੰਨ ਕੇ ਕੁਝ ਸਮੇਂ ਵਾਸਤੇ ਨਾਹਣ ਚਲੇ ਗਏ। ਹਜ਼ੂਰ ਪਿਤਾ ਨੇ ਰਾਜੇ ਫ਼ਤਹਿ ਸ਼ਾਹ ਤੇ ਮੇਦਨੀ ਪ੍ਰਕਾਸ਼ ਦੀ ਸੁਲਾਹ ਕਰਾਈ। ਉਸ ਦਾ ਖੁੱਸਿਆ ਇਲਾਕਾ ਉਸ ਨੂੰ ਵਾਪਸ ਦੁਆਇਆ। ਇਸੇ ਸਮੇਂ ਹੀ ਗੁਰੂ ਜੀ ਨੇ ਜਮਨਾ ਨਦੀ ਦੇ ਕੰਢੇ 'ਤੇ ਪਾਉਂਟਾ ਵਸਾਇਆ। ਇਥੇ ਰੌਣਕਾਂ ਵਧਣੀਆਂ ਸ਼ੁਰੂ ਹੋ ਗਈਆਂ। ਫਿਰ ਗੁਰੂ ਘਰ ਦੀ ਸੋਭਾ ਵਧਾਉਣ ਵਾਸਤੇ ਇਥੇ ਕਵੀਆਂ ਨੇ ਆਪਣੀਆਂ ਰਚਨਾਵਾਂ ਲਿਖੀਆਂ। ਇਹਨਾਂ ਸਾਰਿਆਂ ਦੀ ਗਿਣਤੀ ਇਤਿਹਾਸਕਾਰਾਂ ਨੇ ਬਵੰਜਾ ਦੱਸੀ ਹੈ। ਫਿਰ ਇਹ ਕਵੀ ਆਪਣੀ ਆਪਣੀ ਕਵਿਤਾ ਸਤਿਗੁਰੂ ਦੇ ਦਰਬਾਰ ਵਿਚ ਸੰਗਤਾਂ ਦੇ ਸਾਹਮਣੇ ਪੜ੍ਹ ਤੇ ਬੋਲ ਕੇ ਸੁਣਾਉਂਦੇ। ਗੁਰੂ ਘਰ ਦੀ ਸੇਵਾ ਕਰਦੇ। ਹਜ਼ੂਰ ਪਿਤਾ ਜੀ ਬੜੇ ਖ਼ੁਸ਼ ਹੁੰਦੇ। ਇਹਨਾਂ ਗੁਰੂ ਘਰ ਦੇ ਕਵੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਖ਼ਜ਼ਾਨਾ ਭਰ ਭਰ ਕੇ ਮਾਇਆ ਤੇ ਹੋਰ ਕੀਮਤੀ ਸੁਗਾਤਾਂ ਦੇ ਨਿਵਾਜਦੇ। ਇਥੇ ਗੁਰੂ ਜੀ ਨੇ ਆਪ ਵੀ ਬਹੁਤ ਸਾਰਾ ਸਾਹਿਤ ਲਿਖਿਆ। ਰੰਗ-ਰੰਗ ਦੂੰਗਾਂ ਦੇ ਕਰਨਾਮੇ ਕੀਤੇ, ਜਿਹਨਾਂ ਬਾਬਤ ਵਿਚ ਜਮਨਾ ਨਦੀ ਦੀ ਰੇਤਾ ਹੋ ਗਿਆ।

ਦੂਜੇ ਪਾਸੇ ਸਾਰੀ ਦੁਨੀਆ ਦਾ ਮਾਲਕ ਬਾਦਸ਼ਾਹ ਔਰੰਗਜ਼ੇਬ ਸਮੇਂ ਦੀ ਹਕੂਮਤ ਜਿਸ ਦੇ ਹੱਥ ਵਿਚ ਸੀ, ਉਸ ਨੇ ਆਪਣੇ ਦਰਬਾਰ ਵਿਚੋਂ ਪੰਜ ਸੌ ਪਠਾਣ ਤੇ ਪੰਜ ਉਹਨਾਂ ਦੇ ਜਰਨੈਲਾਂ ਨੂੰ ਆਪਣੇ ਦਰਬਾਰ ਵਿਚੋਂ ਨੌਕਰੀਆਂ ਤੋਂ ਕੱਢ ਦਿੱਤਾ। ਇਹ ਸਾਰੇ ਪਠਾਣ ਆਪਣੇ ਜਰਨੈਲਾਂ ਸਮੇਤ ਪੀਰ ਬੁੱਧੂ ਸ਼ਾਹ (ਬਦਰੁੱਦੀਨ) ਸਢੌਰੇ ਵਾਲੇ ਦੇ ਕੋਲ ਜਾ ਕੇ ਆਪਣਾ ਦੁੱਖ ਇਉਂ ਸੁਣਾਇਆ।

ਡਬਲ ਦੋਤਾਰਾ ਛੰਦ

1.

ਮਾਲਕ ਬਾਈ ਸੂਬਿਆਂ ਦਾ ਔਰੰਗਜ਼ੇਬ ਬੜਾ ਹੰਕਾਰੀ।
ਨਿਤ ਜ਼ੁਲਮ ਕਮਾਉਂਦਾ ਹੈ ਬਣ ਗਿਆ ਡਾਢਾ ਅੱਤਿਆਚਾਰੀ।
ਸਾਰੇ ਥਾਂਈਂ
ਬੰਦ ਕਿੱਤਾ ਨੌਕਰੀਓਂ ਔਰੰਗਜ਼ੇਬ ਪਠਾਣਾਂ ਤਾਈਂ।

2.

ਛੋਟੀ ਜਿਹੀ ਗਲਤੀ ਦਾ ਭਰਦਾ ਉਹ ਹਰਜਾਨਾ ਭਾਰਾ।
ਝੱਟ ਸੂਲੀ ਚਾੜ੍ਹ ਦਵੇ ਗਲਤੀ ਨਾ ਕੋਈ ਕਰੇ ਦੁਬਾਰਾ।
ਪਕੜ ਕੁਟਾਈ
ਬੰਦ ਕਿੱਤਾ ਨੌਕਰੀਓਂ______

3.

ਪੰਜ ਸੌ ਪਠਾਣਾਂ ਨੂੰ ਕੱਢਿਆ ਫੌਜ ਦਿੱਲੀ ਤੋਂ ਬਾਹਰ।
ਹੋਏ ਹੀ ਚਾਰ ਗਈ ਏ ਚੰਗੇ ਵਿਚ ਦਿੱਲੀ ਦਰਬਾਰ।
ਦੇ ਬੇ-ਮਨਆਈ।
ਬੰਦ ਕਿੱਤਾ ਨੌਕਰੀਓਂ______

4.

ਜਿਹੜਾ ਵੀ ਇਹਨਾਂ ਨਾ ਪ੍ਰਗਟ ਕਰਦਾ ਹੈ ਹਮਦਰਦੀ।
ਬਾਗੀ ਗਰਦਾਨ ਦਿਊ ਤਾਂ ਕਿ ਪਰਜਾ ਰਹੂਗੀ ਡਰਦੀ।
ਕਹਿਰ ਕਮਾਈ
ਬੰਦ ਕਿੱਤਾ ਨੌਕਰੀਓਂ______

5.

ਜੋ ਨੌਕਰ ਇਹਨਾਂ ਨੂੰ ਰੱਖੇ ਆਪਣੇ ਕੋਲ ਦੁਬਾਰਾ।
ਕੋਹਲੂ ਵਿਚ ਪੀੜਿਆ ਜਾਊ ਪਾ ਕੇ ਉਸਦਾ ਟੱਬਰ ਸਾਰਾ।
ਦਿਆ ਸਮਝਾਈ।
ਬੰਦ ਕਿੱਤਾ ਨੌਕਰੀਓਂ______

6.

ਫਿਰ ਪਿੱਛੋਂ ਦੁਰਾਮੇ ਦੇ ਬੈਠੇ ਕਰਨ ਪਠਾਣ ਵਿਚਾਰਾਂ।
ਹੁਣ ਟੱਬਰ ਪਾਲਣ ਲਈ ਵਟੀਏ ਵੇਚ ਧਨੁਸ਼ ਤਲਵਾਰਾਂ।
ਕਿਸੇ ਕੰਮ ਨਾਹੀ।

ਕੱਢ ਦਿੱਤਾ ਨੌਕਰੀਓਂ______

7.

ਹੁਣ ਲੱਭਦੇ ਫਿਰਦੇ ਨੇ ਲੱਭੇ ਨਾ ਆਸਰਾ ਕੋਈ।
ਘਰ ਘਰ ਤੇ ਢੁੱਕਦੇ ਨੇ ਮਿਲਦੀ ਨਹੀਂ ਕਿਤੇ ਵੀ ਢੋਈ।
ਮਾਰਨ ਧਾਹੀਂ।

ਕੱਢ ਦਿੱਤਾ ਨੌਕਰੀਓਂ______

8.

ਤੁਰ ਪਏ ਸਢੌਰੇ ਨੂੰ ਜਿੱਥੇ ਪੀਰ ਬੁੱਧੂ ਸ਼ਾਹ ਰਹਿੰਦਾ।
ਦੁੱਖ ਅਸਲੀਅਤ ਸੁਣ ਕੇ ਅੱਗੋਂ ਪੀਰ ਬੁੱਧੂ ਸ਼ਾਹ ਕਹਿੰਦਾ।
ਰਾਖਾ ਸਾਂਈਂ।

ਕੱਢ ਦਿੱਤਾ ਨੌਕਰੀਓਂ______

ਪੀਰ ਬੁੱਧੂ ਸ਼ਾਹ ਜੀ ਬੜਾ ਧਰਮੀ ਤੇ ਨੇਕ ਸੁਭਾਅ ਦਾ ਆਦਮੀ ਸੀ। ਜਦੋਂ ਇਹਨਾਂ ਪਠਾਣਾਂ ਨੇ ਆਪਣਾ ਸਾਰਾ ਦੁੱਖ ਇਸ ਨੂੰ ਦੱਸਿਆ ਤਾਂ ਇਸ ਨੇ ਉਹਨਾਂ ਨੂੰ ਕਿਹਾ, ਕੋਈ ਗੱਲ ਨਹੀਂ, ਜੇ ਬਾਦਸ਼ਾਹ ਨੇ ਤੁਹਾਨੂੰ ਕੱਢ ਦਿੱਤਾ ਹੈ ਤਾਂ ਗੁਰੂ ਨਾਨਕ ਦਾ ਘਰ ਸਭਨਾਂ ਲਈ ਸਾਂਝਾ ਹੈ। ਚਲੋ ਮੈਂ ਤੁਹਾਡਾ ਉਸ ਪਾਤਸ਼ਾਹ ਨਾਲ ਮਿਲਾਪ ਕਰਵਾਉਂਦਾ ਹਾਂ। ਜੋ ਤੁਹਾਡੀ ਇਸ ਲੋਕ ਦੀ ਵੀ ਤੇ ਪਰਲੋਕ ਦੀ ਵੀ ਸਹਾਇਤਾ ਕਰੇਗਾ। ਤੁਹਾਡੇ ਸਮਸਤ ਕਾਰਜ ਸਵਾਰ ਦੇਵੇਗਾ। ਚਲੋ ਮੈਂ ਤੁਹਾਡੇ ਨਾਲ ਚੱਲਦਾ ਹਾਂ। ਇਹਨਾਂ ਸਾਰੇ ਪਠਾਣਾਂ ਨੂੰ ਨਾਲ ਲੈ ਕੇ ਪੀਰ ਬੁੱਧੂ ਸ਼ਾਹ ਜੀ ਸਢੌਰੇ ਤੋਂ ਚੱਲਿਆ ਤੇ ਪਾਉਂਟਾ ਸਾਹਿਬ ਪਹੁੰਚ ਗਿਆ। ਸਤਿਗੁਰਾਂ ਨੂੰ ਨਮਸਕਾਰ ਕੀਤੀ ਤੇ ਦਰਬਾਰ ਵਿਚ ਬੈਠ ਗਿਆ। ਫਿਰ ਸਤਿਗੁਰਾਂ ਨੂੰ ਦੱਸਣਾ ਸ਼ੁਰੂ ਕੀਤਾ ਕਿ ਪਾਤਸ਼ਾਹ ਜੀ ਔਰੰਗਜ਼ੇਬ ਨੇ ਇਹਨਾਂ ਪਠਾਣਾਂ ਨੂੰ ਕਿਸੇ ਗੁਨਾਹ ਕਾਰਨ ਆਪਣੇ ਦਰਬਾਰ ਵਿਚੋਂ ਕੱਢ ਦਿੱਤਾ ਹੈ ਤੇ ਨਾਲ ਇਹ ਹੁਕਮ ਦਿੱਤਾ ਹੈ ਕਿ ਮੇਰੇ ਰਾਜ ਵਿਚ ਇਹਨਾਂ ਨੂੰ ਕੋਈ ਵੀ ਆਸਰਾ ਨਾ ਦੇਵੇ। ਮਹਾਰਾਜ ਜੀ, ਮੈਂ ਇਹਨਾਂ ਦੀ ਜ਼ਾਮਨੀ ਦੇਂਦਾ ਹਾਂ ਕਿ ਇਹਨਾਂ ਨੂੰ ਤੁਸੀਂ ਆਪਣੀ ਫੌਜ ਵਿਚ ਰੱਖ ਲਉ। ਇਹਨਾਂ ਦੇ ਪਰਿਵਾਰਾਂ ਦਾ ਕੋਈ ਹੋਰ ਗੁਜ਼ਾਰਾ ਨਹੀਂ, ਜਿੱਥੇ ਇਹ ਆਪਣੇ ਢਿੱਡ ਪਾਲ ਸਕਣ। ਮੇਰੀ ਅਰਜ਼ ਨੂੰ ਕਬੂਲ ਕਰੋ ਜੀ।

(ਅ) ਪਠਾਣੇ ਤੇ ਗੋਬਿੰਦ ਗੀਰ

ਬੈਂਤ ਛੰਦ

1.

ਪੀਰ ਬੁੱਧੂ ਸ਼ਾਹ ਪਹੁੰਚਿਆ ਆਣ ਉਥੇ, ਪਾਉਂਟਾ ਸਾਹਿਬ ਜੀ ਜਿੱਥੇ ਦੀਵਾਨ ਲੱਗਾ।
ਹੱਥ ਜੋੜ ਕੇ ਗਲ ਵਿਚ ਪਾ ਪੱਲਾ, ਗਲ ਦਿਲ ਦੀ ਕਰਨ ਬਿਆਨ ਲੱਗਾ।
ਹੁਕਮ ਤੇਰੇ ਅਨੁਸਾਰ ਦਾਤਾਰ ਦਾਤਾ, ਭਲਾ ਇਨ੍ਹਾਂ ਦਾ ਦਾਸ ਕਮਾਉਣ ਆਇਆ।
ਔਰੰਗਜ਼ੇਬ ਨੇ ਕੱਢੇ ਪਠਾਣਾ ਜਿਹੜੇ, ਭਰਤੀ ਤੁਸਾਂ ਦੇ ਕੋਲ ਕਰਾਉਣ ਆਇਆ।

2.

ਜੰਗੀ ਪਾਤਸ਼ਾਹ ਬੜੇ ਬਲਵਾਨ ਨੇ ਇਹ ਸਭਨਾ ਜਾਣਦੇ ਇਹ ਪਠਾਣ ਸਾਰੇ।
ਬਾਦਸ਼ਾਹ ਨੇ ਦਿੱਲੀਓਂ ਕੱਢ ਦਿੱਤੇ, ਨਾਲ ਫੌਜ ਦੇ ਇਹ ਜਵਾਨ ਸਾਰੇ।
ਤੇ ਮੈਂ ਵਾਕਫਤਾ ਇਨ੍ਹਾਂ ਦੇ ਨਾਲ ਕੀਤੀ, ਤੁਸਾਂ ਸਾਹਮਣੇ ਦਾਤਾ ਸੁਣਾਉਣ ਆਇਆ।
ਔਰੰਗਜ਼ੇਬ ਨੇ ਕੱਢੇ ਪਠਾਣਾ ਜਿਹੜੇ, ਭਰਤੀ ਤੁਸਾਂ ਦੇ ਕੋਲ ਕਰਾਉਣ ਆਇਆ।

3.

ਜੀ ਨੌਕਰੀ ਇਥੇ ਰੁਜ਼ਗਾਰ ਸਭ ਦਾ, ਖੁੱਸਣ ਨਾਲ ਸਭ ਬੇਰੁਜ਼ਗਾਰ ਹੋਏ।
ਫਿਰੇ ਵਿਲਕਦੇ ਘਰਾਂ ਦੇ ਵਿਚ ਭੁੱਖੇ, ਭੁੱਖੇ ਰਹਿ ਕੇ ਬੜੇ ਬੀਮਾਰ ਹੋਏ।
ਗੁਰੂ ਨਾਨਕ ਦੇ ਘਰ ਦਾ ਦਾਸ ਬਣ ਕੇ, ਹੱਥ ਜੋੜ ਕੇ ਸਿਫ਼ਾਰਸ਼ਾਂ ਪਾਉਣ ਆਇਆ।
ਔਰੰਗਜ਼ੇਬ ਨੇ ਕੱਢੇ ਪਠਾਣਾ ਜਿਹੜੇ, ਭਰਤੀ ਤੁਸਾਂ ਦੇ ਕੋਲ ਕਰਾਉਣ ਆਇਆ।

4.

ਕੋਈ ਬਹੁੜਿਆ ਨਾ ਮਦਦਗਾਰ ਬਣ ਕੇ, ਕਿਸੇ ਇਨ੍ਹਾਂ ਦਾ ਦਰਦ ਵੰਡਾਇਆ ਨਹੀਂ।
ਜਿਥੇ ਗਏ ਓਥੇ ਉਥੇ ਹੀ ਪਏ ਧੱਕੇ, ਕਿਸੇ ਇਨ੍ਹਾਂ ਨੂੰ ਗਲ ਨਾਲ ਲਾਇਆ ਨਹੀਂ।
ਸਾਥ ਇਨ੍ਹਾਂ ਦਾ ਦਿੰਦਾ ਨਾ ਕੋਈ ਦਾਤਾ, ਤਾਂਹੀਓਂ ਤੁਸਾਂ ਦੇ ਨਾਲ ਰਲਾਉਣ ਆਇਆ।
ਔਰੰਗਜ਼ੇਬ ਨੇ ਕੱਢੇ ਪਠਾਣਾ ਜਿਹੜੇ, ਭਰਤੀ ਤੁਸਾਂ ਦੇ ਕੋਲ ਕਰਾਉਣ ਆਇਆ।

5.

ਭਰਤੀ ਹੱਥ ਲਓ ਇਹ ਪਠਾਣ ਸਾਰੇ, ਬਖਸ਼ਣਹਾਰ ਦਾਤਾ ਹੈਂ ਦਿਲਦਾਰ ਸਭ ਦਾ।
ਇਕ ਦਿਨ ਦਾ ਇਕ ਨੂੰ ਇਕ ਦੇਣਾ, ਦਈ ਜਾਵਣਾ ਬਣੇ ਰੁਜ਼ਗਾਰ ਸਭ ਦਾ।
ਔਰੰਗ ਸ਼ਾਹ ਤੋਂ ਸਾਥ ਨਿਭਾਉਣਗੇ ਇਹ, ਏਹ ਇਨ੍ਹਾਂ ਦੀ ਜ਼ਮਾਨਤ ਕਰਾਉਣ ਆਇਆ।
ਔਰੰਗਜ਼ੇਬ ਨੇ ਕੱਢੇ ਪਠਾਣਾ ਜਿਹੜੇ, ਭਰਤੀ ਤੁਸਾਂ ਦੇ ਕੋਲ ਕਰਾਉਣ ਆਇਆ।

6.

ਰਾਖੀ ਜੋ ਨੇ ਇਨ੍ਹਾਂ ਦਾ ਸਾਥ ਦੇਵੇ, ਔਰੰਗਜ਼ੇਬ ਨੇ ਇਹ ਐਲਾਨ ਕੀਤਾ।
ਨਹੀਂ ਸੀ ਕੋਈ ਹੋਰ ਨਿਥਾਵਿਆਂ ਦਾ, ਕਿਧਰ ਜਾਣ ਇਹ ਦੁੱਖ ਬਿਆਨ ਕੀਤਾ।
ਮਰ ਜਾਣ ਨਾ ਵਿਲਕਦੇ ਬਾਲ ਕਦੇ, ਤਾਂਹੀਓਂ ਪਰਉਪਕਾਰ ਕਮਾਉਣ ਆਇਆ।
ਔਰੰਗਜ਼ੇਬ ਨੇ ਕੱਢੇ ਪਠਾਣਾ ਜਿਹੜੇ, ਭਰਤੀ ਗੁਰਾਂ ਦੇ ਕੋਲ ਕਰਾਉਣ ਆਇਆ।

7.

ਵਫ਼ਾਦਾਰ ਘਟ ਹੀ ਸਦਾ ਰਹਿਣਗੇ ਇਹ, ਗੁਰੂ ਘਰ ਦੇ ਨਾਲ ਇਕਰਾਰ ਪੱਕਾ।
ਬੁੱਧੂ ਸ਼ਾਹ ਦਾਤਾਰ ਦੇ ਦਰ ਉੱਤੇ ਸਦਾ ਬਣਿਆ ਗੁਰੂ ਸੇਵਾਦਾਰ ਪੱਕਾ।
ਅਮਰਨੀਤ ਨੂੰ ਮੋੜਿਓਂ ਨਾ ਖਾਲੀ, ਐਸ ਉਜੜੇ ਘਰ ਵਸਾਉਣ ਆਇਆ।
ਔਰੰਗਜ਼ੇਬ ਨੇ ਕੱਢੇ ਪਠਾਣਾ ਜਿਹੜੇ, ਭਰਤੀ ਗੁਰਾਂ ਦੇ ਕੋਲ ਕਰਾਉਣ ਆਇਆ।

ਗੁਰੂ ਜੀ ਨੇ ਪੰਜਾਂ ਸਰਦਾਰਾਂ ਨੂੰ ਪੰਜ ਪੰਜ ਰੁਪਏ ਦਿਹਾੜੀ ਤੇ ਸਿਪਾਹੀਆਂ ਨੂੰ ਇਕ ਇਕ ਰੁਪਈਆ ਰੋਜ਼ ਦਾ ਦੇਣਾ ਕੀਤਾ ਤੇ ਆਪਣੇ ਦਰਬਾਰ ਵਿਚ ਇਹਨਾਂ ਨੂੰ ਥਾਂ ਦਿੱ… ਗੁਰੂ ਜੀ ਪਾਉਂਟੇ ਵਿਚ ਹੀ ਸਨ ਜਦ ਅਜਮੇਰ ਚੰਦ ਦਾ ਵਿਆਹ ਦਾ ਦਿਨ ਆ ਗਿਆ। … ਭੀਮ ਚੰਦ ਨੇ ਸੋਚਿਆ ਕਿ ਪਾਉਂਟਾ ਸਾਹਿਬ ਰਾਹ ਵਿਚ ਹੈ ਜੇ ਅਸੀਂ ਆਪਣੀ ਫੌਜ ਲੈ … ਉਥੋਂ ਦੀ ਲੰਘੇ ਤਾਂ ਉਥੇ ਲੜਾਈ ਹੋਵੇਗੀ। ਵਿਆਹ ਦਾ ਕਾਰਜ ਵਿਚ ਵਿਚ ਰਹਿ ਜਾਵੇਗਾ … ਇਸ ਕਰਕੇ ਕਿਸੇ ਵਿਧੀ ਨਾਲ ਪਹਿਲਾਂ ਉਥੋਂ ਲੰਘ ਕੇ ਵਿਆਹ ਕਰ ਲਈਏ … ਅਸੀਂ ਫਿਰ ਉਸ ਦਾ ਡੇਰਾ ਲੁੱਟ ਲਵਾਂਗੇ। ਇਹ ਸਲਾਹਾਂ ਭੀਮ ਚੰਦ ਆਪਣੇ … ਰਾਣੀਆਂ ਨਾਲ ਕਰ ਰਿਹਾ ਸੀ। ਇਸ ਕਰਕੇ ਉਸ ਨੂੰ ਸਭ ਤੋਂ ਸੌਖਾਲਾ ਐਸਾ ਜਾਪਿਆ … ਬਾਕੀ ਰਾਣੀਆਂ ਦੀ ਸਲਾਹ ਨਾਲ ਇਹੀ ਪੱਕੀ ਹੋਈ ਕਿ ਗੁਰ ਸਿੱਧੂ ਕੇ ਰਸਤਾ ਲਈਏ … ਫੇਰ ਅਸੀਂ ਉਸ ਦਾ ਬਦਲਾ ਲਵਾਂਗੇ। ਇਹ ਵਿਚਾਰ ਕਰਕੇ ਇਹਨਾਂ ਨੇ ਇਕ ਚਿੱਠੀ ਲਿਖੀ … ਦਿੱਤਾ ਕਿ "ਗੁਰੂ ਜੀ ਅਸੀਂ ਤੁਹਾਡੇ ਦਰਬਾਰੀ ਰਾਜੇ ਹਾਂ। ਆਪਾਂ ਸਾਡੇ ਵੈਰੀ ਨਹੀਂ। … ਕਰਕੇ ਅਸੀਂ ਆਪਣੇ ਪੁੱਤਰ ਅਜਮੇਰ ਚੰਦ ਨੂੰ ਵਿਆਹੁਣ ਚੱਲੇ ਹਾਂ। ਜਦੋਂ ਅਸੀਂ ਵਾ… ਆਵਾਂਗੇ, ਤੁਹਾਨੂੰ ਭੇਟਾ ਚੜ੍ਹਾ ਕੇ ਮੱਥਾ ਟੇਕਾਂਗੇ।" ਇਹ ਚਿੱਠੀ ਆਪਣੇ ਇਕ ਮੰਤਰੀ ਦੇ ਕੇ ਸਤਿਗੁਰੂ ਕੋਲ ਭੇਜ ਦਿੱਤਾ।

ਕੋਰੜਾ ਛੰਦ

1. ਭੀਮ ਚੰਦ ਲਿਖਦਾ ਗੁਰਾਂ ਦੇ ਕੋਲ ਜੀ।
ਬੜੇ ਮਾਸੂਮ ਇਹ ਅਸਾਂ ਦੀ ਬੋਲ ਜੀ।
ਸਿੱਧੇ ਰਸਤਾ ਫੇਰ ਨਾ ਉਠਾਈਏ ਗੁਰੂ ਜੀ।
ਜਾਣ ਭੁਲ ਕਦੇ ਨਾ ਵਧਾਈਏ ਗੁਰੂ ਜੀ।

[illegible]

2. ਆਪਾਂ ਹਾਂ ਰਵਾਂਗੀ ਇਕ ਮੁੱਠ ਰਹੀਏ ਜੀ।
ਆਪੋ ਵਿਚ ਰੁਸ ਕੇ ਕਦੇ ਨਾ ਬਹੀਏ ਜੀ।
ਦਿਲਾਂ ਵਿਚੋਂ ਈਰਖਾ ਮਿਟਾਈਏ ਕਦੂ ਜੀ।
ਜਾਣ ਬੁਝ ਕਲੇ ਨਾ ਵਧਾਈਏ ਕਦੂ ਜੀ।

3. ਆਪਣੇ ਵਡੇਰੇ ਹੈ ਸੀ ਪੰਥ ਪਿਆਰ ਜੀ।
ਅਸੀਂ ਹਾਂ ਗੁਰਾਂ ਦੇ ਦਿਲੋਂ ਸੇਵਾਦਾਰ ਜੀ।
ਪਿੱਛੇ ਜਿਹੜੀ ਹੋ ਗਈ ਭੁਲਾਈਏ ਕਦੂ ਜੀ।
ਜਾਣ ਬੁਝ ਕਲੇ ਨਾ ਵਧਾਈਏ ਕਦੂ ਜੀ।

4. ਚੰਗੀ ਸਾਡੀ ਸੋਚ ਤੇ ਅਸਾਂ ਨੇ ਸੋਚਣਾ।
ਰਾਹ ਚਾਹੀਦੇ ਗੁਰਾਂ ਤੋਂ ਕਦੂ ਜੀ ਮੋੜਨਾ।
ਖੂੰਧ ਕੀਤੇ ਅਸੀਂ ਸੋਚ ਜਾਈਏ ਕਦੂ ਜੀ।
ਜਾਣ ਬੁਝ ਕਲੇ ਨਾ ਵਧਾਈਏ ਕਦੂ ਜੀ।

5. ਚੰਦਰ ਅਨਮੋਲ ਨੂੰ ਵਿਆਹੁਣ ਚੱਲੇ ਹਾਂ।
ਤਾਹੀਓਂ ਨਾਲ ਫੇਰ ਥੋੜ੍ਹੀ ਹੀ ਲਿਜਾਂਦੇ ਹਾਂ।
ਈਰਖਾ ਦੀ ਅੱਗ ਨੂੰ ਬੁਝਾਈਏ ਕਦੂ ਜੀ।
ਜਾਣ ਬੁਝ ਕਲੇ ਨਾ ਵਧਾਈਏ ਕਦੂ ਜੀ।

6. ਵੇਲਾ ਇਹ ਪੁੱਜਣਾ ਹੈ ਅੱਜ ਨਾ ਕੇ ਤੇ।
ਮੁੰਡਿਆਂ ਨਾ ਸਿਰੇ ਪੁੱਤ ਨੂੰ ਵਿਆਹ ਕੇ ਤੇ।
ਵੇਲਾ ਤੁਸਾਨੂੰ ਮੁਬਾਰਕ ਕਰਾਈਏ ਕਦੂ ਜੀ।
ਜਾਣ ਬੁਝ ਕਲੇ ਨਾ ਵਧਾਈਏ ਕਦੂ ਜੀ।

[illegible] ਵਿਚ ਇਕ ਪਾਸੇ [illegible] ਸੀ ਤੇ ਦੂਜੇ ਪਾਸੇ [illegible] ... "[illegible] ਜੀ! [illegible] ਨੂੰ [illegible] ... ਜੇ ਇਹ [illegible] ... ਇਸ ਵਾਸਤੇ [illegible] ... ਜੇ ਇਹ [illegible] ... ਜੇ ਇਹ [illegible] ਨਾਲ ਸੋਚਣਾ ਚਾਹੁੰਦਾ ਹੈ ਤਾਂ ਅਸੀਂ [illegible] ਹਾਂ।"

[illegible] ਨੂੰ ਇਹ ਸਲਾਹ [illegible] ਨਾ। ਇਸ ਨੇ ਅਨਮੋਲ ਚੰਦ ਤੇ [illegible] ਨੂੰ [illegible]

ਮੋੜ ਦਿੱਤਾ। ਬਾਕੀ ਫ਼ੌਜ ਤੇ ਜੰਞ ਉਹ ਹੋਰ ਰਸਤੇ ਲੈ ਕੇ ਤੁਰ ਪਿਆ। ਜਿਸ ਵੇਲੇ
ਅਜਮੇਰ ਚੰਦ ਤੇ ਵਜ਼ੀਰ, ਮਹਾਰਾਜ ਪਾਸ ਪਹੁੰਚੇ ਤਾਂ ਗੁਰੂ ਜੀ ਹੱਸ ਕੇ ਕਹਿਣ ਲੱਗੇ
"ਅਜਮੇਰ ਚੰਦਾ ! ਜੇ ਅਸੀਂ ਤੇਰੇ ਬਾਪੂ ਵਰਗੇ ਹੋਈਏ ਤਾਂ ਤੈਨੂੰ ਏਥੇ ਕੈਦ ਕਰ ਲਈਏ
ਉਸ ਦਾ ਵਿੰਗੇ ਰਸਤੇ ਪਹੁੰਚਣਾ ਕਿਸੇ ਕੰਮ ਆਵੇ, ਪਰ ਗੁਰੂ ਨਾਨਕ ਦਾ ਘਰ ਸਭ ਦਾ
ਹੈ। ਸਾਡੇ ਵੀ ਕੁਝ ਸਿੱਖਾਂ ਨੇ ਉਸ ਫ਼ਤਹਿ ਸ਼ਾਹ ਦੀ ਲੜਕੀ ਦੇ ਵਿਆਹ ਤੇ ਜਾਣਾ
ਹਜ਼ੂਰ ਨੇ ਦੀਵਾਨ ਨੰਦ ਚੰਦ ਤੇ ਪ੍ਰੋਹਿਤ ਦਇਆ ਰਾਮ ਨੂੰ ਕੀਮਤੀ ਸੁਗਾਤਾਂ ਤੇ ਸਵਾ
ਦਾ ਨਿਉਂਦਰਾ ਦੇ ਕੇ ਭੇਜਿਆ।

ਉਧਰ ਭੀਮ ਚੰਦ ਦੀ ਫ਼ੌਜ ਤੇ ਜੰਞ ਵਿੰਗੇ ਰਸਤੇ ਆਉਂਦਿਆਂ ਮਿਥੇ ਸਮੇਂ ਤੇ
ਪਹੁੰਚੀ। ਵਿਆਹ ਹੋ ਗਿਆ। ਹੁਣ ਲੋਕੇ ਨੇ ਨਿਉਂਦਰੇ ਪਵਾਉਣ। ਸਾਰਿਆਂ ਨੇ ਆਪ
ਸੁਗਾਤਾਂ ਫ਼ਤਹਿ ਸ਼ਾਹ ਨੂੰ ਵਿਖਾਈਆਂ। ਜਦੋਂ ਦੀਵਾਨ ਨੰਦ ਚੰਦ ਨੇ ਸਵਾ ਲੱਖ ਨਿਉਂਦ
ਤੇ ਕੀਮਤੀ ਸੁਗਾਤਾਂ ਵਿਖਾਈਆਂ ਤਾਂ ਭੀਮ ਚੰਦ ਦੇ ਹਮਾਇਤੀ ਸੜ ਬਲ ਗਏ। ਜਦੋਂ ਭੀ
ਚੰਦ ਪਹੁੰਚਿਆ ਤਾਂ ਉਹਨਾਂ ਨੇ ਸਾਰੀ ਨਿਉਂਦਰੇ ਵਾਲੀ ਗੱਲ ਤੇ ਗੁਰੂ ਨਾਲ ਫ਼ਤਹਿ ਸ਼ਾਹ
ਸਾਂਝ ਪ੍ਰਗਟ ਕੀਤੀ। ਭੀਮ ਚੰਦ ਨੇ ਕਿਹਾ ਕਿ "ਫ਼ਤਹਿ ਸ਼ਾਹ ਜੀ ! ਮੇਰੀ ਇੱਕੋ ਸ਼ਰਤ ਹੈ
ਜਾਂ ਸਾਰੀ ਫ਼ੌਜ ਦੇ ਮੁਹਰੇ ਹੋ ਕੇ ਗੁਰੂ ਨਾਲ ਲੜਨ ਵਾਸਤੇ ਤਿਆਰ ਹੋ ਜਾ, ਨਹੀਂ ਤਾਂ
ਤੇਰੀ ਲੜਕੀ ਜੋ ਮੇਰੇ ਪੁੱਤਰ ਨਾਲ ਜਿਸ ਦਾ ਵਿਆਹ ਹੋਇਆ ਹੈ ਮੈਂ ਨਹੀਂ ਖੜਾਂਗਾ।
ਚੰਦ ਦੀਆਂ ਇਹ ਸਾਰੀਆਂ ਗੱਲਾਂ ਕੁਝ ਸਿੱਖਾਂ ਨੇ ਸੁਣੀਆਂ। ਦੀਵਾਨ ਨੰਦ ਚੰਦ ਜੀ ਨੇ
ਦਾ ਸਾਰ ਉਹਨਾਂ ਕੇ ਸਾਰੀਆਂ ਕੀਮਤੀ ਵਸਤਾਂ ਲੈ ਕੇ ਉੱਥੋਂ ਨੱਸ ਤੁਰਿਆ। ਗੁਰੂ ਜੀ ਦੇ
ਪਹੁੰਚ ਕੇ ਉਸ ਨੇ ਉੱਥੋਂ ਦੀ ਸਾਰੀ ਗੱਲ ਇਉਂ ਸੁਣਾਈ :

ਬੈਂਤ ਛੰਦ

1.

ਨੰਦ ਚੰਦ ਦੀਵਾਨ ਨੇ ਸਾਰ ਦੱਸਿਆ, ਚੀਜ਼ਾਂ ਲੁੱਟ ਕੇ ਗਿਆ ਹੈ ਨੱਸ ਛੇਤੀ
ਪਹੁੰਚੇ ਪ੍ਰੇਮ ਕੇ ਪਿਤਾ ਦਸਮੇਸ਼ ਜੀ ਨੂੰ, ਸੱਚੀ ਗੱਲਾਂ ਦੀ ਕਿਹਾ ਦੱਸ ਛੇਤੀ
ਚੋਟੀ ਜੰਗ ਦੇ ਵਾਸਤੇ ਆ ਜਾਓ, ਇੱਥੇ ਮਿਲਕੇ ਸਾਰੀਏ ਆਖਿਆ ਗੁਰੂ ਜੀ
ਭੀਮ ਚੰਦ ਪਹਾੜੀਆ ਫ਼ੌਜ ਲੈ ਕੇ, ਡੇਰਾ ਲੁੱਟਣੇ ਨੂੰ ਕਿਹਾ ਆ ਗੁਰੂ ਜੀ

2.

ਸਵਾ ਲੱਖ ਨਿਉਂਦੇ ਦਾ ਨਾ ਸੁਣ ਕੇ, ਭੀਮ ਚੰਦ ਦੇ ਝਾਸਕੇ ਅੱਗ ਲੱਗੀ
ਮੇਰਾ ਤਾਰ ਕੇ ਅਸਾਂ ਨਹੀਂ ਇੱਜ਼ਤ ਕੀਤੀ, ਜੇ ਆਵੇ ਤਾਂ ਲੁੱਟ ਕੇ ਧੌਣ ਭੰਨੀ
ਪੈਸਾ ਨਿਕਲਿਆ ਪਹਾੜੀਆ ਧਾਰ ਗੁਰਾਬਾ, ਕਿਸੇ ਫ਼ੈਲ ਕਿਆ ਫ਼ਤਹਿ ਸ਼ਾਹ ਗੁਰੂ ਜੀ
ਭੀਮ ਚੰਦ ਪਹਾੜੀਆ ਫ਼ੌਜ ਲੈ ਕੇ, ਡੇਰਾ ਲੁੱਟਣੇ ਨੂੰ ਕਿਹਾ ਆ ਗੁਰੂ ਜੀ

3.

ਰਾਜੇ ਹੋਏ ਪਹਾੜੀਏ ਕਪੂਤ ਕੱਠੇ, ਫੜਾਂ ਫੋਕੀਆਂ ਕਪੂਤ ਉਹ ਮਾਰਦੇ ਨੇ।
ਗੱਦੀ ਬਣੇ ਭੀਖਿਆ ਬੈਠੀ ਬਣੇ ਬਾਲੀ, ਸਾਨੀ ਬਣੇ ਹੋਏ ਰਾਮ ਅਵਤਾਰ ਦੇ ਨੇ।
ਮੇਰਾ ਦਿਲ ਚਾਹੁੰਦਾ ਹੁਣ ਜੰਗ ਅੰਦਰ, ਉਹਦੇ ਦਿਲ ਦਾ ਲਾਹ ਦਈਏ ਹਾਅ ਗੁਰੂ ਜੀ।
ਭੀਮ ਚੰਦ ਪਹਾੜੀਆ ਫੌਜ ਲੈ ਕੇ, ਡੇਰਾ ਲੁੱਟਣੇ ਨੂੰ ਚੜ੍ਹਿਆ ਆ ਗੁਰੂ ਜੀ।

4.

ਬਾਈਧਾਰ ਪਹਾੜੀਏ ਮੰਗਦੇ ਨੇ, ਹਰੀ ਚੰਦ ਤਾਈਂ ਹੈਗਾ ਮਾਣ ਹੈ ਜੀ।
ਅਰਜਨ ਬਾਣੀ ਦਾ ਬਣੇ ਫਰਾ ਲਿੱਤਾ, ਮੇਰਾ ਰੁਕੇ ਨਾ ਚੱਲਿਆ ਬਾਣ ਹੈ ਜੀ।
ਸੰਗਤ ਸਿੰਘ ਬਲਵੰਤ ਜਗਜੈਤ ਆਖੇ ਬਖਸ਼ੀਏ ਮੌਜ ਕੇ ਆਪਾ ਮੈਦਾਨ ਗੁਰੂ ਜੀ।
ਭੀਮ ਚੰਦ ਪਹਾੜੀਆ ਫੌਜ ਲੈ ਕੇ, ਡੇਰਾ ਲੁੱਟਣੇ ਨੂੰ ਚੜ੍ਹਿਆ ਆ ਗੁਰੂ ਜੀ।

ਇਤਿਹਾਸ ਤੋਂ ਮਿਲਦੇ ਹੈ ਕੇ ਭੀਮ ਚੰਦ ਰਾਜੇ ਫਤਹਿ ਸ਼ਾਹ ਨੂੰ ਨਾਲ ਲੈ ਕੇ ਪਹਿਲਾਂ ਉਸ ਨੇ ਗਾਮਜ਼ੇ ਸਿੰਘ ਵਾਲੇ ਪੰਜ ਸੌ ਪਠਾਣਾਂ ਵਿਚੋਂ 400 ਪਠਾਣ ਆਪਣੇ ਨਾਲ ਗੰਢ ਲਏ। ਉਹਨਾਂ ਵਿਚੋਂ 'ਕਾਲੇ ਖਾਂ' ਵਾਲੇ ਸੌ ਹੀ ਗੁਰੂ ਚਰਨਾਂ ਵਿਚ ਛੱਡ ਦਿੱਤਾ। ਉਸ ਨੇ ਬਥੇਰਾ ਸਮਝਾਇਆ, ਪਰ ਉਹਨਾਂ ਪਠਾਣਾਂ ਨੇ ਉਸ ਦੀ ਇਕ ਨਾ ਮੰਨੀ। ਬਹਾਨੇ ਬਣਾ ਕੇ ਗੁਰੂ ਜੀ ਤੋਂ ਛੁੱਟੀ ਲੈ ਕੇ ਚੱਲ ਗਏ। ਮਹਾਰਾਜ ਦੇ ਡੇਰੇ ਵਿਚ ਪੰਜ ਸੌ ਉਦਾਸੀ ਰਹਿੰਦੇ ਸਨ। ਜਦੋਂ ਉਹਨਾਂ ਨੂੰ ਪਤਾ ਲੱਗਾ ਉਹਨਾਂ ਵਿਚੋਂ ਚਾਰ ਸੌ ਨੜਿਨਵੇਂ ਰਾਤੋ ਰਾਤ ਤਰਕ ਹੋ ਗਏ। ਇਕੱਲਾ ਮਹੰਤ ਕਿਰਪਾਲ ਦਾਸ ਰਹਿ ਗਿਆ। ਰਾਜੇ ਭੀਮ ਚੰਦ ਨੇ ਚਾਰ ਸੌ ਪਠਾਣ ਤੇ ਫਤਹਿ ਸ਼ਾਹ, ਕੇਸਰ ਚੰਦ ਜਸਵਾਲੀਆ, ਕਿਰਪਾਲ ਚੰਦ ਕਾਂਗੜੇ ਦਾ, ਭੀਮ ਸੈਨ ਮੰਡੀ ਦਾ, ਕੇਸਰੀ ਚੰਦ ਜਸਵਾਲੀਆ, ਦਿਆਲ ਚੰਦ ਕਾਂਗੜੀਆ, ਹਰੀ ਚੰਦ ਹੰਡੂਰੀਆ, ਕਰਮ ਚੰਦ ਕੰਡੋਟੀਆ, ਉਮੇਦ ਸਿੰਘ ਜਸਵਾਲੀਆ, ਦਇਆ ਸਿੰਘ ਨੂਰਪੁਰੀਆ, ਰਾਜ ਸਿੰਘ ਗੁਲੇਰੀਆ, ਗੁਪਾਲ ਸਿਰਮੌਰੀਆ, ਕਿਰਤ ਚੰਦ ਨਦੌਣ ਦਾ, ਹਰੀ ਚੰਦ ਨੈਣਾਵਾਲੀਆ, ਸੁੱਖੂ ਚੰਦ ਕਟੋਚੀ, ਰਾਣੀ ਚੰਦ ਕਲੋਹੀਆ ਅਤੇ ਰਾਜਿਆਂ ਨੂੰ ਨਾਲ ਲੈ ਕੇ ਚੜ੍ਹਾਈ ਕਰ ਦਿੱਤੀ।

ਦੂਜੇ ਪਾਸੇ ਹਜ਼ੂਰ ਗੁਰੂ ਕਲਗੀਧਰ ਵਾਲੇ ਪਾਤਸ਼ਾਹ ਦੇ ਦਰਬਾਰ ਵਿਚ ਪੰਜ ਸੌ ਪਠਾਣ ਤੇ 400 ਉਦਾਸੀ ਸੰਤ ਖੁਸ਼ ਸਨ। ਬਾਕੀ ਕੇਵਲ ਗਿਣਤੀ ਦੇ ਸਿੰਘ ਗੁਰੂ ਜੀ ਦੇ ਕੋਲ ਸਨ। ਹੁਣ ਮੇਰਾ ਮਹਾਰਾਜ ਜੀ ਨੇ ਹੁਕਮ ਕੀਤਾ ਕਿ ਖਾਲਸਾ ਜੀ ਤਿਆਰ-ਬਰ-ਤਿਆਰ ਹੋਵੋ, ਹੁਣ ਜੰਗ ਆ ਗਿਆ ਹੈ। ਹੁਣ ਲੜਾਈ ਤੇ ਰਾਜੇ ਭੀਮ ਚੰਦ ਦੀ ਸਵਾਰੀ ਹੋਵੇਗੀ। ਆਪਣੇ ਸਵਾਰੀ ਵਿਚ ਨਹੀਂ ਕਰਨੀ। ਸਤਿਗੁਰਾਂ ਨੇ ਕਿਹਾ ਕਿ ਜੋ ਸੰਗਤਾਂ ਸਿੰਘ ਦੇ ਲੇਖੇ ਵਿਚ ਉਸਦੀ ਲਿਖੀ ਹੈ ਉਥੇ ਮੇਲੇ ਬਣਾਏ ਜਾਣ। ਉਥੇ ਪਾਉਂਟਿਓਂ ਰਾਜੇ ਭੀਮ ਚੰਦ ਨੇ ਆਉਣਾ ਹੈ। ਉਥੇ ਉਸ ਦਾ ਸਵਾਗਤ ਕੀਤਾ ਜਾਵੇ। ਗੁਰਦੇਵ ਪਾਤਸ਼ਾਹ ਦਾ ਹੁਕਮ ਸੁਣ ਕੇ ਉਥੇ ਬਚਿੱਤਰ ਸਿੰਘ ਨੇ

ਤਿਆਰੀਆਂ ਸ਼ੁਰੂ ਕਰ ਦਿੱਤੀਆਂ।

ਉਧਰ ਸਢੌਰੇ ਦੇ ਰਹਿਣ ਵਾਲਾ ਪੀਰ ਬਦਰੁਦੀਨ (ਪੀਰ ਬੁੱਧੂ ਸ਼ਾਹ) ਨੂੰ ਜਦੋਂ ਫੌਜ ਦਾ ਪਤਾ ਲੱਗਾ ਕਿ ਰਾਜਾ ਭੀਮ ਚੰਦ ਸਤਿਗੁਰਾਂ ਨਾਲ ਲੜਨ ਵਾਸਤੇ ਆ ਰਿਹਾ ਤੇ ਜਿਹੜੇ ਸੌ ਪਠਾਣ ਆਪਣੀ ਜ਼ਾਮਣੀ ਤੇ ਭਰਤੀ ਕਰਵਾਏ ਸੀ ਉਹਨਾਂ ਵਿਚੋਂ ਪਠਾਣ ਸਤਿਗੁਰਾਂ ਦਾ ਸਾਥ ਛੱਡ ਗਏ ਹਨ। 'ਕੱਲਾ ਕਾਲੇ ਖਾਂ ਹੀ ਰਹਿ ਗਿਆ ਹੈ। ਬੁੱਧੂ ਸ਼ਾਹ ਨੇ ਆਪਣੇ ਦੋ ਭਰਾ ਤੇ ਚਾਰ ਪੁੱਤਰ ਤੇ ਸੱਤ ਸੌ ਮੁਰੀਦਾਂ ਨੂੰ ਇਕੱਠਿਆਂ ਗੁਰੂ ਗੋਬਿੰਦ ਸਿੰਘ ਦਾ ਸਾਥ ਦੇਣ ਲਈ ਇਕ ਤਕਰੀਰ ਇਉਂ ਕੀਤੀ :

ਝੋਲੀ ਛੰਦ

1 ਬੋਲ ਬੁੱਧੂ ਸ਼ਾਹ ਨੇ ਸੱਦੇ ਪੁੱਤ ਚਾਰ ਨੇ।
ਮਤਾ ਘਰ 'ਚ ਪਕਾਇਆ ਪ੍ਰਵਾਰ ਨੇ।
ਘੁਸ ਖਾ ਗਿਆ ਪਸ਼ਾਂ ਦੇ ਵਿਚ ਖਾਰ ਨੇ।
ਦਿਲੋਂ ਹੋ ਕੇ ਬੇਈਮਾਨ, ਦਗਾ ਕਰ ਗਏ ਪਠਾਣ।
ਖੇਡ ਦਿਖਾਣੀ ਏ ਰੱਲ ਕੇ ਸਵਾਈਏ, ਹੋਈਆ ਸੀ ਪਠਾਣ ਭੱਜ ਗਏ।
ਆਪਾਂ ਖਾਤਰ ਗੁਰੂ ਦੀ ਜਾਨਾਂ ਵਾਰੀਏ।

2 ਹਾਮੀ ਭਰੀ ਸੀ ਉਨ੍ਹਾਂ ਦੀ ਗੁਰੂ ਕੋਲ ਜੀ।
ਜਿਹੜੇ ਦਿੱਤੇ ਸੀ [illegible] ਕੋਲ ਜੀ।
ਪਰ ਰਹਿਆ ਦਿਲਾਂ 'ਚ ਬਾਹਲਾ ਪੋਲ ਜੀ।
ਕੀਤਾ ਦਿਲ 'ਤੇ ਇਤਬਾਰ, ਉਹ ਨਿਕਲੇ ਗੱਦਾਰ।
ਭੁੱਲ ਕਰ ਬੈਠੇ ਖੁਦ ਬੜੀ ਭਾਰੀ ਏ।
ਹੋਈਆ ਸੀ____

3 ਸੱਦ ਤੈਰਿਆਂ ਨੂੰ ਵਾਰਤਾ ਸੁਣਾਂਵਦਾ।
ਦਗਾ ਕੀਤਾ ਜੋ ਪਠਾਣਾਂ ਸਮਝਾਂਵਦਾ।
ਸਿਰ ਧਰ ਕੌਮ ਪਿਆਰਾ ਏ ਆਂਵਦਾ।
ਉਹ ਝੂਠੇ ਖੇਡ ਸਾਰ, ਜਿਹੜੇ ਸੁਖਾਂ ਦੇ ਨੇ ਯਾਰ।
ਲੋਕ ਮੱਗੀ ਇਨ੍ਹਾਂ ਦਿਲ ਹੋ ਵਿਚਾਰੀਏ।
ਹੋਈਆ ਸੀ____

4 ਜਿਹੜੇ ਗੁਰਾਂ ਕੋਲ ਭਰਤੀ ਕਰਾਏ ਸੀ।
ਮੂੰਹੋਂ ਮੰਗੀ ਤਨਖਾਹ ਤੇ ਲਵਾਏ ਸੀ।

ਕੁਝ ਮਰਦੇ ਜੋ ਟੁੱਕ ਵਿਚ ਪਾਏ ਜੀ।
ਉਹ ਤਾਂ ਗਏ ਦਰੋ ਬਾਜ, ਪਾਲ ਸਕੇ ਨਾ ਲਿਹਾਜ।
ਚੰਗੇ ਲੱਗੇ ਉਹਨਾਂ ਨੂੰ ਬਾਈਧਾਰੀਏ।
ਹੋਇਆ ਕੀ____

5. ਸੌਦਾ ਲੈਣ ਚੱਲੇ ਸਿਰਾਂ ਦੇ ਫਕੀਰ ਜੀ।
ਜਿਹੜੇ ਹੋਣ ਸੱਚੇ ਗੁਰਾਂ ਦੇ ਮੁਰੀਦ ਜੀ।
ਜੋ ਹੋਣ ਹੱਕ ਸੱਚ ਲਈ ਸ਼ਹੀਦ ਜੀ।
ਖੱਟ ਲੈਣ ਸਨਮਾਨ, ਗੁਰੂ ਚਰਨਾਂ ਚ ਜਾਣ।
ਪੂਜਾ ਕਰਦੇ ਨੇ ਲੋਕ ਸੰਸਾਰੀ ਏ।
ਹੋਇਆ ਕੀ____

6. ਨਾਲ ਲੈ ਲਏ ਮੁਰੀਦ ਬੁੱਢੂ ਸ਼ਾਹ ਨੇ।
ਨਾਲ ਤੁਰੇ ਚੱਲ ਉਸ ਦੇ ਭਰਾ ਨੇ।
ਉਹ ਪੈ ਗਏ ਭੰਗਾਣੀ ਵਾਲੇ ਰਾਹ ਨੇ।
ਪੁੱਤ ਬੁੱਢੂ ਸ਼ਾਹ ਦੇ ਚਾਰ, ਹੋਏ ਤਿਆਰ-ਬਰ-ਤਿਆਰ।
ਜਿਹਦੇ ਨਾਲੋਂ ਮੁਰੀ ਗੁਰੂ ਦੀ ਪਿਆਰੀ ਏ।
ਹੋਇਆ ਕੀ____

ਆਪਣੇ ਪੁੱਤਰਾਂ, ਭਰਾਵਾਂ ਤੇ ਮੁਰੀਦਾਂ ਨੂੰ ਨਾਲ ਲੈ ਕੇ ਪੀਰ ਬੁੱਢੂ ਸ਼ਾਹ ਵੀ ਭੰਗਾਣੀ ਦੇ ਮੈਦਾਨ ਵਿਚ ਪਹੁੰਚ ਗਿਆ। ਸਤਿਗੁਰਾਂ ਦੀਆਂ ਸਾਰੀਆਂ ਫੌਜਾਂ ਮੁਕਾਬਲੇ ਦਾ ਟਾਕਰਾ ਕਰ ਕੇ ਉਤਸ਼ਾਹ ਕਰਨ ਲੱਗੀਆਂ। ਰਾਜਿਆਂ ਦੀਆਂ ਫੌਜਾਂ ਵਿਚ ਘਬਰਾਹਟ ਫੈਲ ਗਈ ਕਿ ਐਥੇ ਟਾਕਰਾ ਕਰਨ ਵਾਲਾ ਹੈ ਕੋਈ ਨਹੀਂ, ਗੁਰੂ ਨੂੰ ਫੜ ਲੈਣਾ ਸੌਖਾ ਹੈ। ਜਦ ਸੀ ਪਠਾਣ ਜਦ ਤੂੰ ਐਥੇ ਆ ਗਏ ਸਨ, ਕਿਉਂਕਿ ਉਹ ਗੁਰੂ ਜੀ ਦਾ ਫ਼ੌਜ ਲੁੱਟਣ ਦੇ ਵਧੇਰੇ ਚਾਹਵਾਨ ਸਨ। ਇਸ ਵੇਲੇ ਇਹ ਸਾਰਾ ਖਾਸ ਸੂਰਮਿਆਂ ਦੀ ਔਖ ਆਣ ਪੈਂਦਾ ਆ ਗਿਆ ਤਾਂ ਸਤਿਗੁਰੂ ਦੇ ਬਹਾਦਰ ਸਿੰਘਾਂ ਨੇ ਇਕ ਵਾਰ ਤੀਰਾਂ ਤੇ ਗੋਲੀਆਂ ਦੀ ਵਰਖਾ ਸ਼ੁਰੂ ਕਰ ਦਿੱਤੀ :

1. ਜਦ ਅਖਾੜ ਚਾਹੇ ਹੀ ਫੌਜੀ ਆਏ ਸਿੰਘਾਂ ਦੇ ਸਾਹਵੇਂ।
ਪੈਂਦੀ ਸੀ ਰਾਜਿਆਂ ਦੇ ਤੇਰੇ ਚੋਟ ਸੂਰਮਿਆਂ ਵਾਲੇ।
ਜੋ ਪਾਸਾਂ ਮੁਕਾਬਲਿਆਂ ਤੁਰੇ ਯਾਰੀ ਤੇ ਆਪਣਾਏ।
ਸਤਿਗੁਰ ਦੇ ਸੂਰਮਿਆਂ ਫੌਜੀ ਲੀਤਾ ਚਾਰ ਦਿਖਾਏ।

2. ਜਿਉਂ ਬੱਦਲ ਗੱਜਦੇ ਨੇ ਖੜਕੇ ਇਉਂ ਰਣਜੀਤ ਨਗਾਰਾ।
ਸੰਗੀ ਸਾਹ ਧੌਂਸੇ ਨੇ ਮਾਰਿਆ ਵੈਰੀ ਨੂੰ ਲਲਕਾਰਾ।
ਸਤਿਗੁਰ ਦੇ ਸੂਰਮਿਓ ਵੈਰੀ ਇਕ ਨਾ ਸੁੱਕਾ ਜਾਵੇ।
ਸਤਿਗੁਰ ਦੇ ਸੂਰਮਿਆਂ ਵੈਰੀ ਸੱਥਰ ਵਾਂਗ ਵਿਛਾਏ।

3. ਟੁੱਟ ਜਾਣਾ ਫਿਕਰ ਨੂੰ ਵੈਰੀ ਦਲ ਨੂੰ ਕੁਝ ਨਾ ਸੁੱਝੇ।
ਸੀ ਵਾਂਗ ਦਾਣਿਆਂ ਦੇ ਦੁਸ਼ਮਣ ਵਿਚ ਪਲਾਂ ਦੇ ਭੁੱਜੇ।
ਚਾਹਵਾਨ ਜੋ ਜਿੱਤਾਂ ਦੇ ਫਿਰਦੇ ਕਰਦੇ ਹਾਏ ਹਾਏ।
ਸਤਿਗੁਰ ਦੇ ਸੂਰਮਿਆਂ ਵੈਰੀ ਸੱਥਰ ਵਾਂਗ ਵਿਛਾਏ।

4. ਜਿਉਂ ਸੁੱਕੇ ਪੇਣ ਕਰੇ ਤੜ ਤੜ ਬਲ ਰਹੀ ਸੀ ਬੋਲੀ।
ਕਈ ਪੁੱਤਰ ਮਾਵਾਂ ਦੇ ਤੁਰ ਗਏ ਖੇਡ ਖੂਨ ਨਾਲ ਹੋਲੀ।
ਸੀ ਖਾਨ ਬੀਤੀ ਭੁੱਲ ਉੱਤੇ ਪਛਤਾਏ।
ਸਤਿਗੁਰ ਦੇ ਸੂਰਮਿਆਂ ਵੈਰੀ ਸੱਥਰ ਵਾਂਗ ਵਿਛਾਏ।

5. ਫਿਰ ਚਾੜ੍ਹ ਕੇ ਸ਼ਿਸਤੇ ਤੇ ਖਿੱਚ ਖਿੱਚ ਤੀਰ ਚਲਾਏ ਸ਼ੇਰਾਂ।
ਕੁਝ ਚੜ੍ਹਿਆਂ ਸਿੰਘਾਂ ਨੂੰ ਪਈਆਂ ਵੈਰੀ ਦਲ ਨੂੰ ਘੇਰਾਂ।
ਜਾਵੇ ਪੇਸ਼ ਨਾ ਵੈਰੀ ਦੀ ਆਖਰ ਪਿੱਛੇ ਪੈਰ ਹਟਾਏ।
ਸਤਿਗੁਰ ਦੇ ਸੂਰਮਿਆਂ ਵੈਰੀ ਸੱਥਰ ਵਾਂਗ ਵਿਛਾਏ।

6. ਕਈ ਮੌਤ ਨੂੰ ਵਰ ਗਏ ਸੀ ਚਮਕੀ ਤਲਵਾਰ ਕਈ ਹਜ਼ਾਰਾਂ।
ਲੁੱਟਣ ਗਏ ਲੁੱਟੇ ਗਏ ਜਿੰਦੜੀਆਂ ਆਣ ਨਗੀਨਾਂ ਹਜ਼ਾਰਾਂ।
ਅਫ਼ਗਾਨ ਜਿਆ ਵੀਰਾਂ ਦੇ ਸਿੰਘਾਂ ਨਾਲ ਪਲ ਵਿਚ ਮੂੰਹ ਭਵਾਏ।
ਸਤਿਗੁਰ ਦੇ ਸੂਰਮਿਆਂ ਵੈਰੀ ਸੱਥਰ ਵਾਂਗ ਵਿਛਾਏ।

7. ਜਿੱਥੇ ਸੂਰਮੇ ਤੀਰ ਪਏ ਜਿਹੜੇ ਖੇਲ ਰਹੀ ਸੀ ਹੋਲੀ।
ਆ ਹਾਰ ਪੈਣਿਆਂ ਤੇ ਲੈਂਦੀ ਕੌਮ ਪੰਥ ਦੀ ਟੋਲੀ।
ਕੁਝ ਗਏ ਸ਼ਹੀਦ ਸਿੰਘਾਂ ਜੋੜ ਕੇ ਸੀਸਾਂ ਮੌਤ ਵਿਆਹੇ।
ਸਤਿਗੁਰ ਦੇ ਸੂਰਮਿਆਂ ਵੈਰੀ ਸੱਥਰ ਵਾਂਗ ਵਿਛਾਏ।

ਪੰਦਰਾਂ ਮਿੰਟਾਂ ਵਿਚ ਹੀ ਸਿੰਘਾਂ ਨੇ ਵੈਰੀਆਂ ਦੇ ਮੂੰਹ ਭੁਆ ਦਿੱਤੇ। ਜਿਹੜੇ ਪਠਾਣ ਲੁੱਟਣ ਲੁੱਟਣ ਦੇ ਲਾਲਚ ਵਿਚ ਔਖੇ ਆ ਗਏ ਸਨ ਉਹ ਬਹੁਤ ਭਾਰੀ ਨੁਕਸਾਨ ਕਰਾ ਕੇ ਪਿੱਛੇ ਹਟ ਗਏ। ਉਹਨਾਂ ਨੂੰ ਇਹ ਚਿੱਤ ਚੇਤੇ ਵੀ ਨਹੀਂ ਸੀ ਕਿ ਸਿੰਘ ਏਨੇ ਲੜਾਕੇ ਹੋਣਗੇ। ਕਿਵੇਂ ਉਹਨਾਂ ਨੂੰ ਸ਼ਿਕਾਰ ਨੂੰ ਗੰਜਿਆਂ ਕੀਤਿਆਂ ਤਾਂ ਕੌਮ ਜੰਗ ਨੇ ਲੋਹੇ ਹੋ ਕੇ [illegible]

ਨੂੰ ਕਿਹਾ, "ਖ਼ਾਨ ਸਾਹਿਬ ! ਬੜੀ ਹੁਸ਼ਿਆਰੀ ਕੀਤੀ, ਡੇਰਾ ਲੁੱਟਣ ਵਿਚ ਤੁਹਾਡੀ ਇਹ ਬਹਾਦਰੀ ਕਰਾਮਾਤ ਤੋਂ ਘੱਟ ਨਹੀਂ, ਲੁੱਟ ਵਿਚੋਂ ਕੋਈ ਚੀਜ਼ ਮੈਨੂੰ ਵੀ ਨਿਸ਼ਾਨੀ ਵਜੋਂ ਦੇ ਜਾਇਓ।" ਇਹ ਬੋਲੀ ਹਯਾਤ ਖ਼ਾਂ ਦਾ ਸੀਨਾ ਚੀਰ ਗਈ। ਉਹ ਸੱਪ ਵਾਂਗੂ ਵਿਸ ਘੋਲਦਾ ਹੋਇਆ, ਫਿਰ ਆਪਣੇ ਸਿਪਾਹੀਆਂ ਨੂੰ ਲੈ ਕੇ ਅੱਗੇ ਵਧਿਆ। ਉਹ ਬੜਾ ਸੁੰਦਰ ਜਵਾਨ ਤੇ ਮੰਨਿਆ ਹੋਇਆ ਤਲਵਾਰੀਆ ਸੀ। ਉਸ ਦੀ ਫ਼ੌਜ ਨੇ ਯਾ ਅਲੀ ਦੇ ਨਾਅਰਿਆਂ ਨਾਲ ਮੈਦਾਨ ਸਿਰ 'ਤੇ ਚੁੱਕ ਲਿਆ। ਦੂਸਰੇ ਪਾਸੇ ਕ੍ਰਿਪਾਲ ਦਾਸ ਉਦਾਸੀ ਗੁਰੂ ਮਹਾਰਾਜ ਦੇ ਘੋੜੇ ਕੋਲ ਖੜਾ ਸੀ। ਵਧੀ ਹੋਈ ਗੋਗੜ, ਖੁੱਲ੍ਹਾ ਚੋਲਾ, ਚਾਰ ਕੁ ਫੁੱਟ ਦੀ ਮੁਦਗਰ ਹੱਥ ਵਿਚ ਫੜੀ ਤੇ ਮਸਤੀ ਵਿਚ ਝੂਮ ਰਿਹਾ ਸੀ ਤੇ ਮਿੱਠੀ ਮਿੱਠੀ ਸੁਰ ਵਿਚ ਸੁਖਮਨੀ ਸਾਹਿਬ ਦੀਆਂ ਅਸਟਪਦੀਆਂ ਪੜ੍ਹ ਰਿਹਾ ਸੀ। ਉਹਦੇ ਕੰਨਾਂ ਵਿਚ ਯਾ ਅਲੀ ਦੀ ਅਵਾਜ਼ ਪਈ। ਅੱਖਾਂ ਖੁੱਲ੍ਹੀਆਂ ਤੇ ਕੀ ਤੱਕਿਆ ਸਾਹਮਣੇ ਚੜ੍ਹੇ ਆ ਰਹੇ ਲੂਣ ਹਰਾਮੀ ਹਯਾਤ ਖ਼ਾਂ ਨੂੰ ਵੇਖ ਕੇ ਮੁਦਗਰ ਮੋਢੇ 'ਤੇ ਧਰ ਕੇ ਗੁਰੂ ਜੀ ਨੂੰ ਕਹਿਣ ਲੱਗਾ, "ਹਜ਼ੂਰ ! ਮੈਨੂੰ ਵੀ ਹੁਕਮ ਹੋਏ।" ਇਸ ਨੇ ਉੱਤਰ ਵੀ ਨਹੀਂ ਉਡੀਕਿਆ ਤੇ ਹਯਾਤ ਖ਼ਾਂ ਦੇ ਨਾਲ ਜਾ ਕੇ ਟੱਕਰ ਲਿਆ। ਹਯਾਤ ਖ਼ਾਂ ਦੇ ਹੱਥ ਤਲਵਾਰ ਤੇ ਕ੍ਰਿਪਾਲ ਦਾਸ ਕੋਲ ਮੁਦਗਰ ਸੀ। ਹਯਾਤ ਖ਼ਾਂ ਕਹਿਣ ਲੱਗਾ ਕਿ ਉਏ ਸਾਧਾ ! ਕਦੀ ਕੜਾਹ ਖਾਣ ਵਾਲੇ ਬਹਾਦਰਾਂ ਦਾ ਮੁਕਾਬਲਾ ਨਹੀਂ ਕਰ ਸਕਦੇ, ਕਿਉਂ ਆਪਣੀ ਜਾਨ ਗਵਾਉਣ ਲੱਗਾ ਏਂ। ਇਹ ਬੋਲੀ ਸੁਣ ਕੇ ਬੱਬਰ ਸ਼ੇਰ ਵਾਂਗੂੰ ਹਯਾਤ ਖ਼ਾਂ 'ਤੇ ਵਾਰ ਇਉਂ ਕੀਤਾ :

1. ਵੇਖ ਸਾਧ ਨੂੰ ਕਿਹਾ ਹਯਾਤ ਖ਼ਾਂ ਨੇ,
   ਕਾਲ ਜਾਪਦਾ ਕਿਆ ਹੈ ਆ ਇਹਦਾ।
2. ਇਹਨੂੰ ਮੌਤ ਲਿਆਈ ਹੈ ਖਿੱਚ ਐਥੇ,
   ਮੈਨੂੰ ਜਾਪਦਾ ਸਿਰੋਂ ਆ ਚਾਅ ਇਹਦਾ।
3. ਖੂੰਡੇ ਸਣ ਦੇ ਨਾਲੋਂ ਇਹ ਭਾਰ ਦੂਣੀ,
   ਪਿੰਡ ਚੌਣ ਕਿਆ ਆ ਕੜਾਹ ਇਹਦਾ।
4. ਮਸਤ ਚਾਹੜਾਂ ਛੁੱਟੀਆਂ ਬਹੁਤ ਦਿਸਦਾ,
   ਜਾਪੇ ਮਸਾਂ ਹੀ ਨਿਕਲਦਾ ਸਾਹ ਇਹਦਾ।
5. ਇਹਦੇ ਨਾਮ ਦੇ ਸਾਧੇ ਹੀ ਕੰਮ ਕਰੀ ਹੈ,
   ਨਹੀਂ ਕੋਈ ਵਿਸਾਹ ਕਿਵੇਂ ਕਰਾਂ ਇਹਦਾ।
6. ਆਖੀ ਸਾਧ ਦੀ ਮੌਤ ਸ਼ਹੀਦ ਸਿੰਘਾ,
   ਇਹਨੂੰ ਕਿਹਾ ਹੈ ਕਾਲ ਭੁਲਾ ਇਹਦਾ।

ਸ਼ਾਹ ਨੇ ਲਾਹ ਲਿਆ ਘੋੜਿਓਂ ਥੱਲੇ, ਧੁਰ ਦੀ ਰਾਹਦਾਰੀ ਦੇ ਕੇ ਅਗਲੇ ਜਹਾਨ ਤੋਰ ਦਿੱਤਾ। ਵੇਖਕੇ ਪਾਤਸ਼ਾਹ ਬੜੇ ਪ੍ਰਸੰਨ ਹੋਏ। ਰਣ ਮੈਦਾਨ ਵਿਚ ਲੋਥ 'ਤੇ ਲੋਥ ਚੜ੍ਹ ਗਈ। ਲੋਥਾਂ ਨੂੰ ਲਤਾੜ ਕੇ ਸੂਰਮੇ ਅੱਗੇ ਵਧਣ ਲੱਗੇ। ਗਾਜ਼ੀ ਚੰਦ ਚੰਦੇਲੀਆ ਲਲਕਾਰਦਾ ਲੜਦਾ ਸੰਗੋ ਸ਼ਾਹ ਨਾਲ ਟਕਰਿਆ। ਸੰਗੋ ਸ਼ਾਹ ਗੁਰੂ ਜੀ ਦੇ ਭੂਆ ਦੇ ਪੁੱਤ ਸਨ। ਵਿਗੜ ਵੇਖ ਕੇ ਸ਼ੇਰ ਵਾਂਗ ਭਬਕਦੇ ਗਾਜ਼ੀ ਚੰਦ 'ਤੇ ਜਾ ਪਿਆ। ਗਾਜ਼ੀ ਚੰਦ ਦੇ ਮਰਨ ਨਾਲ ਰਾਜਿਆਂ ਵਿਚ ਭਾਜੜ ਪੈ ਗਈ। ਫਿਰ ਨਜਾਬਤ ਖ਼ਾਂ ਸੰਗੋ ਸ਼ਾਹ ਦੇ ਸਾਹਮਣੇ ਆ ਗਿਆ। ਸੰਗੋ ਸ਼ਾਹ ਵੀ ਵੇਖ ਕੇ ਉਸੇ ਵੱਲ ਮੁੜਿਆ। ਲੜਦੇ-ਲੜਦੇ ਸੂਰਮੇ ਏਨੇ ਨੇੜੇ ਹੋ ਗਏ ਸਨ ਵਾਰ ਨਾਲ ਦੋਵੇਂ ਸੂਰਮੇ ਸ਼ਹੀਦ ਹੋ ਗਏ। ਇਹ ਸਾਰਾ ਸੀਨ ਕਲਗੀਧਰ ਜੀ ਵੇਖ ਰਹੇ ਸਨ। ਸੰਗੋ ਸ਼ਾਹ ਸ਼ਹੀਦ ਹੋ ਗਿਆ। ਗੁਰੂ ਜੀ ਨੇ ਜੰਗ ਦੀ ਕਮਾਨ ਸੰਭਾਲ ਲਈ। ਫਿਰ ਭੀਮ ਚੰਦ ਗੁਰੂ ਜੀ ਹੱਥੋਂ ਮਾਰਿਆ ਗਿਆ। ਕਿਸੇ ਦਾ ਵੀ ਅੱਗੇ ਵਧਣ ਦਾ ਹੌਸਲਾ ਨਾ ਪਵੇ। ਅੰਤ ਹਾਰ ਹੁੰਦੀ ਵੇਖ ਕੇ ਭੀਮ ਚੰਦ ਨੇ ਹਰੀ ਚੰਦ ਹੰਡੂਰੀਏ ਨੂੰ ਵੰਗਾਰਿਆ। ਉਹ ਮੰਨਿਆ ਤੀਰਅੰਦਾਜ਼ ਸੀ। ਭੀਮ ਚੰਦ ਦੀ ਲਲਕਾਰ ਸੁਣ ਕੇ ਅੱਗੇ ਵਧਿਆ ਤੇ ਗੁਰੂ ਜੀ 'ਤੇ ਤੀਰਾਂ ਦੀ ਵਰਖਾ ਲਾ ਦਿੱਤੀ। ਤਿੰਨੇ ਵਾਰ ਕੀਤੇ, ਗੁਰੂ ਪਿਤਾ ਨੇ ਤਿੰਨੇ ਰੋਕੇ। ਪਹਿਲਾ ਹਜ਼ੂਰ ਦੇ ਘੋੜੇ ਦੀ ਕਾਠੀ ਵਿਚ ਲੱਗਾ। ਦੂਜਾ ਮਹਾਰਾਜ ਦੇ ਕੰਨ ਲਾਗੋਂ ਦੀ ਲੰਘਿਆ ਤੇ ਤੀਜਾ ਹਜ਼ੂਰ ਦੀ ਪੇਟੀ ਵਿਚ ਲੱਗਾ। ਤਿੰਨੇ ਖ਼ਾਲੀ ਗਏ। ਪਾਤਸ਼ਾਹ ਨੇ ਜੋਸ਼ ਵਿਚ ਆ ਕੇ ਕਿਹਾ, ਵਾਰ ਇੰਝ ਨਹੀਂ, ਇੰਝ ਕਰੀਦਾ :

ਰੌੜੀ ਛੰਦ

ਜੋਸ਼ ਭਰੀਆਂ ਗੁਰਾਂ ਦੀਆਂ ਗੱਲਾਂ ਸੁਣ ਕੇ, ਅੱਗ ਲੱਗੀ ਹਰੀ ਚੰਦ ਨੂੰ।
ਗੁੱਸੇ ਵਿਚ ਆ, ਧਨੁਸ਼ ਉਹਨੇ ਚੁੱਕਿਆ, ਜੈਕਾਰਾ ਨਾਅਰਾ ਮਾਰ ਕੇ,
ਤਿੱਖੇ ਚਾੜ੍ਹ ਕੇ, ਕਹਿਰ ਨਾਲ ਛੱਡਿਆ, ਸਿੱਧਾ ਵੱਲ ਗੁਰੂ ਸਾਹਿਬ ਦੇ।
ਤੀਰ ਉੱਡਿਆ, ਨਿਸ਼ਾਨੇ ਉੱਤੇ ਵੇਖ ਕੇ, ਹੱਥ ਕੰਬੇ ਹਰੀ ਚੰਦ ਦੇ।
ਰੋਹ ਘੁਮਾ ਕੇ, ਪਹਾੜੀਏ ਨੇ ਛੱਡਿਆ, ਸਿੱਧੀ ਲੈ ਨਿਸ਼ਾਨਾ ਜੰਗ ਦੀ,
ਫੰਡਾ ਖਾਣ ਕੇ, ਖਾਣ ਕੇ ਗੁਰਾਂ ਦੇ ਕੰਨ ਕੋਲ, ਲੰਘ ਗਿਆ ਪਰ ਚੀਰ ਕੇ।
ਫਿਰ ਤੀਜਾ, ਪਹਾੜੀਏ ਛੱਡਿਆ, ਦਿਲ ਵੱਲ ਸਿੱਧਾ ਕਰਕੇ,
ਪੇਟੀ ਚੀਰ ਕੇ, ਵੇਖ ਕਿਹਾ ਚੁੱਕਿਆ, ਤੀਰ ਵੱਜੀ ਪੇਟੀ ਖ਼ਾਨ ਦਾ।
ਫੇਰ ਗੁਰਾਂ ਨੇ, ਗੁਰਾਂ ਨੇ ਚਲਾਇਆ, ਤਿੱਖੇ ਚਾੜ੍ਹ ਕੇ ਸਿੱਧਾ ਵੱਲ ਹਰੀ ਚੰਦ ਦੇ।
ਤਿੱਖ ਵਿਚ ਜਾ, ਪਹਾੜੀਏ ਦੇ ਵੱਜਿਆ, ਲੰਘਿਆ ਸੀਨਿਓਂ ਚੀਰ ਕੇ,
ਪੂਰਾ ਹੋ ਕੇ, ਹਰੀ ਚੰਦ ਡਿੱਗਿਆ, ਉਸ ਵੇਲੇ ਜਾਣ ਨਿਕਲੀ।
ਹਰੀ ਚੰਦ ਨੂੰ ਡਿੱਗਾ ਜਾ ਮਰਿਆ, ਫੌਜ ਮੁੜੀ ਭੀਮ ਚੰਦ ਨੂੰ

(ਸ) ਧਰਤੀ ਤੇ ਸੰਦੇਸ਼ ਸੰਗ

ਦੂਰੋਂ ਛੱਡ ਕੇ, ਸਮਾਨ ਸਾਰਾ ਜੰਗ ਦਾ, ਨਾਲ ਲੈ ਕੇ ਭੈਣ ਘਣਾ ਹੈ।
ਭਾਰੇ ਲੁੱਟਣ, ਗਏ ਕਈ ਮਾਰੇ, ਵੇਖੋ ਕੈਸਾ ਕਰਤਾਰ ਦੇ।
ਪਿਆਰਿਆ ਪਿਆਰਿਆ, ਗੁਰਾਂ ਨਾਲ ਜੰਗ ਕਰਕੇ ਕੈਸਾ ਹਾਰਿਆ।

ਹਰੀ ਚੰਦ ਦੇ ਮਰਨ ਦੀ ਦੇਰ ਸੀ ਸਾਰੇ ਰਾਜੇ ਤੇ ਦੁਸ਼ਮਣ ਦਲ ਮੈਦਾਨ ਵਿਚੋਂ ਨੱਸ ਗਏ। ਮੈਦਾਨ ਖ਼ਾਲਸੇ ਦੇ ਹੱਥ ਆਇਆ। ਸਿੰਘਾਂ ਨੇ ਫ਼ਤਹਿ ਦੇ ਡੰਕੇ ਵਜਾ ਦਿੱਤੇ ਤੇ ਮਹਾਰਾਜ ਨੂੰ ਵਧਾਈ ਦਿੱਤੀ ਕਿ ਆਪ ਦੀ ਜਿੱਤ ਹੋਈ ਹੈ। ਦਾਤਾਰ ਨੀਵੀਆਂ ਅੱਖਾਂ ਕਰਕੇ ਕਰਤਾਰ ਦੇ ਸ਼ੁਕਰ ਵਿਚ ਝੁਕੇ ਹੋਏ ਸਨ। ਆਪ ਦੀ ਰੂਹ ਅਰਦਾਸ ਵਿਚ ਜੁੜੀ ਹੋਈ ਸੀ। ਹਜ਼ੂਰ ਨੇ ਨੇੜੇ ਖੜ੍ਹੇ ਨੂੰ ਕਿਹਾ, "ਭਾਈ, ਜਿੱਤ ਮੇਰੀ ਨਹੀਂ ਵਾਹਿਗੁਰੂ ਅਕਾਲ ਪੁਰਖ ਦੀ ਹੋਈ ਹੈ।" ਸਿੰਘਾਂ ਨੇ ਕਿਹਾ, "ਨਹੀਂ ਜਿੱਤ ਆਪ ਜੀ ਦੇ ਖ਼ਾਲਸੇ ਦੀ ਹੋਈ ਹੈ।" ਪਾਤਸ਼ਾਹ ਕਹਿਣ ਲੱਗੇ, "ਖ਼ਾਲਸਾ ਵੀ ਵਾਹਿਗੁਰੂ ਅਕਾਲ ਪੁਰਖ ਦਾ ਹੈ। ਇਸ ਕਰਕੇ ਜਿੱਤ ਵਾਹਿਗੁਰੂ ਦੀ ਹੋਈ ਹੈ।" ਫਿਰ ਪਾਤਸ਼ਾਹ ਕਹਿਣ ਲੱਗੇ, "ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।" ਸੁਣ ਕੇ ਸਿੰਘ ਖ਼ੁਸ਼ੀ ਵਿਚ ਝੂਮ ਉਠੇ। ਇਸ ਲੜਾਈ ਵਿਚ ਸੰਗੋ ਸ਼ਾਹ, ਜੀਤ ਮੱਲ, ਬੁੱਧੂ ਸ਼ਾਹ ਦਾ ਇਕ ਭਰਾ, ਦੋ ਪੁੱਤਰ ਤੇ ਕੁਝ ਉਸ ਦੇ ਮੁਰੀਦ ਸ਼ਹੀਦ ਹੋਏ। ਦੁਸ਼ਮਣ ਦਾ ਕਈ ਗੁਣਾ ਵੱਧ ਨੁਕਸਾਨ ਹੋਇਆ। ਬਹੁਤ ਸਾਰਾ ਜੰਗੀ ਸਮਾਨ ਖ਼ਾਲਸੇ ਦੇ ਹੱਥ ਆਇਆ। ਪੀਰ ਬੁੱਧੂ ਸ਼ਾਹ ਜੀ ਹਜ਼ੂਰ ਪਿਤਾ ਜੀ ਦੇ ਕੋਲ ਆ ਕੇ ਗਲ ਵਿਚ ਪੱਲਾ ਪਾ ਕੇ ਬੇਨਤੀ ਕਰਨ ਲੱਗਾ ਤੇ ਪਾਤਸ਼ਾਹ ਦੀ ਇਉਂ ਵਡਿਆਈ ਕਰਦੇ ਹਨ :

ਲੈਹਰੀਆ ਛੰਦ

1. ਜੰਗ ਜਿੱਤ ਕੇ ਭੰਗਾਣੀ ਦਾ ਦਾਤਾਰ ਜੀ।
ਕਹਿੰਦੇ ਬਾਹਾਂ ਵਾਲੇ ਨਾਲ ਸਤਿਕਾਰ ਜੀ।
ਹੋਏ ਹਾਜ਼ਰ ਕੁਲਾਂ ਕਾ ਸੇਵਾਦਾਰ ਜੀ।
ਹੈ ਕੇ ਪਿਤਾ ਦਸਮੇਸ਼ ਬੈਠੇ ਖ਼ੁਸ਼ੀ ਜੀ।
ਕਹਿੰਦੇ ਬੁੱਧੂ ਸ਼ਾਹ ਦੀ ਕਰਨੀ ਹੈ ਧੰਨ ਧੰਨ ਜੀ।

2. ਕੋਲ ਬੈਠੇ ਨਾਲ ਦਾਤਾ ਦੀ ਸੰਗਤ ਦੇ।
ਹੋਇਆ ਖ਼ੁਸ਼ ਪੀਰ ਬੁੱਧੂ ਸ਼ਾਹ ਦਾਤਾਰ ਦੇ।
ਲੱਗੇ ਪਾਤਸ਼ਾਹ ਜੀ ਮੂੰਹ ਚੋਂ ਉਚਾਰਦੇ।
ਤੂੰ ਹੈ ਜਿੱਤਿਆ ਭੰਗਾਣੀ ਵਾਲਾ ਜੰਗ ਯੋਧਿਆ।
ਹੋਏ ਹਾਜ਼ਰ ਪੁੱਤਰ ਨੇ ਸਭੇ ਜੰਗ ਯੋਧਿਆ।

3. ਤੇਰੇ ਜਾਈਏ ਕੁਰਬਾਨ ਬੁੱਧੂ ਸ਼ਾਹ ਜੀ।
ਕਰ ਘਰ ਸੇਵਾ ਕਰੀ ਤੂੰ ਸ਼ਾਹ ਜੀ।

ਦੋ ਪੁੱਤ ਲਏ ਤੂੰ ਸ਼ਹੀਦ ਕਰਵਾ ਜੀ।

ਅੱਜ ਬਣ ਗਿਆ ਗੁਰੂ ਦਾ ਸੱਚਾ ਵਫ਼ਾਦਾਰ ਜੀ।
ਤੇਰੀ ਕਰਨੀ ਨੂੰ ਝੁਕੂ ਸਾਰਾ ਸੰਸਾਰ ਜੀ।

4. ਬੋਲ ਕਹੇ ਸੀ [illegible] ਸੱਚੇ ਪਾਤਸ਼ਾਹ।
ਕਹਿਣ ਲੱਗੇ ਦੂਜੀ ਵਾਰ ਸੱਚੇ ਪਾਤਸ਼ਾਹ।
ਕਹਿੰਦੇ ਤੇਰੇ ਦੇਣਦਾਰ ਸੱਚੇ ਪਾਤਸ਼ਾਹ।

ਪੂਰੇ ਕਰਤੇ ਤੁਸਾਂ ਨੇ ਦਿਲੀ ਅਰਮਾਨ ਨੇ।
ਮੁੱਲ ਲਿਆ ---- ਸਿਦਕੀ ਮੁਸਲਮਾਨ ਨੇ।

5. [illegible] ਕੋਲ ਬੁੱਧੂ ਸ਼ਾਹ ਨੇ ਜੋੜੇ ਹੱਥ ਨੇ।
ਕੀਤੀ ਹਿੰਮਤ ਜੋ ਗੁਰੂ ਸਮਰੱਥ ਨੇ।
ਦਾਤਾ ਲਾਜ ਰਖੀ ਨਿਮਾਣਿਆਂ ਦੀ [illegible] ਨੇ।

ਮੈਨੂੰ ਖੁਸ਼ੀ ਮੇਰੇ ਪੁੱਤ ਕੁਰਬਾਨ ਹੋਏ ਨੇ।
ਸੱਚੇ ਪਾਤਸ਼ਾਹ ਦੇ ਦਰ ਪ੍ਰਵਾਨ ਹੋਏ ਨੇ।

6. ਤੇਰੇ ਦਰ ਤੇਰੀ [illegible] ਕਰੀ ਅਮਾਨਤ।
ਉਹਦੇ ਵਿਚ ਰਤਾ ਕੀਤੀ ਨਾ ਖ਼ਿਆਨਤ।

[illegible] [illegible] [illegible] ਕੀਤੀ ਕਰਕੇ ਪਛਾਣਦੇ।
[illegible] ਰਾਜ ਹਨ ਬੁੱਧੂ ਸ਼ਾਹ ਮੁਸਲਮਾਨ ਦੇ।

7. ਤੇਰੀ [illegible] ਦਾਤੇ ਕਰਦੇ ਬਿਆਨ ਨੇ।
ਤੇਰੇ ਪੁੱਤਾਂ ਜੰਗਾਂ ਮਾਰੀਆਂ ਮੈਦਾਨ ਨੇ।
ਜਿੱਤੇ ਉਹਨਾਂ ਨੇ ਜੰਗ ਦੇ ਪੜਾਅ ਨੇ।

ਦੇਣ ਲੱਗੇ ਵਡਿਆਈ ਗੁਰੂ ਮਹਾਨ ਜੀ।
ਕਰ ਬੁੱਧੂ ਸ਼ਾਹ ਜੀ ਕੁਝ ਮੰਗ ਲੈ ਜ਼ੁਬਾਨ ਜੀ।

8. [illegible] ਦੇਖ ਬੁੱਧੂ ਸ਼ਾਹ ਜੀ ਦੇਖ ਕੀਤਾ ਖ਼ਿਆਲ ਹੈ।
ਨਾਲ ਸ਼ਰਧਾ ਦੇ ਕਰਦਾ ਸਵਾਲ ਹੈ।
[illegible] [illegible] [illegible] [illegible] ਹੈ।

[illegible] ਆਪਣਾ ਦੇ ਕਰ ਵਿਚ ਪੰਜਾ ਪਾਵੇ ਜੀ।
[illegible] [illegible] ਕੇਸ ਕੰਘਾ ਪੁੱਤ ਮਰਵਾਵੇ ਜੀ।

(ਕ) [illegible]

ਪੀਰ ਬੁੱਧੂ ਸ਼ਾਹ ਜੀ ਦੀ ਪ੍ਰਾਰਥਨਾ ਸੁਣ ਕੇ ਮਹਾਰਾਜ ਨੇ ਕਿਹਾ ਕਿ "ਮੰਗ ਲੈ ਜੋ ਕੁਝ ਮੰਗਣਾ ਹੈ।" ਬਾਰ-ਬਾਰ ਪਾਤਸ਼ਾਹ ਦੇ ਕਹਿਣ 'ਤੇ ਬੁੱਧੂ ਸ਼ਾਹ ਨੇ ਕਿਹਾ ਕਿ "ਪਾਤਸ਼ਾਹ ਜੀ, ਆਪਣਾ ਕੰਘਾ ਕੇਸਾਂ ਸਮੇਤ ਮੈਨੂੰ ਨਿਮਾਣੇ ਨੂੰ ਬਖ਼ਸ਼ੋ।" ਗੁਰੂ ਜੀ ਨੇ ਕੇਸ, ਕੰਘਾ, ਕ੍ਰਿਪਾਨ ਤੇ ਸਰੋਪਾ (ਦਸਤਾਰ) ਬਖ਼ਸ਼ ਦਿੱਤੇ। ਇਹ ਸਾਰੀਆਂ ਦਾਤਾਂ ਲੈ ਕੇ ਪੀਰ ਬੁੱਧੂ ਸ਼ਾਹ ਵਾਪਸ ਆਪਣੇ ਨਗਰ ਸਢੌਰੇ ਪੁੱਜਾ। ਇਸਦੀ ਘਰਵਾਲੀ ਬੀਬੀ ਨਸੀਰਾਂ ਪੁੱਛਣ ਲੱਗੀ ਕਿ "ਮੇਰੇ ਪੁੱਤਰ ਕਿੱਥੇ ਨੇ ? ਨਜ਼ਰ ਨਹੀਂ ਆਉਂਦੇ, ਤੁਹਾਡੇ ਨਾਲ ਗਏ ਸੀ ?" ਪੀਰ ਜੀ ਕਹਿਣ ਲੱਗੇ ਕਿ "ਭਾਗਾਂ ਵਾਲੀਏ ! ਤੇਰੇ ਪੁੱਤਰ ਸਦਾ ਲਈ ਅਮਰ ਹੋ ਗਏ ਨੇ।"

ਦਵਈਆ ਛੰਦ

1. ਧੀਰਜ ਦੇ ਨਸੀਰਾ ਤਾਈਂ ਕਹਿੰਦੇ ਬ੍ਰਹਮ ਗਿਆਨੀ।
ਸਾਨੂੰ ਭਾਰਤ ਵਰਸ਼ ਕਹੇਗਾ ਏ ਪੁੱਤਰਾਂ ਦਾ ਦਾਨੀ।
ਬਣ ਗਈ ਮਾਂ ਸ਼ਹੀਦਾਂ ਦੀ ਤੂੰ ਦੇ ਕੇ ਸਿਖ ਨੂੰ ਧੀਰਾਂ।
ਹੋ ਗਏ ਅਮਰ ਹਮੇਸ਼ਾ ਦੇ ਲਈ ਤੇਰੇ ਲਾਲ ਨਸੀਰਾਂ।

2. ਕਾਇਰ ਕਮੀਨੇ ਨਿਤ ਨੇ ਮਰਦੇ, ਨਾਮ ਕੋਈ ਨਹੀਂ ਲੈਂਦਾ।
ਜੋ ਵੀ ਧਰਮ ਦੀ ਖਾਤਿਰ ਮਰਦਾ ਸਦਾ ਜਿਉਂਦਾ ਰਹਿੰਦਾ।
ਪੁੱਤਰਿਆਂ ਜਾਏ ਸ਼ਹੀਦ ਜੰਗ 'ਤੇ ਵਾਰਕੇ ਜਾਨਾਂ ਧੀਰਾਂ।
ਹੋ ਗਏ ਅਮਰ ਹਮੇਸ਼ਾ ਦੇ ਲਈ ਤੇਰੇ ਲਾਲ ਨਸੀਰਾਂ।

3. ਜੀਵਨ ਦੇਣ ਕੌਮ ਨੂੰ ਜਿਹੜੇ ਜਾਮ ਸ਼ਹਾਦਤ ਪੀ ਕੇ।
ਸਿਰ ਦੇਂਦੇ ਅਣਖੀ ਬੰਦੇ ਕੌਮ ਦੁੱਖ ਵਿਚ ਜੀਅ ਕੇ।
ਸੁਣ ਪਵਿੱਤਰ ਭੇਸ ਆਪਣਾ ਪਰਗਟ ਦੇਣ ਫ਼ਕੀਰਾਂ।
ਹੋ ਗਏ ਅਮਰ ਹਮੇਸ਼ਾ ਦੇ ਲਈ ਤੇਰੇ ਲਾਲ ਨਸੀਰਾਂ।

4. ਜਿਉਂਦੇ ਹਮੇਸ਼ਾ ਜੱਗ 'ਤੇ ਜਿਹੜੇ ਕਰਨ ਸੂਰਮਾ ਦਾਨੀ।
ਪੈਗ਼ੰਬਰ ਪੂਜਦੇ ਉਸ ਨੂੰ ਜੋ ਕਰਦਾ ਕੁਰਬਾਨੀ।
ਰਹੇ ਆਤਮਾ ਸਦਾ ਜਿਉਂਦੀ ਮਿਟਦਾ ਖ਼ਾਕ ਸਰੀਰਾਂ।
ਹੋ ਗਏ ਅਮਰ ਹਮੇਸ਼ਾ ਦੇ ਲਈ ਤੇਰੇ ਲਾਲ ਨਸੀਰਾਂ।

5. ਦਸਮ ਪਿਤਾ ਦੇ ਚਾਰ ਸਾਹਿਬਜ਼ਾਦੇ ਗਏ ਸਾਹਮਣੇ ਤੇਰੇ।
ਕੌਮ ਗੁਰੂ ਦੇ ਆਈ ਆਖਾਂ ਦੇਣ ਚਾਰ ਨੇ ਤੇਰੇ।
ਪੁੱਤ ਚਾਰ ਤੇ ਵਾਰੀ ਕਰ ਦਿੱਤੇ ਮੁਹੱਬਤ ਔਰ ਫ਼ਕੀਰਾਂ।
ਹੋ ਗਏ ਅਮਰ ਹਮੇਸ਼ਾ ਦੇ ਲਈ ਤੇਰੇ ਲਾਲ ਨਸੀਰਾਂ।

6. ਰਣ ਵਿਚ ਆਏ ਬਾਈਧਾਰੀਏ ਦਸਮ ਪਿਤਾ 'ਤੇ ਚੜ੍ਹ ਕੇ।
ਦਲ ਸਿੰਘਾਂ ਦੇ ਰਣ ਵਿਚ ਰੋਲੇ ਬੱਬਰ ਸ਼ੇਰਾਂ ਲੜ ਕੇ।
ਰਣ 'ਚੋਂ ਭੱਜੇ ਲਿਆ ਨਾ ਪੱਲਾ ਰਾਜੇ ਅਤੇ ਵਜ਼ੀਰਾਂ।
ਹੋ ਗਏ ਅਮਰ ਹਮੇਸ਼ਾ ਦੇ ਲਈ ਤੇਰੇ ਲਾਲ ਨਸੀਰਾਂ।

7. ਸ਼ਮ੍ਹਾਂ ਮੌਤ ਦੀ ਵੇਖ ਪਤੰਗੇ ਛਾਲ ਮਾਰ ਕੇ ਸੜਦੇ।
ਜੀਣੇ ਵੱਟ ਹਜ਼ਾਰ ਕੌਮ ਲਈ ਕਿਸਮਤ ਪੈਰੇ ਘੜਦੇ।
ਧਰਮ ਉਧਾਰਨ ਦੇ ਲਈ ਰਣ ਵਿਚ ਮਰੇ ਗਏ ਸੰਗ ਤੀਰਾਂ।
ਹੋ ਗਏ ਅਮਰ ਹਮੇਸ਼ਾ ਦੇ ਲਈ ਤੇਰੇ ਲਾਲ ਨਸੀਰਾਂ।

8. ਖੂਨਾਂ ਕਰ ਕਰ ਨਾਮ ਸ਼ਹਾਦਤ ਨਾਲ ਪੈਰ ਦੇ ਪੀ ਗਏ।
ਚਿਹਰ ਅਣਖ ਪਿਆਰੀ ਜਾਣੋ ਪਾ ਦੁਨੀਆਂ ਵਿਚ ਜੀਣ ਗਏ।
ਵਾਰ ਗਏ ਜਵਾਨੀ ਪੁਣੀਆਂ ਜਾਣਗੀਆਂ ਤਸਵੀਰਾਂ।
ਹੋ ਗਏ ਅਮਰ ਹਮੇਸ਼ਾ ਦੇ ਲਈ ਤੇਰੇ ਲਾਲ ਨਸੀਰਾਂ।

9. ਮਾਣ ਨਸੀਰਾਂ ਕਰ ਪੁੱਤਰਾਂ 'ਤੇ ਹੰਝੂ ਨਾ ਵਹਾਈਏ।
ਕਰ ਕੇ ਯਤਨ ਵਰਤਾ ਲਿਖਦੇ ਵੇਖੀ ਸਾਹਿਬ ਸਜਾਈਏ।
ਅਮਰਜੀਤ ਜਸਵੰਤ ਤੇ ਮੇਜਰ ਹਾਜ਼ਿਰੀ ਦਿੰਦਾ ਚੀਰਾਂ।
ਹੋ ਗਏ ਅਮਰ ਹਮੇਸ਼ਾ ਦੇ ਲਈ ਤੇਰੇ ਲਾਲ ਨਸੀਰਾਂ।

ਭੰਗਾਣੀ ਦੇ ਯੁੱਧ ਤੋਂ ਬਾਅਦ ਗੁਰੂ ਜੀ ਵਾਪਸ ਪਹੁੰਚੇ ਤੇ ਅਨੰਦਪੁਰ ਸਾਹਿਬ ਆ ਗਏ। ਇਨ੍ਹਾਂ ਦਿਨਾਂ ਵਿਚ ਹੀ ਅਕਾਲ ਪੁਰਖ ਨੇ ਇਕ ਹੋਰ ਖੁਸ਼ੀ ਬਖਸ਼ੀ। ਮਾਤਾ ਸੁੰਦਰੀ ਜੀ ਦੀ ਕੁੱਖ ਵਿਚ ਸਾਹਿਬਜ਼ਾਦੇ ਨੇ ਜਨਮ ਲਿਆ, ਜਿਸ ਦਾ ਨਾਮ ਗੁਰੂ ਜੀ ਨੇ ਇਸੇ ਜਿੱਤ ਦੀ ਖੁਸ਼ੀ ਵਿਚ ਅਜੀਤ ਸਿੰਘ ਰੱਖਿਆ।

ਉਧਰ ਬਾਦਸ਼ਾਹ ਔਰੰਗਜ਼ੇਬ ਦੱਖਣ ਵਿਚ ਲੰਮੀ ਮੁਹਿੰਮ ਤੇ ਫਿਰਦਾ ਹੋਇਆ ਸੀ। ਉਸ ਦਾ ਧਿਆਨ ਪਹਾੜੀ ਰਿਆਸਤਾਂ ਵੱਲ ਗਿਆ। ਸਰਕਾਰੀ ਟੈਕਸ ਇਨ੍ਹਾਂ ਰਿਆਸਤਾਂ ਵਿਚੋਂ ਨਹੀਂ ਸੀ ਪਹੁੰਚਿਆ। ਉਸ ਨੂੰ ਆਪਣੀ ਦੱਖਣ ਦੀ ਮੁਹਿੰਮ ਨੂੰ ਜਾਰੀ ਰੱਖਣ ਵਾਸਤੇ ਪੈਸੇ ਦੀ ਸਖ਼ਤ ਲੋੜ ਸੀ। ਲਾਹੌਰ ਤੇ ਜੰਮੂ ਦੇ ਸੂਬੇਦਾਰਾਂ ਨੂੰ ਉਸ ਨੇ ਬੜੇ ਕਰੜੇ ਹੁਕਮ ਭੇਜੇ, ਆਪਣੇ ਇਕ ਜਰਨੈਲ ਦੀ ਡਿਊਟੀ ਲਾਈ। ਉਸ ਵੇਲੇ ਜੰਮੂ ਦਾ ਸੂਬੇਦਾਰ ਮੀਆਂ ਖ਼ਾਨ ਸੀ। ਸਾਰਾ ਪਹਾੜੀ ਇਲਾਕਾ ਉਸ ਦੀ ਨਿਗਰਾਨੀ ਹੇਠ ਸੀ। ਉਸ ਨੇ ਆਪਣੇ ਭਤੀਜੇ ਅਲਿਫ਼ ਖ਼ਾਨ ਨੂੰ ਪਹਾੜੀ ਰਿਆਸਤਾਂ ਵਿਚੋਂ ਮਾਮਲਾ ਵਸੂਲ ਕਰਨ ਲਈ ਭਿਜਵਾਇਆ:

ਲੈਹਰੀਆ ਛੰਦ

1. ਮੀਆਂ ਖ਼ਾਨ ਹੈ ਭਤੀਜੇ ਨੂੰ ਉਚਾਰਦਾ।
ਏਹ ਲੈ ਪੜ੍ਹ ਲੈ ਹੁਕਮ ਸਰਕਾਰ ਦਾ।
ਰਾਜਾ ਇਕ ਵੀ ਨਹੀਂ ਮਾਮਲੇ ਨੂੰ ਤਾਰਦਾ।
ਕੱਠਾ ਕਰਕੇ ਵਸੂਲ ਦਿੱਲੀ 'ਚ ਪੁਚਾਉਣ ਦੀ।
ਹੁਣ ਤੇਰੀ ਹੈ ਡਿਊਟੀ ਮਾਮਲਾ ਉਗਰਾਉਣ ਦੀ।

2. ਚੰਗਾ ਲੈ ਜਾ ਤੂੰ ਫੌਜ ਮਨ ਭਾਉਂਦੀਆਂ।
ਇਹ ਕੰਮਾਂ ਨਾ ਗੱਲਾਂ ਨਾਲ ਸੂਤ ਆਉਂਦੀਆਂ।
ਰਹੀਆਂ ਹੁਣ ਤੱਕ ਔਖੀਆਂ ਕਿਸਾਉਂਦੀਆਂ।
ਪੱਲੇ ਆਪਣੇ ਬੰਨ੍ਹ ਮੇਰੀ ਘੁੱਟ ਗੱਲ ਨੂੰ।
ਸਾਰਿਆਂ ਰਾਜਿਆਂ ਦੀ ਕਰ ਕੇ ਉਡੀਕ ਕੱਲ ਨੂੰ।

3. ਹੈ ਜਾ ਛੱਟ ਪੱਟ ਲੈਕੇ ਤਿਆਰ ਨੂੰ।
ਮਨ ਭਾਉਂਦੇ ਲੈ ਜਾ ਫੌਜ ਅਸਵਾਰ ਨੂੰ।
ਚੱਕ ਹੱਥ ਵਿਚ ਤੇਰੀ ਤਲਵਾਰ ਨੂੰ।
ਤੇਰੀ ਹਿੰਮਤ ਨਾ ਕਰੇ ਮਾਮਲਾ ਦਬਾਉਣ ਦੀ।
ਹੁਣ ਤੇਰੀ ਹੈ ਡਿਊਟੀ ਮਾਮਲਾ ਉਗਰਾਉਣ ਦੀ।

4. ਜਾਕੇ ਸਿਰਦੇ ਨੂੰ ਜਾ ਕੇ ਜਾਗੀਰਦਾਰ ਦੇ।
ਨਾਲ ਮੋੜਦਾ ਨਹੀਂ ਜੇ ਤੇਰੀ ਤਿਆਰ ਦੇ।
ਆਣ ਕੱਟ ਪੱਟ ਸੋਤ ਦੇ ਉਤਾਰ ਦੇ।
ਤੇਰੀ ਦਾਲ 'ਚ ਮਜ਼ਾ ਦੇ ਜਾ ਕੇ ਤਤਕਾਲ ਨੂੰ।
ਸਾਰਿਆਂ ਰਾਜਿਆਂ ਦੀ ਕਰ ਕੇ ਉਡੀਕ ਕੱਲ ਨੂੰ।

5. ਆਖੂ ਮਿਸਲਾਂ ਦਾ ਸੂਬਾ ਹੈ ਤੇਜ ਨੂੰ।
ਛੇਤੀ ਕਰਕੇ ਵਸੂਲ ਦਿੱਲੀ ਭੇਜ ਨੂੰ।
ਕਿਸੇ ਨਾਲ ਕਰਾਈ ਝਗੜਾ ਹੇਜ ਨੂੰ।
ਸੋਚ ਤੈਨੂੰ ਨਹੀਂ ਕਿਸੇ ਦੇ ਨਾਲ ਜਾਣ ਪਹਿਚਾਣ ਦੀ।
ਹੁਣ ਤੇਰੀ ਹੈ ਡਿਊਟੀ ਮਾਮਲਾ ਉਗਰਾਉਣ ਦੀ।

[illegible]

6. ਕਈਆਂ ਸਾਲਾਂ ਦੀ ਰਕਮ ਬੈਠੇ ਦੇਹਰ ਕੇ।
ਤੂੰ ਕਰਨੀ ਵਸੂਲ ਘੇਰ ਘੇਰ ਕੇ।
ਫੈਸਲਾ ਪਾ ਦਈਂ ਸਭਾਂ 'ਚ ਤੇਰਾ ਫੇਰ ਕੇ।
ਕਹੀ ਤੇਰਾ ਨਾਲ ਹਰ ਮਸਲੇ ਦਾ ਹੱਲ ਤੂੰ।
ਸਾਰਿਆਂ ਕਾਮਿਆਂ ਦੀ ਕਰ ਕੇ ਉਦੇਤ ਖੇਲ ਤੂੰ।
7. ਰਹਿੰਦਾ ਮਾਮਲਾ ਜੋ ਪਿਛਲਾ ਵੀ ਲੈਣਾ ਹੈ।
ਉਨਾ ਫਿਰ ਨਾ ਅਰਾਮ ਨਾਲ ਬਹਿਣਾ ਹੈ।
ਹੱਥ ਛਾਤੀ ਵਾਲੇ ਜ਼ੋਰ ਨਾਲ ਲੈਣਾ ਹੈ।
ਹੁਣ ਲੋੜ ਹੈ ਕਈ ਖੇਲ ਤੇਰਾ ਅਜਮਾਉਣ ਦੀ।
ਹੁਣ ਤੇਰੀ ਹੈ ਡਿਊਟੀ ਮਾਮਲਾ ਕਰਾਉਣ ਦੀ।
8. ਨਾਮ ਤੇਰਾ ਬਣੀ ਆਸਰ ਹੈ ਮਾਨ ਉਏ।
ਜਾਨ ਜਾਵੇ ਪਰ ਜਾਵੇ ਨਾ ਈਮਾਨ ਉਏ।
ਲੱਖੇ ਸਿਦਕ ਲਿਆ ਦੇਈਂ ਤੂੰ ਤੂਫਾਨ ਉਏ।
ਇਨ੍ਹਾਂ ਕਾਮਿਆਂ ਨੂੰ ਪਾਉਣਾ ਹੈ ਬਖਤ ਚਲੇ ਤੂੰ।
ਸਾਰਿਆਂ ਕਾਮਿਆਂ ਦੀ ਕਰ ਕੇ ਉਦੇਤ ਖੇਲ ਤੂੰ।
9. ਤੇਰੇ ਅੱਗੇ ਕੋਈ ਵੀ ਹੋਣ ਅੜਤਾਵੇ ਨਾ।
ਮੁੰਡਾ ਘਰ ਦੇ ਤੇਰੇ ਤੇ ਕੋਈ ਜਾਵੇ ਨਾ।
ਪ੍ਰੇਮ ਇਕ ਵੀ ਕੋਈ ਆਸਾਂ ਦਾ ਦਬਾਵੇ ਨਾ।
ਤੈਨੂੰ ਆਖਿਆ ਹੈ ਮਨਮਰਜੀ ਚਲਾਉਣ ਦੀ।
ਹੁਣ ਤੇਰੀ ਹੈ ਡਿਊਟੀ ਮਾਮਲਾ ਕਰਾਉਣ ਦੀ।
10. ਜੈ ਜਾ ਸੰਤ ਸੰਤ ਛੁੱਟ ਜਵਾਨਾ ਤੂੰ।
ਪੁੱਤ ਹਾਜੀਆਂ ਦੇ ਸੂਰਮੇ ਪਠਾਣਾ ਤੂੰ।
ਕੀ ਕੀ ਦੇ ਕਿਹੜੇ ਪਹਿਲਵਾਨਾ ਤੂੰ।
ਹੁਣ ਪਾਪੀਆਂ ਦੇ ਰਸਤੇ ਨੂੰ ਮੇਲ ਤੂੰ।
ਸਾਰਿਆਂ ਕਾਮਿਆਂ ਦੀ ਕਰ ਕੇ ਉਦੇਤ ਖੇਲ ਤੂੰ।
11. ਸਾਨੂੰ ਭਾਰਤਦਾ ਦੇ ਰੋਜ ਅਜਮਾਉਣਾ ਨਹੀਂ।
ਬਿਨਾ ਸਖ਼ਤੀ ਦੇ ਕੰਮ ਸੂਤ ਆਉਣਾ ਨਹੀਂ।

(ਚਲ) ਪਰਚੇ ਤੋਂ [illegible]

ਮਾਲ ਕਿਸੇ ਵੀ ਖ਼ਜ਼ਾਨੇ 'ਚ ਪੁਚਾਉਣਾ ਨਹੀਂ।
ਕੀਤੀ ਕਿੰਨਾ ਚਿਰ ਉਡੀਕ ਹੈ ਉਨ੍ਹਾਂ ਦੇ ਭੇਟ ਦੀ।
ਹੁਣ ਤੇਰੀ ਹੈ ਡਿਊਟੀ ਮਾਮਲਾ ਉਗਰਾਉਣ ਦੀ।
12. ਬੁਰੇ ਹੋਏ ਰਾਜੇ ਪਲ 'ਚ ਸੁਧਾਰ ਦੇ।
ਜਿਹੜੇ ਬੈਠੇ ਖਾਣ ਮੌਤ ਦੇ ਉਧਾਰ ਦੇ।
ਕਈ ਚਿਰਾਂ ਤੋਂ ਵਿਹਨ ਸਾਨੂੰ ਚਾਹੁੰਦੇ।
ਕਰੀਂ ਤੇਗ ਨਾਲ ਹਰ ਮਸਲੇ ਦਾ ਹੱਲ ਤੂੰ।
ਸਾਰਿਆਂ ਰਾਜਿਆਂ ਦੀ ਕਰ ਦੇ ਉਧੇੜ ਖੱਲ ਤੂੰ।

ਮੀਆਂ ਖਾਂ ਆਪਣੇ ਭਤੀਜੇ ਅਲਿਫ਼ ਖ਼ਾਨ ਦੀ ਡਿਊਟੀ ਲਾ ਕੇ, ਆਪ ਕਸ਼ਮੀਰ ਚੱਲਾ ਗਿਆ। ਅਲਿਫ਼ ਖਾਂ ਨੇ ਫ਼ੌਜ ਲੈ ਕੇ ਪਹਾੜੀਆਂ ਦੇ ਰਾਜਿਆਂ 'ਤੇ ਚੜ੍ਹਾਈ ਕਰ ਦਿੱਤੀ। ਅਲਿਫ਼ ਖਾਂ ਸੈਨਾ ਲੈ ਕੇ ਕਾਂਗੜੇ ਦੀ ਵਾਦੀ ਵਿਚ ਪਹੁੰਚਿਆ। ਰਾਜਾ ਕ੍ਰਿਪਾਲ ਚੰਦ ਕਟੋਚੀਆ ਤੇ ਰਾਜਾ ਦਿਆਲ ਚੰਦ ਬਿਜਰਵਾਲੀਏ ਨੂੰ ਜਦੋਂ ਅਲਿਫ਼ ਖਾਂ ਦੀ ਚੜ੍ਹਾਈ ਦਾ ਪਤਾ ਲੱਗਾ ਤਾਂ ਇਹ ਦੋਵੇਂ ਰਾਜੇ ਕੀਮਤੀ ਨਜ਼ਰਾਨੇ ਤੇ ਟੈਕਸ ਦੀ ਬਣਦੀ ਰਕਮ ਲੈ ਕੇ ਅਲਿਫ਼ ਖਾਂ ਦੀ ਈਨ ਮੰਨ ਲੈਂਦੇ ਹਨ ਤੇ ਨਾਲ ਹੀ ਅਲਿਫ਼ ਖਾਂ ਨੂੰ ਭੜਕਾਉਂਦੇ ਹਨ ਕਿ ਸਾਨੂੰ ਰਾਜੇ ਭੀਮ ਚੰਦ ਕਹਿਲੂਰ ਵਾਲੇ ਨੇ ਮਨ੍ਹਾ ਕੀਤਾ ਸੀ ਕਿ ਟੈਕਸ ਖ਼ਜ਼ਾਨੇ ਵਿਚ ਨਹੀਂ ਜਮ੍ਹਾਂ ਕਰਵਾਉਣਾ। ਏਨੀ ਗੱਲ ਸੁਣਨ ਦੀ ਦੇਰ ਸੀ ਅਲਿਫ਼ ਖਾਂ ਨੂੰ ਅੱਗ ਲੱਗ ਉੱਠੀ। ਉਹਨੇ ਸੈਨਾ ਲੈ ਕੇ ਰਾਜੇ ਭੀਮ ਚੰਦ ਉੱਤੇ ਚੜ੍ਹਾਈ ਕਰ ਦਿੱਤੀ। ਭੀਮ ਚੰਦ ਵੀ ਆਪਣੀ ਪੂਰੀ ਤਿਆਰੀ ਕਰੀ ਬੈਠਾ ਸੀ। ਰਾਜਾ ਰਾਮ ਸਿੰਘ ਜਸਵਾਲੀਆ, ਪ੍ਰਿਥੀ ਚੰਦ ਡਡਵਾਲੀਆ, ਰਾਜਾ ਦਿਆਲ ਚੰਦ ਬਿਜਰਵਾਲੀਆ ਇਹ ਦੋਵੇਂ ਰਾਜੇ ਕ੍ਰਿਪਾਲ ਚੰਦ ਕਟੋਚੀਆ, ਆਪਣੀ ਸੈਨਾ ਲੈ ਕੇ ਅਲਿਫ਼ ਖਾਂ ਦੀ ਹਮਾਇਤ 'ਤੇ ਭੀਮ ਚੰਦ ਦੇ ਵਿਰੋਧ ਵਿਚ ਖੜ੍ਹੇ। ਨਦੌਣ ਦੇ ਮੈਦਾਨ ਵਿਚ ਦੋਹਾਂ ਧਿਰਾਂ ਦਾ ਭੇੜ ਹੋ ਗਿਆ। ਦੋਹਾਂ ਧਿਰਾਂ ਦੇ ਜਵਾਨ ਆਹਮੋ ਸਾਹਮਣੇ ਹੋ ਕੇ ਲੜਾਈ ਕਰਨ ਲੱਗੇ।

ਕੋਰੜਾ ਛੰਦ

1. ਦੋਹਿਆਂ 'ਤੇ ਚੋਟਾਂ ਵੱਜੀਆਂ ਕਰਾਰੀਆਂ।
ਫੌਜ ਨਾਲ ਫੌਜਾਂ ਭਿੜੀਆਂ ਸਰਕਾਰੀਆਂ।
ਤੇਗਾਂ ਨਾਲ ਕਰਤੇ ਨਿਸ਼ਾਨ ਡੂੰਘੇ।
ਹੋ ਕੇ ਆਹਮੋ ਸਾਹਮਣੇ ਜਵਾਨ ਜੂਝੇ।

2. ਹੋ ਗਿਆ ਹੈ ਪਿੜ ਸਾਵਾਂ ਦੋਹਾਂ ਧਿਰਾਂ ਦਾ।
ਗੁਰਜਾਂ ਨਾਂ ਭੁਰਕਾ ਬਣਾਉਣ ਸਿਰਾਂ ਦਾ।
ਕਰਨ ਹਲਾਲ ਜਿਊਂ ਕਸਾਈ ਬੱਕਰੇ।
ਹੋ ਕੇ ਆਹਮੋ ਸਾਹਮਣੇ ਜਵਾਨ ਟੱਕਰੇ।

3. ਆਸਫ ਖਾਂ ਖਲੀ ਹੱਲਾ ਕੀਤਾ ਜ਼ੋਰ ਦੀ।
ਜਾਂਦੀ ਤਲਵਾਰ ਵੈਰੀਆਂ ਨੂੰ ਕੇਰਦੀ।
ਦੋਵੇਂ ਦਲ ਵਿਚ ਨੇ ਮੈਦਾਨ ਟੱਕਰੇ।
ਹੋ ਕੇ ਆਹਮੋ ਸਾਹਮਣੇ ਜਵਾਨ ਟੱਕਰੇ।

4. ਚੱਲਣ ਬੰਦੂਕਾਂ ਪਈਆਂ ਤਾੜ ਤਾੜ ਜੀ।
ਵੈਰੀਆਂ ਦੇ ਸੀਨਿਆਂ ਨੂੰ ਦੇਣ ਪਾੜ ਜੀ।
ਤੇਗਾਂ ਮਿਟ ਮਿਟ ਕੇ ਬਣਾਇਣ ਡੱਕਰੇ।
ਹੋ ਕੇ ਆਹਮੋ ਸਾਹਮਣੇ ਜਵਾਨ ਟੱਕਰੇ।

5. ਦੋਵੀਂ ਪਾਸੀਂ ਉੱਚੀ ਲਲਕਾਰੇ ਵੱਜਦੇ।
ਜੰਗ ਦੇ ਮੈਦਾਨ ਚ ਜਵਾਨ ਗੱਜਦੇ।
ਨੇਜ਼ੇ ਲੈ ਕੇ ਹੱਥਾਂ ਚ ਦੋ ਪਠਾਣ ਟੱਕਰੇ।
ਹੋ ਕੇ ਆਹਮੋ ਸਾਹਮਣੇ ਜਵਾਨ ਟੱਕਰੇ।

6. ਇਕ ਪਾਸੇ ਰਾਜੇ ਜੁੱਟੇ ਨੇ ਪਹਾੜ ਦੇ।
ਮਾਰ ਕੇ ਨਿਸ਼ਾਨੇ ਸਿੰਘਾਂ ਨੂੰ ਮਾਰਦੇ।
ਜਿਸ ਹਿਆ ਕੇ ਭਗਵਾਨ ਟੱਕਰੇ।
ਹੋ ਕੇ ਆਹਮੋ ਸਾਹਮਣੇ ਜਵਾਨ ਟੱਕਰੇ।

7. ਮੇਰ ਵਾਲਾ ਕੜ ਜਿਸ ਦੇ ਵਿਚਾਰ ਕੇ।
ਗੱਜਦੇ ਓਥੇ ਲਲਕਾਰੇ ਮਾਰ ਕੇ।
ਢਾਲੀਆਂ ਨਾਂ ਜਦੋਂ ਕਿਰਪਾਨ ਟੱਕਰੇ।
ਹੋ ਕੇ ਆਹਮੋ ਸਾਹਮਣੇ ਜਵਾਨ ਟੱਕਰੇ।

8. ਇਕ ਪਾਸੇ ਰਾਮ ਸਿੰਘ ਜੌਹਰਵਾਲੀਆ।
ਦੂਜੀ ਹੈ ਫੌਜ ਰਾਜਾ ਗੜ੍ਹਵਾਲੀਆ।
ਭੀਮ ਚੰਦ ਵਾਲੇ ਮਹਿਮਾਨ ਟੱਕਰੇ।
ਹੋ ਕੇ ਆਹਮੋ ਸਾਹਮਣੇ ਜਵਾਨ ਟੱਕਰੇ।

9. ਜਿਮਨਾਂ ਦੇ ਨਾਲ ਕ੍ਰਿਪਾਲ ਚੰਦ ਜੀ।
ਦੂਜਾ ਕਿਸ਼ਤ ਵਾਲੀਆ ਦਿਆਲ ਚੰਦ ਜੀ।
ਹੋਣ ਲਈ ਅਮਰ ਕੁਰਬਾਨ ਟੱਕਰੇ।
ਹੋ ਕੇ ਆਹਮੋ ਸਾਹਮਣੇ ਜਵਾਨ ਟੱਕਰੇ।

ਇਸ ਜੰਗ ਵਿਚ ਆਲਿਫ ਖਾਂ ਦਾ ਪਾਸਾ ਭਾਰੀ ਰਿਹਾ। ਭੀਮ ਚੰਦ ਦੀ ਫੌਜ ਦੇ ਅਾਪੂ ਹਾਰੇ। ਆਖੀ ਹੋਇਆ ਭੀਮ ਚੰਦ ਆਲਿਫ ਖਾਂ ਦੀ ਫੌਜ ਦੇ ਘੇਰੇ ਵਿਚ ਆ ਗਿਆ। ਸ ਹੋਏ ਭੀਮ ਚੰਦ ਨੂੰ ਇਕ ਰਸਤਾ ਨਜ਼ਰ ਆਇਆ। ਉਹ ਇਹ ਸੀ ਕਿ ਜਦੋਂ ਭੰਗਾਣੀ ਯੁੱਧ ਗੁਰੂ ਜੀ ਨੇ ਜਿੱਤ ਲਿਆ ਸੀ, ਉਦੋਂ ਰਾਜੇ ਭੀਮ ਚੰਦ ਨੇ ਗੁਰੂ ਗੋਬਿੰਦ ਸਿੰਘ ਜੀ ਸੁਲਾਹ ਕਰ ਲਈ ਸੀ। ਉਸ ਨੇ ਸੋਚਿਆ ਕਿ ਇਸ ਔਖੀ ਘੜੀ ਵਿਚ ਜੇ ਗੁਰੂ ਜੀ ਮੇਰੀ ਦ ਕਰ ਦੇਣ ਤਾਂ ਮੇਰੀ ਜਿੱਤ ਹੋਵੇਗੀ, ਨਹੀਂ ਤਾਂ ਹਾਰ ਵੀ ਹੋਵੇਗੀ ਤੇ ਟੈਕਸ ਵੀ ਦੇਣਾ ਗਾ।

ਆਖਰ ਗੁਰੂ ਗੋਬਿੰਦ ਸਿੰਘ ਜੀ ਤੋਂ ਮਦਦ ਲੈਣ ਲਈ ਇਕ ਚਿੱਠੀ ਰਾਜੇ ਭੀਮ ਚੰਦ ਮੰਤਰੀਆਂ ਨੂੰ ਲਿਖ ਲਿਖੀ :

ਦੋਤਾਰਾ ਛੰਦ

1. ਲਿਖ ਅਰਜ਼ ਭੀਮ ਚੰਦ ਨੇ, ਚਿੱਠੀ ਮੰਤਰੀਆਂ ਹੱਥ ਘਲਾਈ।
ਆਲਫ਼ ਖਾਂ ਮੇਰੇ ਤੇ ਲਿਆ ਜੈ ਕੇ ਕਰੀ ਚੜ੍ਹਾਈ।
ਮੈਂ ਉਸਦਾ ਜਾਵਾਂਗਾ ਹੋਈ ਜੇ ਪਾਤਸ਼ਾਹ ਦੇਰੀ।
ਲਈ ਮੌਤ ਜੇਵਰੀ ਨੂੰ ਕਰਦਿਉ ਮਦਦ ਗੁਰੂ ਜੀ ਮੇਰੀ।

2. ਉਸ ਪਹਿਲਾਂ ਬਖਸ਼ ਦਿਉ, ਹੋਈ ਮੇਰੇ ਤੋਂ ਗੁਸਤਾਖੀ।
ਹੱਥ ਜੋੜ ਕੇ ਮੰਗਦਾ ਹਾਂ ਪਾਤਸ਼ਾਹ ਵਾਰ ਵਾਰ ਮੈਂ ਮਾਫ਼ੀ।
ਤੁਸੀਂ ਪਰਉਪਕਾਰ ਕਰੋ ਢਿੱਲ ਨਾ ਲਾਵੋ ਆਸ ਹੀ ਮੇਰੀ।
ਲਈ ਮੌਤ ਜੇਵਰੀ ਨੂੰ ਕਰਦਿਉ ਮਦਦ ਗੁਰੂ ਜੀ ਮੇਰੀ।

3. ਸਭ ਦਿਉਂਗੇ ਪਰਖ ਕਿਤੇ ਦਿਸਦਾ ਮਦਦਗਾਰ ਨਾ ਕੋਈ।
ਇਕ ਤੇਰੇ ਦਰ ਬਾਝੋਂ ਦਿਸਦੀ ਨਾ ਹੋਰ ਕੋਈ ਢੋਈ।
ਮੁੜ ਪਿੱਠ ਦੇਖਣ ਨਾ ਕਿਸਦਾ ਹੋਈ ਮਿਤ੍ਰਾਂ ਤੇ ਭੇਰੀ।
ਲਈ ਮੌਤ ਜੇਵਰੀ ਨੂੰ ਕਰਦਿਉ ਮਦਦ ਗੁਰੂ ਜੀ ਮੇਰੀ।

4. ਇਸ ਡੁੱਬਦੀ ਬੇੜੀ ਨੂੰ, ਦਾਤਾ ਪਾਰ ਆਣ ਕੇ ਲਾਵੇ।
ਹੰਕਾਰੀ ਆਲਫ ਖਾਂ ਉਸ ਦਾ ਆ ਕੇ ਸੀਸ ਝੁਕਾਵੇ।
ਬਾਕੀ ਸਭ ਰਾਜੇ ਵੀ, ਉਸਦੀ ਕਰਦੇ ਮਦਦ ਘਨੇਰੀ।
ਲਓ ਮੰਨ ਜੋਦੜੀ ਨੂੰ ਕਰਿਓ ਮਦਦ ਗੁਰੂ ਜੀ ਮੇਰੀ।

5. ਮੁਗਲਾਂ ਦੀ ਸੈਨਾ ਨੇ ਕੀਤਾ, ਹਮਲਾ ਆਣ ਅਚਾਨਕ।
ਨਦੌਣ ਦੀ ਧਰਤੀ ਤੇ, ਇਕ ਦਮ ਛਿੜ ਗਿਆ ਯੁੱਧ ਭਿਆਨਕ।
ਚਿੱਟੇ ਦਿਨ ਹੋ ਗਈ ਸੀ, ਮੇਰੇ ਭਾਅ ਦੀ ਰਾਤ ਹਨੇਰੀ।
ਲਓ ਮੰਨ ਜੋਦੜੀ ਨੂੰ ਕਰਿਓ ਮਦਦ ਗੁਰੂ ਜੀ ਮੇਰੀ।

6. ਜੇ ਕੌਮ ਆਪਣੀ ਨੂੰ, ਛੇਤੀ ਪਾਈਂ ਗੁਰੂ ਜੀ ਚਾਲੇ।
ਮੈਂ ਕਰਾਂ ਉਡੀਕਾਂ ਨੂੰ, ਛੇਤੀ ਨਾ ਕਰਿਓ ਜੇ ਟਾਲੇ।
ਟੁੱਟ ਗਏ ਹੌਸਲੇ ਨੇ, ਸਾਥੋਂ ਹੁੰਦੀ ਨਹੀਂ ਦਲੇਰੀ।
ਲਓ ਮੰਨ ਜੋਦੜੀ ਨੂੰ ਕਰਿਓ ਮਦਦ ਗੁਰੂ ਜੀ ਮੇਰੀ।

7. ਆਲਫ ਖਾਂ ਚੜ੍ਹਿਆ ਸੀ, ਲਸ਼ਕਰ ਲੈ ਕੇ ਗੁਰੂ ਜੀ ਭਾਰੀ।
ਇਕ ਜੰਗ ਦੇ ਹੋਣੀ ਹੈ, ਤਾਹੀਓਂ ਮੇਰੀ ਹਾਰ ਕਰਾਰੀ।
ਹਣ ਅੰਦਰ ਹੋ ਗਈ ਹੈ, ਮੇਰੀ ਕੁਲ ਕੌਮ ਹੀ ਢੇਰੀ।
ਲਓ ਮੰਨ ਜੋਦੜੀ ਨੂੰ ਕਰਿਓ ਮਦਦ ਗੁਰੂ ਜੀ ਮੇਰੀ।

8. ਮੈਂ ਤੁਹਾਡੀ ਸ਼ਰਨ ਪਿਆ, ਛੇਤੀ ਲਾਜ ਰਾਖਣੇ ਆ ਕੇ।
ਜੋ ਰੁਕੇ ਸਿਰ ਮੇਰੇ, ਟਾਲੋ ਉਸ ਮੌਤ ਨੂੰ ਆ ਕੇ।
ਇਹ ਅਰਜ਼ਨਾਮਾ ਲਿਖਿਆ, ਝਾੜੀ ਜਿੱਦ ਮੁਗ਼ਲਾਂ ਕੇਰੀ।
ਲਓ ਮੰਨ ਜੋਦੜੀ ਨੂੰ ਕਰਿਓ ਮਦਦ ਗੁਰੂ ਜੀ ਮੇਰੀ।

ਰਾਜੇ ਭੀਮ ਚੰਦ ਕਹਿਲੂਰ ਵਾਲੇ ਨੇ ਚਿੱਠੀ ਰਾਹੀਂ ਗੁਰੂ ਜੀ ਤੋਂ ਮਦਦ ਮੰਗੀ। ਆਪਣੇ ਵਜ਼ੀਰ ਪੰਡਤ ਪਰਮਾਨੰਦ ਦੇ ਹੱਥ ਚਿੱਠੀ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਭੇਜੀ ਗਈ। ਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ। ਸਾਰਿਆਂ ਹੀ ਸਿੰਘਾਂ ਦੇ ਸਨਮੁਖ ਇਹ ਚਿੱਠੀ ਪੜ੍ਹੀ ਗਈ। ਗੁਰੂ ਜੀ ਨੇ ਕਿਹਾ ਕਿ "ਖਾਲਸਾ ਜੀ ! ਇਹ ਫੈਸਲਾ ਹੁਣ ਤੁਸਾਂ ਕਰਨਾ ਹੈ। ਦੱਸੋ ਰਾਇ ਕਿ ਰਾਜੇ ਭੀਮ ਚੰਦ ਦੀ ਮਦਦ ਕੀਤੀ ਜਾਵੇ ਕਿ ਜਾਂ ਨਾ ?" ਰਾਜਾ ਭੀਮ ਚੰਦ ਭੰਗਾਣੀ ਦੇ ਜੰਗ ਵਿਚ ਗੁਰੂ ਜੀ ਦੇ ਵਿਰੁਧ ਲੜਿਆ ਸੀ। ਇਸ ਲਈ ਕਈਆਂ ਸਿੰਘਾਂ ਨੇ ਇਹ ਸਲਾਹ ਦਿੱਤੀ ਕਿ ਮਦਦ ਨਾ ਕੀਤੀ ਜਾਵੇ। ਅੱਗੋਂ ਗੁਰੂ ਜੀ ਨੇ ਕਿਹਾ ਕਿ "ਭੀਮ ਚੰਦ ਦੀ ਮਦਦ ਇਸ ਲਈ ਨਹੀਂ ਕਰਨੀ ਕਿ ਉਹ ਇਕ ਰਾਜਾ ਹੈ ਜਾਂ ਅਸਾਂ ਉਸ ਤੋਂ ਕੋਈ ਗਰਜ਼ ਸਾਧਣੀ ਹੈ। ਅਸੀਂ ਭੀਮ ਚੰਦ ਦੀ ਮਦਦ ਤਾਂ ਕਰਨੀ ਹੈ ਕਿ ਉਹ ਇਕ ਸ਼ਰਨ

ਇਕ ਹੈ ਅਤੇ ਨਾਲ ਹੀ ਗੁਰੂ ਨਾਨਕ ਦੇ ਘਰ ਦਾ ਅਸੂਲ ਹੈ ਇਸ ਸੱਚੇ ਦਰ ਤੇ ਜਿਹੜਾ ਵੀ ਸਵਾਲੀ ਆ ਜਾਵੇ, ਉਹ ਕਦੇ ਖ਼ਾਲੀ ਨਹੀਂ ਮੋੜਿਆ ਜਾਂਦਾ। ਸਿੰਘੋ ! ਇਹ ਘਰ ਸਭ ਦਾ ਸਾਂਝਾ ਹੈ।

ਕੋਰੜਾ ਛੰਦ

1. ਤੰਗ ਹੋ ਕਹਿਣਾ ਜੇ ਕੋਈ ਗੁਰੂ ਘਰ ਤੇ।
ਜੇ ਕੋਈ ਆਵੇ ਚੱਲ ਇਸ ਸੱਚੇ ਦਰ ਤੇ।
ਮੋੜਨਾ ਨਿਰਾਸ਼ ਕਦੇ ਵੀ ਸਵਾਲੀ ਨਹੀਂ।
ਗੁਰੂ ਘਰੋਂ ਮੋੜਨਾ ਕਿਸੇ ਨੂੰ ਖ਼ਾਲੀ ਨਹੀਂ।

2. ਚਾਹੀਦੇ ਧਾਰਮਿਕ ਸਿੱਖਾਂ ਨੂੰ ਗੁਣ ਵੀ।
ਆਈ ਕੋਈ ਘਾਟੇ ਵਿਚ ਕੁੜੀ ਸੰਗ ਵੀ।
ਉਹ ਨਹੀਂ ਸੂਰਾ ਤੇਗ਼ ਜਿਸਦੇ ਸੰਭਾਲੀ ਨਹੀਂ।
ਗੁਰੂ ਘਰੋਂ ਮੋੜਨਾ ਕਿਸੇ ਨੂੰ ਖ਼ਾਲੀ ਨਹੀਂ।

3. ਅਸਾਂ ਮਜ਼ਲੂਮ ਦੀ ਹੈ ਪੱਤ ਢੱਕਣੀ।
ਜ਼ੁਲਮ ਦੀ ਧਾਰ ਤੇਗ਼ ਨਾਲ ਕੱਟਣੀ।
ਜ਼ਾਲਮਾਂ ਦੇ ਨਾਲ ਅਸਾਂ ਦੀ ਭਿਆਲੀ ਨਹੀਂ।
ਗੁਰੂ ਘਰੋਂ ਮੋੜਨਾ ਕਿਸੇ ਨੂੰ ਖ਼ਾਲੀ ਨਹੀਂ।

4. ਕੁੱਲ ਆਪਾਂ ਕੌਮ ਵੈਰ ਦੀ ਨਿਭਾਵਣੀ।
ਮਾੜਿਆਂ ਦੀ ਆਪਾਂ ਟੇਕ ਦੇਣੀ ਹਾਰ ਜੀ।
ਬਾਗ਼ ਨੂੰ ਉਜਾੜਨਾ ਕਦੇ ਵੀ ਮਾਲੀ ਨਹੀਂ।
ਗੁਰੂ ਘਰੋਂ ਮੋੜਨਾ ਕਿਸੇ ਨੂੰ ਖ਼ਾਲੀ ਨਹੀਂ।

5. ਤੇਰੇ ਕੁਝ ਕਾਇਮ ਕਰਨੀ ਮਿਸਾਲ ਜੀ।
ਟਾਕਰਾ ਜਿਨ੍ਹਾਂ ਦਾ ਜ਼ੁਲਮ ਦੇ ਨਾਲ ਜੀ।
ਸਿੰਘ ਨੂੰ ਬਚਾਇਆ ਜਿਨ੍ਹਾਂ ਮੌਤ ਟਾਲੀ ਨਹੀਂ।
ਗੁਰੂ ਘਰੋਂ ਮੋੜਨਾ ਕਿਸੇ ਨੂੰ ਖ਼ਾਲੀ ਨਹੀਂ।

6. ਚੁੱਕੀ ਤਲਵਾਰ ਅਸਾਂ ਕਿਸੇ ਕਰ ਵੀ।
ਕਦੇ ਮਜ਼ਲੂਮ ਕੋਈ ਨਾ ਇਹ ਡਰ ਵੀ।
ਕਹਿਣ ਵਾਲਾ ਸਮਾਂ ਖ਼ਾਲਸਾ ਵੀ ਟਾਲੀ ਨਹੀਂ।
ਗੁਰੂ ਘਰੋਂ ਮੋੜਨਾ ਕਿਸੇ ਨੂੰ ਖ਼ਾਲੀ ਨਹੀਂ।

7. ਜਿਧਰ ਵੀ ਸਾਡੀ ਸ਼ਮਸ਼ੀਰ ਲੰਘੂਗੀ।
ਜ਼ਾਲਮਾਂ ਦੇ ਢਾਣਿਆਂ ਨੂੰ ਚੀਰ ਲੰਘੂਗੀ।
ਖ਼ਾਲਸੇ ਦੀ ਤੇਗ਼ ਜੰਗ ਨਾਂ ਜੰਗਾਲੀ ਨਹੀਂ।
ਗੁਰੂ ਘਰੋਂ ਮੋੜਨਾ ਕਿਸੇ ਨੂੰ ਖ਼ਾਲੀ ਨਹੀਂ।

8. ਜ਼ੁਲਮ ਨੂੰ ਹੁਣ ਨਹੀਂ ਜਰ ਕਰਨਾ।
ਦੇਸ਼ ਦਾ ਹੈ ਅਸਾਂ ਨੇ ਉਧਾਰ ਕਰਨਾ।
ਫ਼ਰ ਜੋ ਅਮਰ ਜੋ ਅਸਲ ਘਾਲੀ ਨਹੀਂ।
ਗੁਰੂ ਘਰੋਂ ਮੋੜਨਾ ਕਿਸੇ ਨੂੰ ਖ਼ਾਲੀ ਨਹੀਂ।

ਇਸਲਾਮੀ ਲੋਕਾਂ ਨੇ ਤਲਵਾਰ ਚੁੱਕੀ, ਪਰਜਾ ਨੂੰ ਦੁੱਖ ਦੇਣ ਲਈ, ਜ਼ੁਲਮ ਕਰਨ ਲਈ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਚੁੱਕੀ ਪਰਜਾ ਨੂੰ ਸੁਖ ਦੇਣ ਲਈ, ਜ਼ੁਲਮ ਦਾ ਖ਼ਾਤਮਾ ਕਰਨ ਲਈ। ਗੁਰੂ ਜੀ ਨੇ ਕਿਹਾ "ਖ਼ਾਲਸਾ ਜੀ ! ਰਾਜੇ ਭੀਮ ਚੰਦ ਦੀ ਚਿੱਠੀ ਵਿਚ ਰਾਜੇ ਵਰਗੀ ਨਹੀਂ, ਇਕ ਕਮਜ਼ੋਰ ਵੱਲੋਂ ਆਈ ਹੈ। ਇਸ ਲਈ ਸਾਡਾ ਫ਼ਰਜ਼ ਬਣਦਾ ਹੈ ਕਮਜ਼ੋਰਾਂ ਦੀ ਬਾਂਹ ਫੜਨੀ।" ਗੁਰੂ ਜੀ ਨੇ ਇਹ ਵੀ ਕਿਹਾ ਕਿ "ਅਸੀਂ ਇਸਲਾਮ ਦੇ ਵਿਰੋਧੀ ਨਹੀਂ। ਅਸੀਂ ਉਸ ਜ਼ੁਲਮੀ ਰਾਜ ਦੇ ਵਿਰੋਧੀ ਹਾਂ, ਜਿਹੜੇ ਰਾਜ ਵਿਚ ਇਨਸਾਫ਼ ਨਹੀਂ।" ਗੁਰੂ ਜੀ ਦੇ ਵਿਚਾਰ ਸੁਣ ਕੇ ਖ਼ਾਲਸੇ ਨੇ ਝਟ ਪਟ ਤਿਆਰੀ ਕੀਤੀ।

ਹੁਣ ਮੈਦਾਨ ਅੰਦਰ ਰਾਜੇ ਭੀਮ ਚੰਦ ਦੀ ਮਦਦ ਵਾਸਤੇ ਸਿੰਘ ਫੌਜਾਂ ਪਹੁੰਚ ਗਈਆਂ। ਭੀਮ ਚੰਦ ਦੀ ਹਾਰ ਨੂੰ ਜਿੱਤ ਵਿਚ ਬਦਲਣ ਲਈ ਪ੍ਰਬੰਧ ਸ਼ੁਰੂ ਹੋ ਗਿਆ। ਗੁਰੂ ਜੀ ਦੇ ਤੀਰ ਚਲਾਇਆਂ ਕਿਤੇ ਪਾਰ ਹੋ ਜਾਂਦੇ। ਕ੍ਰਿਪਾਲ ਚੰਦ ਤੇ ਦਿਆਲ ਚੰਦ ਆਲਿਫ਼ ਖ਼ਾਂ ਦੀ ਮਦਦ ਤੇ ਗੁਰੂ ਜੀ ਦੇ ਵਿਰੁੱਧ ਲੜਦੇ ਸਨ। ਦਿਆਲ ਚੰਦ ਬੜਾ ਹੰਕਾਰੀ ਰਾਜਾ ਸੀ। ਭੰਗਾਣੀ ਦੇ ਜੰਗ ਵਿਚ 22 ਰਾਜੇ ਗੁਰੂ ਜੀ ਦੇ ਵਿਰੁੱਧ ਲੜੇ ਸੀ, ਪਰ ਉਹਦੇ ਉਹਨਾਂ ਵਿਚ ਦਿਆਲ ਚੰਦ ਨਹੀਂ ਸੀ। ਗੁਰੂ ਜੀ ਦੀ ਭੰਗਾਣੀ ਵਿਚ ਜਿੱਤ ਹੋਈ ਸੀ। ਇਸ ਨੂੰ ਮਾਣ ਸੀ ਕਿ ਜੇ ਮੈਂ ਭੰਗਾਣੀ ਦੇ ਜੰਗ ਵਿਚ ਹੁੰਦਾ ਤਾਂ ਗੁਰੂ ਨੂੰ ਹਰਾ ਦਿੰਦਾ, ਖ਼ਤਮ ਕਰ ਦਿੰਦਾ। ਇਹ ਇਸ ਹੰਕਾਰ ਮਸਤ ਹੋਇਆ ਸੀ। ਗੁਰੂ ਜੀ ਦੇ ਸਾਹਮਣੇ ਆਣ ਕੇ ਗੁਰੂ ਜੀ 'ਤੇ ਤੀਰਾਂ ਦੀ ਵਰਖਾ ਕਰਨ ਲੱਗਾ। ਗੁਰੂ ਜੀ ਨੇ ਕਿਹਾ ਕਿ "ਦਿਆਲ ਚੰਦਾ ! ਕਿਤੇ ਦਿਲ ਦੀਆਂ ਦਿਲ ਵਿਚ ਨਾ ਰਹਿ ਜਾਣ, ਵਾਰ ਪਹਿਲਾ ਕਰ ਲੈ।" ਇਸ ਨੇ ਤਿੰਨ ਵਾਰ ਕੀਤੇ। ਤਿੰਨੇ ਖ਼ਾਲੀ ਗਏ। ਗੁਰੂ ਜੀ ਨੇ ਫਿਰ ਤੀਰ ਕੱਸਿਆ ਤੇ ਕਿਹਾ, ਦਿਆਲ ਚੰਦਾ ! ਵਾਰ ਇੰਞ ਨਹੀਂ ਇੰਞ ਕਰੀਦਾ :

ਕੋਰੜਾ ਛੰਦ

1. ਦਿਆਲ ਚੰਦ ਸਾਹਮਣੇ ਗੁਰਾਂ ਦੇ ਆਇਆ ਹੈ।
ਗੁਰੂ ਜੀ ਨੇ ਤੀਰ ਖਿੱਚ ਕੇ ਚਲਾਇਆ ਹੈ।
ਕਿਹਾ ਤੈਨੂੰ ਮੌਤ ਨੇ ਬੁਲਾਇਆ ਯਾਰ ਹੈ।
ਤੀਰ ਮਾਰ ਗੁਰਾਂ ਨੇ ਲੰਘਾਇਆ ਪਾਰ ਹੈ।

2. ਤੀਰ ਸਾਡੇ ਵੱਲ ਤੂੰ ਚਲਾਏ ਜਿੰਨੇ ਓਏ।
ਖੁੰਝ ਗਏ ਨਿਸ਼ਾਨੇ ਤੇਰੇ ਵਾਰ ਤਿੰਨੇ ਓਏ।
ਆਉਣ ਲੱਗਾ ਹੁਣ ਖਾਲਸੇ ਦਾ ਵਾਰ ਹੈ।
ਤੀਰ ਮਾਰ ਗੁਰਾਂ ਨੇ ਲੰਘਾਇਆ ਪਾਰ ਹੈ।

3. ਜ਼ੁਲਮ ਦੇ ਵਿਚੋਂ ਭਾਲਦਾ ਸਕੂਨ ਜੋ।
ਮਾੜਿਆਂ ਦਾ ਨਿੱਤ ਹੀ ਵਹਾਉਂਦਾ ਖੂਨ ਜੋ।
ਉਹ ਬੰਦਾ ਧਰਤੀ ਦੇ ਉਤੇ ਭਾਰ ਹੈ।
ਤੀਰ ਮਾਰ ਗੁਰਾਂ ਨੇ ਲੰਘਾਇਆ ਪਾਰ ਹੈ।

4. ਯੁੱਧ ਸੀ ਭੰਗਾਣੀ ਵਾਲਾ ਜਦੋਂ ਛਿੜਿਆ।
ਵੈਰੀਆਂ ਦੇ ਨਾਲ ਖਾਲਸਾ ਸੀ ਭਿੜਿਆ।
ਸੂਰਮਿਆਂ ਦੀ ਕਦੇ ਵੀ ਨਾ ਹੁੰਦੀ ਹਾਰ ਹੈ।
ਤੀਰ ਮਾਰ ਗੁਰਾਂ ਨੇ ਲੰਘਾਇਆ ਪਾਰ ਹੈ।

5. ਡਰੇ ਨਾ ਮੈਦਾਨ 'ਚੋਂ ਮਰਦ ਨੱਸਦੇ।
ਮੌਤ ਪ੍ਰਵਾਨ ਹੈ ਪਿਛਾਂਹ ਨਾ ਹੱਟਦੇ।
ਹੱਥ ਵਿਚ ਜਿੰਨਾ ਦਿਲ ਹਥਿਆਰ ਹੈ।
ਤੀਰ ਮਾਰ ਗੁਰਾਂ ਨੇ ਲੰਘਾਇਆ ਪਾਰ ਹੈ।

6. ਜ਼ੋਰ ਨਾਲ ਗੁਰਾਂ ਲਲਕਾਰਾ ਮਾਰਿਆ।
ਰੱਖਿਆ ਨਾ ਅਸਾਂ ਕਦੇ ਵੀ ਉਧਾਰ ਆ।
ਝਟ ਦਿੰਦੇ ਖਾਲਸਾ ਨਿਬੇੜਿਆ ਤਾਰ ਹੈ।
ਤੀਰ ਮਾਰ ਗੁਰਾਂ ਨੇ ਲੰਘਾਇਆ ਪਾਰ ਹੈ।

7. ਤੋੜਿਆ ਹੰਕਾਰ ਗੁਰਾਂ ਨੇ ਦਿਆਲ ਦਾ।
ਸਾਹਮਣਾ ਕਰਾਤਾ ਪਲਾਂ ਵਿਚ ਕਾਲ ਦਾ।
ਛੱਡਦਾ ਨਾ ਤੇਗ ਕਰੇ ਹੰਕਾਰ ਹੈ।
ਤੀਰ ਮਾਰ ਗੁਰਾਂ ਨੇ ਲੰਘਾਇਆ ਪਾਰ ਹੈ।

8. ਜੰਗ 'ਤੇ ਹਮੇਸ਼ਾ ਜਿੱਤ ਹੁੰਦੀ ਸੱਚ ਦੀ।
ਸੱਚ ਦੀ ਹੀ ਸ਼ਮ੍ਹਾਂ ਹੈ ਹਮੇਸ਼ਾ ਮੱਚਦੀ।
ਸੱਚ ਦਾ ਅਮਰ ਹੁੰਦਾ ਸਤਿਕਾਰ ਹੈ।
ਤੀਰ ਮਾਰ ਗੁਰਾਂ ਨੇ ਲੰਘਾਇਆ ਪਾਰ ਹੈ।

ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਬੈਠੇ ਨੇ। ਸਿੱਖ ਜਗਤ ਦੇ ਦ
ਰਹਿਬਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਨਾ
ਦੇਵ ਜੀ ਦੇ ਸੁਪਨਿਆਂ ਵਾਲਾ ਪੂਰਨ ਮਨੁੱਖ ਸਜਾਉਣ ਲਈ ਵਿਉਂਤਬੰਦੀ ਕਰ ਰਹੇ
ਸਿਮਰਨ ਸੇਵਾ ਕੁਰਬਾਨੀ ਤੇ ਧੀਰਤਾ ਦੀਆਂ ਦਾਤਾਂ ਨਾਲ ਮਾਲਾ ਮਾਲ ਹੋਏ ਸਿੱ
ਕਲਗੀਧਰ ਪਾਤਸ਼ਾਹ ਜੀ ਕੁਝ ਹੋਰ ਖ਼ਾਸ ਕੇ ਪੂਰਨ ਪੁਰਖ ਬਣਾਉਣ ਬਾਰੇ ਸੋਚ ਰਹੇ
ਨਿਆਰੇ ਹੋਏ ਮਨੁੱਖ ਨੂੰ ਕਿਵੇਂ ਉੱਚਾ ਚੁੱਕਿਆ ਜਾਵੇ। ਗੁਰੂ ਨਾਨਕ ਦੇਵ ਜੀ ਦੇ ਸਿੱਖ ਦੀ ਵੱ
ਪਹਿਚਾਣ ਬਣਾਈ ਜਾਣੀ ਚਾਹੀਦੀ ਹੈ। ਪੰਜਵੇਂ ਪਾਤਸ਼ਾਹ ਨੇ ਮਰਦ ਨੂੰ ਮਰਨ ਦਾ
ਦੀਆ, ਕਿਤੇ ਇਹ ਸਾਚ ਭੁੱਲ ਨਾ ਬਹੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਪ
ਕੱਠੀਆਂ ਕੀਤੀਆਂ ਸੀ। ਕਿਤੇ ਸਮਾਂ ਪਾ ਕੇ ਵੱਖ ਨਾ ਹੋ ਜਾਣ, ਆਖ਼ਰ ਕੁਝ ਕਰਨਾ ਚਾਹ
ਹੈ, ਜਿਸ ਨਾਲ ਕੁਝ ਸਥਿਰ ਰਹਿ ਸਕੇ। ਮੈਂ ਅਕਾਲ ਦੇ ਹੁਕਮ ਦੀ ਪਾਲਣਾ ਕਰਨੀ
ਅਕਾਲ ਪੁਰਖ ਦਾ ਪ੍ਰਤੀਨਿਧ ਸਿੰਘ ਸਾਜਣਾ ਹੈ। ਇਹ ਧਾਰਨਾ ਧਾਰ ਕੇ ਹਜ਼ੂਰ ਪਾਤ
ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਦੁਰਾਡੇ ਬੈਠੇ ਹੋਏ ਸਿੱਖਾਂ ਨੂੰ ਚਿੱਠੀਆਂ ਦੇ ਰਾਹੀਂ ਸ੍ਰੀ ਅਨੰਦ
ਸਾਹਿਬ ਦੀ ਪਾਵਨ ਧਰਤੀ 'ਤੇ ਇਕੱਤਰ ਹੋਣ ਲਈ ਲਿਖਿਆ। ਗੁਰੂ ਜੀ ਨੇ ਚਿੱਠੀਆਂ
ਲਿਖਿਆ ਕਿ ਆਰ ਦੀ ਵੈਸਾਖੀ 'ਤੇ ਸਿੱਖ ਸੰਗਤਾਂ ਹੁੰਮ ਹੁਮਾ ਕੇ ਅਨੰਦਪੁਰ ਦੀ ਧਰਤੀ
ਪਹੁੰਚ ਕੇ ਗੁਰੂ ਜੀ ਦੀ ਖ਼ੁਸ਼ੀ ਲੈਣ।

ਆਖ਼ਰ ਮਿੱਥਿਆ ਹੋਇਆ ਸਮਾਂ ਨੇੜੇ ਆ ਗਿਆ। ਵੈਸਾਖੀ ਤੋਂ ਦੋ ਦਿਨ ਪਹਿਲਾਂ
ਗੋਬਿੰਦ ਸਿੰਘ ਜੀ ਨੇ ਬਹੁਤ ਵੱਡਾ ਭੰਡਾਰਾ ਰਚਿਆ ਅਤੇ ਐਲਾਨ ਕੀਤਾ ਕਿ ਚੌਹਾਂ ਵ
ਦੇ ਲੋਕ ਉਸ ਵਿਚ ਆ ਕੇ ਪ੍ਰਸ਼ਾਦਾ ਛਕਣ। ਗਰੀਬ ਅਤੇ ਅਮੀਰ, ਤਕੜੇ ਅਤੇ ਮਾੜੇ
ਇਕ ਮਿਲਾਉਣ ਲਈ ਇਹ ਭੰਡਾਰਾ ਰਚਿਆ ਗਿਆ ਹੈ। ਪੰਡਤਾਂ ਨੂੰ ਚੱਲ ਕੇ ਬਾਕੀ
ਲੋਕਾਂ ਨੇ ਕਲਗੀਧਰ ਦੇ ਹੁਕਮ ਦੀ ਪਾਲਣਾ ਕੀਤੀ। ਉੱਚ ਜਾਤੀਏ ਅਭਿਮਾਨੀ ਪੰਡਤ
ਭੰਡਾਰੇ ਵਿਚ ਨਾ ਆਏ। ਵਾਰ ਵਾਰ ਬੁਲੇਦੇ 'ਤੇ ਵੀ ਨਾ ਆਏ। ਆਖ਼ਰੀ ਸੰਦੇਸ਼ ਤੇ ਇਹ ਪੰ
ਆਏ। ਇਹਨਾਂ ਦਾ ਮੁਖੀ ਕੇਸੋ ਪੰਡਤ ਬਨਾਰਸ ਦਾ ਮਸ਼ਹੂਰ ਪੰਡਤ ਸੀ। ਮਹਾਰਾਜ ਜੀ
ਨਾ ਆਉਣ ਦਾ ਕਾਰਨ ਪੁੱਛਿਆ ਤੇ ਇਹਨਾਂ ਕਿਹਾ ਕਿ "ਅਸੀਂ ਉੱਚ ਜਾਤੀਏ ਪੰ
ਇਹਨਾਂ ਸ਼ੂਦਰਾਂ ਨਾਲ ਬੈਠ ਕੇ ਕਿਵੇਂ ਪ੍ਰਸ਼ਾਦਾ ਛਕਦੇ। ਸਾਡੀ ਵੱਖਰੀ ਪੰਗਤ ਲਾਈਏ।
ਸਾਡੀ ਵਿਦਵਤਾ ਤੇ ਉੱਚ ਜਾਤੀ ਦਾ ਖ਼ਿਆਲ ਨਹੀਂ ਰੱਖਿਆ। ਸਾਨੂੰ ਇਹਨਾਂ ਤੋਂ ਨਫ
ਹੈ" ਗੁਰੂ ਜੀ ਨੇ ਕਿਹਾ ਕਿ "ਜਿਨ੍ਹਾਂ ਨੂੰ ਤੁਸੀਂ ਨੀਚ ਤੇ ਸ਼ੂਦਰ ਕਹਿੰਦੇ ਹੋ, ਉਹ ਅੱ

ਜ਼ਾਮਦਾ ਜ਼ੁਲਮ ਨਹੀਂ ਰਹਿਣਗੇ। ਅਕਾਲ ਪੁਰਖ ਦੇ ਹੁਕਮ ਅਨੁਸਾਰ ਊਚ ਨੀਚ ਨੂੰ ਖ਼ਤਮ ਕਰ ਦੇਵਾਂਗੇ।" ਇਹ ਹਜ਼ੂਰ ਪਾਤਸ਼ਾਹ ਦੇ ਬੋਲ ਸਨ ਜੋ ਉਸ ਸਮੇਂ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਖ਼ੁਸ਼ੀ ਤੇ ਰੌਣਕ ਬਣੀ ਹੋਈ ਸੀ। ਇਉਂ ਬਿਆਨ ਹੈ :

ਟਰਨ ਛੰਦ

1. ਕਲਗੀਧਰ ਨੇ ਆਪ ਲਿਖਾ ਕੇ, ਚਿੱਠੀਆਂ ਪਾਈਆਂ ਸੀ।
ਹੁੰਮ ਹੁਮਾ ਕੇ ਸੰਗਤਾਂ ਬਹੁਤ, ਦਰਸ਼ਨ ਨੂੰ ਆਈਆਂ ਸੀ।
ਜਿਹੜੇ ਪਾਸੇ ਤੱਕੋ ਸੰਗਤ ਹੋਏ ਚਾਲੀ ਸੀ।
ਅਨੰਦਪੁਰੀ ਵਿਚ ਰੌਣਕ ਉਸ ਦਿਨ ਵੇਖਣ ਵਾਲੀ ਸੀ।

2. ਗੁਰ ਦਰਸ਼ਨ ਦੇ ਭੌਰੇ ਆ ਗਏ ਚੌਹਾਂ ਕੂਟਾਂ 'ਚੋਂ।
ਲਹਿੰਦਾ ਚੜ੍ਹਦਾ ਵੇਖਣ ਵੱਖੋ ਵੱਖੋ ਕੂਟਾਂ 'ਚੋਂ।
ਗੁਰ ਚਰਨਾਂ ਦੀ ਧੂੜੀ ਮਸਤਕ ਨਾਲ ਛੁਹਾ ਲਈ ਸੀ।
ਅਨੰਦਪੁਰੀ ਵਿਚ ਰੌਣਕ ਉਸ ਦਿਨ ਵੇਖਣ ਵਾਲੀ ਸੀ।

3. ਕੇਸਗੜ੍ਹੀ ਵਿਚ ਲੱਗ ਗਏ ਤੰਬੂ ਅਤੇ ਕਨਾਤਾਂ ਸੀ।
ਤਿਆਰ ਕਰਨ ਲਈ ਲੰਗਰ ਸੀ ਚੱਲੀ ਦਿਨ ਤੇ ਰਾਤਾਂ ਸੀ।
ਗੁਰਸਿੱਖਾਂ ਨੇ ਸੁਰਤੀ ਗੁਰ ਚਰਨਾਂ ਵਿਚ ਲਾ ਲਈ ਸੀ।
ਅਨੰਦਪੁਰੀ ਵਿਚ ਰੌਣਕ ਉਸ ਦਿਨ ਵੇਖਣ ਵਾਲੀ ਸੀ।

4. ਵੱਡਾ ਬਹੁਤ ਪੰਡਾਲ ਤੇ ਵੱਖਰੇ ਗੇਟ ਬਣਾਏ ਗਏ।
ਸੀਸ ਤਲੀ ਧਰ ਆਉ ਮਾਰੇ ਸਿੱਖ ਸਮਝਾਏ ਗਏ।
ਭੇਤ ਵਾਲੀ ਗੱਲ ਅਜੇ ਕਿਸੇ ਨਹੀਂ ਜਾਣੀ ਸੀ।
ਅਨੰਦਪੁਰੀ ਵਿਚ ਰੌਣਕ ਉਸ ਦਿਨ ਵੇਖਣ ਵਾਲੀ ਸੀ।

5. ਸੁੰਦਰ ਬਣੀ ਸਟੇਜ ਤੇ ਪਿੱਛੇ ਤੰਬੂ ਲਾਏ ਸੀ।
ਉਹਨਾਂ ਦੇ ਵਿਚ ਰਾਤ ਦੇ ਬੈਠੇ ਗੁਰੂ ਪਿਆਰੇ ਸੀ।
ਜਲਦੀ ਹੋਣ ਦੀਦਾਰ ਸੰਗਤ ਦੇ ਦਿਲ ਨੂੰ ਕਾਹਲੀ ਸੀ।
ਅਨੰਦਪੁਰੀ ਵਿਚ ਰੌਣਕ ਉਸ ਦਿਨ ਵੇਖਣ ਵਾਲੀ ਸੀ।

6. ਬੈਠੇ ਸਾਧ ਮਹੰਤ ਸਟੇਜ ਦੇ ਨੇੜੇ ਆ ਕੇ ਸੀ।
ਸੰਗਤ ਨਿਆਰੀ ਜਿਨ੍ਹਾਂ ਦੂਰੋਂ ਦੂਰੋਂ ਤੋਂ ਆ ਕੇ ਸੀ।
ਕਈ ਮੰਜ਼ਲਾਂ ਤੋਂ ਪਹੁੰਚੇ ਜਿਹੜੇ ਪਾ ਕੇ ਚਾਲੀ ਸੀ।
ਅਨੰਦਪੁਰੀ ਵਿਚ ਰੌਣਕ ਉਸ ਦਿਨ ਵੇਖਣ ਵਾਲੀ ਸੀ।

7. ਕਈ ਹਜ਼ਾਰਾਂ ਬੈਠੇ ਜੁੜ ਕੇ ਮਾਈ ਭਾਈ ਸੀ।
ਤੰਬੂ ਦੇ ਵੱਲ ਸਭਨਾਂ ਜਾਣੋ ਨਿਗ੍ਹਾ ਟਿਕਾਈ ਸੀ।
ਜਰਨੈਲ ਸਿੰਘਾ ਹੱਥ ਤੇਰਾ ਲੈ ਆ ਗਈ ਮੌਤ ਨਿਰਾਲੀ ਸੀ
ਅਨੰਦਪੁਰੀ ਵਿਚ ਕੌਤਕ ਉਸ ਦਿਨ ਵੇਖਣ ਵਾਲੀ ਸੀ

ਸ੍ਰੀ ਕੇਸਗੜ੍ਹ ਦੀ ਧਰਤੀ 'ਤੇ ਇਕੱਤਰ ਹੋਈਆਂ ਸੰਗਤਾਂ ਦੀ ਗਿਣਤੀ 70 ਹ ਜਾਂਦੀ ਹੈ। ਇਸ ਇਕੱਠ ਦੇ ਸਾਹਮਣੇ ਗੁਰੂ ਗੋਬਿੰਦ ਸਿੰਘ ਜੀ ਖੜੀ ਸੋਚੀਲੀ ਤ ਰਹੇ ਸਨ। ਜਿਹੜਾ ਖ਼ਾਲਸਾ ਗੁਰੂ ਗੋਬਿੰਦ ਸਿੰਘ ਸਜਾਉਣ ਜਾ ਰਹੇ ਸਨ, ਉਸ ਪੂ ਦੀ ਤਸਵੀਰ ਗੁਰੂ ਜੀ ਦੇ ਸ਼ਬਦਾਂ 'ਚੋਂ ਉਜਾਗਰ ਹੋ ਰਹੀ ਸੀ। ਗੁਰੂ ਜੀ ਕਹਿ ਰ "ਜਿਹੜਾ ਖ਼ਾਲਸਾ ਅਸੀਂ ਸਜਾਉਣ ਜਾ ਰਹੇ ਹਾਂ, ਉਹ ਇਤਨਾ ਸ਼ਕਤੀਸ਼ਾਲੀ ਜ਼ੁਲਮ ਦੀਆਂ ਜੜ੍ਹਾਂ ਪੁੱਟ ਕੇ ਰੱਖ ਦੇਵੇਗਾ। ਜਿਹੜੇ ਅੱਜ ਤੱਕ ਮੌਤ ਦੇ ਭੈਅ ਤੋਂ ਅੱਜ ਤੋਂ ਬਾਅਦ ਉਹਨਾਂ ਦੀ ਮੌਤ ਦਾ ਭੈਅ ਖ਼ਤਮ ਹੋ ਜਾਵੇਗਾ। ਜਿਹੜੇ ਲੋਕ ਜਾ ਆਪਣੇ ਆਪ ਨੂੰ ਕਮਜ਼ੋਰ ਸਮਝਦੇ ਹਨ ਅਸੀਂ ਉਹਨਾਂ ਨੂੰ ਸਿਰ ਉੱਚੇ ਚੁੱਕ ਕੇ ਜਾਚ ਸਿਖਾਉਣ ਜਾ ਰਹੇ ਹਾਂ। ਜਿਹੜਾ ਖ਼ਾਲਸਾ ਅਸੀਂ ਸਜਾਉਣ ਜਾ ਰਹੇ ਹ ਪਰਿਵਾਰ ਸੰਸਾਰ ਤੋਂ ਨਿਰਲੇਪ ਹੋਵੇਗੀ। ਕਮਜ਼ੋਰ ਸਰੀਰਾਂ ਵਿਚ ਏਨੀ ਸ਼ਕਤੀ ਭ ਜਿਹੜੀ ਸ਼ਕਤੀ ਜ਼ੁਲਮ ਦੇ ਪਹਾੜਾਂ ਨੂੰ ਕਰਚ ਕਰ ਦੇਵੇਗੀ। ਸਾਨੂੰ ਅੱਜ ਕੁਰਬਾ ਦੀ ਲੋੜ ਹੈ।"

ਇਥੋਂ ਤੱਕ ਠੀਕ ਸੀ ਕਿ 70 ਹਜ਼ਾਰ ਲੋਕ ਗੁਰੂ ਜੀ ਦੇ ਵਿਚਾਰਾਂ ਨੂੰ ਸੁਣ ਰ ਹੋਏ ਪੰਡਾਲ ਵਿਚ ਖ਼ਾਮੋਸ਼ੀ ਇਕਾਗਰਤਾ ਸੀ। ਸਭ ਦੀਆਂ ਨਿਗਾਹਾਂ ਗੁਰੂ ਜੀ 'ਤੇ ਹੋਈਆਂ ਸੀ। ਫਿਰ ਗੁਰਦੇਵ ਪਾਤਸ਼ਾਹ ਨੇ ਹੱਥ ਵਿਚ ਫੜੀ ਹੋਈ ਨੰਗੀ ਸ਼ਮਸ਼ੀਰ ਲਹਿਰਾਈ ਤੇ ਕਿਹਾ ਕਿ "ਉਠੋ ਕੋਈ ਮਹਾਂਬਲੀ ਸੂਰਮਾ, ਜਿਹੜਾ ਸਾਡੀ ਇ ਅੰਜਾਮ ਦੇਣ ਲਈ ਆਪਣਾ ਸੀਸ ਕਟਵਾਏ। ਦੇਰ ਨਾ ਲਾਉ ਛੇਤੀ ਉਠੋ, ਸਾਨੂੰ ਦੀ ਲੋੜ ਹੈ।" ਉਸ ਵਕਤ ਗੁਰੂ ਗੋਬਿੰਦ ਸਿੰਘ ਜੀ ਨੇ ਜੋਸ਼ ਵਿਚ ਆ ਕੇ ਇ ਮੰਗ ਕਿਉਂ ਕੀਤੀ :

ਪਉੜੀ ਛੰਦ

1 ਬਾਹਰ ਤੰਬੂ 'ਚੋਂ ਨਿਕਲਿਆ ਧੂਹ ਤੇਗ਼ ਮਿਆਨੋਂ।
ਜੈਸੇ ਚੰਚਲ ਬਿਜਲੀ ਦਾ ਚਮਕੇ ਅਸਮਾਨੋਂ।
ਤੇਗ਼ ਪਿਆਸੀ ਖ਼ੂਨ ਦੀ ਸਤਿਗੁਰ ਫ਼ੁਰਮਾ
ਜਿਹੜੇ ਕੋਈ ਸੂਰਮਾ ਸਿਰ ਦੇਣ ਚੜ੍ਹਾ

2. ਲੋੜ ਪਈ ਅੱਜ ਸੀਸ ਦੀ ਬਣੋ ਸਿਰ ਦੇ ਦਾਨੀ।
ਰਹਿੰਦੀ ਦੁਨੀਆਂ ਤੀਕ ਇਹ ਕਰੂ ਕਾਇਮ ਨਿਸ਼ਾਨੀ।
ਧਾਰ ਤੇਗ ਦੀ ਲੰਘ ਕੇ ਸਚਖੰਡ ਵਿਚ ਜਾਵੇ।
ਨਿਤਰੇ ਕੋਈ ਸੂਰਮਾ ਸਿਰ ਭੇਟ ਚੜ੍ਹਾਵੇ।

3. ਪ੍ਰਗਟ ਹੋ ਗਈ ਚੰਡਿਕਾ ਲਹੂ ਪੀ ਕੇ ਰੱਜੀ।
ਗੈਰਤ ਨਾਲ ਜਿਊਣ ਦਾ ਢੰਗ ਸਭ ਨੂੰ ਦੱਸੀ।
ਮਾਣਸ ਖਾਣੀ ਭੈੜ ਇਹ ਜਿਤ ਲਹੂ ਵਿਚ ਨ੍ਹਾਵੇ।
ਨਿਤਰੇ ਕੋਈ ਸੂਰਮਾ ਸਿਰ ਭੇਟ ਚੜ੍ਹਾਵੇ।

4. ਦੂਜੀ ਵਾਰੀ ਕੜਕ ਕੇ ਸਤਿਗੁਰ ਜੀ ਕਹਿੰਦੇ।
ਉਹਲੇ ਹੋ ਕੇ ਕਾਸ ਤੋਂ ਜਾਂਦੇ ਜੋ ਬਹਿੰਦੇ।
ਡਰਦੇ ਜਿਹੜੀ ਮੌਤ ਤੋਂ ਉਹ ਸਭ ਨੂੰ ਆਵੇ।
ਨਿਤਰੇ ਕੋਈ ਸੂਰਮਾ ਸਿਰ ਭੇਟ ਚੜ੍ਹਾਵੇ।

5. ਜਿਹੜੇ ਵੇਲੇ ਬੀਤ ਗਏ ਉਹ ਹੱਥ ਨਾ ਆਉਂਦੇ।
ਵਕਤ ਖੁੰਝਾਏ ਆਦਮੀ ਰਹਿੰਦੇ ਪਛਤਾਉਂਦੇ।
ਮੌਤ ਵਿਆਹ ਲੈ ਹੱਸ ਕੇ ਜਿਸ ਜਿਗਰਾ ਚਾਹਵੇ।
ਨਿਤਰੇ ਕੋਈ ਸੂਰਮਾ ਸਿਰ ਭੇਟ ਚੜ੍ਹਾਵੇ।

6. ਉਠਿਆ ਭਾਈ ਲਾਹੌਰ ਦਾ ਗਲ ਪੱਲਾ ਪਾ ਕੇ।
ਕਹਿੰਦਾ ਗੁਰ ਦਸਮੇਸ਼ ਦੇ ਚਰਨੀ ਹੱਥ ਲਾ ਕੇ।
ਕਰ ਲੈ ਮੇਰੇ ਮਾਲਕਾ ਜੋ ਤੈਨੂੰ ਭਾਵੇ।
ਨਿਤਰੇ ਕੋਈ ਸੂਰਮਾ ਸਿਰ ਭੇਟ ਚੜ੍ਹਾਵੇ।

7. ਬਾਂਹ ਪਕੜ ਦਸਮੇਸ਼ ਜੀ ਤੰਬੂ ਵਿਚ ਲੈ ਗਏ।
ਉਧਰ ਵਿਚ ਪੰਡਾਲ ਦੇ ਸਭੀ ਹੈਰਾਨ ਹੋ ਗਏ।
ਗੁਰਦੀਪ ਕਰੀਰਪੁਰ ਲੱਗ ਰਹੀਆਂ ਸਿਖ ਵਾਰਾਂ ਗਾਵੇ।
ਨਿਤਰੇ ਕੋਈ ਸੂਰਮਾ ਸਿਰ ਭੇਟ ਚੜ੍ਹਾਵੇ।

ਇਸ ਦੇ ਪਿੱਛੋਂ ਬੀਤ ਗਏ ਕੋਈ ਨਾ ਉਠਿਆ। ਗੁਰੂ ਜੀ ਨੇ ਫਿਰ ਦੂਜੀ ਵਾਰ ਕਹਿਣ ਕਿਹਾ, "ਉਠੋ ਕੋਈ ਮਹਾਂਬਲੀ ਸੂਰਮਾ, ਜੋ ਸਾਡੀ ਖੁਸ਼ੀ ਬਦਲੇ ਆਪਣਾ ਸੀਸ ਦੇਵੇ" ... ਸਿਰ ਦੀ ਮੰਗ ਸੁਣਨ ਤੇ ਬਾਅਦ ਬੈਠੇ ਹੋਏ ਲੋਕ ਇਕ ਦਮ ਸਹਿਮ ਗਏ, ਕਿਉਂਕਿ ... ਗੁਰ ਦੀ ਮੰਗ ਪੂਰੀ ਕਰਨੀ ਔਖੀ ਸੀ। ਪੰਡਾਲ ਵਿਚ ਬੈਠੇ ਲੋਕ ਇਤਨੇ ਸਹਿਮ ਗਏ

ਪਰਤੋ ਤੋਂ ਹਰਦੀਪ ਕੌਰ (ਅਹ)

ਸਨ, ਇਉਂ ਜਾਪਦਾ ਸੀ ਜਿਵੇਂ ਪੱਥਰ ਦੇ ਬੁੱਤ ਹੋਣ। ਇੰਨਾ ਸੰਨਾਟਾ ਛਾ ਗਿਆ ਨੇ ਆਪਣੇ ਸਾਹ ਬੰਦ ਕਰ ਲਏ। ਕਿਸੇ ਵਿਚ ਹਿੰਮਤ ਨਹੀਂ ਕਿ ਉਹ ਗੁਰੂ ਜੀ ਵੱਲ ਤੀਸਰੀ ਵਾਰ ਗੁਰੂ ਜੀ ਨੇ ਪਹਿਲਾਂ ਨਾਲੋਂ ਵੀ ਉੱਚੀ ਅਵਾਜ਼ ਵਿਚ ਕਿਹਾ, "ਉਹ ਐਸਾ ਦਾਨੀ ਜੋ ਆਪਣਾ ਸਿਰ ਸਾਡੀ ਤੇਗ ਦੀ ਭੇਟਾ ਕਰੇ।" ਇਸ ਵਾਰੀ ਹਜ਼ੂਰ ਦੀ ਮੰਗ ਪੂਰੀ ਕਰਨ ਵਾਸਤੇ ਇਕ ਮਰਦ ਉਠ ਖਲੋਤਾ। ਰਵਾਂ ਰਵੀਂ ਸਟੇਜ ਵੱਲ ਕਲਗੀਆਂ ਵਾਲੇ ਪਾਤਸ਼ਾਹ ਦੇ ਚਰਨਾਂ 'ਤੇ ਆਪਣਾ ਸੀਸ ਝੁਕਾ ਕੇ ਇਉਂ ਕਹਿ

ਕੋਰੜਾ ਛੰਦ

1. ਇਕ ਸਿੱਖ ਉਠਿਆ ਹੈ ਬਲ ਧਾਰ ਕੇ।
ਕਿਹਾ ਹੈ ਹਜ਼ੂਰ ਸੱਚੀ ਸਰਕਾਰ ਕੇ।
ਖ਼ੁਸ਼ੀ ਨਾਲ ਦੇਵਾਂ ਕੁਰਬਾਨੀ ਪਾਤਸ਼ਾਹ।
ਹੋ ਜਾਏ ਮੇਰੀ ਸਫ਼ਲ ਜਵਾਨੀ ਪਾਤਸ਼ਾਹ।

2. ਦੇ ਦਿਉ ਮੁਆਫ਼ੀ ਦਾਤਾ ਸਾਰੇ ਚਿਰ ਦੀ।
ਕਰੋ ਪ੍ਰਵਾਨ ਭੇਟਾ ਮੇਰੇ ਸਿਰ ਦੀ।
ਮੁਆਫ਼ ਕਰੋ ਦਾਸ ਦੀ ਨਦਾਨੀ ਪਾਤਸ਼ਾਹ।
ਹੋ ਜਾਏ ਮੇਰੀ ਸਫ਼ਲ ਜਵਾਨੀ ਪਾਤਸ਼ਾਹ।

3. ਨਾਮ ਹੈ ਹਜ਼ੂਰ ਮੇਰਾ ਦਇਆ ਰਾਮ ਜੀ।
ਖੱਤਰੀ ਹੈ ਜਾਤ ਤੇ ਹਾਂ ਬੰਦਾ ਆਮ ਜੀ।
ਰਹਿੰਦਾ ਹਾਂ ਲਾਹੌਰ ਦੇ ਪ੍ਰਾਣੀ ਪਾਤਸ਼ਾਹ।
ਹੋ ਜਾਏ ਮੇਰੀ ਸਫ਼ਲ ਜਵਾਨੀ ਪਾਤਸ਼ਾਹ।

4. ਚੰਗ ਮੈਂ ਤਾਂ ਇਹੋ ਹੀ ਮੁਰਾਦ ਮੰਗੀ ਹੈ।
ਸਿਰ ਨਾਲੋਂ ਸੰਗਤ ਦੀ ਖ਼ੁਸ਼ੀ ਚੰਗੀ ਹੈ।
ਖ਼ੁਸ਼ ਰਹੇ ਸਦਾ ਦਿਲ ਜਾਨੀ ਪਾਤਸ਼ਾਹ।
ਹੋ ਜਾਏ ਮੇਰੀ ਸਫ਼ਲ ਜਵਾਨੀ ਪਾਤਸ਼ਾਹ।

5. ਦਾਤਾ ਇਹ ਖ਼ਵਾਬ ਮੇਰੀ ਪੂਰੀ ਕਰਨੀ।
ਸਿਰ ਮੇਰਾ ਲਹਿ ਕੇ ਡਿੱਗੇ ਤੇਰੇ ਚਰਨੀ।
ਕੌਮ ਲੇਖੇ ਲੱਗੇ ਜ਼ਿੰਦਗਾਨੀ ਪਾਤਸ਼ਾਹ
ਹੋ ਜਾਏ ਮੇਰੀ ਸਫ਼ਲ ਜਵਾਨੀ ਪਾਤਸ਼ਾਹ

6. ਸਿੱਖੀ ਵਾਲੀ ਨੀਂਹ 'ਚ ਲੱਗੇ ਸਿਰ ਮੇਰਾ ਜੀ।
ਤਨ ਮਨ ਦਾਤਾ ਸਭ ਕੁਝ ਤੇਰਾ ਜੀ।
ਹਾਜ਼ਰ ਹੈ ਸਿਜਦੇ ਵਿਚ ਨਿਮਾਣੀ ਪਾਤਸ਼ਾਹ।
ਹੋ ਜਾਵੇ ਮੇਰੀ ਸਫਲ ਜਵਾਨੀ ਪਾਤਸ਼ਾਹ।

7. ਸਿੱਖੀ ਦੇ ਸਕੂਲ ਵਿਚ ਲਿਉ ਦਾਖ਼ਲਾ।
ਮੰਜ਼ਲ 'ਤੇ ਪਹੁੰਚਾਂ ਛੇਤੀ ਮੁੱਕੇ ਫ਼ਾਸਲਾ।
ਕਰਨੀ ਕੀ ਦੁਨੀਆਂ ਵਿਚ ਫ਼ਾਨੀ ਪਾਤਸ਼ਾਹ।
ਹੋ ਜਾਵੇ ਮੇਰੀ ਸਫਲ ਜਵਾਨੀ ਪਾਤਸ਼ਾਹ।

8. ਮੈਂ ਹਾਂ ਦਾਤਾ ਤੇਰੀ ਦੀਦ ਦਾ ਤਿਹਾਇਆ ਹਾਂ।
ਸੀਸ ਰੱਖ ਤਲੀ ਤੇਰੀ ਗਲੀ ਆਇਆ ਹਾਂ।
ਪਾਣੀ ਮੇਰਾ ਮਿਲ ਜਾਵੇ ਪਾਣੀ ਪਾਤਸ਼ਾਹ।
ਹੋ ਜਾਵੇ ਮੇਰੀ ਸਫਲ ਜਵਾਨੀ ਪਾਤਸ਼ਾਹ।

9. ਭਾਵੇਂ ਮੇਰਾ ਹੋਵੇ ਜਨਮ ਹਜ਼ਾਰ ਜੀ।
ਦਾਤਾ ਤੇਰੀ ਖ਼ੁਸ਼ੀ ਲਈ ਮੈਂ ਦੇਵਾਂ ਵਾਰ ਜੀ।
ਲਿਖੂ ਅਮਰ ਸ਼ਹੀਦਾਂ ਵਿਚ ਕਹਾਣੀ ਪਾਤਸ਼ਾਹ।
ਹੋ ਜਾਵੇ ਮੇਰੀ ਸਫਲ ਜਵਾਨੀ ਪਾਤਸ਼ਾਹ।

ਸਿੱਖ ਸੰਸਾਰ ਵਿਚ ਪ੍ਰਚਲਿਤ ਲੋਕ ਕਥਾ ਹੈ ਕਿ ਪਿੰਡ ਵਾਲੇ ਲੋਕਾਂ ਦੀ ਵੀ ਛੋਟੀ ... ਨਹੀਂ। ਇਕ ਪਿੰਡ ਵਾਲਾ ਨੌਜਵਾਨ ਗੁਰੂ ਜੀ ਦੀ ਮੌਤ ਖ਼ੁਸ਼ੀ ਕਰਨ ਲਈ ਪਹੁੰਚਿਆ। ਗੁਰੂ ਜੀ ਦੇ ਚਰਨਾਂ 'ਤੇ ਸੀਸ ਧਰਿਆ। ਇਸ ਗੂੰਗੇ ਹੋਏ ਨੌਜਵਾਨ ਨੂੰ ਗੁਰਦੇਵ ਪਾਤਸ਼ਾਹ ... ਪਿਆਰ ਨਾਲ ਪੁੱਛਿਆ ਕਿ "ਤੇਰਾ ਨਾਂ ਕੀ ਹੈ ? ਕਿੱਥੇ ਦਾ ਰਹਿਣ ਵਾਲਾ ਹੈ ?" ਇਸ ਨੌਜਵਾਨ ਨੇ ਕਿਹਾ ਕਿ "ਮੇਰਾ ਨਾਮ ... ਹੈ। ਮੈਂ ਲਾਹੌਰ ਦਾ ਰਹਿਣ ਵਾਲਾ ਹਾਂ।" ਪਾਤਸ਼ਾਹ ਇਸ ਨੂੰ ਆਪਣੇ ਨਾਲ ਲੈ ਕੇ ਤੇਗ਼ੂ ਵਿਚ ਲੈ ਗਏ। ... ਵਿਚ ਰਹਿਣ ਵਾਲੇ ਸਿੰਘ ... ਘੋੜਿਆਂ ... ਬੈਠੇ ਹੋਏ ਲੋਕ ... ਲਈ ਬੈਠੇ ਸਨ। ... ਸ਼ਸਤਰ ... ਕਿ ਤੇਗ਼ੂ ਵੱਲ ਸੀ। ... ਕੁਝ ਨਹੀਂ ਸੀ ਕਿਹਾ। ... ਤਲਵਾਰ ... ਦੀ ਆਵਾਜ਼ ... ਸੁਣਾਈ ਦਿੱਤੀ। ਤਲਵਾਰ ਦੀ ਆਵਾਜ਼ ਤੋਂ ਬਾਅਦ ... ਦੀ ਆਵਾਜ਼ ਵੀ ਸੁਣਾਈ ਦਿੱਤੀ। ਇਹ ਆਵਾਜ਼ ਇਸ ਸੰਕੇਤ ਦੇ ਰਹੀ ਸੀ ਕਿ ... ਤੇਗ਼ੂ ਤੋਂ ਬਾਹਰ ਸੁਣਾਈ ਦਿੱਤੀ। ... ਨਾਲ ਹੀ ... ਹੁੰਦੀ ਹੈ। ਥੋੜ੍ਹੀ ਦੇਰ ਬਾਅਦ ਗੁਰੂ ਜੀ ਖ਼ੂਨ ਨਾਲ ਲੱਥ-ਪੱਥ ...

ਪਾਣੀ ਤੋਂ ਤੇਜ਼ ਤੇਗ਼ (ਅਣ)

ਵੀ ਜ਼ਿਆਦਾ ਤੇ ਫੇਰ ਗਰਜ ਕੇ ਇਉਂ ਬੋਲੇ :

ਦੋਤਾਰਾ ਛੰਦ

1. ਆ ਦੂਜੀ ਵਾਰ ਗੁਰੂ ਜੀ ਬੋਲੇ, ਫੇਰ ਕੜਕ ਕੇ ਉੱਚੀ।
ਉੱਠੇ ਕੋਈ ਹਿੰਮਤ ਕਰੇ ਮੇਰੀ ਤੇਗ਼ ਖ਼ੂਨ ਦੀ ਭੁੱਖੀ।
ਉਠ ਜਲਦੀ ਹਿੰਮਤ ਕਰੇ ਜਿਸ ਨੂੰ ਲਾਗੀ ਮੌਤ ਬੁਲਾਉਂਦੀ।
ਮੇਰੀ ਤਲਵਾਰ ਸਿੱਖ, ਪੀਣਾ ਖ਼ੂਨ ਤੁਸਾਂ ਦਾ ਚਾਹੁੰਦੀ।

2. ਸਿੱਖੀ ਦੇ ਮਹਿਲ ਤਾਈਂ, ਲੋੜਦਾ ਸਿਰਾਂ ਧੜਾਂ ਦਾ ਗਾਰਾ।
ਨਵੀਂ ਜ਼ਿੰਦਗੀ ਮੌਤ ਵਿਚੋਂ, ਲੱਭੇ ਕੋਈ ਕੌਮੀ ਵਣਜਾਰਾ।
ਉਹ ਕੌਮ ਨਾ ਹਾਰ ਸਕੇ, ਆਰੇ ਨਾਲ ਜੋ ਤਨ ਚਰਵਾਉਂਦੀ।
ਮੇਰੀ ਤਲਵਾਰ ਸਿੱਖ, ਪੀਣਾ ਖ਼ੂਨ ਤੁਸਾਂ ਦਾ ਚਾਹੁੰਦੀ।

3. ਖ਼ੂਨ ਕਰੇ ਜਵਾਨੀ ਨੂੰ, ਦੇ ਕੇ ਬਲੀ ਸੀਸ ਦੀ ਭੇਟੀ।
ਉਹ ਕੌਮ ਨਹੀਂ ਹਾਰ ਸਕਦੀ, ਜਿਸ ਦੀ ਕੌਰਤ ਹੋਵੇ ਮੇਟੀ।
ਹੋ ਭੇਟ ਮੌਤ ਦੀ ਜੋ ਚਰਖੜਿਆਂ ਵਿਚ ਖ਼ੂਨ ਦੇ ਨਹਾਉਂਦੀ।
ਮੇਰੀ ਤਲਵਾਰ ਸਿੱਖ, ਪੀਣਾ ਖ਼ੂਨ ਤੁਸਾਂ ਦਾ ਚਾਹੁੰਦੀ।

4. ਜੇ ਵੇਲਾ ਬੀਤ ਗਿਆ, ਮੁੜ ਕੇ ਫੇਰ ਹੱਥ ਨਹੀਂ ਆਉਂਦਾ।
ਇਹ ਸੂਟ ਕੇ ਉਠ ਗਿਆ ਧਰਮਾ ਜੰਗ ਦੇਰ ਨਾ ਲਾਉਂਦਾ।
ਮੈਂ ਹਾਜ਼ਰ ਸਤਿਗੁਰੂ ਜੀ, ਕਰ ਲਓ ਜੋ ਤੁਹਾਡੇ ਮਨ ਭਾਉਂਦੀ।
ਮੇਰੀ ਤਲਵਾਰ ਸਿੱਖ, ਪੀਣਾ ਖ਼ੂਨ ਤੁਸਾਂ ਦਾ ਚਾਹੁੰਦੀ।

5. ਚਾਹ ਧਰਮ ਸਤਿਗੁਰਾਂ ਨੇ, ਮਾਰੀ ਤੇਗ਼ ਤੰਬੂ ਵਿਚ ਖੜ ਕੇ।
ਜਿਉਂ ਧਾਈ ਬਾਝ ਮੋਢੀ, ਏਦਾਂ ਸੀਸ ਗਿਰਾਂ ਧੜ ਤੜਫੇ।
ਟੋਲੀ ਭਗੌੜਿਆਂ ਦੀ ਵੇਖਦਿਆਂ ਖ਼ੂਨ ਦੇਖ ਘਬਰਾਉਂਦੀ।
ਮੇਰੀ ਤਲਵਾਰ ਸਿੱਖ, ਪੀਣਾ ਖ਼ੂਨ ਤੁਸਾਂ ਦਾ ਚਾਹੁੰਦੀ।

6. ਜਾ ਤੀਜੀ ਵਾਰ ਗੁਰੂ ਹੋ ਜੀ ਬਾਹਰ ਤੰਬੂ ਚੋਂ ਆਏ।
ਹਿੰਮਤ ਚੰਦ ਸੋਹਾ ਵੀ ਆਪਣੇ ਸੀਸ ਦੀ ਭੇਟ ਚੜ੍ਹਾਵੇ।
ਕੀ ਹੋ ਗਿਆ ਸਤਿਗੁਰ ਨੂੰ ਘਬਰਾ ਉਠ ਘਰਾਂ ਨੂੰ ਦੌੜੀ।
ਮੇਰੀ ਤਲਵਾਰ ਸਿੱਖ, ਪੀਣਾ ਖ਼ੂਨ ਤੁਸਾਂ ਦਾ ਚਾਹੁੰਦੀ।

7. ਸਤਿਗੁਰ ਸਰਨੈਸ ਸਿੰਘਾਂ ਲੈ ਗਏ, ਸਿੱਖ ਨੂੰ ਤੰਬੂ ਵਿਚ ਫੜ ਕੇ।
ਉੱਧਰ ਦਿਲ ਕੰਬਣ ਦੇ ਤੰਬ ਸੀਨ ਭਿਆਨਕ ਖੜਕੇ।
ਜੇਤੀ ਸਰਦਾਰੀਆਂ ਦੀ ਵਾਰਾਂ ਨਹੁ ਸਭਾ ਵਿਚ ਗਾਉਂਦੀ।
ਮੇਰੀ ਤਲਵਾਰ ਸਿੱਖ, ਪੀਣਾ ਖੂਨ ਤੁਸਾਂ ਦਾ ਚਾਹੁੰਦੀ।

ਗੁਰੂ ਜੀ ਦੇ ਚਿਹਰੇ ਦਾ ਪ੍ਰਤਾਪ ਸੂਰਜ ਨੂੰ ਮਾਤ ਪਾ ਰਿਹਾ ਸੀ। ਕਿਸੇ ਦੀ ਹਿੰਮਤ ਨਹੀਂ ਸੀ ਕਿ ਗੁਰੂ ਜੀ ਦੀਆਂ ਅੱਖਾਂ ਵਿਚ ਅੱਖਾਂ ਪਾ ਸਕੇ। ਸਾਰੇ ਲੋਕ ਸਿਰ ਸੁੱਟ ਕੇ ਬੈਠੇ ਸਨ। ਗੁਰੂ ਜੀ ਨੇ ਤੇਗ ਹਵਾ ਵਿਚ ਉਛਾਲੀ ਤੇ ਕਿਹਾ ਕਿ "ਸੂਰਬੀਰੋ ! ਅਜੇ ਸਿੱਖੀ ਦਾ ਮੰਦਰ ਚਿਣਨ ਜਾ ਰਹੇ ਹਾਂ। ਉੱਠੋ ਇਕ ਸਿਰ ਭੇਟ ਕਰੋ।" ਇਕੱਠੇ ਲੋਕ ਇਹ ਸੋਚਦੇ ਸਨ ਕਿ ਕੇਵਲ ਮੂੰਹ ਸੁੱਕਾ ਹੈ ਉਨ੍ਹਾਂ ਦੀ ਹਾਲਤ ਗੰਭੀਰ ਹੋ ਗਈ। ਪੰਡਾਲ ਵਿਚੋਂ ਉੱਠਣਾ ਚਾਹੁੰਦੇ ਸਨ ਪਰ ਉਠ ਨਾ ਸਕੇ, ਕਿਉਂਕਿ ਸਾਹਮਣੇ ਕਲਗੀਧਰ ਪਾਤਸ਼ਾਹ ਸਟੇਜ 'ਤੇ ਖੜੇ ਸਨ। ਪਾਤਸ਼ਾਹ ਨੇ ਫਿਰ ਲਲਕਾਰ ਕੇ ਕਿਹਾ। ਸਾਰੇ ਇਹੀ ਸੋਚਦੇ ਸਨ ਕਿ ਹੁਣ ਕੋਈ ਨਹੀਂ ਉੱਠੇਗਾ, ਕਿਉਂਕਿ ਪਹਿਲੇ ਨੂੰ ਜੋ ਕੁਝ ਤੰਬੂ ਵਿਚ ਹੋਇਆ ਉਸ ਦਾ ਪੰਡਾਲ ਵਿਚ ਬੈਠਿਆਂ ਨੂੰ ਕੁਝ ਪਤਾ ਲੱਗ ਚੁੱਕਾ ਸੀ।

ਪਰ ਪਹਿਲਾਂ ਦੀ ਤਰ੍ਹਾਂ ਦੂਸਰੀ ਵਾਰ ਇਕ ਸਿਦਕੀ ਪ੍ਰਵਾਨਾ ਉੱਠ ਖਲੋਤਾ। ਇਹ ਧਰਮ ਦਾਸ ਜਟਵਾੜਾ (ਸਹਾਰਨਪੁਰ) ਦੇ ਰਹਿਣ ਵਾਲਾ ਸੀ। ਇਹ ਸੱਜਣ ਗੁਰੂ ਜੀ ਦੇ ਬੋਲ ਸੁਣਦਿਆਂ ਤੇ ਸਤਿਗੁਰਾਂ ਦੇ ਚਰਨਾਂ 'ਤੇ ਝੁਕਿਆ। ਬੜੀ ਹੀ ਫੁਰਤੀ ਦੇ ਨਾਲ ਗੁਰੂ ਜੀ ਧਰਮ ਦਾਸ ਨੂੰ ਫੜ ਕੇ ਤੰਬੂ ਵਿਚ ਲੈ ਗਏ। ਸਮੇਂ ਦੇ ਸੰਕੇਤ ਮੁਤਾਬਕ ਪਹਿਲਾਂ ਵਾਲਾ ਸਲੂਕ ਦੂਜੇ ਨਾਲ ਕੀਤਾ ਗਿਆ। ਸਿੱਖੀ ਦੇ ਅਸੂਲਾਂ ਅਨੁਸਾਰ ਕਦਰ ਪਛਾਣਨਾ ਜ਼ਰੂਰੀ ਹੈ। ਅੰਜਾਮ ਜਾਣੇ ਕੋਈ ਹੋਵੇ, ਪਰਖ ਦੀ ਕਸਵੱਟੀ 'ਤੇ ਦੋ ਸਿੰਘ ਖਰੇ ਉਤਰੇ। ਇਹ ਅਜੀਬ ਕੌਤਕ ਸੀ। ਦੇਖਣ ਵਾਲੇ ਨਿਰਾਸ਼ ਹੋਏ ਬੈਠੇ ਸੀ।

ਤੀਸਰੀ ਵਾਰ ਗੁਰੂ ਜੀ ਨੇ ਇਕ ਸਿਰ ਦੀ ਫੇਰ ਮੰਗ ਕੀਤੀ। ਇਕ ਤੋਂ ਬਾਅਦ ਦੂਜਾ ਦੂਜੇ ਤੋਂ ਬਾਅਦ ਤੀਸਰਾ ਕਿਹੜਾ ਜੋ ਹਿੰਮਤ ਕਰੇ ਪਾਣੀਓਂ ਪਤਲੇ ਪੈ ਗਏ। ਕਈ ਲੋਕ ਤੇ ਕਈਆਂ ਦੀ ਜ਼ਬਾਨ ਤਾਲੂ ਨਾਲ ਲੱਗ ਗਈ। ਇਨ੍ਹਾਂ ਵਿਚੋਂ ਅਮੀਰ ਧਨ ਦਿਖਾ ਕੇ ਮਾਤਾ ਗੁਜਰੀ ਜੀ ਦੇ ਪਾਸ ਗਿਆ। ਇਹ ਅਮੀਰ ਲੋਕ ਗੁਰੂ ਜੀ ਦੀ ਸ਼ਿਕਾਇਤ ਨੂੰ ਨਾ ਸਮਝ ਸਕੇ। ਉਹ ਉਲਟਾ ਗੁਰੂ ਜੀ ਨੂੰ ਕੋਈ ਹਦਾਇਤਾਂ ਦੇਣ ਲੱਗੇ। ਮਾਤਾ ਗੁਜਰੀ ਜੀ ਦੇ ਪਾਸ ਪਹੁੰਚ ਕੇ ਅਮੀਰ ਗੁਰੂ ਜੀ ਦੀ ਸ਼ਿਕਾਇਤ ਇਹ ਕਹਿਣ ਲੱਗੇ :

ਡੋਲੀ ਛੰਦ

1. ਦੇਖ ਗੁਰਾਂ ਦਾ ਦੁਲਾਰੀ ਕਿਤਰਾ ਲਾਲ ਜੀ।
ਡੋਲੀ ਗਈ ਨਾ ਅਮੀਰਾਂ ਕੋਲੋਂ ਝਾਲ ਜੀ।

ਨੱਸ ਤੁਰੇ ਸੀ ਮੌਕਮ ਜਿਹੀ ਚਾਲ ਜੀ।

ਕੋਲ ਮਾਤਾ ਜੀ ਦੇ ਜਾ ਕੇ, ਪੱਲਾ ਗਲ ਵਿਚ ਪਾ ਕੇ, ਹੱਥ ਬੰਨ੍ਹ ਇਓਂ ਅਰਜ਼ ਗੁਜ਼ਾਰੀ।

ਮਾਤਾ ਜੀ ਹਟਾ ਲਓ ਚੌਲ ਕੇ, ਜਾਂਦੇ ਗੁਰੂ ਜੀ ਸਿੱਖਾਂ ਨੂੰ ਔਖ ਮਾਰੀ।

2. ਜੰਗ ਮੌਕਿਆ ਗੁਰਾਂ ਜਾ ਪਹਿਲਾ ਆਣ ਜੀ।
ਭੱਟ ਦਇਆ ਰਾਮ ਉਠਿਆ ਜਵਾਨ ਜੀ।
ਬਾਹੋਂ ਫੜ ਕੇ ਤੇ ਤੰਬੂ 'ਚ ਲਿਜਾਣ ਜੀ।

ਗੁਰਾਂ ਖਿੱਚ ਤਲਵਾਰ, ਦਿੱਤਾ ਦਇਆ ਰਾਮ ਮਾਰ, ਰੂਹ ਉੱਡ ਗਿਆ ਮਾਰ ਕੇ ਉਡਾਰੀ।

ਮਾਤਾ ਜੀ ਹਟਾ ਲਓ ਚੌਲ ਕੇ ____

3. ਜੰਗ ਦੂਸਰੇ ਦੀ ਕੀਤੀ ਜਦੋਂ ਮੰਗ ਜੀ।
ਸਾਰਾ ਰਹਿ ਗਿਆ ਦੀਵਾਨ ਵੇਖ ਦੰਗ ਜੀ।
ਧਰ ਸ਼ਮ੍ਹਾਂ ਉੱਤੇ ਟਲੇ ਨਾ ਪਤੰਗਾ ਜੀ।

ਫਿਰ ਉੱਠ ਗਿਆ ਭੱਟ, ਸੀ ਧਰਮ ਚੰਦ ਜੱਟ, ਜਾਨ ਕੀਤੀ ਉਸ ਰਤਾ ਨਾ ਪਿਆਰੀ।

ਮਾਤਾ ਜੀ ਹਟਾ ਲਓ ਚੌਲ ਕੇ ____

4. ਭੱਟ ਸਿੰਘ ਨੂੰ ਗੁਰਾਂ ਨੇ ਬਾਹੋਂ ਫੜਿਆ।
ਵਿਚ ਤੰਬੂ ਦੇ ਗੁਰਾਂ ਨੇ ਉਹਨੂੰ ਖੜਿਆ।
ਖਵੇ ਏਨਾ ਹੈ ਕਰੋਧ ਕਾਹਤੋਂ ਚੜ੍ਹਿਆ।

ਉਹਨੂੰ ਤੇਗ ਨਾਲ ਵੱਢ, ਕੀਤਾ ਸਿਰ ਧੜ ਅੱਡ, ਵੇਖੀ ਸਾਧੂ ਨਾਲ ਸਿਖਰੀ ਕਟਾਰੀ।

ਮਾਤਾ ਜੀ ਹਟਾ ਲਓ ਚੌਲ ਕੇ ____

5. ਵਾਰ ਤੀਸਰੀ ਗੁਰੂ ਜੀ ਜਦੋਂ ਆਏ ਜੀ।
ਕਚੂਰ ਡਰਦੇ ਘਰਾਂ ਨੂੰ ਉੱਠ ਧਾਏ ਜੀ।
ਕਹਿੰਦੇ ਪਿਤਾ ਜੀ ਪੁੱਤਾਂ ਨੂੰ ਔਖ ਖਾਏ ਜੀ।

ਗਏ ਘਰਾਂ ਨੂੰ ਭੱਜ, ਕਹਿੰਦੇ ਛੱਡਦੇ ਨੀ ਅੱਜ, ਸਿਰ ਦਿੱਤੀ ਕਚੂਰ ਗੁਰਾਂ ਨੇ ਸਿਆਣੀ।

ਮਾਤਾ ਜੀ ਹਟਾ ਲਓ ਚੌਲ ਕੇ ____

6. ਗੁਰੂ ਲੈ ਕੇ ਪਏ ਸਿੰਘਾਂ ਨੂੰ ਮੁਹੀਟ ਜੀ।
ਦੀਬੇ ਉਨ੍ਹਾਂ ਨੂੰ ਹਟਾਉਣ ਵਾਲਾ ਭੇਟ ਜੀ।
ਰਾਖਾ ਲੈ ਗਿਆ ਖੇਤ ਨੂੰ ਲੁਟਾਉਣ ਜੀ।

ਤੁਸੀਂ ਗੁਰਾਂ ਕੋਲ ਜਾਵੋ, ਜਾਨ ਸਿੱਖਾਂ ਦੀ ਬਚਾਵੋ, ਨਹੀਂ ਤਾਂ ਮੁੱਕ ਜਾਊ ਸਿੱਖੀ ਦੀ ਕਿਆਰੀ।

ਮਾਤਾ ਜੀ ਹਟਾ ਲਓ ਚੌਲ ਕੇ ____

7. ਅੱਗੇ ਕਿਸੇ ਗੁਰੂ ਨਾ ਇੰਜ ਕੀਤੀ ਏ।
ਜਿਹੜੀ ਅੱਜ ਸਿੱਖਾਂ ਨਾ ਉਹਨੇ ਕੀਤੀ ਏ।
ਜਾਂਦਾ ਪਿਤਾ ਹੀ ਪੁੱਤਾਂ ਦਾ ਖੂਨ ਪੀਤੀ ਏ।

ਕਹਿੰਦਾ ਭਰੀ ਜਰਨੈਲ, ਗਏ ਲੱਖਾਂ ਦਿਲ ਡੋਹਿਲ, ਛੇਤੀ ਕਰੋ ਤੁਸੀਂ ਮਾਤਾ ਜੀ ਤਿਆਰੀ।
ਮਾਤਾ ਜੀ ਹਟਾ ਲਓ ਖੇਲ ਕੇ, ਜਾਂਦੇ ਗੁਰੂ ਜੀ ਸਿੱਖਾਂ ਨੂੰ ਅੱਜ ਮਾਰੀ।

ਸਿੱਖ ਧਰਮ ਸ਼ਰਧਾ ਅਤੇ ਗਿਆਨ, ਇਹਨਾਂ ਦੋਹਾਂ ਪਹੀਆਂ ਦੇ ਆਸਰੇ ਚੱਲਿਆ ਹੈ। ਜੇ ਗਿਆਨ ਤਾਂ ਧਰਮ ਅਧੂਰਾ ਹੈ, ਜੇ ਧਰਮ ਨਹੀਂ ਤਾਂ ਗਿਆਨ ਅਧੂਰਾ ਹੈ। ਇਹ ਮਸੰਦ ਲੋਕ ਐਸੇ ਸਨ ਜਿਨ੍ਹਾਂ ਨੂੰ ਗੁਰੂ ਉੱਪਰ ਨਾ ਤਾਂ ਕੋਈ ਭਰੋਸਾ ਸੀ ਤੇ ਨਾ ਗਿਆਨ। ਇਹ ਮਸੰਦ ਮਾਤਾ ਗੁਜਰੀ ਦੇ ਕੋਲ ਜਾ ਕੇ ਗੁਰੂ ਦੇ ਖਿਲਾਫ਼ ਆਪਣੀ ਰਾਇ ਪ੍ਰਗਟ ਕਰਨ ਲੱਗੇ। ਇਹਨਾਂ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਗੁਰੂ ਜੀ ਦਾ ਪਹਾੜਾਂ ਤਪ ਕਰਨ ਨਾਲ ਦਿਮਾਗ਼ ਵਿਗੜ ਗਿਆ ਹੈ, ਤਾਂਹੀਓਂ ਉਹ ਆਪਣੇ ਸਿੱਖਾਂ ਨੂੰ ਮਾਰੀ ਜਾਂਦੇ ਨੇ। ਤੁਸੀਂ ਛੇਤੀ ਕਰੋ, ਸਾਹਿਬਜ਼ਾਦਾ ਅਜੀਤ ਸਿੰਘ ਨੂੰ ਗੁਰਗੱਦੀ 'ਤੇ ਬਿਠਾ ਦਿਓ। ਅੱਗੋਂ ਮਾਤਾ ਗੁਜਰੀ ਜੀ ਬੜੇ ਠਰ੍ਹੰਮੇ ਨਾਲ ਕਿਹਾ, "ਭਰੋਸਾ ਰੱਖੋ, ਉਹ ਜੋ ਕਰਨਗੇ ਕੌਮ ਦੇ ਭਲੇ ਲਈ ਕਰਨਗੇ।" ਇਹ ਵਿਚਾਰ ਸੁਣ ਕੇ ਮਸੰਦ ਮੁੜ ਆਏ।

ਉੱਧਰ ਦੂਸਰੇ ਪਾਸੇ ਵੰਗਾਰ ਸੁਣਨ ਤੋਂ ਬਾਅਦ ਤੀਸਰਾ ਸਿੱਖ ਭਾਈ ਸਾਹਿਬ ਚੰਦ ਉੱਠਿਆ। ਚੌਥੀ ਵਾਰ ਹਿੰਮਤ ਰਾਏ ਉੱਠਿਆ ਤੇ ਪੰਜਵੀਂ ਵਾਰ ਭਾਈ ਮੋਹਕਮ ਚੰਦ ਉੱਠ ਕੇ ਗੁਰੂ ਜੀ ਨੂੰ ਸੰਬੋਧਿਤ ਹੋਇਆ। "ਪਾਤਸ਼ਾਹ ਮੇਰਾ ਅਧੀਨ ਸੇਵਕ ਦੀ ਭੇਟ ਆਪ" ਦੇ ਦਰ ਮੁਤਾਬਕ ਸਿਰ ਮੈਂ ਕੁਰਬਾਨ ਹੋਣਾ ਪ੍ਰਵਾਨ ਕਰ ਲਿਆ। ਇਸ ਤਰ੍ਹਾਂ ਗੁਰੂ ਜੀ ਨੇ ਵਾਰੀ ਵਾਰੀ ਪੰਜਾਂ ਦੀ ਚੋਣ ਇੰਝ ਕੀਤੀ।

ਸ਼ੇਅਰ

1. ਇੱਕ ਇੱਕ ਕਰਕੇ ਦਸਮ ਪਾਤਸ਼ਾਹ ਨੇ,
ਚੁਣ ਪੰਜ ਦੇ ਲਏ ਸਰਦਾਰ ਪੈਲੇ।
2. ਲਾਏ ਪਰਦਾ ਕੇ ਤੰਬੂ ਦੇ ਵਿੱਚ ਘਰ ਕੇ,
ਜਿੱਥੇ ਧੜਾਂ ਤੋਂ ਸੀਸ ਉਤਾਰ ਪੈਲੇ।
3. ਦਿੱਤਾ ਕੋਰ ਵਿਖਾਲ ਪਿਆਰਿਆਂ ਦਾ,
ਪਹਿਲਾਂ ਪਰਖ ਕੇ ਨਾਲ ਤਲਵਾਰ ਪੈਲੇ।
4. ਪੰਜ ਵਾਰੀਆਂ ਪਾੜ ਕੇ ਕੋਰ ਪੱਕਾ,
ਛਿੜੇ ਅੰਮ੍ਰਿਤ ਦੇ ਪੰਜਾਂ 'ਤੇ ਮਾਰ ਪੈਲੇ।

5. ਮੁਰਦਾ ਦੇਹਾਂ ਦੇ ਵਿਚ ਸੀ ਜਾਨ ਪੈਗੀ,
ਉਠ ਕੇ ਬੋਲ ਕੇ ਸਤਿ ਕਰਤਾਰ ਪੰਜੇ।
6. ਕੰਘਾ, ਕੜਾ, ਕਿਰਪਾਨ, ਕੱਛ, ਕੇਸ ਰੱਖੇ,
ਦਿੱਤੇ ਪੰਜਾਂ ਨੂੰ ਬਖਸ਼ ਕੱਕਾਰ ਪੰਜੇ।
7. ਮੁੱਢ ਧਰਮ ਦਾ ਔਜ ਮਜ਼ਬੂਤ ਹੋਇਆ,
ਸਿੱਖੀ ਧਰਮ ਦੇ ਤੁਸੀਂ ਮਿਨਾਰ ਪੰਜੇ।
8. ਬਾਣੇ ਸ਼ੇਰਾਂ ਦੇ ਪਹਿਣ ਜਰਨੈਲ ਸਿੰਘਾ,
ਦਿੱਤੇ ਤੰਬੂ ਚੋਂ ਬਾਹਰ ਖਲਿਆਰ ਪੰਜੇ।

ਗੁਰੂ ਜੀ ਤੰਬੂ ਚੋਂ ਬਾਹਰ ਆਏ। ਪੰਡਾਲ ਵਿਚ ਬੈਠੇ ਲੋਕੀ ਆਪੋ ਆਪਣੀ ਸੋਚ ਮੁਤਾਬਕ ਵਿਚਾਰਾਂ ਕਰਨ ਲੱਗੇ, ਪਰ ਇਸ ਵਾਰ ਤਲਵਾਰ ਮਿਆਨ ਵਿਚ ਸੀ। ਗੁਰੂ ਜੀ ਦੇ ਚਿਹਰੇ ਉੱਤੇ ਖ਼ੁਸ਼ੀ ਝਲਕਾਂ ਮਾਰ ਰਹੀ ਸੀ। ਇਵੇਂ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਕਲਗੀਧਰ ਦੀਆਂ ਸਾਰੀਆਂ ਰੀਝਾਂ ਪੂਰੀਆਂ ਹੋ ਗਈਆਂ ਹੋਣ। ਵੇਖਣ ਵਾਲਿਆਂ ਦੀ ਸੋਚ ਮੁਤਾਬਿਕ ਜਿਹੜੇ ਪੰਜ ਸਿੰਘਾਂ 'ਤੇ ਤਲਵਾਰ ਚੱਲੀ ਸੀ ਉਹ ਹਜ਼ੂਰ ਪਾਤਸ਼ਾਹ ਦੇ ਪਿਛਲੇ 'ਤੇ ਸੱਜੇ ਪਾਸੇ ਆਣ ਖਲੋਤੇ ਸਨ। ਸਾਰੀ ਸੰਗਤ ਹੈਰਾਨ ਹੋ ਗਈ। ਪੰਜਾਂ ਨੇ ਨਵੀਆਂ ਪੁਸ਼ਾਕਾਂ ਪਹਿਨੀਆਂ ਹੋਈਆਂ ਸੀ। ਉਹਨਾਂ ਪੰਜਾਂ ਦੇ ਚਿਹਰਿਆਂ ਦਾ ਜਲਾਲ ਝੱਲਿਆ ਨਹੀਂ ਸੀ ਜਾ ਸਕਦਾ। ਇਸੇ ਹੀ ਮੌਕੇ 'ਤੇ ਜਿਹੜੇ ਅੰਦਰ ਮਾਤਾ ਗੁਜਰੀ ਜੀ ਦੇ ਪਾਸ ਗਏ ਸੀ ਉਹ ਵੀ ਆਣ ਹਾਜ਼ਰ ਹੋਏ। ਜੀ ਦੱਸਦੇ ਨੇ ਕਿ ਗੁਰੂ ਜੀ ਖ਼ੁਸ਼ੀ ਵਧਾਏ ਮੰਗਲ ਗੀਤਾ ਕਰਨ ਵਾਲੇ ਸਿੰਘ ਗੁਰਦੇਵ ਪਾਤਸ਼ਾਹ ਦੇ ਸੱਜੇ ਪਾਸੇ ਖਲੋਤੇ ਸਨ। ਸੱਚੇ ਪਾਤਸ਼ਾਹ ਆਪਣੇ ਮੁਖਾਰਬਿੰਦ ਵਿਚੋਂ ਉਹਨਾਂ ਪੰਜਾਂ ਨੂੰ ਸੰਬੋਧਨ ਹੋ ਕੇ ਇਉਂ ਫ਼ਿਰਮਾਨ ਕਰਦੇ ਹਨ :

ਪਉੜੀ ਛੰਦ

1. ਛਾ ਗਈ ਸੀ ਸਾਰੀ ਜਗ ਧਾਰ ਖ਼ੁਸ਼ੀਏ।
ਆਏ ਫਿਰ ਸਟੇਜ 'ਤੇ ਸੀ ਸਤਿਗੁਰ ਮੇਰੇ।
ਮੁੱਖ ਸਤਿਗੁਰ ਹੋਰ ਕੇ ਇਉਂ ਬਚਨ ਉਚਾਰੇ।
ਇਹ ਨੇ ਖ਼ਾਲਸੀ ਸਿੱਖਾਂ ਦੇ ਸਾਡੇ ਪੰਜ ਪਿਆਰੇ।
2. ਇਹ ਖਲੋਤੇ ਪਾਤਸ਼ਾਹ ਜੀ ਸੀਸ ਪਾਉਂਦੇ।
ਮਸ਼ਹੂਰ ਹੋ ਕੇ ਸੰਗਤ ਦੇ ਵੇਲਾ ਕਹਲਾਉਂਦੇ।
ਚੜ੍ਹਿਏ ਸਾਰੀ ਕੌਮ ਦੇ ਰਾਖਾ ਸਾਹਿਬ ਕਹੇ ਸਾਰੇ।
ਇਹ ਨੇ ਖ਼ਾਲਸੀ ਸਿੱਖਾਂ ਦੇ ਸਾਡੇ ਪੰਜ ਪਿਆਰੇ।

3. ਸਿੱਖੀ ਪਰਖੀ ਜਦੋਂ ਸੀ ਗੁਰੂ ਨਾਨਕ ਪਿਆਰੇ।
ਭਾਈ ਲਹਿਣੇ ਨੇ ਪਾਏ ਸੀ ਬਹੁ ਕੁਤਰੇ ਭਾਰੇ।
ਗੁਰੂ ਅੰਗਦ ਸੀ ਬਣ ਗਏ ਪੂਰਨ ਅਵਤਾਰੇ।
ਇਹ ਨੇ ਦਾਨੀ ਸਿਰਾਂ ਦੇ ਸਾਡੇ ਪੰਜ ਪਿਆਰੇ।

4. ਇਹ ਸੀ ਹੁਕਮ ਅਕਾਲ ਦਾ ਅਸੀਂ ਪੰਥ ਸਜਾਇਆ।
ਇਹ ਗੁਰੂ ਦਾ ਰੂਪ ਹੈ ਸਤਿਗੁਰ ਫੁਰਮਾਇਆ।
ਇਹ ਸਾਡੀ ਪੰਚਾਇਤ ਹੈ ਮੈਂ ਜਾਵਾਂ ਵਾਰੇ।
ਇਹ ਨੇ ਦਾਨੀ ਸਿਰਾਂ ਦੇ ਸਾਡੇ ਪੰਜ ਪਿਆਰੇ।

5. ਜ਼ੁਲਮ ਨੂੰ ਰੋਕੇ ਖ਼ਾਲਸਾ ਇਹ ਤਾਕਤ ਲਾ ਕੇ।
ਪੰਥ ਰੱਖੂ ਮਜ਼ਲੂਮ ਦੀ ਇਹ ਖ਼ੂਨ ਵਹਾ ਕੇ।
ਇਹ ਵੀਰ ਖ਼ਾਲਸਾ ਜੋਧਿਆਂ ਜੋ ਕਦੇ ਨਾ ਹਾਰੇ।
ਇਹ ਨੇ ਦਾਨੀ ਸਿਰਾਂ ਦੇ ਸਾਡੇ ਪੰਜ ਪਿਆਰੇ।

6. ਲੱਥ ਗਿਆ ਏ ਮੌਤ ਦਾ ਡਰ ਅੰਗ ਤੋਂ ਕੁਰਾਹਾ।
ਹਣ ਤੱਤਾ ਹੈ ਬਣ ਅੰਗ ਤੋਂ ਘਰ ਕੁਰਾਹਾ।
ਜ਼ਾਲਮ ਤਾਈਂ ਲਿਖਾਵਣੇ ਨੇ ਚੌਥ ਕਰਾਰੇ।
ਇਹ ਨੇ ਦਾਨੀ ਸਿਰਾਂ ਦੇ ਸਾਡੇ ਪੰਜ ਪਿਆਰੇ।

7. ਪੰਜ ਕਕਾਰ ਸਜਾ ਕੇ ਜੋ ਹਰ ਪਲ ਰਹਿੰਦਾ।
ਰੂਹ ਬਣ ਖ਼ਾਲਸਾ ਉਹ ਨਾਨਕ ਦੀ ਔਧ ਦਾ।
ਤੇਜ ਗੁਰੂ ਦਾ ਇਸ ਸਦੀ ਸਦਾ ਚਮਕਣ ਪਿਆਰੇ।
ਇਹ ਨੇ ਦਾਨੀ ਸਿਰਾਂ ਦੇ ਸਾਡੇ ਪੰਜ ਪਿਆਰੇ।

8. ਕਰਨ ਬਖਸ਼ੀਆਂ ਗੁਰੂ ਜੀ ਸਿਦਕਾਂ ਵਿਚ ਆ ਕੇ।
ਪੰਜ ਪਿਆਰੇ ਆਖਿਆ ਸਤਿਗੁਰ ਵਡਿਆ ਕੇ।
ਅਜਬ ਖ਼ੁਸ਼ੀ ਵਿਚ ਸੰਗਤਾਂ ਵੰਡ ਰਹੀਆਂ ਨਿਆਰੇ।
ਇਹ ਨੇ ਦਾਨੀ ਸਿਰਾਂ ਦੇ ਸਾਡੇ ਪੰਜ ਪਿਆਰੇ।

ਸਿੱਖ ਧਰਮ ਦੀ ਮਰਿਆਦਾ ਅਨੁਸਾਰ ਅੰਮ੍ਰਿਤ ਤਿਆਰ ਹੋ ਗਿਆ। ਪਹਿਲਾਂ ਗੁਰੂ ਜੀ ਨੇ ਉਹਨਾਂ ਪੰਜਾਂ ਸਿੰਘਾਂ ਨੂੰ ਬੀਰ ਆਸਣ ਬਿਠਾ ਕੇ ਅੰਮ੍ਰਿਤ ਦੀ ਦਾਤ ਦਿੱਤੀ। ਪੰਜ ਪੰਜ ਚੂਲੇ ਛਕਾਏ, ਪੰਜ ਪੰਜ ਨੇਤਰਾਂ ਤੇ ਕੇਸਾਂ ਵਿਚ ਪਾਏ ਗਏ। ਇਹਨਾਂ ਅੰਮ੍ਰਿਤ ਅਭਿਲਾਖੀਆਂ ਨੂੰ ਗੁਰੂ ਜੀ ਨੇ ਪੰਜਾਂ ਪਿਆਰਿਆਂ ਦਾ ਰੁਤਬਾ ਬਖਸ਼ਿਆ ਤੇ ਦਸਤਾਰਾਂ ਤੇ ਕਲਗੀਆਂ ਸਜਾਈਆਂ।

ਫਿਰ ਗੁਰੂ ਜੀ ਨੇ ਮਰਯਾਦਾ ਅਨੁਸਾਰ ਉਹਨਾਂ ਪੰਜਾਂ ਤੋਂ ਅੰਮ੍ਰਿਤ ਦੀ ਦਾਤ ਲਈ। ਇਹਨਾਂ ਦੀਆਂ ਜਾਤਾਂ ਪਾਤਾਂ ਖ਼ਤਮ ਕਰਕੇ, ਫਿਰ ਨਾਵਾਂ ਦੇ ਵਖਰੇਵੇਂ ਖ਼ਤਮ ਕਰ ਦਿੱਤੇ। ਸਾਰਿਆਂ ਦੇ ਨਾਵਾਂ ਨਾਲ ਸਿੰਘ ਸ਼ਬਦ ਲਗਾ ਦਿੱਤਾ। ਗੁਰੂ ਜੀ ਦਾ ਪਹਿਲਾ ਨਾਉਂ ਗੋਬਿੰਦ ਰਾਏ ਸੀ, ਅੰਮ੍ਰਿਤ ਦੀ ਦਾਤ ਲੈਣ ਤੋਂ ਬਾਅਦ ਗੋਬਿੰਦ ਸਿੰਘ ਪੈ ਗਿਆ। ਗੁਰੂ ਜੀ ਨੇ ਇਸ ਖ਼ਾਲਸੇ ਨੂੰ ਬਹੁਤ ਵੱਡੀਆਂ ਬਖਸ਼ਿਸ਼ਾਂ ਕੀਤੀਆਂ। ਇਕ ਵੱਖਰੀ ਪਹਿਚਾਨ ਦਿੱਤੀ। ਪੰਜਾਂ ਕਕਾਰਾਂ ਦਾ ਧਾਰਨੀ ਤੇ ਅਕਾਲ ਪੁਰਖ ਦੀ ਫੌਜ ਬਣਾ ਦਿੱਤਾ। ਸਤਿਗੁਰਾਂ ਨੇ ਆਖਿਆ ਕਿ ਹੁਣ ਮੇਰਾ ਖ਼ਾਲਸਾ ਜ਼ੁਲਮ ਦਾ ਨਾਸ ਤੇ ਮਜ਼ਲੂਮ ਦੀ ਰੱਖਿਆ ਕਰੇਗਾ। ਬਾਣੀ ਤੇ ਬਾਣੇ ਵਿਚ ਲੀਨ ਰਹੇਗਾ। ਫਿਰ ਸਤਿਗੁਰਾਂ ਨੇ ਸਾਰੀਆਂ ਸੰਗਤਾਂ ਨੂੰ ਕਿਹਾ ਕਿ ਤੁਸੀਂ ਵੀ ਅੰਮ੍ਰਿਤ ਛਕੋ।

ਕਹਿੰਦੇ ਨੇ ਉਸੇ ਵਕਤ ਹੀ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਅੰਮ੍ਰਿਤ ਛਕਿਆ। ਹਜ਼ੂਰ ਪਾਤਸ਼ਾਹ ਜੀ ਨੇ ਕਿਹਾ ਕਿ ਇਹ ਅੰਮ੍ਰਿਤ ਸ਼ਕਤੀ ਨੂੰ ਤਿਆਰ ਕਰਨ ਲੱਗਿਆਂ ਬੜਾ ਸਮਾਂ ਤੇ ਮੇਰੇ ਖ਼ਾਲਸੇ ਦੀ ਮਿਹਨਤ ਲੱਗੀ ਹੈ। ਮੇਰਾ ਖ਼ਾਲਸਾ ਇਸ ਪ੍ਰੀਖਿਆ ਵਿਚੋਂ ਪਾਸ ਹੋਇਆ ਹੈ। ਮੈਂ ਇਸ ਅੰਮ੍ਰਿਤ ਦੀ ਖ਼ਾਤਰ ਆਪਣਾ ਸਰਬੰਸ ਹੀ ਇਸ ਦੇਸ਼ ਤੇ ਧਰਮ ਦੀ ਖ਼ਾਤਰ ਵਾਰ ਦੇਵਾਂਗਾ।

ਟਰਨ ਛੰਦ

1. ਦਸਮ ਪਿਤਾ ਨੇ ਆਖਿਆ ਵੀਰ ਬਹਾਦਰ ਸੂਰਬੀਰੋ !
ਕਰਨ ਸਿਰਾਂ ਦੇ ਸੌਦੇ ਮਰਦ ਬਹਾਦਰ ਸੂਰਬੀਰੋ !
ਪ੍ਰਣ ਕਰਾਂ ਮੈਂ ਅੰਤ ਤੋਂ ਸਿਰ ਦੇ ਨਾਲ ਨਿਭਾ ਦੂੰਗਾ।
ਇਸ ਅੰਮ੍ਰਿਤ ਦੀ ਖ਼ਾਤਰ ਮੈਂ ਸਰਬੰਸ ਲਗਾ ਦੂੰਗਾ।

2. ਬਚਨ ਕਰਨ ਹੈ ਮੇਰਾ ਸਿੱਧੇ ਸਮੇਂ ਇਮਤਿਹਾਨ ਦਾ।
ਮਿਸ਼ਨ ਵਧਾਉਣਾ ਚਾਹਿਆ ਜੱਗ ਤੇ ਬਾਬੇ ਨਾਨਕ ਦਾ।
ਮੈਂ ਜ਼ੁਲਮਾਂ ਦੇ ਭਾਂਬੜ ਪਾ ਕੇ ਖ਼ੂਨ ਬੁਝਾ ਦੂੰਗਾ।
ਇਸ ਅੰਮ੍ਰਿਤ ਦੀ ਖ਼ਾਤਰ ਮੈਂ ਸਰਬੰਸ ਲਗਾ ਦੂੰਗਾ।

3. ਨਾਸ ਕਰੂੰ ਮੈਂ ਜੱਗ ਤੋਂ ਇਹਨਾਂ ਜ਼ਾਲਮ ਲੋਕਾਂ ਦਾ।
ਜੀਂਦੇ ਜਿਹੜੇ ਜ਼ੁਲਮੀ ਲੋਕਾਂ, ਪੀ ਕੇ ਖ਼ੂਨ ਭੋਲਿਆਂ ਦਾ।
ਛੋਟੇ ਸਾਹਿਬ ਸ਼ਹਿਜ਼ਾਦੇ ਨੀਂਹਾਂ ਵਿਚ ਚਿਣਾ ਦੂੰਗਾ।
ਇਸ ਅੰਮ੍ਰਿਤ ਦੀ ਖ਼ਾਤਰ ਮੈਂ ਸਰਬੰਸ ਲਗਾ ਦੂੰਗਾ।

4. ਛੱਡ ਕੇ ਅਨੰਦਪੁਰ ਵੱਸਦਾ ਇਕ ਦਿਨ ਚਾਲਾ ਪਾਉਣਾ ਪਊ।
ਸਵਾ ਲੱਖ ਦੇ ਸਾਵੇਂ ਕੱਲਾ ਸਿੰਘ ਲੜਾਉਣਾ ਪਊ।
ਵੱਡੇ ਅਜੀਤ ਜੁਝਾਰ ਮੈਂ ਵਿਚ ਚਮਕੌਰ ਲੜਾ ਦੂੰਗਾ।
ਇਸ ਅੰਮ੍ਰਿਤ ਦੀ ਖਾਤਰ ਮੈਂ ਸਰਬੰਸ ਲੁਟਾ ਦੂੰਗਾ।

5. ਡੋਲ ਜਾਊਗੀ ਦਿੱਲੀ ਤੱਕ ਕੇ ਸ਼ਾਨਾਂ ਪੰਥ ਦੀਆਂ।
ਮਹਿਲ ਸਿੱਖੀ ਦਾ ਬਣਨਾ ਲੱਗ ਕੇ ਜਾਨਾਂ ਪੰਥ ਦੀਆਂ।
ਪੰਥ ਵਸੇ ਮੈਂ ਉਜੜਾਂ ਐਸਾ ਬਚਨ ਸੁਣਾ ਦੂੰਗਾ।
ਇਸ ਅੰਮ੍ਰਿਤ ਦੀ ਖਾਤਰ ਮੈਂ ਸਰਬੰਸ ਲੁਟਾ ਦੂੰਗਾ।

6. ਬਾਜ ਤਾਜ ਨਾ ਘੋੜਾ ਜੋੜਾ ਨੰਗੇ ਪੈਰਾਂ ਸੇ।
ਮਾਛੀਵਾੜਾ ਜ਼ਿਲਤ ਸਮਝ ਕੇ ਚਲੂੰਗਾ ਸੈਰਾਂ ਸੇ।
ਜਾਂ ਖਦਰਾਣੇ ਢਾਬ ਤੇ ਟੁੱਟੀ ਗੰਢ ਲਿਆ ਦੂੰਗਾ।
ਇਸ ਅੰਮ੍ਰਿਤ ਦੀ ਖਾਤਰ ਮੈਂ ਸਰਬੰਸ ਲੁਟਾ ਦੂੰਗਾ।

7. ਜਾਵੇ ਕੀ ਤਸਵੀਰੀ ਦੇਖੋ ਜਮਨਾ ਮੋੜ ਦੀਆਂ।
ਫੜਨੇ ਵੇਖਣੇ ਫੇਰਾ ਕੜੀਆਂ ਖਾਤੂਨ ਸਰਹੰਦ ਦੀਆਂ।
ਬੰਦਾ ਸਿੰਘ ਬਹਾਦਰ ਨੂੰ ਦੇ ਕੇ ਫੇਰ ਘਲਾ ਦੂੰਗਾ।
ਇਸ ਅੰਮ੍ਰਿਤ ਦੀ ਖਾਤਰ ਮੈਂ ਸਰਬੰਸ ਲੁਟਾ ਦੂੰਗਾ।

ਹਜ਼ੂਰ ਪਾਤਸ਼ਾਹ ਨੇ ਇਹ ਭਵਿੱਖ ਬਾਣੀ ਸਾਰੀਆਂ ਸੰਗਤਾਂ ਨੂੰ ਸੁਣਾ ਦਿੱਤੀ ਅਤੇ ਇਕ ਗੱਲ ਪ੍ਰੈਕਟੀਕਲ ਕਰਕੇ ਦੱਸ ਦਿੱਤੀ ਕਿ ਪਹਿਲਾਂ ਗੁਰੂ ਬਣ ਕੇ ਪੰਜਾਂ ਸਿੰਘਾਂ ਦੀ ਚੋਣ ਕੀਤੀ, ਜਦੋਂ ਉਹ ਆਪਣੀ ਪ੍ਰੀਖਿਆ ਵਿਚ ਪੂਰੇ ਉਤਰੇ. ਫਿਰ ਉਹਨਾਂ ਨੂੰ ਖ਼ਾਲਸੇ ਪੰਥ ਦਾ ਰੂਪ ਦੇ ਦਿੱਤਾ, ਸਿੰਘ ਸਜਾ ਦਿੱਤਾ ਤੇ ਕਿਹਾ ਕਿ ਇਹ ਖ਼ਾਲਸਾ ਅਕਾਲ ਪੁਰਖ ਦੀ ਫੌਜ ਹੈ। ਫਿਰ ਉਹਨਾਂ ਪੰਜਾਂ ਸਿੰਘਾਂ ਕੋਲੋਂ ਆਪ ਅੰਮ੍ਰਿਤ ਦੀ ਦਾਤ ਮੰਗੀ ਤੇ ਇਹ ਬਾਤ ਕੁੱਲ ਸਾਰਿਆਂ ਨੂੰ ਸਮਝਾਈ ਕਿ ਜੋ ਮੇਰੇ ਵਿਚ ਸ਼ਕਤੀ ਸੀ ਉਹੋ ਸ਼ਕਤੀ ਹੁਣ ਇਹਨਾਂ ਪੰਜਾਂ ਸਿੰਘਾਂ ਵਿਚ ਹੈ। ਹੁਣ ਮੈਂ ਚੇਲਾ ਹਾਂ ਤੇ ਇਹ ਪੰਜੇ ਪੰਥ ਰੂਪ ਮੇਰੇ ਗੁਰੂ ਹਨ। ਜੋ ਸ਼ਕਤੀ ਮੈਨੂੰ ਅਕਾਲ ਪੁਰਖ ਨੇ ਬਖਸ਼ੀ ਸੀ ਉਹੋ ਸ਼ਕਤੀ ਹੁਣ ਇਹਨਾਂ ਪੰਜਾਂ ਵਿਚ ਹੈ। ਤਾਂਹੀਓਂ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਵਾਹੁ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।

ਗੁਰੂ ਜੀ ਨੇ ਸਿੰਘ ਨੂੰ ਸੰਤ ਵੀ ਤੇ ਸਿਪਾਹੀ ਵੀ ਬਣਾ ਦਿੱਤਾ। ਭਗਤੀ ਤੇ ਸ਼ਕਤੀ ਦਾ

ਸੁਮੇਲ ਕਰ ਦਿੱਤਾ। ਫਿਰ ਇਸ ਖ਼ਾਲਸੇ ਪੰਥ ਦੀਆਂ ਜੈਕਾਰਾਂ ਹੋਈਆਂ। ਅੰਮ੍ਰਿਤ ਵਿਚੋਂ ਸਿੱਖ ਨੂੰ ਇਕ ਨਵਾਂ ਜੀਵਨ ਨਜ਼ਰ ਆਇਆ। ਰੋਜ਼ ਹਜ਼ਾਰਾਂ ਸਿੱਖ ਆਉਂਦੇ ਤੇ ਅੰਮ੍ਰਿਤ ਛਕ ਕੇ ਸਿੰਘ ਸੱਜ ਜਾਂਦੇ। ਕੇਵਲ ਪੁਰਖ ਹੀ ਨਹੀਂ ਇਸਤਰੀਆਂ ਨੂੰ ਵੀ ਅੰਮ੍ਰਿਤ ਛਕਣ ਦਾ ਹੱਕ ਸੀ। ਪੁਰਸ਼ ਦਾ ਨਾਮ ਮਗਰ ਸਿੰਘ ਤੇ ਇਸਤਰੀ ਦੇ ਨਾਮ ਮਗਰ ਕੌਰ ਸ਼ਬਦ ਲਾ ਦਿੱਤਾ। ਗੁਰਦੇਵ ਆਪਣੇ ਸਿੱਖਾਂ ਦੀ ਰੱਜਵੀਂ ਤਰੀਫ਼ ਕਰਦੇ। ਇਸੇ ਤਰ੍ਹਾਂ ਹੋਲੀ ਦਾ ਤਿਉਹਾਰ ਹਰ ਹਿੰਦੂ ਲੋਕ ਤੇ ਬ੍ਰਾਹਮਣ ਪੁਰਾਣੀਆਂ ਰੀਤਾਂ ਅਨੁਸਾਰ ਮਨਾਉਂਦੇ ਸਨ। ਉਹ ਇਕ ਦੂਜੇ ਉੱਤੇ ਰੰਗ ਪਾ ਕੇ ਅਤੇ ਹੋਰ ਕਈ ਰੀਤਾਂ ਰਿਵਾਜਾਂ ਨਾਲ ਮਨਾਉਂਦੇ ਸੀ, ਪਰ ਗੁਰੂ ਜੀ ਨੇ ਉਸ ਤਿਉਹਾਰ ਨੂੰ ਇਕ ਨਵਾਂ ਰੰਗ ਦੇ ਦਿੱਤਾ। ਆਪਣੇ ਖ਼ਾਲਸੇ ਨੂੰ ਦੋ ਭਾਗਾਂ ਵਿਚ ਵੰਡ ਕੇ ਉਹਨਾਂ ਦਾ ਯੁੱਧ ਕਰਾਉਂਦੇ, ਜਿਹੜਾ ਜੱਥਾ ਜਿੱਤ ਜਾਂਦਾ, ਉਸ ਨੂੰ ਇਨਾਮ ਦਿੰਦੇ। ਜੰਗੀ ਕਰਤਬ ਤੇ ਜੰਗੀ ਖੇਡਾਂ ਨਾਲ ਸਤਿਗੁਰਾਂ ਨੇ ਹੋਲੀ ਨੂੰ ਹੋਲੇ ਦਾ ਰੂਪ ਦੇ ਦਿੱਤਾ। ਆਖਿਆ ਕਿ ਮੇਰਾ ਖ਼ਾਲਸਾ ਹੋਲੀ ਨਹੀਂ ਹੋਲਾ ਮਹੱਲਾ ਖੇਡੇਗਾ :

ਟਰਨ ਛੰਦ

1. ਇਹ ਹਿੰਦੂਆਂ ਦੀ ਹੋਲੀ ਕਰਦੀ ਗਲਤ ਰਵੈਤਾਂ ਨੂੰ।
ਦਸਮ ਪਿਤਾ ਜੀ ਲੱਗੇ ਨਵੀਆਂ ਕਰਨ ਹਦੈਤਾਂ ਨੂੰ।
ਯਾਦ ਰੱਖਣਾ ਸਿੱਧੇ ਅੰਗ ਤੋਂ ਸਾਡੇ ਚੋਲੇ ਨੂੰ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

2. ਇਹ ਜੱਗ ਖ਼ੁਸ਼ੀਆਂ ਕਰਦਾ ਤਾਵੇਂ ਹੈ ਪ੍ਰਹਲਾਦ ਦੀਆਂ।
ਅਸਲੀ ਗੱਲਾਂ ਭੁੱਲ ਗਏ ਲੋਕੀ ਉਸ ਦੀ ਯਾਦ ਦੀਆਂ।
ਨਾਮ ਰੰਗਣ ਵਿਚ ਰੰਗਣਾ ਹੈ ਪੰਜ ਤੱਤ ਦੇ ਚੋਲੇ ਨੂੰ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

3. ਜ਼ਾਲਮ ਸਾੜਦੇ ਭੰਦਣਾ ਅਸਲੀ ਧੌਂਸ ਪ੍ਰਹਲਾਦ ਕਿਆ।
ਅਸਲ ਹਕੀਕਤ ਉਸ ਦੀ ਨੂੰ ਭੁੱਲ ਹਿੰਦੂਵਾਦ ਕਿਆ।
ਵੀ ਤਾਕਤੀ ਮੈਂ ਦੇਖਾ ਰੰਗ ਪਰਤ ਤੇ ਭੋਲੇ ਨੂੰ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

4. ਮੁਗ਼ਲ ਹਕੂਮਤ ਵਾਲੇ ਉਧੋ ਹੋ ਹੋ ਥਹਿੰਦੇ ਨੇ।
ਤਾਹੀਓਂ ਸਭੇ ਜਗੀਉਂ ਇਹ ਦੇ ਅੰਗ ਦੀ ਲਹਿੰਦੇ ਨੇ।
ਨਾਲ ਰੂਪ ਦੇ ਰਾਜਪੂਤਾਂ ਤੇ ਲੈਂਦੇ ਡੋਲੇ ਨੇ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

5. ਚੜ੍ਹਨ ਕਲਗੀਆਂ ਵਾਲੇ ਦਲ ਲੈ ਸ਼ਾਹ ਅਸਵਾਰਾਂ ਦਾ।
ਸ਼ੋਰ ਮੈਦਾਨੇ ਪੈਂਦਾ ਨੇਜ਼ੇ ਤੇ ਤਲਵਾਰਾਂ ਦਾ।
ਅਸਲੀ ਹੋਲਾ ਕਹਿੰਦੇ ਰਣ ਵਿਚ ਹੱਲੇ ਬੋਲੇ ਨੂੰ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

6. ਇਕ ਨੇ ਹਮਲਾ ਕਰਨਾ ਦੂਜੇ ਪਾਉਣਾ ਠੱਲਾ ਹੈ।
ਅਸਲ ਵਿਚ ਫਿਰ ਏਸੇ ਦਾ ਨਾਂ ਹੋਲਾ ਮਹੱਲਾ ਹੈ।
ਮੈਂ ਅਸਮਾਨ ਅਕੇਣਾ ਹੈ ਪੈਰਾਂ ਵਿਚ ਰੋਲੇ ਨੂੰ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

7. ਗੱਜਣ ਵੀਰ ਅਕਾਲੀ ਚੋਟਾਂ ਮਾਰ ਨਗਾਰਿਆਂ ਨੂੰ।
ਸਤਿ ਸ੍ਰੀ ਅਕਾਲ ਦੇ ਮੂੰਹੋਂ ਛੱਡ ਜੈਕਾਰਿਆਂ ਨੂੰ।
ਅਵਾਜ਼ ਸੁਣਾਉਂਦੇ ਮੁਗ਼ਲ ਰਾਜ ਕੰਨਾਂ ਦੇ ਬੋਲੇ ਨੂੰ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

8. ਜੰਗੀ ਕਰਤਬ ਦੱਸਦਾ ਆਪੂ ਸ਼ਾਹ ਕਲਗੀਆਂ ਦਾ।
ਫੇਰ ਸਜੇ ਦਰਬਾਰ ਆ ਪਿਛਲੇ ਪਹਿਰ ਨੇ ਸ਼ਾਮਾਂ ਦਾ।
ਸੁਣਨ ਪਿਆਰ ਨਾਲ ਬਹਿ ਕੇ ਵਿਚ ਕਵੀਆਂ ਦੇ ਟੋਲੇ ਨੂੰ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

9. ਟੋਲੇ ਛੰਦ ਕਵੀਸ਼ਰ ਆਣ ਸਭਾ 'ਚ ਗਾਉਂਦੇ ਸੀ।
ਕੋਲ ਬਿਠੋਕੇ ਛੰਦਾਂ ਦੀਆਂ ਉਹ ਝੜੀਆਂ ਲਾਉਂਦੇ ਸੀ।
ਵਿਚ ਸਾਜ਼ਾਂ ਤੇ ਗਾਉਂਦੇ ਸ਼ਬਦ ਬਾਣੀ ਤੋਲੇ ਨੂੰ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

10. ਦਸਮ ਪਿਤਾ ਦੀ ਕਿਰਪਾ ਐਸ ਜਹਾਨ ਨਿਆਰੀ ਹੈ।
ਜਿਸ ਹਮੇਸ਼ਾ ਰੱਖਣਾ ਹੈ ਜੋ ਕਾਇਮ ਉਦਾਸੀ ਹੈ।
ਜੋਗਾ ਕਰਤਾਰ ਸਰਦਾਰ ਫੇਰ ਰਾਜ ਦਾ ਖੋਲ੍ਹੇ ਨੂੰ।
ਅਨੰਦਪੁਰ ਦੇ ਵਿਚ ਖੇਡਣ ਦਸਮ ਪਾਤਸ਼ਾਹ ਹੋਲੇ ਨੂੰ

ਗੁਰੂ ਮਹਾਰਾਜ ਦੇ ਇਸ ਨਵੇਂ ਪੰਥ ਦੀ ਚੜ੍ਹਤ ਵਧਦੀ ਹੋਈ। ਪਿੱਛਾ ਵਿਚ ਵੱਸਣ ਵਾਲੇ ਵਾਲੀ ਵਾਲ ਔਰ ਸਰਕਾਰੀ ਸੁਣਾਉਂਦੇ ਦੇ ਸਨ। ਉਹਨਾਂ ਨੂੰ ਇਹ ਨਵਾਂ ਧਰਮ ਚੜ੍ਹਤ ਪਸੰਦ ਨਾ ਆਇਆ। ਗੁਰੂ ਜੀ ਦੀ ਸਿੱਖੀ ਨੂੰ ਉਹਨਾਂ ਨੇ ਕਦੀ ਮਨੋਂ ਪਰਵਾਨ ਕਰ ਲਿਆ। ਹਰ ਜਾਤ ਆਇਆ। ਗੁਰੂ ਜੀ ਦੀ ਸਿੱਖੀ ਨੂੰ ਉਹ ਅੰਮ੍ਰਿਤ ਛਕਣਾ ਚਾਹੁੰਦੇ ਸੀ, ਪਰ ਅਭਿਮਾਨੀ ਪੰਡਤ ਸਿੱਖ ਸੰਗਤ ਤੋਂ ਵਿਚਰਦੇ ਰਹੇ।

ਨੀਵੀਆਂ ਜਾਤਾਂ ਵਿਚ ਰਲ ਕੇ ਇਕ ਬਾਟੇ ਵਿਚ ਨਹੀਂ, ਤੇ ਨਾਲੇ ਉਹ ਆਪਣੇ ਪੁਰਾਣੇ ਮਨੂੰ ਸ਼ਾਸਤਰੀ ਅਨੁਸਾਰ ਬੰਧਨਾਂ ਵਿਚ ਬੱਝੇ ਹੋਏ ਛੂਤ ਛਾਤ ਦੇ ਬੰਧਨ ਤੋੜਨ ਦੀ ਉਹਨਾਂ ਦੀ ਹਿੰਮਤ ਨਹੀਂ ਸੀ।

ਪਹਾੜੀ ਰਾਜਿਆਂ ਤੱਕ ਵੀ ਇਸ ਨਵੇਂ ਪੰਥ ਬਾਰੇ ਖਬਰਾਂ ਪਹੁੰਚੀਆਂ। ਗੁਰੂ ਮਹਾਰਾਜ ਨੇ ਰਾਜੇ ਅਜਮੇਰ ਚੰਦ ਤੇ ਹੋਰ ਰਾਜਿਆਂ ਨੂੰ ਵੀ ਅਨੰਦਪੁਰ ਆਉਣ ਲਈ ਲਿਖਿਆ, ਅਜਮੇਰ ਚੰਦ ਦੀ ਅਗਵਾਈ ਵਿਚ ਕੁਝ ਰਾਜੇ ਅਨੰਦਪੁਰ ਆਏ। ਮਹਾਰਾਜ ਨੇ ਉਹਨਾਂ ਦਾ ਬੜਾ ਆਦਰ ਸਤਿਕਾਰ ਕੀਤਾ। ਜਿਵੇਂ ਹਜ਼ੂਰ ਹਰ ਸਿੱਖ ਦਾ ਕਰਿਆ ਕਰਦੇ ਸਨ। ਰਾਜੇ ਕਈ ਦਿਨ ਅਨੰਦਪੁਰ ਸਾਹਿਬ ਰਹੇ। ਗੁਰਦੇਵ ਦੇ ਉੱਚ ਵਿਚਾਰ ਸੁਣੇ, ਪਰ ਅਜਮੇਰ ਚੰਦ ਜਾਤ ਪਾਤ ਤੇ ਛੂਤ ਛਾਤ ਦੇ ਬੰਧਨਾਂ ਤੋਂ ਮੁਕਤ ਨਾ ਹੋ ਸਕੇ। ਗੁਰਦੇਵ ਨੇ ਉਹਨਾਂ ਨੂੰ ਸਿੰਘ ਸੱਜਣ ਵਾਸਤੇ ਬੜਾ ਪ੍ਰੇਰਿਆ, ਪਰ ਅੰਦਰੋ ਦਿਲੋਂ ਕਮਜ਼ੋਰ ਹੋਏ ਰਾਜੇ ਅੰਮ੍ਰਿਤ ਛਕਣ ਵਾਸਤੇ ਤਿਆਰ ਨਾ ਹੋਏ। ਰਾਜੇ ਸਿਰਫ ਦੋ ਸ਼ਰਤਾਂ ਉਤੇ ਅੰਮ੍ਰਿਤ ਛਕਣ ਵਾਸਤੇ ਤਿਆਰ ਸਨ। ਇਕ ਤਾਂ ਉਹਨਾਂ ਨੂੰ ਹੋਰ ਸਿੱਖਾਂ ਤੋਂ ਵੱਖਰਾ ਅੰਮ੍ਰਿਤ ਛਕਾਇਆ ਜਾਵੇ ਤਾਂ ਕਿ ਉਹਨਾਂ ਦੀ ਉੱਚੀ ਜਾਤ ਦਾ ਘੁਮੰਡ ਵੀ ਬਣਿਆ ਰਹੇ ਤੇ ਦੂਸਰਾ ਉਹਨਾਂ ਨੂੰ ਸਿੰਘ ਸੱਜ ਕੇ ਵੀ ਦੇਵੀ ਦੇਵਤਿਆਂ ਦੀ ਪੂਜਾ ਕਰਨ ਦੀ ਆਗਿਆ ਹੋਵੇ, ਪਰ ਇਹ ਦੋਵੇਂ ਸ਼ਰਤਾਂ ਸਿੱਖੀ ਦੇ ਮੁੱਢਲੇ ਅਸੂਲਾਂ ਦੇ ਉਲਟ ਸਨ। ਸੋ ਹਜ਼ੂਰ ਪਾਤਸ਼ਾਹ ਨੇ ਰਾਜਿਆਂ ਦੀਆਂ ਇਹ ਸ਼ਰਤਾਂ ਨਾ ਮੰਨੀਆਂ। ਰਾਜੇ ਕੁਝ ਉਦਾਸ ਤੇ ਕੁਝ ਨਰਾਜ਼ ਹੋ ਕੇ ਚੱਲੇ ਗਏ।

ਇਹਨਾਂ ਦਿਨਾਂ ਵਿਚ ਇਕ ਹੋਰ ਘਟਨਾ ਹੋ ਗਈ। ਸਤਿਲੁਜ ਤੋਂ ਪਾਰ ਜੰਗਲ ਵਿਚ ਰੰਘੜਾਂ ਤੇ ਗੁੱਜਰਾਂ ਦਾ ਬੜਾ ਜ਼ੋਰ ਸੀ। ਗੁਰੂ ਦਰਸ਼ਨਾਂ ਨੂੰ ਆਉਂਦੀਆਂ ਸੰਗਤਾਂ ਨੂੰ ਲੁੱਟ ਲਿਆ ਕਰਦੇ ਸਨ। ਗੁਰੂ ਜੀ ਪਾਸ ਉਹਨਾਂ ਦੀ ਕਈ ਵਾਰ ਸ਼ਿਕਾਇਤ ਆ ਚੁੱਕੀ ਸੀ। ਇਕ ਦਿਨ ਗੁਰਦੇਵ ਉਸ ਪਾਸੇ ਸ਼ਿਕਾਰ ਚੜ੍ਹੇ। ਰੰਘੜ ਤੇ ਗੁੱਜਰ ਵੀ ਆਣ ਪਏ। ਹਜ਼ੂਰ ਨੇ ਸਿੰਘਾਂ ਨੂੰ ਧਾਵੇ ਦਾ ਹੁਕਮ ਦੇ ਦਿੱਤਾ। ਨਵੇਂ ਜੋਸ਼ ਅੰਦਰ ਭਰਪੂਰ ਸਿੰਘਾਂ ਅੱਗੇ ਰੰਘੜਾਂ ਗੁੱਜਰਾਂ ਕੀ ਠਹਿਰਨਾ ਸੀ। ਆਏ ਦਿਨ ਸੰਗਤਾਂ ਨੂੰ ਲੁੱਟਣ ਵਾਲਿਆਂ ਦੀ ਖਬਰ ਸਿੰਘਾਂ ਨੇ ਚੰਗੀ ਤਰ੍ਹਾਂ ਲਈ ਤੇ ਰੰਘੜਾਂ, ਗੁੱਜਰਾਂ ਨੂੰ ਉਹ ਸਜ਼ਾ ਦਿੱਤੀ ਜੋ ਦੇਰ ਤੱਕ ਯਾਦ ਰੱਖਣ।

ਆਏ ਦਿਨ ਗੁਰੂ ਮਹਾਰਾਜ ਦੀ ਵਧ ਰਹੀ ਤਾਕਤ ਵੇਖ ਕੇ ਪਹਾੜੀ ਰਾਜੇ ਘਬਰਾ ਗਏ। ਪਹਿਲਾਂ ਉਹਨਾਂ ਇਕ ਆਦਮੀ ਅਨੰਦਪੁਰ ਸਾਹਿਬ ਰਹਿਣ ਵਾਸਤੇ ਭੇਜਿਆ, ਜੋ ਉਹਨਾਂ ਨੂੰ ਖੁਫੀਆ ਰਿਪੋਰਟਾਂ ਭੇਜਦਾ ਰਹੇ। ਉਹਨੇ ਹਰ ਗੱਲ ਨੂੰ ਵਧਾ ਚੜ੍ਹਾ ਕੇ ਦੱਸਣਾ ਸ਼ੁਰੂ ਕਰ ਦਿੱਤਾ। ਉਸ ਦੀ ਇਸ ਚੁਗਲੀ ਦਾ ਕਾਰਣ ਰਾਜਿਆਂ ਦਾ ਗੁੱਸਾ ਹੋਰ ਵੱਧ ਗਿਆ। ਇਨ੍ਹਾਂ ਦਿਨਾਂ ਵਿਚ ਇਕ ਹੋਰ ਘਟਨਾ ਹੋਈ। ਬਲੀਆ ਚੰਦ ਤੇ ਆਲਮ ਚੰਦ ਦੋ ਪਹਾੜੀ ਰਾਜਪੂਤ ਸਨ। ਇਕ ਦਿਨ ਗੁਰਦੇਵ ਸ਼ਿਕਾਰ ਖੇਡਦੇ ਉਹਨਾਂ ਦੀ ਨਜ਼ਰ ਪੈ ਗਏ। ਹਜ਼ੂਰ ਨਾਲ ਕੇਵਲ ਗਿਣਤੀ ਦੇ ਸਿੰਘ ਸਨ। ਬਲੀਆ ਚੰਦ ਤੇ ਆਲਮ ਚੰਦ ਨਾਲ ਫੌਜ ਸਿੰਘਾਂ

ਨਾਲੋਂ ਕਈ ਗੁਣਾਂ ਵਧੇਰੇ ਸੀ। ਰਾਜਪੂਤਾਂ ਸੋਚਿਆ ਕਿ ਹੁਣ ਗੁਰੂ ਨੂੰ ਫੜ ਲੈਣ ਦਾ ਚੰਗਾ ਮੌਕਾ ਹੱਥ ਲੱਗਾ ਹੈ। ਉਹਨਾਂ ਨੇ ਬਹੁਗਿਣਤੀ ਦੇ ਮਾਣ ਨਾਲ ਸਤਿਗੁਰਾਂ ਉੱਤੇ ਅਚਨਚੇਤ ਹਮਲਾ ਕਰ ਦਿੱਤਾ। ਪਰ ਸਿੱਖਾਂ ਵਿਚ ਨਵਾਂ ਜੋਸ਼ ਤੇ ਗੁਰਦੇਵ ਦੀ ਮੌਜੂਦਗੀ ਨੇ ਉਹਨਾਂ ਨੂੰ ਟਾਕਰਾ ਕਰਨ ਲਈ ਪ੍ਰੇਰਣਾ ਦਿੱਤੀ। ਦਕਸ਼ਤਾ ਦਾ ਆਸਰਾ ਲੈ ਕੇ ਸਿੱਖ ਡਟ ਗਏ। ਉਹ ਨਿਸ਼ਾਨੇ ਬੰਨ੍ਹ ਬੰਨ੍ਹ ਕੇ ਤੀਰ ਮਾਰਦੇ, ਜੋ ਇਕ ਵੀ ਖਾਲੀ ਨਾ ਜਾਂਦਾ। ਫਿਰ ਗੁਰੂ ਜੀ ਦੀ ਕਮਾਨ ਵਿਚੋਂ ਛੁੱਟੇ ਹੋਏ ਤੀਰ ਦੁਸ਼ਮਣ ਦੀ ਛਾਤੀ ਵਿਚੋਂ ਮੁੜ ਨਹੀਂ ਨਿਕਲਦੇ। ਪਹਾੜੀਆਂ ਨੇ ਆਪਣੇ ਆਦਮੀ ਡਿੱਗਦੇ ਵੇਖ ਕੇ ਇਕ ਕਹਿਰੀ ਹੱਲਾ ਬੋਲਿਆ। ਤੀਰ ਕਮਾਨਾਂ ਛੱਡ ਕੇ ਘੋੜੇ ਤਲਵਾਰੀ ਉੱਤਰ ਆਏ। ਲੜਾਈ ਦੇ ਚਾਹੀਦੇ ਢੰਗ ਵਾਲੇ ਸਿਧਾਂਤ ਉੱਤੇ ਅਮਲ ਕਰਦਿਆਂ ਗੁਰੂ ਦੇ ਘੋੜੇ ਭਾਈ ਆਲਮ ਸਿੰਘ ਨੇ ਆਲਮ ਚੰਦ ਉੱਤੇ ਹਮਲਾ ਕਰ ਦਿੱਤਾ। ਬਲੀਆ ਚੰਦ ਨਾਲ ਭਾਈ ਉਦੇ ਸਿੰਘ ਟੱਕਰ ਪਿਆ। ਦੋਹੀਂ ਪਾਸੀਂ ਸੂਰਮੇ ਹੱਥੋ ਹੱਥੀ ਇਕ ਦੂਜੇ ਉੱਤੇ ਵਾਰ ਕਰਨ ਲੱਗੇ। ਭਾਈ ਆਲਮ ਸਿੰਘ ਨੇ ਜੋਸ਼ ਵਿਚ ਆ ਕੇ ਵਾਰ ਕੀਤਾ। ਆਲਮ ਚੰਦ ਦੀ ਬਾਂਹ ਕੱਟੀ ਗਈ। ਉਹ ਪਿੱਠ ਛੱਡ ਕੇ ਨੱਸ ਗਿਆ। ਗੁਰੂ ਮਹਾਰਾਜ ਨੇ ਫ਼ਤਹਿ ਦੇ ਨਗਾਰੇ ਵੱਜੇ ਤੇ ਵਾਪਸ ਅਨੰਦਪੁਰ ਸਾਹਿਬ ਆ ਗਏ। ਇਸ ਯੁੱਧ ਨੂੰ ਅਚਾਨਕ ਵਾਲੀਆਂ ਲੜਾਈਆਂ ਦਾ ਮੁੱਢ ਸਮਝਣਾ ਚਾਹੀਦਾ ਹੈ। ਇਸ ਘਟਨਾ ਦਾ ਬਾਕੀ ਰਾਜਿਆਂ ਦੇ ਦਿਲ ਤੇ ਬਹੁਤ ਅਸਰ ਹੋਇਆ।

ਸਾਰੇ ਰਾਜਿਆਂ ਵਲੋਂ ਇਕ ਸਭਾ ਬੁਲਾਈ ਗਈ। ਸਾਰੀਆਂ ਰਿਆਸਤਾਂ ਦੇ ਰਾਜਿਆਂ ਵਲੋਂ ਇਕ ਮੱਤਾ ਪਕਾ ਕੇ ਫੈਸਲਾ ਲਿਖਿਆ ਗਿਆ। ਉਹਨਾਂ ਨੇ ਇਕ ਗੁਰੂ ਮਹਾਰਾਜ ਵੱਲ ਇਕ ਚਿੱਠੀ ਲਿਖੀ, ਜਿਸ ਦਾ ਭਾਵ ਸੀ ਤੁਸੀਂ ਸਾਡੇ ਇਲਾਕੇ ਵਿਚ ਵੱਸਦੇ ਹੋ, ਜਾਂ ਤਾਂ ਪਿਛਲਾ ਹੁਣ ਤੱਕ ਦਾ ਸਾਰਾ ਖਰਚ ਅਦਾ ਕਰੋ ਤੇ ਅੱਗੇ ਵਾਸਤੇ ਹਰ ਸਾਲ ਸਾਨੂੰ ਟੈਕਸ ਅਦਾ ਕਰਨਾ ਮੰਨੋ, ਨਹੀਂ ਤਾਂ ਸਾਡਾ ਇਲਾਕਾ ਖਾਲੀ ਕਰਕੇ ਚੱਲੇ ਜਾਓ। ਜੇ ਤੇ ਏਥੇ ਰਹਿਣਾ ਜਾਂ ਲੜਨਾ ਚਾਹੁੰਦਾ ਹੈ ਤਾਂ ਤੈਨੂੰ ਸਾਡੀਆਂ ਸ਼ਰਤਾਂ ਮੰਨਣੀਆਂ ਪੈਣਗੀਆਂ।

ਡਿਉਢੀ ਛੰਦ

1.

ਲਿਖਿਆ ਪਹਾੜੀਆਂ ਨੇ ਨਾਲ ਜੋਸ਼ ਦੇ, ਰੋਸ ਜਤਾਉਂਦੇ ਦੇ।
ਪੜ੍ਹ ਲਈਂ ਅਸਾਂ ਦੀ ਚਿੱਠੀ ਨਾਲ ਹੋਸ਼ ਦੇ, ਕੀ ਹੈ ਵਿਚ ਦੋਸ਼ ਦੇ।
ਲਿਖਿਆ ਜਵਾਬ ਨਹੀਂ ਕੋਈ ਤਾਹੀਉਂ ਛੇਤੇ ਸਾਡ ਚਾਹੁੰਦੇ ਰੋਕਣਾ।
ਰਹਿਣਾ ਪਊ ਅਸਾਂ ਦੀ ਏਥੇ ਈਨ ਮੰਨ ਕੇ, ਜੇ ਤੂੰ ਚਾਹੁੰਦਾ ਰੋਕਣਾ।

2.

ਕੱਠੇ ਕੀਤੇ ਜੋੜ ਨਾਲੀ ਤੇ ਸੁਨਾਰ ਨੂੰ, ਪੇਡ ਕੋਈ ਚਿੱਠੀਆਂ ਦੀ।

ਛੋਟੀਆਂ ਜਾਤਾਂ ਨਾਲ ਰੱਖਦਾ ਪਿਆਰ ਤੂੰ, ਟੋਲਾ ਮਜ਼ਦੂਰਾਂ ਦਾ।
ਤੁਰ ਪਏ ਅਸੀਂ ਜੇ ਕੁਟੀ ਕਾਨੇ ਬੰਨ੍ਹ ਕੇ, ਫੇਰ ਕੀਹਨੇ ਡੱਕਣਾ।
ਰਹਿਣਾ ਪਊ ਅਸਾਂ ਦੀ ਏਥੇ ਈਨ ਮੰਨ ਕੇ, ਜੇ ਤੂੰ ਚਾਹੁੰਦਾ ਵੱਸਣਾ।

3.

ਛੱਡਦੇ ਜੈਕਾਰੇ ਤੇਰੇ ਜੋ ਇਸ਼ਾਰੇ 'ਤੇ, ਕੀ ਇਨ੍ਹਾਂ ਨੇ ਲੜਨਾ।
ਚੜ੍ਹ ਪਏ ਜੇ ਚੋਟ ਮਾਰ ਕੇ ਨਗਾਰੇ 'ਤੇ, ਫੇਰ ਨਹੀਂ ਜੇ ਖੜਨਾ।
ਕੱਠੇ ਕਰੀ ਬੈਠਾ ਜਿਹੜੇ ਅੰਨ ਦੇ, ਅੰਤ ਇਨ੍ਹਾਂ ਨੱਸਣਾ।
ਰਹਿਣਾ ਪਊ ਅਸਾਂ ਦੀ ਏਥੇ ਈਨ ਮੰਨ ਕੇ, ਜੇ ਤੂੰ ਚਾਹੁੰਦਾ ਵੱਸਣਾ।

4.

ਸਾਰਿਆਂ ਪਹਾੜੀਆਂ ਨੇ ਕੱਠੇ ਹੋ ਕੇ, ਮਤਾ ਪਕਾ ਲਿਆ।
ਫੇਰ ਪੰਡਤਾਂ ਦੇ ਵਕਤ ਵਿਚਾਰੇ ਕੇ, ਸੋਚ ਚਾਲਾਂ ਚਾਲੀਆਂ।
ਭਰ ਦੇ ਖ਼ਜ਼ਾਨੇ ਦੇਵੇਂ ਟੈਕਸ ਬੰਨ੍ਹ ਕੇ, ਜੇ ਤੂੰ ਸਾਥੋਂ ਬਚਣਾ।
ਰਹਿਣਾ ਪਊ ਅਸਾਂ ਦੀ ਏਥੇ ਈਨ ਮੰਨ ਕੇ, ਜੇ ਤੂੰ ਚਾਹੁੰਦਾ ਵੱਸਣਾ।

5.

ਬੰਦ ਕਰ ਹੁਣ ਖੇਡਣਾ ਸ਼ਿਕਾਰ ਤੂੰ, ਸਮੇਂ ਨੂੰ ਵਿਚਾਰ ਕੇ।
ਰੱਖੀ ਫ਼ੌਜੀ ਸਾਨੂੰ ਦਿੱਤਾ ਏ ਵੰਗਾਰ ਤੂੰ, ਧਉਂਸੇ ਚੋਟਾਂ ਮਾਰ ਕੇ।
ਲੁੱਟ ਦਾਵੇ ਟੈਕ ਨਾ ਮਹੀਨਾ ਬੰਨ੍ਹ ਕੇ, ਕੰਮ ਇਹਦਾ ਖੱਪਣਾ।
ਰਹਿਣਾ ਪਊ ਅਸਾਂ ਦੀ ਏਥੇ ਈਨ ਮੰਨ ਕੇ, ਜੇ ਤੂੰ ਚਾਹੁੰਦਾ ਵੱਸਣਾ।

6.

ਤਕੜੇ ਗੁਆਂਢੀਆਂ ਨਾ ਪਾਈਏ ਵੈਰ ਨਾ, ਕਹਿੰਦੀ ਰਾਜਨੀਤੀ ਆ।
ਮੁੜ ਕੇ ਅਸਾਂ ਤੇ ਫੇਰ ਹੋਣੀ ਫਿਰ ਨਾ, ਕਈਆਂ ਨਾਲ ਬੀਤੀਆਂ।
ਤਾਰਿਆਂ ਨੂੰ ਨਾਲ ਟਕਰਾ ਕੇ ਵੇਖਲੇ, ਨਾਲ਼ਾ ਵੀ ਦੋਸ਼ ਕੱਟਣਾ।
ਰਹਿਣਾ ਪਊ ਅਸਾਂ ਦੀ ਏਥੇ ਈਨ ਮੰਨ ਕੇ, ਜੇ ਤੂੰ ਚਾਹੁੰਦਾ ਵੱਸਣਾ।

ਇਸ ਚਿੱਠੀ ਵਿਚ ਇਕ ਪਾਸੇ ਧਮਕੀ ਭਰੀਆਂ ਗੱਲਾਂ ਲਿਖੀਆਂ ਸਨ ਤੇ ਦੂਜੇ ਪਾਸੇ ਇਹ ਵੀ ਦੱਸਿਆ ਕਿ ਗੁਆਂਢੀ ਤਾਕਤਾਂ ਨਾਲ ਵਿਗਾੜਨੀ ਨਹੀਂ ਚਾਹੀਦੀ, ਪਿਆਰ ਦਾ ਹੱਥ ਵਧਾਉਣਾ ਚਾਹੀਦਾ ਹੈ। ਗੁਰੂ ਜੀ ਨੇ ਚਿੱਠੀ ਨੂੰ ਪੜ੍ਹਿਆ ਤੇ ਫਿਰ ਇਸ ਦਾ ਉੱਤਰ ਲਿਖਣਾ ਸ਼ੁਰੂ ਕੀਤਾ, "ਤੁਹਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਸਾਰੀ ਧਰਤੀ ਸਾਡੇ ਪਿਤਾ ਜੀ ਨੇ ਇਸ ਸਮੇਂ ਦੇ ਰਾਜਾ ਕਹਿਲੂਰ ਕੋਲੋਂ ਮੁੱਲ ਖਰੀਦੀ ਸੀ। ਨੀਯਤ ਤੇਰੀ ਸਾਡੀ

ਰਕਮ ਤਾਰ ਦਿੱਤੀ ਸੀ। ਸੋ ਅਸੀਂ ਆਪਣੀ ਧਰਤੀ 'ਤੇ ਵੱਸਦੇ ਹਾਂ। ਕਿਸੇ ਦੇ ਇਲਾਕੇ ਵਿਚ ਨਹੀਂ। ਅਸੀਂ ਤੁਹਾਡੀ ਪਰਜਾ ਨਹੀਂ, ਨਾ ਹੀ ਤੁਹਾਨੂੰ ਖਰਾਜ ਮੰਗਣ ਦਾ ਹੱਕ ਹੈ। ਨਾ ਅਸੀਂ ਦੇਣ ਵਾਸਤੇ ਤਿਆਰ ਹਾਂ। ਨਾ ਹੀ ਅਸੀਂ ਆਪਣਾ ਇਲਾਕਾ ਛੱਡ ਕੇ ਕਿਤੇ ਜਾਣਾ ਹੈ। ਬਾਕੀ ਰਹੀ ਗੱਲ ਤੁਹਾਡੀ ਧਮਕੀ ਦੀ ਅਸੀਂ ਨਾ ਕਿਸੇ ਨੂੰ ਡਰਾਉਂਦੇ ਹਾਂ, ਤੇ ਨਾ ਕਿਸੇ ਤੋਂ ਡਰਦੇ ਹਾਂ। ਸਾਡਾ ਨਿਸ਼ਾਨਾ ਅਮਨ ਨਾਲ ਵੱਸਣ ਦਾ ਹੈ। ਅਸੀਂ ਨਾ ਅਜੇ ਤੱਕ ਕਿਸੇ ਤੇ ਪਹਿਲਾਂ ਹਮਲਾ ਕੀਤਾ ਹੈ ਨਾ ਅਗਾਂਹ ਕਰਾਂਗੇ, ਪਰ ਕੋਈ ਸਾਡੇ 'ਤੇ ਹਮਲਾ ਕਰੇ ਤਾਂ ਅਸੀਂ ਸਵੈ-ਰੱਖਿਆ ਵਾਸਤੇ ਪੂਰੀ ਸ਼ਕਤੀ ਨਾਲ ਉਸ ਦਾ ਟਾਕਰਾ ਕਰਾਂਗੇ। ਤੁਸੀਂ ਅਮਨ ਨਾਲ ਵੱਸੋ ਤੇ ਸਾਨੂੰ ਅਮਨ ਨਾਲ ਵੱਸਣ ਦਿਓ।" ਇਸ ਤਰ੍ਹਾਂ ਹਜ਼ੂਰ ਪਾਤਸ਼ਾਹ ਨੇ ਚਿੱਠੀ ਦਾ ਉੱਤਰ ਪਹਾੜੀ ਰਾਜਿਆਂ ਵੱਲ ਘੱਲ ਦਿੱਤਾ। ਗੁਰੂ ਜੀ ਨੇ ਕਿਹਾ ਕਿ ਬੱਗੇ ਸ਼ੇਰਾਂ ਦੇ ਪੁੱਤਰ ਗਿੱਦੜਾਂ ਦੇ ਅਧੀਨ ਹੋ ਕੇ ਨਹੀਂ ਜਿਊਂਦੇ, ਮਰਦ ਸਦਾ ਅਜ਼ਾਦੀ ਨਾਲ ਜਿਊਂਦੇ ਨੇ।

ਪਉੜੀ ਛੰਦ

1. ਚਿੱਠੀ ਪੜ੍ਹ ਦਸਮੇਸ਼ ਨੇ ਇਉਂ ਲਿਖਿਆ ਉੱਤਰ।
ਰਹਿਣ ਹਮੇਸ਼ਾ ਬੁੱਕਦੇ ਸ਼ੇਰਾਂ ਦੇ ਪੁੱਤਰ।
ਲੜਦੇ ਤੇਗਾਂ ਸਾਹਮਣੇ ਸੇ ਡਾਹ ਕੇ ਸੀਨਾ।
ਸ਼ੇਰ ਮਰਦ ਨਹੀਂ ਮੰਨਦੇ ਗਿੱਦੜਾਂ ਦੀਆਂ ਈਨਾਂ।

2. ਜਿਨ੍ਹਾਂ ਮਰਨ ਕਬੂਲਿਆ ਮਰਨੋਂ ਨਹੀਂ ਡਰਦੇ।
ਹੱਸ ਹੱਸ ਸਾਡੀ ਸੋਚ ਨੂੰ ਸਿਰ ਭੇਟ ਕਰਦੇ।
ਉਹਨਾਂ ਸਾਡੀ ਤੇਗ ਬਾਝ ਵੀ ਨਹੀਂ ਹੋਰ ਜ਼ਮੀਨਾ।
ਸ਼ੇਰ ਮਰਦ ਨਹੀਂ ਮੰਨਦੇ ਗਿੱਦੜਾਂ ਦੀਆਂ ਈਨਾਂ।

ਜੋ ਕੇ ਮੁੱਲ ਜ਼ਮੀਨ ਹੈ ਅਨੰਦਪੁਰ ਵਸਾਇਆ।
ਸਾਡਾ ਜਿਹੜਾ ਮੁਲਕ ਹੈ ਦੇਸ਼ ਅਸੀਂ ਵਸਾਇਆ।
ਸਾਨੂੰ ਕਾਹਦੇ ਦਬਾਵਣਾ ਜਿਸ ਦਿਆ ਕਮੀਨਾ।
ਸ਼ੇਰ ਮਰਦ ਨਹੀਂ ਮੰਨਦੇ ਗਿੱਦੜਾਂ ਦੀਆਂ ਈਨਾਂ।

4. ਬੈਠੇ ਦਿੱਲੀ ਸਾਹਮਣੇ ਤੁਸੀਂ ਸੀਸ ਝੁਕਾਈ।
ਡੋਲੇ ਦੇ ਦੇ ਧੀਆਂ ਦੇ ਸਾਰੀ ਵਡਿਆਈ।
ਤੇਰਾ ਜੀਣ ਬਣ ਗਿਆ ਹੈ ਅਣਖ ਵਿਹੀਨਾ।
ਸ਼ੇਰ ਮਰਦ ਨਹੀਂ ਮੰਨਦੇ ਗਿੱਦੜਾਂ ਦੀਆਂ ਈਨਾਂ।

5. ਸਿਰ 'ਤੇ ਲਾਵੇ ਕਲਗੀਆਂ ਜਿਵੇਂ ਪੰਛ ਸੂਹਾ ਕੇ।
ਲਾਹਨਤ ਤੁਹਾਡੀ ਅਣਖ ਨੂੰ ਜੀਊ ਪੱਤ ਗਵਾ ਕੇ।
ਚੰਗਾ ਥੋੜੇ ਦਿਨ ਹੈ ਗੈਰਤ ਦਾ ਜੀਣਾ।
ਸ਼ੇਰ ਮਰਦ ਨਹੀਂ ਮੰਨਦੇ ਜ਼ਿੰਦਗੀਆਂ ਦੀਆਂ ਈਨਾ।
6. ਦੇਣਾ ਅਸੀਂ ਖਰਾਜ ਨਹੀਂ ਲੱਖ ਜਤਨ ਲਗਾ ਲਓ।
ਜਿੱਥੇ ਮਰਜ਼ੀ ਆਪਣੀ ਤਾਕਤ ਅਜ਼ਮਾ ਲਓ।
ਲਈਆਂ ਸਾਡੇ ਬਾਪ ਨੇ ਸਭ ਮੁੱਲ ਜ਼ਮੀਨਾਂ।
ਸ਼ੇਰ ਮਰਦ ਨਹੀਂ ਮੰਨਦੇ ਜ਼ਿੰਦਗੀਆਂ ਦੀਆਂ ਈਨਾ।
7. ਸਿੰਘੀਆਂ ਕੂਚ ਦਮਾਮੇ ਨੇ ਕੂਚ ਘੜੀਆਂ ਘੜੀਆਂ।
ਪਹੁੰਚਿਆਂ ਜਦੋਂ ਪਹਾੜੀਆਂ ਕਈਆਂ ਨਾਲ ਲੜੀਆਂ।
ਜਸਵੰਤ ਸਿੰਘਾ ਸਭ ਚਲ ਗਿਆ ਦੁਸ਼ਮਣ ਦਾ ਸੀਨਾ।
ਸ਼ੇਰ ਮਰਦ ਨਹੀਂ ਮੰਨਦੇ ਜ਼ਿੰਦਗੀਆਂ ਦੀਆਂ ਈਨਾ।

ਇਸ ਸਿੱਧੇ ਤੇ ਸਚੀ ਉੱਤਰ ਨੂੰ ਰਾਜਿਆਂ ਨੇ ਆਪਣੀ ਹੇਠੀ ਸਮਝਿਆ। ਉਹਨਾਂ ਕੁਝ ਹੋਰ ਮਦਦਗਾਰੀ ਵੀ ਸੱਦ ਲਏ। ਜਬਰਦਸਤ ਖਾਨ ਦੀ ਕਮਾਨ ਹੇਠ ਬਹੁਤ ਸਾਰੇ ਰੰਘੜ ਤੇ ਗੁੱਜਰ ਵੀ ਰਾਜਿਆਂ ਨਾਲ ਆਣ ਮਿਲੇ। ਬਹੁਤ ਸਾਰੀ ਪਹਾੜੀ ਫੌਜ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਉੱਤੇ ਹਮਲਾ ਕਰ ਦਿੱਤਾ। ਅੱਗੋਂ ਗੁਰੂ ਜੀ ਦੇ ਸੂਰਬੀਰਾਂ ਨੇ ਡੱਟ ਕੇ ਮੁਕਾਬਲਾ ਕੀਤਾ। ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਉਦੈ ਸਿੰਘ, ਮੋਹਰ ਦੂਣੀ ਚੰਦ ਇਸ ਲੜਾਈ ਵਿਚ ਦੁਸ਼ਮਣ ਦਲ ਦਾ ਮੁਕਾਬਲਾ ਕੀਤਾ। ਸੈਨਾਪਤੀ ਕਿਸੇ ਦੀ ਭਾਈ ਸਿੰਘ ਜਸਵੰਤ ਸ਼ੇਰ ਸਿੰਘ ਤੇ ਨਾਹਰ ਸਿੰਘ ਕਰ ਰਹੇ ਸਨ। ਦੋਵਾਂ ਦੇ ਮਾਰਤਿਕ ਪੰਜ-ਪੰਜ ਸੌ ਜਵਾਨ ਸਨ। ਭਾਈ ਸਾਹਿਬ ਦੀ ਨਿਗ੍ਹਾ ਜਬਰਦਸਤ 'ਤੇ ਪਈ। ਉਸ ਨੇ ਖਿੱਚ ਕੇ ਨਿਸ਼ਾਨਾ ਲਾਇਆ, ਗੋਲੀ ਜਬਰਦਸਤ ਦੀ ਹਿੱਕ ਵਿਚ ਵੱਜੀ। ਉਹ ਘੋੜੀ 'ਤੇ ਡਿੱਗ ਕੇ ਸਦਾ ਦੀ ਨੀਂਦੇ ਸੌ ਗਿਆ। ਪਹਿਲੇ ਦਿਨ ਦੀ ਲੜਾਈ ਵਿਚ ਰਾਜਿਆਂ ਦਾ ਬਹੁਤ ਭਾਰੀ ਨੁਕਸਾਨ ਹੋਇਆ। ਗੁਰੂ ਜੀ ਨੇ ਬਹਾਦਰੀ ਦਿਖਾਉਣ ਵਾਲੇ ਸਿੰਘਾਂ ਨੂੰ ਇਨਾਮ ਬਖਸ਼ੇ।

ਦੂਜੇ ਪਾਸੇ ਸਾਰੇ ਰਾਜੇ ਰਾਤ ਇਕੱਠੇ ਹੋਏ। ਅਜਮੇਰ ਚੰਦ ਨੇ ਕਿਹਾ, ਵੱਡੇ ਭਰਾਵੋ, ਅੱਜ ਅਸਾਂ ਬਹੁਤ ਨੁਕਸਾਨ ਉਠਾਇਆ ਹੈ। ਜੇ ਕਲ ਵੀ ਏਹੀ ਹਾਲ ਰਿਹਾ ਤਾਂ ਸਾਡੇ ਪੱਲੇ ਕੁੱਝ ਨਹੀਂ ਰਹੇਗਾ। ਮੌਤੀ ਦੇ ਰਾਜੇ ਨੇ ਵੀ ਅਜਮੇਰ ਚੰਦ ਦੀ ਹਾਂ ਨਾਲ ਹਾਂ ਮਿਲਾਈ। ਉਹਨਾਂ ਕਿਹਾ ਕਿ ਸਾਨੂੰ ਗੁਰੂ ਨਾਲ ਸੁਲਾਹ ਕਰ ਲੈਣੀ ਚਾਹੀਦੀ ਹੈ। ਰਾਜਾ ਭੂਪ ਚੰਦ ਹੰਡੂਰੀਆ ਤੇ ਕੇਸਰੀ ਚੰਦ ਜਸਵਾਲੀਆ ਨਾ ਮੰਨੇ। ਕੇਸਰੀ ਨੇ ਰੋਹ ਵਿਚ ਆ ਕੇ ਕਿਹਾ, ਮੈਂ ਤਾਂ ਚਾਹੁੰਦਾ ਸੀ ਕਿ ਕੱਲ ਸਾਰਿਆਂ ਦੇ ਸਿਰ ਆਵੇ, ਪਰ ਜੇ ਤੁਸੀਂ ਹਾਰ ਗਏ ਹੋ ਤਾਂ ਮੈਂ ਖੁਸ਼ੀ ਮਨਾਉਂਦਾ ਹਾਂ

ਕਿਲ੍ਹੇ ਤੇ ਛੱਡ ਕੇ ਲੜਾਈ ਮੁਕਾ ਦੇਂਦਾ ਹਾਂ। ਕੇਸਰੀ ਚੰਦ ਦੇ ਹੁਕਮ ਅਨੁਸਾਰ ਇਕ ਹਾਥੀ ਨੂੰ ਨਸ਼ੇ ਵਿਚ ਮਸਤ ਕੀਤਾ ਗਿਆ। ਉਸ ਦੇ ਮੱਥੇ ਉਤੇ ਤੇਜ਼ ਤੇ ਤਿੱਖੇ ਹਥਿਆਰ ਬੰਨ੍ਹੇ ਗਏ।

ਇਧਰ ਗੁਰੂ ਜੀ ਨੂੰ ਇਹ ਖਬਰ ਮਿਲ ਗਈ ਕਿ ਕਲ੍ਹਕੇ ਲੋਹਗੜ੍ਹ ਦਾ ਦਰਵਾਜ਼ਾ ਤੋੜਨ ਵਾਸਤੇ ਰਾਜੇ ਤਿਆਰੀ ਕਰ ਰਹੇ ਹਨ। ਇਕ ਸਿੱਖ ਨੇ ਸਾਰੀ ਰਿਪੋਰਟ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਵਿਚ ਆ ਕੇ ਇਉਂ ਸੁਣਾਈ :

ਦੋਤਾਰਾ ਛੰਦ

1. ਸਿੰਘ ਸਹਿਜ ਧਾਰੀਏ ਨੇ ਦੱਸਿਆ ਦਸਮ ਪਿਤਾ ਦੇ ਤਾਈਂ।
ਰਲ ਬਾਈਧਾਰੀਆਂ ਨੇ ਘੜੀਆਂ ਨਵੀਆਂ ਬਹੁਤ ਸਲਾਹੀਂ।
ਪੁੱਠ ਚਾਲਾਂ ਸੋਚ ਦੀਆਂ ਚੜ੍ਹਿਆ ਚੰਦ ਕੇਸਰੀ ਰਾਜਾ।
ਚੱਲ ਹਾਥੀ ਆਵੇਗਾ ਤੋੜਨ ਲੋਹਗੜ੍ਹ ਦਾ ਦਰਵਾਜ਼ਾ।

2. ਇੱਕੀ ਦਲ ਬੰਨ੍ਹਾ ਹੈ ਫੌਜ ਨੂੰ ਅਨੰਦਪੁਰ ਤੇ ਚੜ੍ਹਨਾ।
ਉਹ ਕਹਿੰਦੇ ਲੋਹਗੜ੍ਹ ਨੂੰ ਹਾਥੀ ਫੇਰ ਕਿਲ੍ਹੇ ਚੋਂ ਕਢਣਾ।
ਭਾਰੀ ਗਿਣਤੀ ਵੈਰੀ ਦੀ ਫੌਜ ਦਾ ਲੱਗਦਾ ਨਹੀਂ ਅੰਦਾਜ਼ਾ।
ਚੱਲ ਹਾਥੀ ਆਵੇਗਾ ਤੋੜਨ ਲੋਹਗੜ੍ਹ ਦਾ ਦਰਵਾਜ਼ਾ।

3. ਉਨ੍ਹਾਂ ਖੂਨੀ ਹਾਥੀ ਨੂੰ ਪਿਲਾਈਆਂ ਰੱਜਵੀਆਂ ਬਹੁਤ ਸ਼ਰਾਬਾਂ।
ਇਕ ਲੋਹ ਪਟੂਏ ਪਾ ਮੱਥੇ ਨੂੰ ਬਹੁਤ ਚਾੜ੍ਹੀਆਂ ਸਾਣਾਂ।
ਫ਼ਤਹਿ ਕਰਨਾ ਅਨੰਦਪੁਰ ਨੂੰ ਉਨ੍ਹਾਂ ਨੇ ਪੱਕਾ ਕਰ ਲਿਆ ਇਰਾਦਾ।
ਚੱਲ ਹਾਥੀ ਆਵੇਗਾ ਤੋੜਨ ਲੋਹਗੜ੍ਹ ਦਾ ਦਰਵਾਜ਼ਾ।

4. ਹੈ ਵੱਡੀ ਦੇ ਦੇ ਕੇ ਮਿਹਨਤ ਉਸ ਦੇਸ਼ ਦੇ ਸ਼ਿਕਾਰੀ।
ਕਰੇ ਉਸ ਰਾਜਿਆਂ ਨੂੰ ਦੂਣਾ ਤਾਕਤ ਸਾਬਤ ਖਾਵੇ।
ਆਖੇ ਖਾਨ ਵਜ਼ੀਰੇ ਜਿੰਨੇ ਕੀਤਾ ਹੌਸਲਾ ਮਾਲਵਾ ਸਾਰਾ।
ਚੱਲ ਹਾਥੀ ਆਵੇਗਾ ਤੋੜਨ ਲੋਹਗੜ੍ਹ ਦਾ ਦਰਵਾਜ਼ਾ।

5. ਸੰਗ ਤਲਵਾਰਾਂ ਬੰਨ੍ਹੀਆਂ ਹੈ ਖੂਨੀ ਹਾਥੀ ਦੇ ਵਿਚ ਮੱਥੇ।
ਸਭ ਰਾਜੇ ਆ ਗਏ ਨੇ ਆਪੋ ਆਪਣੇ ਜੱਥੇ।
ਜਗਤੇਸ਼ ਕਸ਼ਮੀਰ ਕਰੇ ਦੁਰਮਤ ਨਾਲ ਨਾ ਇਉਂ ਨਜ਼ਾਰਾ।
ਚੱਲ ਹਾਥੀ ਆਵੇਗਾ ਤੋੜਨ ਲੋਹਗੜ੍ਹ ਦਾ ਦਰਵਾਜ਼ਾ।

ਸਗੋਂ ਇਹ ਸਾਰੀ ਕਹਾਣੀ ਜੋ ਬਾਈਧਾਰ ਦੇ ਪਹਾੜੀ ਰਾਜਿਆਂ ਨੇ ਵਿਉਂਤ ਘੜਾ ਕੇ

ਘੜੀ ਸੀ। ਉਹ ਸਾਰਾ ਨਕਸ਼ਾ ਗੁਰੂ ਜੀ ਨੂੰ ਦੱਸਿਆ ਗਿਆ। ਮਹਾਰਾਜ ਨੇ ਥੋੜ੍ਹਾ ਜਿਹਾ ਮੁਸਕਰਾਉਂਦਿਆਂ ਕਿਹਾ ਕਿ "ਖ਼ਾਲਸਾ ਜੀ, ਘਬਰਾਉਣ ਦੀ ਲੋੜ ਨਹੀਂ, ਜੇ ਰਾਜਿਆਂ ਦਾ ਮਸਤ ਹਾਥੀ ਆਵੇਗਾ, ਤਾਂ ਇਧਰ ਵੇਖਾਂ ਗੁਰੂ ਕਾ ਹਾਥੀ ਭਾਈ ਦੁਨੀ ਚੰਦ, ਇਹ ਉਸ ਦਾ ਮੁਕਾਬਲਾ ਕਰੇਗਾ।" ਇਹ ਸੁਣ ਕੇ ਸਾਰੇ ਸਿੱਖ ਸ਼ਰਧਾਲੂ ਵਾਹ ਵਾਹ ਪੁਕਾਰ ਉਠੇ। ਗੁਰਦੇਵ ਪਾਤਸ਼ਾਹ ਕਿਸੇ ਨੂੰ ਉਚੇਰੀ ਸੇਵਾ ਬਖ਼ਸ਼ਣ, ਤਾਂ ਸਿੱਖ ਉਸ ਨੂੰ ਗੁਰੂ ਜੀ ਦੀ ਅਪਾਰ ਕ੍ਰਿਪਾ ਸਮਝਦੇ ਸਨ। ਕਈ ਸਿੱਖਾਂ ਨੇ ਭਾਈ ਦੁਨੀ ਚੰਦ ਨੂੰ ਵਧਾਈਆਂ ਦਿੱਤੀਆਂ, ਪਰ ਦੁਨੀ ਚੰਦ ਸੁਣ ਕੇ ਘਬਰਾ ਗਿਆ। ਉਸ ਨੇ ਸੋਚਿਆ ਕਿ ਭਲਾ ਹਾਥੀ ਤੇ ਆਦਮੀ ਦਾ ਕੀ ਮੁਕਾਬਲਾ। ਅਸਲ ਵਿਚ ਇਹ ਹੁਕਮ ਗੁਰੂ ਜੀ ਨੇ ਮੈਨੂੰ ਸਜ਼ਾ ਦੇਣ ਵਾਸਤੇ ਦਿੱਤਾ ਹੈ। ਪਿੱਛੇ ਹਜ਼ੂਰ ਨੇ ਕਈ ਮਸੰਦਾਂ ਨੂੰ ਸਜ਼ਾਵਾਂ ਦਿੱਤੀਆਂ ਸਨ। ਮੈਂ ਉਦੋਂ ਕਰਮਾਂ ਨਾਲ ਬਚ ਗਿਆ, ਪਰ ਹੁਣ ਹਾਥੀ ਨਾਲ ਲੜਾ ਕੇ ਮੈਨੂੰ ਮਰਵਾ ਦੇਣਗੇ। ਉਸ ਨੇ ਸੋਚਿਆ ਕਿ ਮੈਂ ਸਾਰੇ ਸਿੱਖਾਂ ਨੂੰ ਗੁਰੂ ਜੀ ਦੇ ਵਿਰੁੱਧ ਕਰ ਦੇਂਦਾ ਹਾਂ। ਜਦੋਂ ਚਾਰ ਕੁ ਘੜੀਆਂ ਰਾਤ ਬੀਤ ਗਈ, ਸਾਰੇ ਥਾਈਂ ਭਾਈ ਆਪਣੇ ਆਸਣਾਂ 'ਤੇ ਬਿਰਾਜੇ ਸਨ। ਗੁਰੂ ਜੀ ਵੀ ਆਪਣੇ ਆਸਣ 'ਤੇ ਜਾ ਕੇ ਬਿਰਾਜ ਗਏ। ਇਹ ਉਡੀਕਿਆ ਤੇ ਭਾਈ ਦਇਆ ਸਿੰਘ, ਭਾਈ ਉਦੇ ਸਿੰਘ ਆਦਿ ਹੋਰ ਕਈ ਸਿੰਘਾਂ ਕੋਲ ਇਕ ਇਕ ਨੇ ਜਾ ਕੇ ਦਿਲ ਦੇ ਖਿਆਲ ਦੱਸੇ, ਪਰ ਮੰਨੀ ਕਿਸੇ ਨੇ ਵੀ ਨਾ। ਜਦੋਂ ਇਸ ਦਾ ਕੋਈ ਜਤਨ ਕਿਸੇ ਨਾ ਗੌਲਿਆ ਤਾਂ ਇਹ ਡੋਲ ਗਿਆ। ਜਦੋਂ ਇਕ ਵਾਰ ਮਨ ਡੋਲ ਜਾਵੇ, ਆਦਮੀ ਕਦੋਂ ਖਲੋਂਦਾ ਹੈ। ਦੁਨੀ ਚੰਦ (ਮਜੀਠੇ ਦੇ ਰਹਿਣ ਵਾਲੇ) ਭਾਈ ਸਾਲ੍ਹੋ ਦਾ ਪੋਤਰਾ ਸੀ। ਭਾਈ ਸਾਲ੍ਹੋ ਬੜਾ ਭਗਤੀਵਾਨ ਸਿੱਖ ਸੀ। ਉਸ ਦੇ ਰਾਹੀਂ ਹੀ ਦੁਨੀ ਚੰਦ ਦਾ ਮੇਲ ਗੁਰੂ ਜੀ ਨਾਲ ਹੋਇਆ ਸੀ। ਜਦੋਂ ਗੁਰੂ ਜੀ ਨੇ ਮਸੰਦਾਂ ਨੂੰ ਸਜ਼ਾਵਾਂ ਦਿੱਤੀਆਂ ਤਾਂ ਦੁਨੀ ਚੰਦ ਨਿਰਦੋਸ਼ ਸਮਝ ਕੇ ਮੁਆਫ਼ ਕੀਤਾ ਗਿਆ। ਇਸ ਕਰਕੇ ਉਸ ਦਾ ਰਸੂਖ ਸਿੱਖਾਂ ਵਿਚ ਵਧੇਰੇ ਸੀ। ਹੋਰ ਆਦਰ ਦਾ ਸਦਕਾ ਹੀ ਕੁਝ ਸਿੱਖ ਗੁਰੂ ਜੀ ਨੂੰ ਛੱਡ ਕੇ ਦੁਨੀ ਚੰਦ ਨਾਲ ਜਾਣ ਵਾਸਤੇ ਤਿਆਰ ਹੋ ਗਏ।

ਅੱਧੀ ਕੁ ਰਾਤ ਦੇ ਵੇਲੇ ਦੁਨੀ ਚੰਦ ਆਪਣੇ ਕੁਝ ਸਾਥੀਆਂ ਸਣੇ ਕਿਲ੍ਹੇ ਦੇ ਪਿਛਲੇ ਪਾਸਿਓਂ ਰੱਸਿਆਂ ਰਾਹੀਂ ਕੰਧ ਤੋਂ ਉਤਰਨ ਲੱਗਿਆ। ਦੁਨੀ ਚੰਦ ਦਾ ਸਰੀਰ ਕਾਫ਼ੀ ਭਾਰਾ ਸੀ। ਜਦੋਂ ਰੱਸਾ ਫੜ ਕੇ ਕਿਲ੍ਹੇ ਦੀ ਕੰਧ ਉਤਰਨ ਲੱਗਾ, ਰੱਸਾ ਟੁੱਟ ਗਿਆ। ਜਦੋਂ ਜ਼ਮੀਨ 'ਤੇ ਡਿੱਗਾ ਤੇ ਉਹਦੀ ਲੱਤ ਟੁੱਟ ਗਈ। ਉਸ ਦੇ ਸਾਥੀ ਉਸ ਨੂੰ ਮੰਜੇ 'ਤੇ ਪਾ ਕੇ ਰਾਤੋ ਰਾਤ ਮਜੀਠੇ ਆਣ ਪਹੁੰਚੇ। ਏਧਰ ਇਕ ਸਿੰਘ ਨੇ ਦੁਨੀ ਚੰਦ ਦੇ ਨੱਠ ਜਾਣ ਦੀ ਸਾਰੀ ਵਾਰਤਾ ਗੁਰੂ ਜੀ ਨੂੰ ਦਿੱਤੀ ਸੁਣਾਈ।

ਕਸੂਰੀ ਛੰਦ

1. ਤੁਹਾਡਾ ਚੂਨੀ ਚੰਦ ਚਾੜ੍ਹ ਗਿਆ ਹੈ ਚੰਦ ਰਾਤ ਦਾ।
ਉਹ ਤਾਂ ਪਹੁੰਚਿਆ ਮਜੀਠੇ ਹੋਣਾ ਸਾਨੂੰ ਜਾਪਦਾ।
ਉਹਨੇ ਕੀਤੀ ਕੈਸੀ ਬਹਾਦਰੀ ਨਹੀਂ ਘੱਟ ਕਸੂ ਜੀ।
ਹਾਥੀ ਰਾਤ ਦਾ ਤੁਹਾਡਾ ਗਿਆ ਲੈਸ ਕਸੂ ਜੀ।

2. ਜਿਹੜਾ ਪਾਲਿਆ ਸੀ ਦੇ ਕੇ ਚੂੰਡੀਆਂ ਖੁਰਾਕਾਂ ਜੀ।
ਚਿੱਟੇ ਰੰਗ ਦੀਆਂ ਪਾਉਂਦਾ ਟੇਹਲ ਨਾ ਖਰਾਕਾਂ ਜੀ।
ਚਿੱਤ ਭੁਲਿਆ ਸੀ ਉਹਦਾ ਦਾਰ ਮੋਟ ਕਸੂ ਜੀ।
ਹਾਥੀ ਰਾਤ ਦਾ ਤੁਹਾਡਾ ਗਿਆ ਲੈਸ ਕਸੂ ਜੀ।

3. ਜਿਹੜਾ ਲੰਗਰ ਦੇ ਵਿਚ ਮਿਲਾ ਨਿੱਤ ਭਾਂਦਾ ਜੀ।
ਜਿਨ੍ਹਾਂ ਅੰਦਰੇ ਆ ਕੇ ਰੋਟਾ ਨਾ ਭੁੱਖਾ ਜਾਂਦਾ ਜੀ।
ਜੇਹੜਾ ਪੌਣ ਸੇਰ ਰੋਟੇ ਜਾਂਦਾ ਖੰਡ ਕਸੂ ਜੀ।
ਹਾਥੀ ਰਾਤ ਦਾ ਤੁਹਾਡਾ ਗਿਆ ਲੈਸ ਕਸੂ ਜੀ।

4. ਪੀ ਦੁੱਧ ਰੋਟਾ ਹੋਇਆ ਵਿੱਤੋਂ ਵੱਧ ਮਿਟਾ ਜੀ।
ਜਿਵੇਂ ਸਹੀਦ ਦੇ ਮਜੀਠੇ ਚਿੱਟ ਜਾਂਦਾ ਵੈਣਾ ਜੀ।
ਚੱਕੀ ਚੱਕੀ ਦੇ ਬਣੇ ਸੀ ਜੋੜਾਂ ਘੱਟ ਕਸੂ ਜੀ।
ਹਾਥੀ ਰਾਤ ਦਾ ਤੁਹਾਡਾ ਗਿਆ ਲੈਸ ਕਸੂ ਜੀ।

5. ਜੀਹਨੂੰ ਦੇ ਕੇ ਖੁਰਾਕਾਂ ਤੁਸਾਂ ਮਿਟਾ ਕੀਤਿਆ।
ਜਿਵੇਂ ਸੂਰ ਵਾਲਾ ਦੂੰਗਾ ਹੈ ਭਰੋਸ ਕੀਤਿਆ।
ਜਿਹੜਾ ਰੋਂਦਾ ਜਿੱਥੇ ਚ ਸਦਾ ਅੱਗ ਕਸੂ ਜੀ।
ਹਾਥੀ ਰਾਤ ਦਾ ਤੁਹਾਡਾ ਗਿਆ ਲੈਸ ਕਸੂ ਜੀ।

6. ਸਾਰੇ ਸੂਰ ਸਹਿ ਬਹਾਦਰੀ ਹੈ ਉਸ ਕੀਤੀ ਐ।
ਜਿਹੜੀ ਰਾਤ ਵੀ ਤੁਹਾਡੇ ਹਾਥੀ ਨਾਲ ਬੀਤੀ ਐ।
ਗੀਤ ਕੰਨ੍ਹ ਸਦੇ ਉਹਨੇ ਨਾਲ ਸੌਂ ਕਸੂ ਜੀ।
ਹਾਥੀ ਰਾਤ ਦਾ ਤੁਹਾਡਾ ਗਿਆ ਲੈਸ ਕਸੂ ਜੀ।

7. ਉਹਦੇ ਸਾਥੀ ਉਹਨੂੰ ਕੰਧ ਉਤੋਂ ਰਹੇ ਤਾਰ ਜੀ।
ਸਾਢੇ ਸੱਤ ਮਣ ਕੀ ਝੱਲਿਆ ਨਾ ਭਾਰ ਜੀ।
ਉਹਨੇ ਡਿੱਗ ਕੇ ਤੁੜਾ ਲਈ ਸੱਜੀ ਲੱਤ ਗੁਰੂ ਜੀ।
ਹਾਥੀ ਰਾਤ ਦਾ ਤੁਹਾਡਾ ਗਿਆ ਨੱਸ ਗੁਰੂ ਜੀ।

8. ਤੁਹਾਡੇ ਹਾਥੀ ਨੇ ਤਾਂ ਰਾਤੀ ਕਰਤੀ ਕਮਾਲ ਜੀ।
ਦੱਸ ਅੱਗੇ ਦਾ ਵੀ ਧੇਲੂ ਜਰਨੈਲ ਹਾਲ ਜੀ।
ਤੁਹਾਡੇ ਹਾਥੀ ਦੀ ਹੋਈ ਹੈ ਕਿਵੇਂ ਗੱਤ ਗੁਰੂ ਜੀ।
ਹਾਥੀ ਰਾਤ ਦਾ ਤੁਹਾਡਾ ਗਿਆ ਨੱਸ ਗੁਰੂ ਜੀ।

ਦੁਨੀ ਚੰਦ ਮੌਤ ਤੋਂ ਡਰਦਾ ਨੱਸ ਆਇਆ ਸੀ, ਪਰ ਮੌਤ ਨੇ ਉਸ ਦਾ ਪਿੱਛਾ ਨਾ ਛੱਡਿਆ। ਇਕ ਰਾਤ ਉਹ ਮੰਜੇ ਤੋਂ ਹੇਠਾਂ ਉਤਰਨ ਲੱਗਾ ਤਾਂ ਪੈਰ ਤੇ ਸੱਪ ਲੜ ਗਿਆ ਤੇ ਮਰ ਗਿਆ। ਅਗਲੇ ਦਿਨ ਉਸ ਦਾ ਸਸਕਾਰ ਕਰ ਦਿੱਤਾ ਗਿਆ। ਕੁਝ ਸਮੇਂ ਬਾਅਦ ਉਸ ਦੇ ਪੋਤਰੇ ਅਨੂਪ ਸਿੰਘ ਤੇ ਸਰੂਪ ਸਿੰਘ ਮਾਝੇ ਦੇ ਤੁਰਦੇ ਸਿੰਘਾਂ ਨੂੰ ਨਾਲ ਲੈ ਕੇ ਗੁਰੂ ਜੀ ਦੇ ਚਰਨਾਂ 'ਤੇ ਆਣ ਡਿੱਗੇ। ਉਹਨਾਂ ਨੇ ਗਲ ਵਿਚ ਪੱਲਾ ਪਾ ਕੇ ਬੇਨਤੀ ਕੀਤੀ ਕਿ "ਮਹਾਰਾਜ, ਸਾਡੇ ਦਾਦੇ ਨੇ ਭੁੱਲ ਕੀਤੀ ਹੈ। ਉਸ ਦੀ ਸਜ਼ਾ ਅਸੀਂ ਭੁਗਤ ਰਹੇ ਹਾਂ। ਬੇਮੁਖ ਦੀ ਔਲਾਦ ਸਮਝ ਕੇ ਸਾਨੂੰ ਸੰਗਤਾਂ ਨੇ ਛੇਕ ਦਿੱਤਾ ਹੈ। ਆਪ ਬਖਸ਼ਣਹਾਰ ਹੋ। ਤੁਸੀਂ ਸਾਡੇ ਤੇ ਨਾਮ ਸਦਕਾ ਸਾਨੂੰ ਬਖਸ਼ ਦਿਓ।"

ਗੁਰੂ ਜੀ ਸਦਾ ਹੀ ਨਿਮਾਣਿਆਂ ਦੇ ਹਾਮੀ ਸਨ ਵਿਰੋਧੀਆਂ ਦੇ ਨਹੀਂ। ਗੁਰੂ ਜੀ ਨੇ ਸਾਰੀ ਭੁੱਲ ਮੁਆਫ ਕਰਕੇ, ਦੁਨੀ ਚੰਦ ਦੇ ਪੋਤਰਿਆਂ ਨੂੰ ਚਰਨੀਂ ਲਾ ਲਿਆ। ਸਤਿਗੁਰੂ ਪਾਤਸ਼ਾਹ ਨੇ ਕਿਹਾ, "ਕੋਈ ਗੱਲ ਨਹੀਂ ਜੇ ਦੁਨੀ ਚੰਦ ਨੱਸ ਗਿਆ ਹੈ ਤਾਂ ਸਾਡੇ ਕੋਲ ਹਾਥੀ ਦੇ ਮੁਕਾਬਲੇ ਵਾਸਤੇ ਸ਼ੇਰ ਬਚਿੱਤਰ ਸਿੰਘ ਹੈ। ਉਹ ਖੂਨੀ ਹਾਥੀ ਦਾ ਮੁਕਾਬਲਾ ਕਰੇਗਾ" ਜੋ ਕਵਿੰਦ ਰਾਜ ਹਜ਼ੂਰ ਪਾਤਸ਼ਾਹ ਆਪਣੇ ਸਿੰਘਾਂ ਨਾਲ ਗੱਲ ਕਰ ਰਹੇ ਨੇ ਉਹ ਇੰਝ ਬਿਆਨ ਹੈ

ਡਬਲ ਕੋਰੜਾ ਛੰਦ

1. ਸਿੰਘ ਹੋਰਿਆਂ ਕੀ ਜੇ ਦੁਨੀ ਚੰਦ ਗਿਆ ਭੱਜ ਜੀ।
ਸਾਡੇ ਕੋਲ ਤਾਂ ਬਚਿੱਤਰ ਸਿੰਘ ਜਿਹਾ ਗੱਜ ਜੀ।
ਮਾਰੂ ਰਣ ਵਿਚ ਵੈਰੀ ਚੀਰ ਚੀਰ ਸੁੱਟਣਾ।
ਖੂਨੀ ਹਾਥੀ ਨਾਂ ਅਜੇਹਾ ਸਾਡਾ ਸ਼ੇਰ ਸੁੱਟਣਾ।

2. ਰਾਜਪੂਤ ਇਹ ਬਹਾਦਰ ਬੜਾ ਜੋਸ਼ੀਲਾ ਹੈ।
ਵਿਚ ਜੰਗ ਦੇ ਲੜਨ ਨੂੰ ਬੜਾ ਹਠੀਲਾ ਹੈ।
ਹਨੂੰਮਾਨ ਵਾਂਗੂੰ ਮੋਟ ਦਾ ਜਿਗਰ ਸੂਰਮਾ।
ਖ਼ੂਨੀ ਹਾਥੀ ਨਾਂ ਲੜੇਗਾ ਸਾਡਾ ਸ਼ੇਰ ਸੂਰਮਾ।

3. ਜੰਗ ਮੂਸੇ ਵਾਂਗੂੰ ਮੌਤੋਂ ਡਰ ਦੂਨੀ ਹੋਂਦ ਜੋ।
ਉਹਨੂੰ ਘਰ ਵਿਚੋਂ ਮਾਰ ਦੇਣਾ ਸੱਪ ਡੰਗ ਜੋ।
ਕਰੇ ਮੌਤ ਕੈਸੇ ਸਕਦਾ ਨਹੀਂ ਦੇਰ ਸੂਰਮਾ।
ਖ਼ੂਨੀ ਹਾਥੀ ਨਾਂ ਲੜੇਗਾ ਸਾਡਾ ਸ਼ੇਰ ਸੂਰਮਾ।

4. ਇਹਦੀ ਤਾਕਤੀ ਨੂੰ ਵੇਖ ਸ਼ਰਮਿੰਦਾ ਹੋਵੇ ਜੋ।
ਸੱਤੇ ਚੀਰ ਕੇ ਤਰੇ ਇਹ ਐਸੇ ਜਾਣੀ ਸ਼ੇਰ ਜੋ।
ਹਾਥੀ ਡਰ ਜਾਣਾ ਵੇਖ ਕੇ ਦਲੇਰ ਸੂਰਮਾ।
ਖ਼ੂਨੀ ਹਾਥੀ ਨਾਂ ਲੜੇਗਾ ਸਾਡਾ ਸ਼ੇਰ ਸੂਰਮਾ।

5. ਇਹਦੇ ਜਿਹਾ ਨਾ ਲੜਾਕਾ ਕੋਈ ਵੀ ਹੋਰ ਜੇ।
ਇੰਨੀ ਹਾਥੀਆਂ ਦਾ ਮੋੜੇ ਮੂਹਰੇ ਦਾ ਜ਼ੋਰ ਜੇ।
ਲੜੂੰਗਾ ਰਣ ਵਿਚ ਵੈਰੀਆਂ ਦਾ ਘੇਰ ਸੂਰਮਾ।
ਖ਼ੂਨੀ ਹਾਥੀ ਨਾਂ ਲੜੇਗਾ ਸਾਡਾ ਸ਼ੇਰ ਸੂਰਮਾ।

6. ਮੇਰਾ ਰਾਜਪੂਤ ਜੇਹਾ ਹੈ ਲੜਾਕਾ ਜੰਗ ਦਾ।
ਜਿਹਨੂੰ ਵੱਡੇ ਇਹਦੀ ਤਾਕਤੀ ਨਾ ਪਾਣੀ ਮੰਗਦਾ।
ਜੰਗ ਭੂਤ ਦਾ ਇਹ ਬਣ ਜਾਊ ਸ਼ਕਲੇ ਸੂਰਮਾ।
ਖ਼ੂਨੀ ਹਾਥੀ ਨਾਂ ਲੜੇਗਾ ਸਾਡਾ ਸ਼ੇਰ ਸੂਰਮਾ।

ਗੁਰਦੇਵ ਪਾਤਸ਼ਾਹ ਮੁਸਕਰਾਉਂਦਿਆਂ ਕਿਹਾ ਕਿ "ਹਾਥੀ ਦਾ ਮੁਕਾਬਲਾ ਸਾਡਾ [illegible] ਦੇ ਸਾਹਮਣੇ ਹਾਥੀ ਕਿਵੇਂ ਟਕਰੇਗਾ" ਇਹ ਸੁਣ [illegible] ਸ਼ੇਰ ਬਚਿੱਤਰ ਸਿੰਘ ਕੜਕਿਆ। [illegible] ਬਚਿੱਤਰ ਸਿੰਘ [illegible] ਪਾਤਸ਼ਾਹ, ਕਰਨ ਕਰਾਵਨ ਆਪ ਹੋ। [illegible] ਬਚਿੱਤਰ ਸਿੰਘ [illegible] ਹਾਥੀ ਦਾ [illegible] ਬਚਿੱਤਰ ਸਿੰਘ [illegible] ਬਚਿੱਤਰ ਸਿੰਘ [illegible] ਨਾਗਣੀ (ਬਰਛਾ) ਬਖ਼ਸ਼ੀ। [illegible] ਦਾ ਹੌਸਲਾ [illegible] ਕਰ ਦਿੱਤਾ। [illegible]

ਭਰੋਸਾ ਹੋ ਗਿਆ। ਕਿਸੇ ਸਿੱਖ ਨੇ ਫੇਰ ਬੇਨਤੀ ਕੀਤੀ, ਪੁਆੜੇ ਦੀ ਜੜ੍ਹ ਤਾਂ ਰਾਜਾ ਕੇ ਚੰਦ ਮਗਰੋਂ ਆ ਰਿਹਾ ਹੈ। ਅੱਜ ਉਸ ਦਾ ਹਿਸਾਬ ਵੀ ਸਾਫ਼ ਹੋਣਾ ਚਾਹੀਦਾ ਹੈ। ਗੁਰੂ ਨੇ ਫੁਰਮਾਇਆ, "ਹਾਂ ਕੇਸਰੀ ਚੰਦ ਦੇ ਕਰਮਾਂ ਦਾ ਫਲ ਭੁਗਤਾਉਣ ਵਾਸਤੇ ਸ ਜਰਨੈਲ ਉਦੇ ਸਿੰਘ ਜਾਵੇਗਾ।" ਉਸ ਨੂੰ ਮਹਾਰਾਜ ਹੱਥੀਂ ਤਲਵਾਰ ਬਖਸ਼ੀ।

ਏਧਰ ਪਹਾੜੀ ਰਾਜਿਆਂ ਨੇ ਹਾਥੀ ਨੂੰ ਨਸ਼ੇ ਵਿਚ ਮਸਤ ਕਰਕੇ ਉਸ ਦੀ ਸੁੰਡ ਤਿੱਖੇ ਹਥਿਆਰ ਬੰਨ੍ਹੇ ਗਏ। ਤਿੱਖੀਆਂ ਤਵੀਆਂ ਬੰਧੀਆਂ ਗਈਆਂ। ਸਭ ਤੋਂ ਮੂਹਰੇ ਹ ਲਗਾਇਆ ਗਿਆ। ਇਕ ਮਹਾਵਤ ਹੁਕਮ ਕੀਤਾ ਕਿ ਤੂੰ ਇਸ ਹਾਥੀ ਨੂੰ ਲੈ ਕੇ ਕਿਲ੍ਹੇ ਦਰਵਾਜ਼ੇ ਵੱਲ ਜਾਣਾ। ਜਦੋਂ ਹਾਥੀ ਉਸ ਦਰਵਾਜ਼ੇ ਨੂੰ ਤੋੜ ਦਏਗਾ, ਪਿੱਛੋਂ ਸਾਰੀ ਇਕ ਵਾਰ ਹੱਲਾ ਕਰਕੇ ਕਿਲ੍ਹੇ ਦੇ ਅੰਦਰ ਦਾਖਲ ਹੋਵੇਗੀ। ਕੁਝ ਸਿੱਖਾਂ ਨੂੰ ਹਾਥੀ ਮਾਰੇਗ ਬਾਕੀਆਂ ਨੂੰ ਫੌਜ ਇਸ ਤਰੀਕੇ ਨਾਲ ਸਾਰੀ ਜਿੱਤ ਹੋਵੇਗੀ। ਇਸ ਤਿਆਰੀ ਦੇ ਨਾਲ ਅੱਗੇ ਹਾਥੀ ਪਿੱਛੇ ਪਿੱਛੇ ਸਾਰੀ ਫੌਜ ਲੋਹਗੜ੍ਹ ਦੇ ਕਿਲ੍ਹੇ ਵੱਲ ਨੂੰ ਵਧਦੀ ਆ ਰਹੀ ਸੀ। ਜੈਕ ਦੇ ਨਾਅਰੇ ਲੱਗ ਰਹੇ ਸੀ। ਜਦੋਂ ਕਿਲ੍ਹੇ ਨੇੜੇ ਪਹੁੰਚੇ ਤਾਂ ਸਤਿਗੁਰਾਂ ਦਾ ਬੱਬਰ ਸ਼ੇਰ ਭ ਬਚਿੱਤਰ ਸਿੰਘ, ਭਾਈ ਉਦੇ ਸਿੰਘ, ਭਾਈ ਸਾਹਿਬ ਸਿੰਘ ਆਦਿ ਸੂਰਮੇ, ਲੈ ਆ ਆਪਣੇ ਸਾਥੀ ਸਿੰਘਾਂ ਨੂੰ ਦੁਸ਼ਮਣ ਦਲ ਦਾ ਮੁਕਾਬਲਾ ਕਰਨ ਲਈ ਰਣ ਮੈਦਾਨ ਵਿਚ ਗਏ। ਭਾਈ ਬਚਿੱਤਰ ਸਿੰਘ ਨੇ ਆਪਣਾ ਘੋੜਾ ਛੇੜ ਕੇ, ਉਸ ਖੂਨੀ ਹਾਥੀ ਦੇ ਸਾਹਮਣੇ ਜੇ ਛੱਡ ਕੇ ਨੇਜ਼ਾ ਖੂਨੀ ਹਾਥੀ ਦੇ ਮੱਥੇ ਵਿਚ ਨਾਗਣੀ ਇਉਂ ਮਾਰੀ :

ਡਬਲ ਦੋਤਾਰਾ ਛੰਦ

1. ਦਿਨ ਚੜ੍ਹਦੇ ਰਾਜਿਆਂ ਨੇ ਲਾਇਆ ਜੈਦੇਵਾਂ ਦਾ ਨਾਅਰਾ।
   ਦਸਵੇਂ ਗੁਰ ਫੜਨ ਲਈ ਚੜ੍ਹਿਆ ਦਲ ਦੁਸ਼ਮਣ ਦਾ ਭਾਰਾ।
2. ਉਨ੍ਹਾਂ ਖੂਨੀ ਹਾਥੀ ਦੇ ਤਵੀਆਂ ਬੰਨ੍ਹ ਮੱਥੇ ਵਿਚ ਦਿੱਤੀਆਂ।
   ਫਿਰ ਸੁੰਡ ਨਾਲ ਬੰਨ੍ਹੀਆਂ ਲੈ ਦੋ ਤਲਵਾਰਾਂ ਤਿੱਖੀਆਂ।
3. ਉਹ ਸ਼ੇਰ ਨਸ਼ੇ ਦੇ ਵਿਚ ਜਾਂਦਾ ਘੋਟੀ ਸੁੰਡ ਹਿਲਾਉਂਦਾ।
   ਲੈ ਪਿੱਛੇ ਫੌਜਾਂ ਨੂੰ ਰਾਜਾ ਚੰਦ ਕੇਸਰੀ ਆਉਂਦਾ।
4. ਝੱਟ ਚੜ੍ਹਿਆ ਘੋੜੇ 'ਤੇ ਛੱਡ ਕੇ ਬੱਬਰ ਸ਼ੇਰ ਜੈਕਾਰਾ।
   ਹੈ ਨਾਲ ਸੂਰਮੇ ਦੇ ਚੜ੍ਹਿਆ ਦਲ ਸਿੰਘਾਂ ਦਾ ਭਾਰਾ।
5. ਫਿਰ ਸ਼ੇਰ ਬਚਿੱਤਰ ਨੇ ਕਰਕੇ ਫੁਰਤ ਜਮਾਂ ਹੁਸ਼ਿਆਰੀ।
   ਬਲ ਸਾਰਾ ਲਾ ਕੇ ਤੇ ਮੱਥੇ ਵਿਚ ਨਾਗਣੀ ਮਾਰੀ।

6. ਉਧਰ ਸਿੰਘ ਉਦੇ ਨੇ ਰੋਕਿਆ ਚੰਦ ਕੇਸਰੀ ਜਾ ਕੇ।
ਸਤਿਗੁਰ ਨਾਲ ਵੈਰ ਲੜੀ ਪਹਿਲਾ ਵੇਖ ਹੌਰ ਅਗਮਾ ਕੇ।

7. ਫਿਰ ਸਿੰਘ ਸੂਰਮੇ ਨੇ ਮਾਰਿਆ ਵਿਚ ਰਣਾਂ ਦੇ ਨੇਜ਼ਾ।
ਵੱਢ ਉਸ ਦਾ ਸੀਸ ਲਿਆ ਹੇਠੋਂ ਮਾਰ ਸੂਰਮੇ ਤੇਗਾ।

ਸੂਰਮੇ ਨੇ ਏਨੇ ਜ਼ੋਰ ਵਿਚ ਨਾਗਣੀ ਦਾ ਵਾਰ ਕੀਤਾ ਕਿ ਹਾਥੀ ਦੇ ਮੱਥੇ ਵਿਚ ਜਾਵੇਂ ਲੋਹੇ ਦਾ ਤੱਵਾ ਬੰਧਾ ਹੋਇਆ ਸੀ ਉਸ ਲੋਹੇ ਨੂੰ ਚੀਰ ਕੇ ਬਰਛਾ (ਨਾਗਣੀ) ਇਕ ਗਿੱਠ ਤਕ ਹਾਥੀ ਦੇ ਮੱਥੇ ਵਿਚ ਧੱਸ ਗਿਆ। ਪੀੜ ਦਾ ਮਾਰਿਆ ਹਾਥੀ ਚੀਕਾਂ ਚਾਂਗਰਾਂ ਮਾਰਦਾ ਪਿੱਛੇ ਪਰਤ ਪਿਆ। ਉਸ ਦੇ ਪੈਰਾਂ 'ਤੇ ਮੁੜਨ ਨਾਲ ਮਹਾਵਤ ਥੱਲੇ ਡਿੱਗ ਪਿਆ। ਹਾਥੀ ਬੇਕਾਬੂ ਹੋ ਗਿਆ। ਭਾਈ ਬਚਿੱਤਰ ਸਿੰਘ ਦੇ ਨਾਲ ਭਾਈ ਨੇਤਰਮ ਸਿੰਘ ਆ ਗਿਆ ਸੀ ਉਸ ਨੇ ਤਲਵਾਰ ਨਾਲ ਹਾਥੀ ਦੀ ਸੁੰਡ ਵੱਢ ਦਿੱਤੀ। ਜੋ ਉਸ ਨੂੰ ਵੱਟ ਲੱਗੇ, ਕੁਝ ਉਹ ਨਸ਼ੇ ਵਿਚ ਮਸਤ ਸੀ। ਜਦੋਂ ਉਹ ਪਿਛਾਂਹ ਨੂੰ ਨੱਸਿਆ ਤਾਂ ਪਹਾੜੀ ਸੈਨਾ ਨੂੰ ਆਪਣੇ ਪੈਰਾਂ ਹੇਠ ਲਿਤਾੜਦਾ ਹੋਇਆ ਲੰਘ ਗਿਆ। ਪਹਾੜੀਆਂ ਦੀ ਬਹੁਤ ਸਾਰੀ ਫ਼ੌਜ ਹਾਥੀ ਦੇ ਪੈਰਾਂ ਹੇਠ ਲਤਾੜੀ ਗਈ।

ਉਧਰ ਕੇਸਰੀ ਚੰਦ ਰਾਜੇ ਦਾ ਸਿਰ ਭਾਈ ਉਦੇ ਸਿੰਘ ਨੇ ਵੱਢ ਲਿਆ। ਫਿਰ ਪਹਾੜੀ ਸੈਨਾ ਵਿਚ ਹਫੜਾ ਦਫੜੀ ਮੱਚ ਗਈ। ਆਪੋ ਆਪਣੀ ਜਾਨ ਬਚਾਅ ਕੇ ਰਣ ਮੈਦਾਨ ਵਿਚੋਂ ਨੱਸ ਗਏ। ਕੋਈ ਜਾਂਦੀ ਫ਼ੌਜ ਉਤੇ ਸੂਰਮਿਆਂ ਨੇ ਵਾਰ ਕਰਕੇ ਕਈ ਰਾਜੇ ਜ਼ਖਮੀ ਕਰ ਦਿੱਤੇ। ਜਿੱਤ ਖਾਲਸੇ ਦੀ ਹੋਈ। ਸਾਰੇ ਰਾਜੇ ਇਕੱਠੇ ਵਾਪਸ ਚਲੇ ਗਏ। ਮੰਡੀ ਦੇ ਰਾਜੇ ਨੇ ਸਲਾਹ ਦਿੱਤੀ ਕਿ ਸਾਨੂੰ ਗੁਰੂ ਜੀ ਨਾਲ ਸੁਲਾਹ ਕਰ ਲੈਣੀ ਚਾਹੀਦੀ ਹੈ। ਪਹਾੜੀ ਰਾਜਿਆਂ ਵਿਚ ਹੋਰ ਫੁੱਟ ਪੈ ਗਈ। ਇਕ ਧੜੇ ਗੁਰੂ ਜੀ ਨਾਲ ਸੁਲਾਹ ਦੀ ਗੱਲ ਤੋਰੀ, ਦੂਜੇ ਧੜੇ ਨੇ ਸਰਹਿੰਦ ਦੇ ਸੂਬੇਦਾਰ ਤੋਂ ਮਦਦ ਮੰਗੀ। ਪੁਰੋਹਿਤ ਰਾਜਿਆਂ ਦਾ ਦੂਤ ਬਣ ਕੇ ਮਹਾਰਾਜ ਦੇ ਹਾਜ਼ਰ ਹੋਇਆ। ਉਸ ਨੇ ਰਾਜੇ ਅਜਮੇਰ ਚੰਦ ਦੀ ਚਿੱਠੀ ਪੇਸ਼ ਕੀਤੀ। ਰਾਜਿਆਂ ਵਲੋਂ ਇਕ ਕਿਲ੍ਹਿਆਂ ਦਾ ਫੈਸਲਾ ਪੇਸ਼ ਸੀ। ਰਾਜਿਆਂ ਨੇ ਗਊ ਤੇ ਗੀਤਾ ਦੀ ਕਸਮ ਖਾ ਕੇ ਲਿਖਿਆ ਕਿ ਸੱਚੇ ਪਾਤਸ਼ਾਹ, ਅਸੀਂ ਗੁਨਾਹਗਾਰ ਹਾਂ। ਭੁੱਲ ਕਰ ਬੈਠੇ ਹਾਂ। ਹੁਣ ਸਾਡੀ ਇੱਜ਼ਤ ਤੁਹਾਡੇ ਹੱਥ ਹੈ। ਆਪ ਥੋੜੇ ਦਿਨ ਵਾਸਤੇ ਹੋ ਸਾਡੀ ਗੱਲ ਮੰਨ ਲਓ। ਆਪ ਦੀ ਜਗ੍ਹਾ ਹੈ। ਆਪ ਥੋੜੇ ਦਿਨ ਵਾਸਤੇ ਅਨੰਦਪੁਰ ਛੱਡ ਕੇ ਬਾਹਰ ਚਲੇ ਜਾਓ। ਅਸੀਂ ਲੋਕਾਂ ਸਾਹਮਣੇ ਮੂੰਹ ਵਿਖਾਉਣ ਜੋਗੇ ਹੋ ਜਾਵਾਂਗੇ। ਤੁਸੀਂ ਫੇਰ ਅਨੰਦਪੁਰ ਆ ਜਾਣਾ। ਅਸੀਂ ਆਪ ਦੀ ਪਰਜਾ ਬਣਾਂਗੇ। ਗੁਰੂ ਜੀ ਨੂੰ ਰਾਜਿਆਂ ਦੀਆਂ ਕਸਮਾਂ ਉਤੇ ਕੋਈ ਇਤਬਾਰ ਨਹੀਂ ਸੀ, ਪਰ ਬਹੁਤ ਸਾਰੇ ਸਿੰਘਾਂ ਨੇ ਇਸ ਕਸਮ ਨੂੰ ਅਜ਼ਮਾ ਕੇ ਵੇਖਣ ਤੇ ਜ਼ੋਰ ਦਿੱਤਾ। ਗੁਰਦੇਵ ਨੇ ਕਿਹਾ, ਸਾਡੇ ਸਿੰਘਾਂ ਨੇ ਇਸ ਕਸਮ ਨੂੰ ਅਜ਼ਮਾ ਕੇ ਵੇਖਣ ਤੇ ਜ਼ੋਰ ਦਿੱਤਾ। ਪਰ ਇਹ ਮੂੰਹੋਂ ਮੈਦਾਨ ਵਿਚ ਸਾਰੇ ... ਖ਼ਾਲਸਾ ਜੀ! ਅਸੀਂ ਤੁਹਾਡੀ ਸਲਾਹ ਮੋੜਦੇ ਨਹੀਂ, ਅਸੀਂ ਦੇ ਵਾਸਤਾ ਕਰਕੇ ਤੁਹਾਡਾ ਕਹਿਣਾ ਮੰਨ ਕੇ ਕਰਕੇ ਵੇਖਣਾ ਚਾਹੁੰਦੇ ਹਾਂ।

ਲੈਂਦੇ ਹਾਂ। ਇਕ ਤਾਂ ਰਾਜਿਆਂ ਦੀਆਂ ਕਸਮਾਂ ਦਾ ਪਤਾ ਲੱਗ ਜਾਵੇਗਾ ਤੇ ਦੂਜਾ ਉਹਨਾਂ ਦਾ ਭੁਲੇਖਾ ਦੂਰ ਹੋ ਜਾਵੇਗਾ ਕਿ ਉਹ ਖੁੱਲ੍ਹੇ ਮੈਦਾਨ ਵਿਚ ਸਿੱਖਾਂ ਦੇ ਹੱਥ ਵੇਖ ਲੈਣਗੇ।" ਗੁਰੂ ਫੌਜ ਕਿਲ੍ਹਿਆਂ ਦੀ ਰਾਖੀ ਵਾਸਤੇ ਛੱਡ ਕੇ ਚੋਣਵੇਂ ਸਿੱਖਾਂ ਨੂੰ ਨਾਲ ਲੈ ਕੇ ਪਿੰਡ ਨਿਰਮੋਹਗੜ੍ਹ (ਕੀਰਤਪੁਰ) ਦੇ ਨੇੜੇ ਇਕ ਉੱਚੇ ਟਿੱਬੇ 'ਤੇ ਜਾ ਬੈਠੇ।

ਉੱਧਰ ਰਾਜਿਆਂ ਦਾ ਬੁਲਾਇਆ ਹੋਇਆ ਸੂਬਾ ਸਰਹੰਦ ਆਪ ਫੌਜ ਲੈ ਕੇ ਆ ਗਿਆ। ਇਕ ਪਾਸੇ ਰਾਜਿਆਂ ਦੀ ਫੌਜ ਤੇ ਇਕ ਪਾਸੇ ਸਰਹੰਦੀ ਫੌਜ ਨੇ ਸਤਿਗੁਰਾਂ 'ਤੇ ਧਾਵਾ ਬੋਲ ਦਿੱਤਾ। ਰਾਜਿਆਂ ਦਾ ਭੁਲੇਖਾ ਛੇਤੀ ਹੀ ਦੂਰ ਹੋ ਗਿਆ। ਸਿੱਖਾਂ ਨੇ ਮਾਰ ਮਾਰ ਕੇ ਵੈਰੀਆਂ ਦੇ ਮੂੰਹ ਭਵਾ ਦਿੱਤੇ। ਵਜ਼ੀਰ ਖ਼ਾਨ ਸਿੱਖਾਂ ਦੀ ਬਹਾਦਰੀ ਵੇਖ ਕੇ ਹੈਰਾਨ ਰਹਿ ਗਿਆ। ਇਸ ਲੜਾਈ ਵਿਚ ਇਕ ਹੋਰ ਘਟਨਾ ਹੋਈ, ਜਿਸ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਗੁਰੂ ਜੀ ਉੱਚੀ ਥਾਂ 'ਤੇ ਬੈਠੇ ਲੜਾਈ ਦਾ ਰੰਗ ਵੇਖ ਰਹੇ ਸਨ। ਦੋ ਮੁਸਲਮਾਨ ਬੜੇ ਮੰਨੇ ਤੋਪਚੀ ਸਨ। ਉਹਨਾਂ ਨੂੰ ਲਾਲਚ ਦੇ ਕੇ ਗੁਰੂ ਜੀ ਉੱਤੇ ਤੋਪ ਦਾ ਵਾਰ ਕਰਾਇਆ ਗਿਆ। ਜਦੋਂ ਉਹਨਾਂ ਸਿਸਤ ਲੈ ਕੇ ਗੋਲਾ ਚਲਾਇਆ ਤਾਂ ਉਹ ਜਿਹੜਾ ਸਿੱਖ ਗੁਰੂ ਜੀ 'ਤੇ ਚੌਰ ਕਰ ਰਿਹਾ ਸੀ ਉਸ ਦੇ ਵੱਜਾ ਤੇ ਉਹ ਉੱਡ ਗਿਆ। ਇਸ ਤੋਂ ਪਹਿਲਾਂ ਕਿ ਵੈਰੀ ਦੂਸਰਾ ਵਾਰ ਕਰਦਾ, ਮਹਾਰਾਜ ਨੇ ਧਨੁਖ 'ਤੇ ਤੀਰ ਚੜ੍ਹਾਇਆ ਤੇ ਛੱਡਿਆ ਜੋ ਤੋਪਚੀ ਦੀ ਹਿੱਕ ਵਿਚ ਦੀ ਪਾਰ ਹੋ ਗਿਆ। ਇਕ ਤੀਰ ਦੂਸਰੇ ਨੂੰ ਫੁੰਡ ਦਿੱਤਾ। ਇਸ ਨੂੰ ਨਿਰਮੋਹ ਦੀ ਲੜਾਈ ਆਖਿਆ ਗਿਆ ਹੈ। ਇਸ ਸਮੇਂ ਬਿਸਾਲੀ ਦਾ ਰਾਜਾ ਪਹੁੰਚਿਆ। ਉਸ ਨੇ ਵਜ਼ੀਰ ਨੂੰ ਕਿਹਾ ਕਿ ਮੈਂ ਗੁਰੂ ਜੀ ਨੂੰ ਆਪਣੇ ਇਲਾਕੇ ਵਿਚ ਲੈ ਜਾਂਦਾ ਹਾਂ, ਤੁਹਾਡੀ ਰਹਿ ਜਾਵੇਗੀ ਕਿ ਅਸੀਂ ਨਿਰਮੋਹ ਗੁਰੂ ਜੀ ਤੋਂ ਖ਼ਾਲੀ ਕਰਵਾ ਲਿਆ ਹੈ। ਅਜਮੇਰ ਚੰਦ ਤੇ ਵਜ਼ੀਰ ਖ਼ਾਨ ਮੰਨ ਗਏ। ਗੁਰੂ ਜੀ ਬਿਸਾਲੀ ਦੇ ਰਾਜੇ ਦੀ ਬੇਨਤੀ ਮੰਨ ਕੇ ਬਿਸਾਲੀ ਚਲੇ ਗਏ। ਗੁਰੂ ਜੀ ਸਤਿਲੁਜ ਪਾਰ ਹੋ ਗਏ। ਕਲਮੋਟ ਦੇ ਗੁੱਜਰਾਂ ਦੀ ਮਦਦ ਨਾਲ ਅਜਮੇਰ ਚੰਦ ਨੇ ਫੇਰ ਹਮਲਾ ਕੀਤਾ, ਪਰ ਸਿੰਘਾਂ ਨੇ ਚੰਗੇ ਕਰਾਰੇ ਹੱਥ ਵਿਖਾਏ। ਇਸ ਨੂੰ ਬਸਾਲੀ ਦੀ ਲੜਾਈ ਆਖਿਆ ਜਾਂਦਾ ਹੈ। ਗੁਰਦੇਵ ਕੁਝ ਦਿਨ ਬਿਸਾਲੀ ਤੇ ਕੁਝ ਦਿਨ ਭੰਭੌਰ ਦੇ ਰਾਜੇ ਕੋਲ ਰਹਿ ਕੇ ਫਿਰ ਵਾਪਸ ਅਨੰਦਪੁਰ ਸਾਹਿਬ ਆ ਗਏ। ਸਤਿਗੁਰਾਂ ਦਾ ਵਾਪਸ ਆਉਣਾ ਸੁਣ ਕੇ ਸੰਗਤਾਂ ਫੇਰ ਅਨੰਦਪੁਰ ਸਾਹਿਬ ਆਉਣ ਲੱਗ ਪਈਆਂ। ਸਤਿਗੁਰਾਂ ਦੀ ਵਧਦੀ ਤਾਕਤ ਵੇਖ ਕੇ ਅਜਮੇਰ ਚੰਦ ਘਬਰਾਇਆ। ਉਸ ਨੇ ਫੇਰ ਇਕ ਖ਼ਾਨਦਾਨੀ ਪ੍ਰੋਹਿਤ ਤੇ ਕੁਝ ਨਜ਼ਰਾਨਾ ਦੇ ਕੇ ਗੁਰੂ ਜੀ ਨਾਲ ਸੁਲ੍ਹਾ ਕਰ ਲਈ।

ਇਸੇ ਸਾਲ ਇਕ ਹੋਰ ਘਟਨਾ ਹੋਈ (੧੭੫੮ ਬਿ.) ਵਿਸਾਖੀ ਦੇ ਸਮੇਂ ਪਿਸ਼ਾਵਰ ਦੀ ਸੰਗਤ ਦਰਸ਼ਨਾਂ ਵਾਸਤੇ ਅਨੰਦਪੁਰ ਸਾਹਿਬ ਆਈ। ਸੰਗਤ ਨਾਲ ਰੁਹਤਾਸ ਦੇ ਰਹਿਣ ਵਾਲੇ ਬੱਸੀ ਗੋਤ ਦੇ ਖੱਤਰੀ ਭਾਈ ਰਾਮੂ ਜੀ ਸਨ। ਉਹਨਾਂ ਦੇ ਨਾਲ ਉਹਨਾਂ ਦੀ ਜਵਾਨ ਬੇਟੀ ਸਾਹਿਬ ਦੇਵਾਂ ਜੀ ਵੀ ਸੀ। ਭਾਈ ਰਾਮੂ ਨੇ ਮਹਾਰਾਜ ਨੂੰ ਬੇਨਤੀ ਕੀਤੀ ਕਿ ਇਹ ਮੇਰੀ

ਹੋਇਆ ਹੀ ਸੀ ਮੈਂ ਸੰਗਤ ਵਿਚ ਖੜੀ ਹੋ ਕੇ ਅਰਦਾਸ ਕਰਕੇ ਇਸ ਨੂੰ ਆਪ ਜੀ ਦੀ ਦਾਸੀ ਬਣਾਉਣ ਦਾ ਪ੍ਰਣ ਕੀਤਾ ਸੀ। ਦੂਰ ਦੇ ਪੰਧ, ਹੁਣ ਹਾਜ਼ਰ ਹੋ ਸਕਿਆ ਹਾਂ। ਸੰਗਤ ਸਾਰੀ ਇਸ ਨੂੰ ਆਪ ਜੀ ਦੇ ਮਹਿਲ ਸਮਝ ਕੇ ਮਾਤਾ ਜੀ ਕਹਿੰਦੀ ਹੈ। ਆਪ ਜੀ ਇਸ ਨੂੰ ਚਰਨੀ ਲਾ ਕੇ ਸੇਵਕਾਂ ਦੀਆਂ ਭਾਵਨਾਵਾਂ ਪੂਰਨ ਕਰੋ। ਮਹਾਰਾਜ ਦੇ ਸਾਹਮਣੇ ਬੜਾ ਔਖਾ ਸਵਾਲ ਸੀ। ਹਜ਼ੂਰ ਹੋਰ ਵਿਆਹ ਕਰਾਉਣਾ ਨਹੀਂ ਸੀ ਚਾਹੁੰਦੇ। ਉਥੇ ਸਾਹਿਬਜ਼ਾਦੇ ਦੇ ਜਨਮ ਪਿਛੋਂ ਆਪ ਜੀ ਨੇ ਬ੍ਰਹਮਚਾਰੀ ਰਹਿਣ ਦਾ ਪ੍ਰਣ ਕਰ ਲਿਆ ਸੀ। ਇਹ ਸਾਰੀ ਗੱਲ ਗੁਰਦੇਵ ਪਾਤਸ਼ਾਹ ਨੇ ਸਾਹਿਬ ਦੇਵਾਂ ਤੇ ਉਸ ਦੇ ਪਿਤਾ ਨੂੰ ਦੱਸੀ। ਸਾਹਿਬ ਦੇਵਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, ਸੱਚੇ ਪਾਤਸ਼ਾਹ ! ਇਸਤਰੀ ਇਕ ਪੁਰਸ਼ ਨੂੰ ਹੀ ਦਿਲ ਵਿਚ ਪਤੀ ਧਾਰਨ ਕਰ ਸਕਦੀ ਹੈ। ਮੈਂ ਆਪ ਜੀ ਨੂੰ ਤਨੋਂ ਮਨੋਂ ਸਿਰਤਾਜ ਮੰਨ ਚੁੱਕੀ ਹਾਂ। ਮੈਨੂੰ ਦਾਸੀ ਬਣਾ ਕੇ ਸੇਵਾ ਦਾ ਹੱਕ ਦਿਉ। ਬਾਕੀ ਹਰ ਗੱਲ ਵਿਚ ਮੈਂ ਰਾਜ਼ੀ ਹਾਂ।" ਅੰਤ ਸਾਰੀ ਸੰਗਤ ਦੇ ਜ਼ੋਰ ਦੇਣ ਉਤੇ ਗੁਰਦੇਵ ਨੇ ਸਾਹਿਬ ਦੇਵਾਂ ਨਾਲ ਵਿਆਹ ਕਰਵਾ ਲਿਆ। ਉਸ ਨੂੰ ਅੰਮ੍ਰਿਤ ਛਕਾ ਕੇ ਸਾਹਿਬ ਕੌਰ ਨਾਮ ਰੱਖਿਆ ਤੇ ਖ਼ਾਲਸਾ ਪੰਥ ਉਸ ਦੀ ਝੋਲੀ ਪਾਇਆ। ਮਾਤਾ ਸਾਹਿਬ ਕੌਰ ਨੂੰ ਹਜ਼ੂਰ ਦਾ ਕੁਆਰਾ ਡੋਲਾ ਕਿਹਾ ਜਾਂਦਾ ਹੈ। ਸਿੱਖ ਪੰਥ ਵਿਚ ਮਰਯਾਦਾ ਬਣ ਗਈ ਅੰਮ੍ਰਿਤ ਛਕਾਉਣ ਸਮਿਆਂ ਸਿੰਘ ਨੂੰ ਦੱਸਿਆ ਜਾਂਦਾ ਹੈ ਕਿ ਅੱਜ ਤੋਂ ਤੇਰਾ ਪਿਤਾ ਗੁਰੂ ਗੋਬਿੰਦ ਸਿੰਘ ਹੈ ਤੇ ਮਾਤਾ ਸਾਹਿਬ ਕੌਰ ਹੈ। ਸੋ ਸਾਹਿਬ ਕੌਰ ਪੰਥ ਦੀ ਮਾਤਾ ਮੰਨੇ ਜਾਂਦੇ ਹਨ। ਗੁਰੂ ਜੀ ਦੇ ਵੱਡੇ ਮਹਿਲ ਮਾਤਾ ਜੀਤੋ ਜੀ ਸਨ, ਜਿਨ੍ਹਾਂ ਨੇ ਤਿੰਨਾਂ ਪੁੱਤਰਾਂ ਨੂੰ ਜਨਮ ਦਿੱਤਾ ਜੁਝਾਰ ਸਿੰਘ, ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਅਤੇ ਮਾਤਾ ਸੁੰਦਰੀ ਜੀ ਦੂਜੇ ਮਹਿਲ ਸਨ ਜਿਨ੍ਹਾਂ ਦੀ ਕੁੱਖੋਂ ਸਾਹਿਬਜ਼ਾਦੇ ਅਜੀਤ ਸਿੰਘ ਦਾ ਜਨਮ ਹੋਇਆ। ਇਕ ਵਾਰ ਸਾਰਾ ਪਰਵਾਰ ਬੈਠਾ ਹੋਇਆ ਸੀ। ਮਾਤਾ ਜੀ ਨੇ ਕਿਹਾ ਕਿ ਹਜ਼ੂਰ ! ਮੈਂ ਦੇਖਦੀ ਹਾਂ ਕਿ ਸਭੇ ਮਾਈਆਂ ਦੇ ਪੁੱਤ ਜਵਾਨ ਹੁੰਦੇ ਨੇ ਉਹ ਵਿਆਹਾਂ ਦੇ ਸ਼ਗਨ ਮਨਾਉਂਦੀਆਂ ਹਨ, ਘਰ ਵਿਚ ਨੂੰਹਾਂ ਲਿਆਉਂਦੀਆਂ ਹਨ। ਮੇਰਾ ਵੀ ਚਿੱਤ ਕਰਦਾ ਹੈ ਕਿ ਆਪਾਂ ਵੀ ਆਪਣੇ ਅਜੀਤ ਸਿੰਘ ਦਾ ਵਿਆਹ ਕਰੀਏ ਮੈਂ ਵੀ ਨੂੰਹਾਂ ਨੂੰ ਆਪਣੇ ਘਰ ਲਿਆਵਾਂ, ਸ਼ਗਨ ਮਨਾਵਾਂ, ਦਾਸੀ ਦੀ ਇਹ ਰੀਝ ਪੂਰੀ ਕਰੋ

ਤਰਜ ਗੀਤ

ਹੀਰਿਆਂ ਵਿਚ ਜੜੀਆਂ ਕਲਗੀਆਂ ਪਹਿਣ ਵਾਲੇ,
ਜੀਤੋ ਪੁੱਛਦੀ ਹੈ, ਲਾਲਾਂ ਨੂੰ ਵਿਆਹੁਣ ਵਾਲੇ, ਜੀਤੋ ਪੁੱਛਦੀ ਹੈ।
1. ਪੰਜਾ ਸਾਲ ਦਾ ਹੋ ਗਿਆ ਜੀਤੋ ਜੀ ਸਿਖਾਉਂਦੀ ਓ
ਵਿਆਹ ਵਿਚ ਹੱਥ ਮੇਰੇ ਪਾਤਸ਼ਾਹ ਜੀ ਆਉਂਦੀ ਓ
ਮਨ ਕਰਦਾ ਖ਼ੁਸ਼ੀ ਦੇ ਗੀਤ ਗਾਉਣ ਵਾਲੇ
ਜੀਤੋ ਪੁੱਛਦੀ ਹੈ, ਲਾਲਾਂ ਨੂੰ ਵਿਆਹੁਣ ਵਾਲੇ।

2. ਕਰਦਾ ਹੈ ਦਿਲ ਘਰ ਆਉਣ ਨੂੰਹਾਂ ਰਾਣੀਆਂ।
ਵਿਹੜੇ ਦੀਆਂ ਰੌਣਕਾਂ ਵਧਾਉਣ ਨੂੰਹਾਂ ਰਾਣੀਆਂ।
ਜੰਞ ਅਜੀਤ ਤੇ ਜੁਝਾਰ ਦੀ ਚੜ੍ਹਾਉਣ ਵਾਸਤੇ।
ਜੀਤਾ ਪੁੱਛਦੀ ਹੈ, ਲਾਲਾਂ ਨੂੰ ਵਿਆਹੁਣ ਵਾਸਤੇ।

3. ਭਾਗਾਂ ਵਾਲੇ ਦਿਨ ਜੰਞ ਪੁੱਤ ਦੀ ਚੜ੍ਹਾਵਾਂ ਮੈਂ।
ਸਾਹਿਬ ਕੌਰ ਸੁੰਦਰੀ ਨਾਂ ਗੀਤ ਰਲ ਗਾਵਾਂ ਮੈਂ।
ਢੋਲਾ ਘੋੜ ਦੇਈਏ ਮੇਲ ਸਦੇਣ ਵਾਸਤੇ।
ਜੀਤਾ ਪੁੱਛਦੀ ਹੈ, ਲਾਲਾਂ ਨੂੰ ਵਿਆਹੁਣ ਵਾਸਤੇ।

4. ਅਜੀਤ ਤੇ ਜੁਝਾਰ ਦੀਆਂ ਕਰੋ ਓਟ ਰਾਣੀਆਂ।
ਨੂੰਹਾਂ ਰਾਣੀਆਂ ਵਾਰਾਂ ਸੀਸ ਉੱਤੋਂ ਪਾਣੀਆਂ।
ਜੀ ਕਰਦਾ ਹੈ ਪੋਤਰੇ ਖਿਡੌਣ ਵਾਸਤੇ।
ਜੀਤਾ ਪੁੱਛਦੀ ਹੈ, ਲਾਲਾਂ ਨੂੰ ਵਿਆਹੁਣ ਵਾਸਤੇ।

5. ਨੂੰਹਾਂ ਰਾਣੀਆਂ ਦੇ ਨਾਲ ਘਰ ਬਾਰ ਸੱਜਦਾ।
ਨੂੰਹਾਂ ਤੋਂ ਬਗੈਰ ਘਰ ਸੁੰਞਾ ਸੁੰਞਾ ਲੱਗਦਾ।
ਜੀਅ ਕਰਦਾ ਹੈ ਰੌਣਕ ਵਧਾਉਣ ਵਾਸਤੇ।
ਜੀਤਾ ਪੁੱਛਦੀ ਹੈ, ਲਾਲਾਂ ਨੂੰ ਵਿਆਹੁਣ ਵਾਸਤੇ।

6. ਢੂੰਡ ਬਾਹਰੋਂ ਕੀਤੇ ਕੋਲ ਰਿਸ਼ਤਿਆਂ ਦਿਆਂ ਸਾਈਆਂ ਜੀ।
ਕਰਦਾ ਹੈ ਦਿਲ ਲਵਾਂ ਲੋਕ ਤੋਂ ਵਧਾਈਆਂ ਜੀ।
ਦਿਲ ਕਰਦਾ ਹੈ ਦਾਦੀ ਅਖਵਾਉਣ ਵਾਸਤੇ।
ਜੀਤਾ ਪੁੱਛਦੀ ਹੈ, ਲਾਲਾਂ ਨੂੰ ਵਿਆਹੁਣ ਵਾਸਤੇ।

7. ਐਸੇ ਵਾਸਤੇ ਜੀਤਾ ਖੇਡ ਕਰਤਾਰ ਦੀ।
ਜੰਞ ਐਸੀ ਚੜ੍ਹੇ ਜੋ ਅਜੀਤ ਤੇ ਜੁਝਾਰ ਦੀ।
ਚਾਰੇ ਵਾਰ ਦੇਵੇ ਸੀਸ ਨੂੰ ਝੜਾਉਣ ਵਾਸਤੇ।
ਜੀਤਾ ਪੁੱਛਦੀ ਹੈ, ਲਾਲਾਂ ਨੂੰ ਵਿਆਹੁਣ ਵਾਸਤੇ।

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਵਿਚਾਰ ਵਿਚ ਜੀਤਾ ਸੀ। ਦੁਨੀਆਂ ਦੇ ਲੋ… ਆਪਣੇ ਪੁੱਤਰਾਂ ਦਾ ਵਿਆਹ ਕਰਦੇ ਨੇ ਕਰਦੇ ਰਹਿਣਗੇ। ਮਹਾਰਾਜ ਸੋਹ… ਸਾਹਿਬਜ਼ਾਦਿਆਂ ਵੱਲ ਤੱਕ ਕੇ ਬੋਲੇ, "ਜੀਤਾ! ਇਹ ਦੁਨੀਆਦਾਰਾਂ ਵਾਂਗੂੰ ਆਪਾਂ ਪੁ… ਨਹੀਂ ਵਿਆਹੁਣੇ ਤੇ ਮੋੜਨੇ। ਇਹਨਾਂ ਦੀਆਂ ਮੰਗਣੀਆਂ ਪ੍ਰਮਾਤਮਾ ਵਲੋਂ ਹੋ ਚੁੱਕੀਆਂ ਹਨ।

ਮਾਤਾ ਜੀ ਨੇ ਕਿਹਾ, "ਦੱਸੋ ਕਿੱਥੇ ਮੇਰੇ ਨੇ ਮੇਰੇ ਲਾਲ ?" ਤਾਂ ਮੇਰੇ ਦਾਤਾ ਜੀ ਬੋਲੇ, "ਜੀਤਾ ਜੀ ! ਵੱਡੇ ਦੋਵੇਂ ਅਜੀਤ ਸਿੰਘ ਤੇ ਜੁਝਾਰ ਸਿੰਘ ਚਮਕੌਰ ਵਿਚ ਵਿਆਹੇ ਜਾਣਗੇ ਤੇ ਛੋਟੇ ਦੋਵੇਂ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਸਰਹੰਦ ਵਿਚ ਵਿਆਹੇ ਜਾਣੇ ਨੇ।" ਪਾਤਸ਼ਾਹ ਜੀ ਕਹਿਣ ਲੱਗੇ, "ਜੀਤਾ ਜੀ ! ਸਰਸਾ ਦੇ ਕੰਢੇ ਤੋਂ ਤੇਰੇ ਪੋਤਾਂ ਸਾਹਿਬਜ਼ਾਦਿਆਂ ਦੀਆਂ ਜੰਞਾਂ ਚੜ੍ਹਨਗੀਆਂ। ਇਹਨਾਂ ਦੇ ਵਿਆਹ ਲਾੜੀ ਮੌਤ ਨਾਲ ਹੋਣੇ ਨੇ।" ਜਿਵੇਂ ਕਵੀਸ਼ ਰਾਜ ਤੇ ਅਖ਼ੀਰ ਵਾਲੇ ਸਮੇਂ ਤੋਂ ਪਾਤਸ਼ਾਹ ਇਉਂ ਜਾਦੂ ਕਰਦਾ ਹੋਣੇ ਨੇ ਜੀ:

ਟਰਨ ਛੰਦ

1. ਕਲਗੀਧਰ ਜੀ ਹੱਸ ਕੇ ਲੱਗਾਂ ਕਹਿਣ ਪਿਆਰ ਦੀਆਂ।
ਇੱਕ ਹੋਣਗੀਆਂ ਸ਼ਾਦੀਆਂ ਤੇਰੇ ਅਜੀਤ ਜੁਝਾਰ ਦੀਆਂ।
ਜਾਂ ਮੁਗਲ ਹਕੂਮਤ ਘਰੀ ਕਰਵਾਉਣੀ ਦੇਖੋ ਵੇ।
ਲਾਲ ਲਾਡਲੇ ਜੀਤਾ ਜੀ ਮੈਂ ਵਾਰੇ ਮੋੜੇ ਵੇ।

2. ਇਥੇ ਫ਼ਰਕ ਨਹੀਂ ਰਹਿਣਾ ਵੱਡਿਆਂ ਛੋਟਿਆਂ ਉਮਰਾਂ ਦਾ।
ਚਾਰ ਦਿਨਾਂ ਵਿਚ ਵਿਆਹ ਹੋ ਜਾਣਾ ਚਾਰੇ ਕੁੰਅਰਾਂ ਦਾ।
ਉਸ ਲਾੜੀ ਨੂੰ ਵਰਨੇ ਚੱਲੇ ਜੋੜਤ ਦੇਰੇ ਵੇ।
ਲਾਲ ਲਾਡਲੇ ਜੀਤਾ ਜੀ ਮੈਂ ਵਾਰੇ ਮੋੜੇ ਵੇ।

3. ਦੀਨ ਮਜ਼ਹਬ ਦੀ ਓਟ ਵਿਚ ਲੋਕ ਕਮਾਉਂਦਾ ਚੜ੍ਹਾਈ।
ਚੱਲੀ ਹੈ ਹਕੂਮਤ ਅਨੰਦਪੁਰ ਤੇ ਆ ਚੜ੍ਹਾਈ।
ਜ਼ੁਲਮ ਜ਼ੁਲਮ ਕਮਾਉਂਦੇ ਪਾਪੀ ਜ਼ਾਲਮ ਬੜੇ ਵੇ।
ਲਾਲ ਲਾਡਲੇ ਜੀਤਾ ਜੀ ਮੈਂ ਵਾਰੇ ਮੋੜੇ ਵੇ।

4. ਜੰਗ ਚੜ੍ਹਦੀ ਸਰਸਾ ਰੋਕਿਓ ਪੋਤਾਂ ਲਾਲਾਂ ਦੀ।
ਤੇਰਾ ਜੀਆ ਜਾਵੇਂ ਹੋਣੀ ਲੁੱਟ ਕਮਾਲਾਂ ਦੀ।
ਛੋਟੇ ਲਾਲ ਤੇ ਮਾਤਾ ਜੀ ਵਿਛੜਾਏ ਗੱਡੇ ਵੇ।
ਲਾਲ ਲਾਡਲੇ ਜੀਤਾ ਜੀ ਮੈਂ ਵਾਰੇ ਮੋੜੇ ਵੇ।

5. ਲਾ ਕੇ ਚੋਟ ਨਗਾਰੇ ਲੱਗੇ ਮੁੜਨੇ ਕੁੜਮਣੀ।
ਅਜੀਤ ਜੁਝਾਰ ਵਿਆਹੇ ਵਿਚ ਚਮਕੌਰ ਦੇ ਗੜ੍ਹੀ।
ਤੇਰਾ ਜੀਆ ਸ਼ਹਾਦਤਾਂ ਨਾਲ ਜਾਣੇ ਗੱਡੇ ਵੇ।
ਲਾਲ ਲਾਡਲੇ ਜੀਤਾ ਜੀ ਮੈਂ ਵਾਰੇ ਮੋੜੇ ਵੇ।

6. ਮਾਰ ਜਾਣਗੇ ਛੋਟੇ ਮੱਲਾਂ ਵੱਡੀ ਕੁਰਕ ਦੀਆਂ।
ਦਾਦੀ ਸੰਗ ਤਕਲੀਫ਼ਾਂ ਝੱਲਣ ਠੰਡੇ ਬੁਰਜ ਦੀਆਂ।
ਜਿਊਂਦੀ ਜਾਨੇ ਜਾਵਣ ਚੇਜੇਂ ਸੂਲੀ ਟੰਗੇ ਐ।
ਲਾਲ ਲਾਡਲੇ ਜੀਤਾ ਜੀ ਮੈਂ ਰਾਹੇ ਮੰਗੇ ਐ।
7. ਮੌਤ ਵਰਨਗੇ ਚਾਰੇ ਉਸ ਦਾ ਕਰਕੇ ਆਦਰ ਨੂੰ।
ਹੋਵਣਗੇ ਪ੍ਰਵਾਨ ਵੰਸ਼ ਗੁਰੂ ਤੇਗ ਬਹਾਦਰ ਨੂੰ।
ਜਸਨੈਲ ਕਵੀ ਨੇ ਲਿਖ ਦੇਣੇ ਛੰਦ ਜੋੜ ਘੜੇ ਐ।
ਲਾਲ ਲਾਡਲੇ ਜੀਤਾ ਜੀ ਮੈਂ ਰਾਹੇ ਮੰਗੇ ਐ।

ਮਾਤਾ ਜੀਤਾ ਜੀ ਉਪਰੋਕਤ ਮਾਰ ਕੇ ਨੌਕਰ ਚੰਦਰ ਕਰ ਸਾਰੇ ਤੇ ਸਤਿਗੁਰਾਂ ਤੋਂ ਨਵੇਂ ਆਉਣ ਵਾਲੇ ਸਮੇਂ ਦੀ ਵਿਥਿਆ ਸੁਣੀ ਚਾਹੀ। ਜਦੋਂ ਗੁਰੂ ਜੀ ਨੇ ਸਭ ਕੁਝ ਦੱਸਿਆ ਤਾਂ ਏਨਾ ਸੀ ਅਕਾਲ ਪੁਰਖ ਜਾਣਦਾ ਹੈ ਕਿ ਮਾਤਾ ਜੀਤਾ ਦੇ ਦਿਲ ਕੀ ਆਈ। ਉਸ ਦਾ ਨਿਰਾਲਾ ਦਿਨ ਚੜ੍ਹ ਗਿਆ ਸੀ। ਮਾਤਾ ਜੀ ਦੇ ਕੋਲ ਸਾਰਾ ਪਰਿਵਾਰ ਬੈਠਾ ਹੋਇਆ ਸੀ। ਇਕ ਪਾਸੇ ਵੱਡੇ ਸਾਹਿਬਜ਼ਾਦੇ ਬੈਠੇ ਨੇ। ਇਕ ਪਾਸੇ ਛੋਟੇ ਸਾਹਿਬਜ਼ਾਦੇ ਨੇ। ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਕੋਲ ਬੈਠੀਆਂ ਨੇ। ਪੰਜ ਪਿਆਰੇ ਬੈਠੇ ਨੇ। ਆਪ ਪੰਥ ਦਾ ਮਾਲਕ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਬੈਠੇ ਹਨ। ਮਾਤਾ ਜੀਤਾ ਜੀ ਨੇ ਆਪਣੇ ਛੋਟੇ ਮਾਸੂਮ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਨੂੰ ਘੁੱਟ ਕੇ ਛਾਤੀ ਨਾਲ ਲਾ ਕੇ ਪਿਆਰ ਦੇ ਕੇ ਉਹਨਾਂ ਦਾਦੀ ਮਾਤਾ ਗੁਜਰੀ ਆਪਣੀ ਸੱਸ ਦੀ ਝੋਲੀ ਵਿਚ ਬਿਠਾ ਕੇ ਕਿਹਾ ਕਿ ਇਹਨਾਂ ਦੀ ਪਾਲਣਾ ਮਾਤਾ ਜੀ ਤੁਸੀਂ ਕਰਨੀ, ਮਾਤਾ ਸੁੰਦਰੀ ਤੇ ਸਾਹਿਬ ਕੌਰ ਨੂੰ ਕਿ ਮੇਰੀਓ ਭੈਣੋ, ਤੁਸ ਮਾਂ ਦਾ ਪਿਆਰ ਤੁਸੀਂ ਦੇਣਾ ਇਹ ਸਾਰੇ ਬਚਨ ਕਰਨ ਤੋਂ ਬਾਅਦ ਫ਼ਤਹਿ ਬੁਲਾ ਕੇ ਮਾਤਾ ਜੀ ਸਚਖੰਡ ਪਯਾਨ ਕਰੇ। ਉਹਨਾਂ ਦਾ ਸਿਵਿਆ ਸ੍ਰੀ ਅਨੰਦਪੁਰ ਸਾਹਿਬ ਵਿਚ ਹੈ।

ਬੈਂਤ ਛੰਦ

1. ਮੌਤ ਅਟਲ ਅਟੱਲ ਹੈ ਜੱਗ ਅੰਦਰ,
ਜੀਊਣੀ ਮਾਰ ਵਿਚ ਕੁਲ ਸੰਸਾਰ ਬੈਠਾ।
2. ਮੌਤ ਟਲੀ ਨਾ ਪੀਰ ਪੈਗੰਬਰਾਂ ਤੋਂ,
ਮੂਸਾ ਕਰ ਵੀ ਜਤਨ ਹਜ਼ਾਰ ਬੈਠਾ।
3. ਰਾਜ ਛੱਡਿਆ ਜਿਨ੍ਹਾਂ ਵੀ ਨਾਲ ਧਾਵੇ,
ਰਾਵਣ ਦੇਖ ਲਉ ਮੌਤ ਨੂੰ ਹਾਰ ਬੈਠਾ।
4. ਸਾਰੀ ਵਰਨ ਜਾਣੀ ਤੁਰੇ ਜਾਣੀ ਛੱਡ ਮੇਲੇ,
ਕਾਲ ਉਹਨਾਂ ਨੂੰ ਰਾਹ ਵਿਚ ਮਾਰ ਬੈਠਾ।

5. ਮਾਤਾ ਜੀਤਾ ਜੀ ਕੁਝ ਅਰਜ ਕਰਨ ਲੱਗੀ,
ਕੋਲ ਉਸ ਦੇ ਸੀ ਸਾਰਾ ਪਰਿਵਾਰ ਬੈਠਾ।

6. ਜ਼ੋਰਾਵਰ ਤੇ ਫ਼ਤਹਿ ਸਿੰਘ ਇਕ ਪਾਸੇ,
ਦੂਜੇ ਪਾਸੇ ਸੀ ਅਜੀਤ ਜੁਝਾਰ ਬੈਠਾ।

7. ਸਾਹਿਬ ਕੌਰ ਤੇ ਸੁੰਦਰੀ ਕੋਲ ਦੋਵੇਂ,
ਮਾਲਕ ਪੰਥ ਦਾ ਕਲਗੀਧਰ ਬੈਠਾ।

8. ਪਿਆਰੇ ਪੰਜ ਨੇ ਗੁਰੂ ਦਸਮੇਸ਼ ਦੇ,
ਛੋਟਾ ਵੱਡਾ ਹੈ ਕੁਲ ਜਥੇਦਾਰ ਬੈਠਾ।

9. ਜੀਤਾ ਕਹਿਣ ਲੱਗੀ ਮਾਤਾ ਗੁਜਰੀ ਨੂੰ,
ਮਾਤਾ ਮੇਰੀ ਆਸਾ ਪਿਆਰ ਕਰ ਲੈ।

10. ਪਿਆਰੀ ਜਾਨ ਤੋਂ ਜਿਨ੍ਹਾਂ ਨੂੰ ਸਮਝਦੀ ਸਾਂ,
ਸਿੱਖੀ ਪ੍ਰੇਮ ਦੀ ਤੇਰੀ ਤਿਆਰ ਕਰ ਲੈ।

11. ਫੇਰ ਆਖਿਆ ਸਾਹਿਬ ਤੇ ਸੁੰਦਰੀ ਨੂੰ,
ਤੁਹਾਡੇ ਪੰਥ ਸੋ ਪੁੱਤਾਂ ਦੀ ਥਾਂ ਦੇਣੀ।

12. ਜ਼ੋਰਾਵਰ ਤੇ ਫ਼ਤਹਿ ਸਿੰਘ ਲਾਡਲੇ ਨੂੰ,
ਪਾਣ ਮਰੇ ਦੀ ਆਉਣ ਨਾ ਮੈਂ ਦੇਣੀ।

13. ਐਤ ਦੱਸਿਆ ਗੁਰਾਂ ਦੇ ਸੀਸ ਵਾਰੀ,
ਛਡੀਆਂ ਐਸ ਵੈਰਾਗ ਵਿਚ ਹੰਝੂ ਕਢੀਆਂ।

14. ਦੇਵੀ ਪਾਤਸ਼ਾਹ ਤੈਨੂੰ ਨੂੰ ਬਖ਼ਸ਼ ਦੇਣਾ,
ਤੂੰ ਲਾਂ ਦਾਸੀ ਨੂੰ ਅਜਿਹ ਕਹੀਆਂ।

ਸੈਦ ਖ਼ਾਂ
ਦੋਤਾਰਾ ਛੰਦ

1. ਲੱਗੀ ਅੱਗ ਐਸੇ ਜਾਣੀ ਕੁੜੀ ਦੇ ਵਿਚ ਕਹਿੰਦਾ।
ਲੱਗਾ ਕਰਨ ਬਕਵਾਸ ਸੁਣਿਆ ਜੇ ਅਨੰਦਪੁਰ ਵਿਚ ਰਹਿੰਦਾ।
ਮੁਗਲ ਰਾਜ ਦੇ ਦੁਸ਼ਮਣ ਲੱਗੇ ਫੌਜੀਆਂ ਭਗਤ ਖੜੇ।
ਕਲਗੀਧਰ ਗੁਰੂ ਗੋਬਿੰਦ ਸਿੰਘ ਪੇਸ਼ ਕਰੀ ਕਰ ਮੇਰੇ।

2. ਰੱਖ ਲਈਆਂ ਨੇ ਫੌਜਾਂ ਉਸ ਨੇ ਖੜਕਣ ਰੋਜ਼ ਨਗਾਰੇ।
ਕਹਿੰਦਾ ਰਾਜ ਖਾਲਸੇ ਕਰਨਾ ਸਾਨੂੰ ਪਿਆ ਵੰਗਾਰੇ।
ਬਾਈਧਾਰ ਦੇ ਰਾਜੇ ਉਸ ਤੋਂ ਹੋ ਗਏ ਦੁਖੀ ਘਨੇਰੇ।
ਕਲਗੀਧਰ ਗੁਰੂ ਗੋਬਿੰਦ ਸਿੰਘ ਪੇਸ਼ ਕਰੋ ਫੜ ਮੇਰੇ।

3. ਮੈਂ ਚਾਹੁੰਦਾ ਹਾਂ ਦੁਨੀਆਂ ਉੱਤੋਂ ਹਿੰਦ ਦਾ ਨਾਮ ਮਿਟਾਉਣਾ।
ਉਹ ਚਾਹੁੰਦਾ ਹੈ ਮੁਗਲ ਰਾਜ ਦੇ ਤਖਤੇ ਤਾਈਂ ਉਲਟਾਉਣਾ।
ਕਰਦੇ ਰਾਜ ਬਾਬਰੋਂ ਆਏ ਸਾਡੇ ਵੱਡੇ ਵਡੇਰੇ।
ਕਲਗੀਧਰ ਗੁਰੂ ਗੋਬਿੰਦ ਸਿੰਘ ਪੇਸ਼ ਕਰੋ ਫੜ ਮੇਰੇ।

4. ਬਾਈਧਾਰ ਦੇ ਰਾਜੇ ਸੁਣਿਆ ਕਈ ਹਾਰ ਗਏ ਜੰਗਾਂ।
ਹਾਥੀ ਘੋੜੇ ਸ਼ਸਤਰ ਰੱਖੇ ਉਸ ਦੇ ਕੋਲ ਨਿਹੰਗਾਂ।
ਰਾਜ ਕਰੇਗਾ ਖਾਲਸਾ ਨਾਅਰੇ ਲਾਉਂਦੇ ਸ਼ਾਮ ਸਵੇਰੇ।
ਕਲਗੀਧਰ ਗੁਰੂ ਗੋਬਿੰਦ ਸਿੰਘ ਪੇਸ਼ ਕਰੋ ਫੜ ਮੇਰੇ।

5. ਉਹਨੇ ਤੇਗ ਉਠਾਈ ਵੈਰੀ ਕਰਕੇ ਪੂਣ ਸਵਾਣੇ।
ਕਰਕੇ ਫਤਹਿ ਅਨੰਦਪੁਰ ਤਾਈਂ ਜਿੱਤ ਮੁੜੇ ਮੈਦਾਨੋਂ।
ਜੋ ਆਈ ਫੌਜ ਚੜ੍ਹਾਈ ਜਿੰਨੀ, ਖਾ ਆਈ ਹਾਰ ਘਨੇਰੇ।
ਕਲਗੀਧਰ ਗੁਰੂ ਗੋਬਿੰਦ ਸਿੰਘ ਪੇਸ਼ ਕਰੋ ਫੜ ਮੇਰੇ।

6. ਸੁਣਿਆ ਵਿਚ ਦਰਬਾਰ ਸੈਦ ਖਾਂ ਕਹਿੰਦਾ ਤੇਗ ਉਠਾ ਕੇ।
ਮੈਂ ਬੰਨ੍ਹਾਂਗਾ ਪੀਰ ਹਿੰਦ ਦਾ ਵਿਚ ਅਨੰਦਪੁਰ ਜਾ ਕੇ।
ਜਿੱਤ ਮੁੜੂ ਦਰਬਾਰ ਆਖਦਾ ਬੰਨ੍ਹ ਫਤਹਿ ਦੇ ਸਿਹਰੇ।
ਕਲਗੀਧਰ ਗੁਰੂ ਗੋਬਿੰਦ ਸਿੰਘ ਪੇਸ਼ ਕਰੋ ਫੜ ਮੇਰੇ।

ਦੋਤਾਰਾ ਛੰਦ

1. [illegible]
[illegible]
[illegible]
[illegible]

2. ਕਈ ਵਰ੍ਹੇ ਬੀਤ ਗਏ ਵੇ ਚੰਨ ਗਈ ਲੱਖਾਂ ਕਾਗ ਉਡਾ ਕੇ।
ਵਿਚ ਤੇਰੀਆਂ ਡੀਕਾਂ ਦੇ ਪੈਂਡੇ ਘਸੇ ਅੱਖੀਆਂ ਪਾ ਕੇ।
ਤੱਕ ਤੇਰੇ ਰਾਹਾਂ ਨੂੰ ਝੁਕੇ ਲੱਖ ਪਲਕਾਂ ਦੇ ਫੇਰੇ।
ਜੀ ਆਇਆਂ ਵੀਰਾ ਵੇ, ਚੜ੍ਹਿਆ ਚੰਨ ਭੈਣ ਦੇ ਵਿਹੜੇ।

3. ਜੰਗੀ ਜਰਨੈਲਾ ਵੇ ਕਿਹਾ ਤੂੰ ਵਿਚ ਜੰਗਾਂ ਦੇ ਜੂਝਾ।
ਮੈਂ ਸਦਕੇ ਰਾਹਾਂ ਦੇ ਜਿਨ੍ਹੀਂ ਰਾਹੀਂ ਅੱਜ ਤੂੰ ਪੁੱਜਾ।
ਦਿੱਲੀ ਦੇ ਹਾਕਮ ਨੇ ਕੀਤੀ ਲੰਮੀ ਜੇਲ੍ਹ ਮੁਕੇਰੇ।
ਜੀ ਆਇਆਂ ਵੀਰਾ ਵੇ, ਚੜ੍ਹਿਆ ਚੰਨ ਭੈਣ ਦੇ ਵਿਹੜੇ।

4. ਆ ਗਲ ਲੱਗ ਵੀਰਾ ਵੇ, ਪਾ ਦੇ ਠੰਡ ਭੈਣ ਦੇ ਸੀਨੇ।
ਜੁੱਗਾਂ ਤੋਂ ਲੰਮੇ ਵੇ ਬੀਤੇ ਤੇਰੇ ਬਿਨਾਂ ਮਹੀਨੇ।
ਲੱਖ ਸ਼ੁਕਰ ਹੈ ਅੱਲ੍ਹਾ ਦਾ ਮਾਰੇ ਅੱਜ ਖ਼ੁਸ਼ੀ ਦੇ ਗੇੜੇ।
ਜੀ ਆਇਆਂ ਵੀਰਾ ਵੇ, ਚੜ੍ਹਿਆ ਚੰਨ ਭੈਣ ਦੇ ਵਿਹੜੇ।

5. ਤੂੰ ਜੰਗ ਜਿੱਤ ਜੀਵੇਂ ਵੇ ਲੰਮੀ ਉਮਰ ਕਰੇ ਰੱਬ ਤੇਰੀ।
ਤੈਨੂੰ ਮਾਂ ਜਾਇਆ ਵੇ ਕਹਿੰਦੀ ਉਮਰ ਲੱਗ ਜਾਵੇ ਮੇਰੀ।
ਤੇਰੀ ਸੂਰਤ ਵੀਰੇ ਦੀ ਜਾਪੇ ਪੁੰਨਿਆ ਚੰਨ ਤਰੇੜੇ।
ਜੀ ਆਇਆਂ ਵੀਰਾ ਵੇ, ਚੜ੍ਹਿਆ ਚੰਨ ਭੈਣ ਦੇ ਵਿਹੜੇ।

6. ਜੱਗੋਂ ਤੇਰਾ ਅੱਗੇ ਵੇ ਮੈਂ ਤਾਂ ਕਿਤੇ ਕਰਾਂ ਦੁਆਵਾਂ।
ਖ਼ੁਸ਼ੀਆਂ ਵਿਚ ਵੱਸਦਾ ਰਹੁ ਤੈਨੂੰ ਲੱਗਣ ਨਾ ਤੱਤੀਆਂ ਹਵਾਵਾਂ।
ਕਹਿੰਦੇ ਹੱਸਦਾ ਵੱਸਦਾ ਵੇ ਤੇਰੇ ਦੁੱਖ ਨਾ ਆਵੇ ਨੇੜੇ।
ਜੀ ਆਇਆਂ ਵੀਰਾ ਵੇ, ਚੜ੍ਹਿਆ ਚੰਨ ਭੈਣ ਦੇ ਵਿਹੜੇ।

7. ਇਹ ਸ਼ਹਾਦਤ ਸ਼ਹਾਦਤ ਵੇ ਪੂਰੇ ਸਿਦਕ ਦੇਸ਼ ਦੁਆਰਾ।
ਜੋ ਕੇ ਜੰਗ ਵੈਰਾਂ ਨੂੰ ਸਿਦਕ ਨਾਲ ਦਿੱਤਾ ਮਾਰ ਨਕਾਰਾ।
ਕੌਮ ਦੇ ਜਰਨੈਲ ਸਿੰਘਾ ਅੱਜੇ ਵੀਰਾ ਨੂੰ ਭਿਜਵਾਏ ਵਿਹੜੇ।
ਜੀ ਆਇਆਂ ਵੀਰਾ ਵੇ, ਚੜ੍ਹਿਆ ਚੰਨ ਭੈਣ ਦੇ ਵਿਹੜੇ।

ਲੈਹਰੀਆ ਛੰਦ

1. ਮੁਖਿੰ ਆਖਦੀ ਨਸੀਰਾ ਸੁਣ ਵੀਰ ਵੇ।
ਤੇਰੇ ਨਾਲ ਮੇਰੀ ਦੁਨੀਆ ਦੀ ਸੀਰ ਵੇ।
ਐਵੇਂ ਛੱਡ ਨਾ ਕਮਾਨੋਂ ਬਿਨਾਂ ਤੀਰ ਵੇ।
ਸਭ ਦਿਲ ਚੋਂ ਮਿਟਾ ਦੇ ਵੀਰ ਹੋਰਾਂ ਵੇਰਾ ਨੂੰ।
ਟਿੱਡੀ ਦਲਾਂ ਨੇ ਵੀ ਜਿੱਤਣਾ ਬੱਬਰ ਸ਼ੇਰਾਂ ਨੂੰ।

2. ਮੌਕਾ ਲਾਇਆ ਸੀ ਗੁਰਾਂ ਨਾ ਭੀਮ ਚੰਦ ਵੇ।
ਵਾਰੇ ਆਪਣੇ ਮੈਂ ਦੇਵੇਂ ਫਰਜੰਦ ਵੇ।
ਖੱਟੇ ਕੀਤੇ ਸੀ ਪਹਾੜੀਆਂ ਦੇ ਦੰਦ ਵੇ।
ਹਰੀ ਚੰਦ ਤਾਈਂ ਗੁਰਾਂ ਮਾਰਿਆ ਵੰਗਾਰ ਕੇ।
ਐਵੇਂ ਵੱਡੇ ਵੱਡੇ ਮੁੜੇ ਨੇ ਗੁਰਾਂ ਤੋਂ ਹਾਰ ਕੇ।

3. ਜਦੋਂ ਰੁਸਤਮ ਨੇ ਕੀਤੀ ਸੀ ਚੜ੍ਹਾਈ ਵੇ।
ਬੜੀ ਅੱਤ ਉਹਦੀ ਫੌਜ ਨੇ ਸੀ ਚਾਈ ਵੇ।
ਐਸੀ ਫੌਜ ਗੁਰੂ ਸਾਹਿਬ ਨੇ ਭਜਾਈ ਵੇ।
ਛੱਡ ਤੋਪ ਭਾਗਾਂ ਲਿਆ ਆਣ ਕੇ ਘਟੇਰਾ ਨੂੰ।
ਟਿੱਡੀ ਦਲਾਂ ਨੇ ਵੀ ਜਿੱਤਣਾ ਬੱਬਰ ਸ਼ੇਰਾਂ ਨੂੰ।

4. ਪਾਈਂਦਾਖਾਨੀਏ ਬੱਦਲ ਵਾਂਗੂੰ ਚੜ੍ਹੇ ਵੇ।
ਫੌਜੀ ਚੌਕਦੀ ਵਰਨ ਜੈਸੇ ਕੜੇ ਵੇ।
ਸਿੰਘ ਡੱਟ ਕੇ ਮੈਦਾਨ ਵਿਚ ਲੜੇ ਵੇ।
ਆਲਮ ਚੰਦ ਤੇ ਬਾਕੀ ਚੰਦ ਛੱਡੇ ਮਾਰ ਕੇ।
ਐਵੇਂ ਵੱਡੇ ਵੱਡੇ ਮੁੜੇ ਨੇ ਗੁਰਾਂ ਤੋਂ ਹਾਰ ਕੇ।

5. ਪੈਂਦੇ ਖਾਨ ਅਤੇ ਚੜ੍ਹੇ ਦੀਨਾ ਬੇਗ ਵੇ।
ਬੜੀ ਚਲੀ ਸੀ ਮੈਦਾਨ ਵਿਚ ਤੇਗ ਵੇ।
ਪੈਂਦੇ ਖਾਨ ਨੂੰ ਗੁਰਾਂ ਨੇ ਲਿਆ ਡੇਗ ਵੇ।
ਇਕ ਸਿੰਘ ਨੇ ਵੰਗਾਰਿਆ ਸੀ ਤੇਰਾਂ ਤੇਰਾਂ ਨੂੰ।
ਟਿੱਡੀ ਦਲਾਂ ਨੇ ਵੀ ਜਿੱਤਣਾ ਬੱਬਰ ਸ਼ੇਰਾਂ ਨੂੰ।



6. ਫੇਰ ਹਾਥੀ ਸੀ ਲਿਆਂਦਾ ਪਹਾੜੀਆਂ।
ਡਾਂਗਾਂ ਬਰਛੀਆਂ ਸੀ ਕੇਸਰੀ ਨੇ ਮਾਰੀਆਂ।
ਸਿੰਘਾਂ ਸੂਰਿਆਂ ਨੇ ਕੀਤੀਆਂ ਤਿਆਰੀਆਂ।
ਭਾਈ ਨਾਗਣੀ ਬਚਿੱਤਰ ਸਿੰਘ ਬਲ ਧਾਰ ਕੇ।
ਐਵੇਂ ਰੱਬ ਰੱਬ ਮੁੜੇ ਨੇ ਗੁਰਾਂ ਤੋਂ ਹਾਰ ਕੇ।

7. ਉਦੇ ਸਿੰਘ ਸੀ ਕੇਸਰੀ ਨੂੰ ਵੱਢਿਆ।
ਝੰਡਾ ਜਿੱਤ ਦਾ ਗੁਰਾਂ ਨੇ ਉਥੇ ਗੱਡਿਆ।
ਜਿਹੜਾ ਅੜਿਆ ਸਿੰਘਾਂ ਨੇ ਵਢ ਛੱਡਿਆ।
ਗੁਰਾਂ ਦੇਖ ਦਿੱਤਾ ਥਾਪੜਾ ਵੀਰਿਆਂ ਹਠੀਲਿਆਂ ਦਾ।
ਟਿੱਡੀ ਦਲਾਂ ਨੇ ਕੀ ਜਿੱਤਣਾ ਐਸੇ ਸ਼ੇਰਾਂ ਨੂੰ।

8. ਤੈਨੂੰ ਵਾਰ ਵਾਰ ਭੈਣ ਸਮਝਾਉਂਦੀ ਏ।
ਹੱਥ ਜੋੜ ਜੋੜ ਵਾਸਤੇ ਹੈ ਪਾਉਂਦੀ ਏ।
ਔਖੀ ਘੜੀ ਨਾ ਕਰੇ ਕੀ ਹੱਥ ਆਉਂਦੀ ਏ।
ਗੱਲ ਕਰੀ ਸਤਗੁਰਾਂ ਸਿਖਦਾ ਵਿਚਾਰ ਕੇ।
ਐਵੇਂ ਰੱਬ ਰੱਬ ਮੁੜੇ ਨੇ ਗੁਰਾਂ ਤੋਂ ਹਾਰ ਕੇ।

ਪਉੜੀ ਛੰਦ

1. ਸਿੱਖਾਂ ਵੇਖ ਕੇ ਆਖਿਆ, ਗੱਲ ਸੁਣ ਲੈ ਮਾਤਾ।
ਇਥੇ ਖੇਡ ਨਾ ਚਲਣੀ, ਛੱਡਿਆ ਚਲਾਕਾ।
ਨਾਲ ਪਹਾੜਾਂ ਟਿੱਡੀ ਦੇ ਲੈਂਦੀ ਕਿਉਂ ਪੰਗਾ।
ਪਿੱਛੇ ਮੁੜ ਜਾ ਸਿਰ ਤੇ ਜੇ ਹਟ ਜਾਏਗਾ ਡੰਡਾ।

2. ਮੈਂ ਵੀ ਤੇਰੇ ਵਾਂਗ ਸੀ ਕਰੋ ਚੜ੍ਹ ਕੇ ਆਇਆ।
ਬਾਜਾਂ ਵਾਲੇ ਗੁਰੂ ਦਾ ਜਾ ਦਰਸ਼ਨ ਪਾਇਆ।
ਤਪਦਾ ਵਾਂਗ ਤੰਦੂਰ ਦੇ ਮਨ ਹੋ ਗਿਆ ਠੰਡਾ।
ਪਿੱਛੇ ਮੁੜ ਜਾ ਸਿਰ ਤੇ ਜੇ ਹਟ ਜਾਏਗਾ ਡੰਡਾ।

3. ਜਿਸ ਨੂੰ ਕਾਫ਼ਰ ਆਖਦਾ ਉਹ ਪੀਰ ਔਲੀਆ।
ਐਸੀ ਕਰਾਮਾਤ ਕੀਤੀਆਂ ਹੈ ਨਹੀਂ ਤਰੀਕਾ।
ਮਨ ਨੂੰ ਲੀਕਾਂ ਹੱਥ ਕੇ ਨਾਹਰੀਆ ਡੰਡਾ।


ਪਿੱਛੇ ਮੁੜ ਜਾ ਸੈਦ ਖ਼ਾਂ ਰਹਿ ਜਾਏਂਗਾ ਚੰਗਾ।

4. ਕਾਫਰ ਔਰੰਗਜ਼ੇਬ ਤੋਂ ਕੋਈ ਵੱਧ ਨਹੀਂ ਪਾਪੀ।
ਜਿਸ ਨੇ ਤੈਨੂੰ ਤੋਰਿਆ ਦੇ ਕੇ ਕੰਡ ਤੇ ਥਾਪੀ।
ਜਿੱਤਣਾ ਆਖਰ ਸੱਚ ਨੇ ਹਾਰੇਂਗਾ ਜੰਗਾ।
ਪਿੱਛੇ ਮੁੜ ਜਾ ਸੈਦ ਖ਼ਾਂ ਰਹਿ ਜਾਏਂਗਾ ਚੰਗਾ।

5. ਐਥੇ ਵੀ ਕਈ ਆਏ ਨੇ ਨੰਦਪੁਰ ਤੇ ਚੜ੍ਹ ਕੇ।
ਵੱਡੇ ਵੱਡੇ ਹਾਰ ਗਏ ਜਦ ਗੁਰਾਂ ਤੇ ਲੜ ਕੇ।
ਕਈ ਹੰਕਾਰੀ ਤੁਰ ਗਏ ਕਰਵਾ ਕੇ ਦੰਗਾ।
ਪਿੱਛੇ ਮੁੜ ਜਾ ਸੈਦ ਖ਼ਾਂ ਰਹਿ ਜਾਏਂਗਾ ਚੰਗਾ।

6. ਜੇਕਰ ਸ਼ੌਕ ਹੈ ਯੁੱਧ ਦਾ ਫਿਰ ਐਥੇ ਆਈਏ।
ਆਪਾਂ ਦੋਵੇਂ ਸੈਦ ਖ਼ਾਂ ਬਲ ਨੂੰ ਅਜ਼ਮਾਈਏ।
ਸ਼ਮ੍ਹਾਂ ਮੱਚਦੀ ਵੇਖ ਕੇ ਨਾ ਮੁੜੇ ਪਤੰਗਾ।
ਪਿੱਛੇ ਮੁੜ ਜਾ ਸੈਦ ਖ਼ਾਂ ਰਹਿ ਜਾਏਂਗਾ ਚੰਗਾ।

ਸ਼ਾਹੀ ਅਫ਼ਸਰਾਂ ਦੀ ਰਿਪੋਰਟ ਦੇ ਨਾਲ ਹੀ ਪਹਾੜੀ ਰਾਜਿਆਂ ਵਲੋਂ ਦਰਖ਼ਾਸਤ ਲੈ ਕੇ ਉਹਨਾਂ ਦੇ ਨੁਮਾਇੰਦੇ ਵੀ ਬਾਦਸ਼ਾਹ ਦੇ ਕੋਲ ਪਹੁੰਚੇ। ਰਾਜਿਆਂ ਤੇ ਸ਼ਾਹੀ ਅਫ਼ਸਰਾਂ ਵਲੋਂ ਵਧਾ ਚੜ੍ਹਾ ਕੇ ਗੱਲਾਂ ਲਿਖੀਆਂ ਗਈਆਂ। ਹੁਣ ਫਿਰ ਬਾਦਸ਼ਾਹ ਨੇ ਦਿੱਲੀ ਤੇ ਸਰਹਿੰਦ ਤੇ ਲਾਹੌਰ ਆਦਿ ਦੇ ਸੂਬੇਦਾਰਾਂ ਨੂੰ ਸਖ਼ਤ ਹੁਕਮ ਭੇਜਿਆ ਕਿ ਉਹ ਸਾਰੀ ਤਾਕਤ ਲਾ ਕੇ ਅਨੰਦਪੁਰ ਸਾਹਿਬ ਨੂੰ ਖ਼ਤਮ ਕਰ ਦੇਣ। ਦਿੱਲੀ ਦੇ ਸੂਬੇਦਾਰ ਨੇ ਐਥੋਂ ਹੁਕਮ ਭੇਜ ਦਿੱਤੇ। ਵਜ਼ੀਰ ਖ਼ਾਂ ਸਰਹਿੰਦ ਦਾ ਸੂਬੇਦਾਰ ਤੇ ਜ਼ਬਰਦਸਤ ਖ਼ਾਂ ਲਾਹੌਰ ਦਾ ਸੂਬੇਦਾਰ ਆਪਣੀ ਆਪਣੀ ਸਾਰੀ ਤਾਕਤ ਲੈ ਕੇ ਅਨੰਦਪੁਰ ਸਾਹਿਬ ਨੂੰ ਤੁਰ ਪਏ। ਇਹ ਦੋਵੇਂ ਰੋਪੜ ਆ ਕੇ ਇਕੱਠੇ ਹੋਏ। ਇਥੇ ਹੀ ਉਹਨਾਂ ਨਾਲ ਪਹਾੜੀ ਰਾਜੇ ਅਜਮੇਰ ਚੰਦ ਬਿਲਾਸਪੁਰ, ਘਮੰਡ ਚੰਦ ਕਾਂਗੜਾ, ਬੀਰ ਸਿੰਘ ਜਸਵਾਲ ਕੁੱਲੂ, ਮੰਡੀ, ਚੰਬਾ, ਨੂਰਪੁਰ, ਕੈਂਥਲ, ਗੁਲੇਰ, ਸ੍ਰੀਨਗਰ, ਬਿਜਰਵਾਲ, ਡਡਵਾਲ ਆਦਿ ਰਾਜੇ ਆਪਣੀਆਂ ਫੌਜਾਂ ਲੈ ਕੇ ਆਣ ਮਿਲੇ। ਇਲਾਕੇ ਦੇ ਰੰਘੜ, ਗੁੱਜਰ ਤੇ ਹੋਰ ਮੁਸਲਮਾਨ ਵੀ ਸ਼ਾਮਲ ਹੋਏ। ਸਾਰੀ ਮੁਹਿੰਮ ਦੀ ਜ਼ਿੰਮੇਵਾਰੀ ਵਜ਼ੀਰ ਖ਼ਾਨ ਸੂਬੇ ਸਰਹਿੰਦ ਨੂੰ ਸੌਂਪੀ ਗਈ। ਉਹਨੇ ਇਸ ਫੌਜ ਨੂੰ ਅਗਾਊਂ ਤਨਖ਼ਾਹ ਦੇ ਕੇ ਬਹੁਤ ਸਾਰੇ ਗਾਜ਼ੀ ਇਕੱਠੇ ਕਰ ਲਏ। ਗਾਜ਼ੀਆਂ ਦੀ ਗਿਣਤੀ ਕੁਲ ਮਿਲਾ ਕੇ ਦਸ ਲੱਖ ਤੋਂ ਵਧੇਰੇ ਹੋ ਗਈ। ਇਸ ਮਾਰੂ ਮੁਹਿੰਮ ਦੀਆਂ ਖ਼ਬਰਾਂ ਸਾਰੇ ਪੰਜਾਬ ਵਿਚ ਫੈਲ ਗਈਆਂ। ਸਿੰਘ ਵੀ ਹਾੜੀ ਦੀ ਫ਼ਸਲ ਸੰਭਾਲ ਕੇ ਅਨੰਦਪੁਰ ਸਾਹਿਬ ਨੂੰ ਤੁਰ ਪਏ। ਇਹ ਵਿਸ਼ਵਾਸ ਆਮ ਸੀ ਕਿ ਲੜਾਈ ਫ਼ੈਸਲਾ ਕਰਕੇ ਖ਼ਤਮ ਹੋਵੇਗੀ। ਉਹ ਸਿੰਘ ਅਨੰਦਪੁਰ ਸਾਹਿਬ ਆਏ, ਜਿਨ੍ਹਾਂ ਨੇ



ਆਪਣੇ ਆਪ ਨੂੰ ਸ਼ਹੀਦੀ ਵਾਸਤੇ ਤਿਆਰ ਕਰ ਲਿਆ। ਲੜਾਈ ਅੰਤ ਹੋਣ ਵੇਲੇ ਸਿੰਘਾਂ ਦੀ ਗਿਣਤੀ ਮਸਾਂ ਦਸ ਹਜ਼ਾਰ ਸੀ। ਦੁਸ਼ਮਣ ਬਾਰੇ ਖ਼ਬਰਾਂ ਗੁਰੂ ਜੀ ਨੂੰ ਮਿਲ ਰਹੀਆਂ ਸਨ। ਹਜ਼ੂਰ ਪਾਤਸ਼ਾਹ ਜੀ ਨੂੰ ਜਿੰਨਾ ਸਮਾਂ ਮਿਲਿਆ, ਉਹ ਤਿਆਰੀ ਵਿਚ ਲਾਇਆ।

22 ਜੇਠ 1761 ਬਿ. ਨੂੰ ਇਹ ਲੜਾਈ ਅਰੰਭ ਹੋਈ। ਇਹ ਲੜਾਈ ਏਨੀ ਲੰਮੀ ਹੋ ਗਈ ਕਿ ਅੱਠ ਮਹੀਨੇ ਬੀਤ ਗਏ। ਗਰਮੀ ਤੋਂ ਲੈ ਕੇ ਅੰਤ ਸਰਦੀ ਦੇ ਦਿਨ ਆ ਗਏ। ਕਈ ਸਿੰਘ ਬੇਦਾਵਾ ਦੇ ਕੇ ਸਤਿਗੁਰੂ ਦਾ ਸਾਥ ਛੱਡ ਗਏ। ਘੇਰਾ ਏਨਾ ਕਰੜਾ ਸੀ ਕਿ ਵੈਰੀ ਬਾਹਰੋਂ ਕੋਈ ਵੀ ਚੀਜ਼ ਅੰਦਰ ਨਹੀਂ ਸੀ ਜਾਣ ਦੇਂਦੇ। ਅੰਦਰ ਖਾਣ ਪੀਣ ਵਾਲੀਆਂ ਵਸਤਾਂ ਖ਼ਤਮ ਹੋ ਗਈਆਂ। ਕੀਮਤੀ ਤੋਂ ਕੀਮਤੀ ਜਾਨਵਰ ਪ੍ਰਸਾਦੀ ਹਾਥੀ ਵਰਗੇ ਭੁੱਖ ਨਾਲ ਮਰ ਗਏ। ਲੋਹਾ ਦਲ ਸ਼ਿੰਗਾਰ ਵੀ ਭੁੱਖ ਕਾਰਨ ਆਪਣੇ ਪ੍ਰਾਣ ਤਿਆਗ ਗਿਆ। ਜਿਥੇ ਜਾਨਵਰ ਭੁੱਖ ਨਾਲ ਮਰ ਗਏ ਹੋਣ ਉਥੇ ਮਨੁੱਖ ਕਿੰਨਾ ਚਿਰ ਜੀਅ ਸਕਦਾ ਸੀ। ਅੰਦਰ ਬੰਦ ਸੋਮਾ ਪਾਣੀ ਦਾ ਛੁਟਿਆ ਸੀ। ਜਿਸ ਨਾਲੇ ਤੋਂ ਅਨੰਦਪੁਰ ਵਾਸਤੇ ਪਾਣੀ ਆਉਂਦਾ ਸੀ ਉਹ ਵੀ ਵੈਰੀ ਨੇ ਕਬਜ਼ਾ ਕਰ ਲਿਆ। ਕੁਝ ਸਿੰਘਾਂ ਦੇ ਜਥੇ ਵੈਰੀ ਨਾਲ ਲੜਦੇ ਲੜਦੇ ਤੇ ਪਾਣੀ ਭਰ ਕੇ ਲੈ ਜਾਂਦੇ। ਉਸ ਵਕਤ ਦੇ ਸਾਰੇ ਹਾਲ ਨੂੰ ਇਵੇਂ ਬਿਆਨ ਕੀਤਾ ਗਿਆ।

ਲੈਹਰੀਆ ਛੰਦ

1. ਘੇਰਾ ਪੈ ਗਿਆ ਸੀ ਕਿਲ੍ਹੇ ਦੇ ਦੁਆਲੇ ਜੀ।
ਭੁੱਖੇ ਸਿੰਘ ਬੈਠੇ ਕਿਲ੍ਹੇ ਦੇ ਵਿਚਾਲੇ ਜੀ।
ਝੱਲੇ ਦੁੱਖ ਸਿੰਘਾਂ ਮੁਸ਼ਕਿਲਾਂ ਦੇ ਝਾਲੇ ਜੀ।
ਹਾਲ ਦੱਸਿਆ ਨੀ ਜਾਂਦਾ ਵਾਸੀਆਂ ਦੇ ਦੁੱਖ ਦਾ।
ਬੈਠੇ ਮੱਲ ਕੇ ਮੋਰਚਾ ਵੈਰੀ ਅਨੰਦਪੁਰ ਦਾ।

2. ਹੋਈਆਂ ਰਸਦਾਂ ਵੀ ਆਉਣੋਂ ਸਾਰੇ ਬੰਦ ਜੀ।
ਰਹੇ ਪਿੰਡਾਂ ਵਿਚ ਜਾਣ ਤੋਂ ਮਲੰਗ ਜੀ।
ਲੈਂਦੇ ਬੰਦਿਆਂ ਦੇ ਘੇਰੇ ਆ ਜਾਂਦੇ ਤੰਗ ਜੀ।
ਘੋੜੇ ਘੋੜੇ ਗਏ ਸੀ ਕਿਲ੍ਹੇ ਦੇ ਵਿਚਾਲ ਭੁੱਖੇ।
ਜੀਣੇ ਰੋਟੀ-ਰੋਟੀ ਭੁੱਖ ਦੇ ਵਿਚਾਲ ਭੁੱਖੇ।

3. ਸਭ ਹਾਲਤਾਂ ਸਿੰਘਾਂ ਤੇ ਗਈਆਂ ਮੁੱਕ ਜੀ।
ਭੁੱਖ ਮਰਦਿਆਂ ਸਰੂਪ ਗਏ ਸੁੱਕ ਜੀ।
ਭੁੱਖੀ ਮੌਤ ਤੋਂ ਡਰੇ ਕਚਹਿਰਾ ਭੁੱਖ ਜੀ।
ਲਾਂਬਾ ਕੀਮਤੀ ਸਮਾਨ ਮਿੱਟੀ ਵਿਚ ਰੁਲਦਾ।
ਬੈਠੇ ਮੱਲ ਕੇ ਮੋਰਚਾ ਵੈਰੀ ਅਨੰਦਪੁਰ ਦਾ।

4. ਕੁਝ ਮਰ ਗਏ ਸਿੰਘਾਂ ਦੇ ਬਹੁਤੇ ਹਾਥੀ ਜੀ।
ਨਾਲੇ ਕੀਮਤੀ ਅਸਾਮ ਵਾਲੇ ਹਾਥੀ ਜੀ।
ਦੂਨੀ ਚੰਦ ਜਿਹੇ ਭਗੌੜੇ ਹੋ ਗਏ ਸਾਥੀ ਜੀ।
ਹੌਲ ਔਖੀ ਵੇਲੇ ਕਰ ਗਏ ਸਵਾਲ ਸੂਰਮੇ।
ਕੀਤੇ ਵੱਡੇ-ਵੱਡੇ ਜੁੱਧ ਨੇ ਨਿਢਾਲ ਸੂਰਮੇ।

5. ਕਦੇ ਰਾਤ ਵੇਲੇ ਸਿੰਘ ਜਾਂਦੇ ਉਠ ਕੇ।
ਪੈਂਦੇ ਵੈਰੀਆਂ ਦੀ ਫੌਜ ਉੱਤੇ ਟੁੱਟ ਕੇ।
ਦਾਣਾ ਪਾਣੀ ਤੇ ਲਿਆਉਂਦੇ ਸਿੰਘ ਲੁੱਟ ਕੇ।
ਉਹਨੂੰ ਵੇਖ ਕੇ ਵਜ਼ੀਰ ਖ਼ਾਨ ਬਹੁਤ ਝੂਰਦਾ।
ਬੈਠੇ ਮੱਲ ਕੇ ਚੁਫੇਰਾ ਵੈਰੀ ਅਨੰਦਪੁਰ ਦਾ।

6. ਐਨ ਦਿਨਾਂ ਸੀ ਲੰਘਾਏ ਕੁੱਲ ਚੰਦ ਜੀ।
ਕੁਝ ਸੂਰਮੇਂ ਕਰਨ ਨਿੱਤ ਜੰਗ ਜੀ।
ਜਿੱਤੀ ਭੁਨ ਨਾਂ ਪਰਤ ਸਿੰਘਾਂ ਤੰਗ ਜੀ।
ਦੁੱਖ ਝੱਲ ਗਏ ਸੀ ਉਦੋਂ ਬੇਮਿਸਾਲ ਸੂਰਮੇ।
ਕੀਤੇ ਵੱਡੇ-ਵੱਡੇ ਜੁੱਧ ਨੇ ਨਿਢਾਲ ਸੂਰਮੇ।

7. ਘੇਰਾ ਪਏ ਨੂੰ ਮਹੀਨੇ ਹੋ ਗਏ ਸੱਤ ਜੀ।
ਕੁਝ ਸੂਰਮੇ ਸੰਭਾਉਂਦੇ ਨਿੱਤ ਭੇਟ ਜੀ।
ਰਤਾ ਘਟੀ ਨਾ ਸ਼ਹੀਦ ਵਿਚ ਰੱਤ ਜੀ।
ਹੋ ਗਏ ਜਿਊਂਦਿਆਂ ਜੂਝ ਕੇ ਸ਼ਹੀਦ ਸੂਰਮਾ।
ਬੈਠੇ ਮੱਲ ਕੇ ਚੁਫੇਰਾ ਵੈਰੀ ਅਨੰਦਪੁਰ ਦਾ।

8. ਭਾਵੇਂ ਵੈਰੀ ਨਿੱਤ ਚਿੱਠੀਆਂ ਪਠਾਉਂਦਾ ਜੀ।
ਸਿੰਘ ਪੜ੍ਹ ਕੇ ਤੇ ਗੁਰਾਂ ਨੂੰ ਸੁਣਾਉਂਦੇ ਜੀ।
ਕਿਲ੍ਹਾ ਛੱਡਣਾ ਪਊ ਸਿੰਘ ਚਾਹੁੰਦੇ ਜੀ।
ਮਹਾਂ ਸਿੰਘ ਜਿਹੇ ਹੋ ਗਏ ਗੁਰਾਂ ਦੇ ਖ਼ਿਲਾਫ਼ ਸੂਰਮੇ।
ਕੀਤੇ ਵੱਡੇ-ਵੱਡੇ ਜੁੱਧ ਨੇ ਨਿਢਾਲ ਸੂਰਮੇ।

ਜਿੱਥੇ ਇਕ ਪਾਸੇ ਗੁਰੂ ਦੇ ਸਿੰਘ ਏਨੀ ਭੁੱਖ ਤੇ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਸਨ ਉੱਥੇ ਦੂਜੇ ਪਾਸੇ ਵੈਰੀ ਦਲ ਵੀ ਲੰਮਾ ਸਮਾਂ ਘੇਰਾ ਪਾਉਣ ਕਾਰਨ ਅੱਕ ਚੁੱਕਾ ਸੀ। ਬਾਦਸ਼ਾਹ ਵੱਲੋਂ ਸਮੇਂ ਤੋਂ ਸਮੇਂ ਫੁਰਮਾਨ ਆ ਰਹੇ ਸੀ ਕਿ ਕੀ ਕਾਰਨ ਇਹ ਮੁਹਿੰਮ ਛੇਤੀ ਕਿਉਂ ਨਹੀਂ

ਹੋ ਗਈ। ਫੌਜਾਂ ਦੇ ਜਰਨੈਲ ਵੀ ਸੋਚ ਰਹੇ ਸੀ ਕਿ ਕਿਸ ਤਰ੍ਹਾਂ ਅਸੀ ਕਾਮਯਾਬ ਹੋਈਏ।

ਆਖਰ ਇਨ੍ਹਾਂ ਮੁਗਲ ਜਰਨੈਲਾਂ ਤੇ ਪਹਾੜੀਆਂ ਰਾਜਿਆਂ ਨੇ ਇਕ ਚਿੱਠੀ ਗੁਰੂ ਜੀ ਵੱਲ ਲਿਖੀ। ਜਿਸ ਵਿਚ ਮੁਗਲ ਜਰਨੈਲਾਂ ਨੇ ਕੁਰਾਨ ਦੀ ਕਸਮ ਖਾਧੀ ਤੇ ਪਹਾੜੀ ਰਾਜਿਆਂ ਨੇ ਆਟੇ ਦੀ ਗਊ ਬਣਾ ਕੇ ਆਪਣੇ ਪ੍ਰੋਹਤ ਨੂੰ ਦੇ ਕੇ ਸਤਿਗੁਰੂ ਦੇ ਕੋਲ ਭੇਜਿਆ ਕਿ ਤੁਸੀਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰ ਕੇ ਚਲੇ ਜਾਉ। ਤੁਹਾਡੇ ਤੇ ਹਮਲਾ ਨਹੀਂ ਕਰਾਂਗੇ। ਲਿਖਿ ਪਏ ਹੈ:

ਪਉੜੀ ਛੰਦ

1. ਬਾਹਰੋਂ ਲਿਖਿਆ ਰਾਜਿਆਂ ਦਸਵੇਂ ਗੁਰ ਤਾਂਈ।
ਜਿੰਦ ਕਰਕੇ ਦੀ ਧਿਰਾਂ ਨੇ ਦੁੱਖ ਬਹੁਤੇ ਸਹੇ।
ਔਖੇ ਦੋਹਾਂ ਧਿਰਾਂ ਨੇ ਬੜੀ ਫੌਜ ਮਰਾ ਲਈ।
ਛੇਤੀ ਕਰ ਦਿਓ ਗੁਰੂ ਜੀ ਅਨੰਦਪੁਰ ਨੂੰ ਖਾਲੀ।

2. ਖਾਲੀ ਕਿਲ੍ਹਾ ਕਰਾ ਕੇ ਛੇਤੀ ਮੁੜ ਜਾਈਏ।
ਸਾਨੂੰ ਕਸਮ ਕੁਰਾਨ ਦੀ ਜੇ ਪਿੱਛੇ ਧਾਈਏ।
ਖੁਦ ਤਾਂ ਔਰੰਗਜ਼ੇਬ ਨੇ ਹੈ ਕਸਮ ਉਠਾ ਲਈ।
ਛੇਤੀ ਕਰ ਦਿਓ ਗੁਰੂ ਜੀ ਅਨੰਦਪੁਰ ਨੂੰ ਖਾਲੀ।

3. ਜਿੱਥੇ ਮਰਜ਼ੀ ਚਲੇ ਜਾ ਸਭ ਛੁੱਟਾ ਤੁਸਾਨੂੰ।
ਬਖਸ਼ ਦੇਵੇਗੇ ਆਸ ਹੈ ਸਭ ਭੁੱਲਾ ਸਾਨੂੰ।
ਸਾਟ ਮੈਦਾਨੇ [illegible] [illegible] ਅਕਾਲੀ।
ਛੇਤੀ ਕਰ ਦਿਓ ਗੁਰੂ ਜੀ ਅਨੰਦਪੁਰ ਨੂੰ ਖਾਲੀ।

4. ਦੂਜ ਨਾ ਕੁਝ ਵੀ ਕਹਿਣਗੇ ਬਾਦਸ਼ਾਹ ਦੇ ਬੰਦੇ।
ਜਿਹੜੇ ਚੜ੍ਹੇ ਫਿਰਨ ਤੇ ਕਰਦੇ [illegible] ਧੰਦੇ।
ਦੂਜ ਤੁਹਾਡੇ ਸਾਹਮਣੇ ਉਹ ਪੇਸ਼ ਕਰਾ ਲਈ।
ਛੇਤੀ ਕਰ ਦਿਓ ਗੁਰੂ ਜੀ ਅਨੰਦਪੁਰ ਨੂੰ ਖਾਲੀ।

5. ਫਿਰ ਤੂੰ ਵਾਇਦਿਆਂ ਜੋੜ ਦਾ ਹੈ ਬਹੁਤ ਝਮੇਲਾ।
ਬਾਦਸ਼ਾਹ ਦੇ ਪੱਤੇ ਦੀ ਇਕ ਫਿਰਾ ਨਾ ਦੇਖਾ।
ਸਾਰੇ ਪਾਸੇ ਜੋਰ ਦਿਸ ਛ ਗਈ ਕੰਗਾਲੀ।
ਛੇਤੀ ਕਰ ਦਿਓ ਗੁਰੂ ਜੀ ਅਨੰਦਪੁਰ ਨੂੰ ਖਾਲੀ।

6. ਗਊ ਬਣਾ ਕੇ ਆਟੇ ਦੀ ਥਾਲੀ ਵਿਚ ਟਿਕਾ ਦੇ।
ਕਸਮ ਏਸ ਦੀ ਗੁਰੂ ਜੀ ਸਭ ਰਾਜੇ ਖਾਂਦੇ।
ਫੌਜਾਂ ਮੁੜ ਜਾਣ ਦਿੱਲੀ ਨੂੰ ਚਿੰਦ ਹੋਏ ਸੁਖਾਲੀ।
ਛੇਤੀ ਕਰ ਦਿਓ ਗੁਰੂ ਜੀ ਅਨੰਦਪੁਰ ਨੂੰ ਖਾਲੀ।

7. ਪਰਮਾ ਪੰਡਤ ਕੁਰਾਂ ਪਾਸ ਖਾਂਦਾ ਕਸਮਾਂ।
ਉਧਰ ਜਾਣੀ ਜਾਣ ਹੋ ਸਮਝੋ ਗੁਰ ਦਸਮਾਂ।
ਮੇਜਰ ਤੇ ਜਰਨੈਲ ਹੋ ਰਾਉਂਦੇ ਟਕਸਾਲੀ।
ਛੇਤੀ ਕਰ ਦਿਓ ਗੁਰੂ ਜੀ ਅਨੰਦਪੁਰ ਨੂੰ ਖਾਲੀ।

ਚਿੱਠੀ ਲੈ ਕੇ ਇਕ ਪੰਡਤ ਤੇ ਇਕ ਸੱਯਦ ਆਏ। ਪੰਡਤ ਕੋਲ ਇਕ ਥਾਲ ਵਿਚ ਆਟੇ ਦੀ ਗਊ ਤੇ ਸਾਲਗ੍ਰਾਮ ਰੱਖਿਆ ਹੋਇਆ ਸੀ ਤੇ ਸੱਯਦ ਕੋਲ ਕੁਰਾਨ ਸ਼ਰੀਫ਼ ਸੀ। ਦੋਹਾਂ ਨੇ ਕਸਮਾਂ ਖਾ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਾਡੇ ਸ਼ਾਹੀ ਦਰਬਾਰ ਦਾ ਸਵਾਲ ਹੈ। ਆਪ ਸਾਡੀ ਬੇਨਤੀ ਮੰਨ ਲਓ। ਸ਼ਾਹੀ ਜਰਨੈਲਾਂ ਤੇ ਰਾਜਿਆਂ ਦੀ ਇੱਜ਼ਤ ਬਚ ਜਾਵੇਗੀ। ਸੱਯਦ ਤੇ ਪੰਡਤ ਵਾਪਸ ਚਲੇ ਗਏ। ਪਿੱਛੋਂ ਸਿੰਘਾਂ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਇਸ ਦੁੱਖ ਤੇ ਭੁੱਖ ਵਿਚ ਮਰਨ ਨਾਲੋਂ ਅਨੰਦਪੁਰ ਛੱਡ ਦੇਣਾ ਚਾਹੀਦਾ ਹੈ। ਮਹਾਰਾਜ ਨੇ ਸਾਰਿਆਂ ਨੂੰ ਸੰਬੋਧਨ ਕਰਕੇ ਕਿਹਾ ਕਿ "ਵੈਰੀ ਦੀ ਏਸੇ ਵਿਚ ਚਾਲ ਹੈ। ਉਹ ਸਾਨੂੰ ਕਿਲ੍ਹਿਆਂ ਵਿਚੋਂ ਬਾਹਰ ਕੱਢ ਕੇ ਤਬਾਹ ਕਰਨਾ ਚਾਹੁੰਦਾ ਹੈ। ਇਹ ਨਾ ਸਮਝੋ ਕਿ ਅਸੀਂ ਹੀ ਦੁਖੀ ਹਾਂ, ਵੈਰੀ ਵੀ ਤੰਗ ਪੈ ਗਿਆ ਹੈ। ਉਹ ਜਿੱਤ ਦੀ ਆਸ ਲਾਹ ਕੇ ਘਬਰਾ ਗਿਆ ਹੈ। ਸਾਨੂੰ ਕੁਝ ਦਿਨ ਹੋਰ ਮੁਸ਼ਕਿਲਾਂ ਦਾ ਟਾਕਰਾ ਕਰਕੇ ਡਟੇ ਰਹਿਣਾ ਚਾਹੀਦਾ ਹੈ। ਵੈਰੀ ਨੂੰ ਯਕੀਨ ਹੋ ਗਿਆ ਹੈ ਕਿ ਉਹ ਸਾਨੂੰ ਕਿਲ੍ਹੇ ਵਿਚ ਬੈਠਿਆਂ ਜਿੱਤ ਨਹੀਂ ਸਕੇਗਾ। ਕੁਝ ਦਿਨਾਂ ਤੱਕ ਉਹ ਇਥੋਂ ਜਿੱਤੇ ਬਗੈਰ ਕੂਚ ਕਰਨ ਲਈ ਮਜਬੂਰ ਹੋ ਜਾਵੇਗਾ, ਸਾਨੂੰ ਅਨੰਦਪੁਰ ਨਹੀਂ ਛੱਡਣਾ ਪਵੇਗਾ। ਵੈਰੀ ਸੁਲ੍ਹਾ ਕਰ ਕੇ ਵਾਪਸ ਚਲਾ ਜਾਵੇਗਾ। ਸਾਨੂੰ ਇਨ੍ਹਾਂ ਝੂਠੀਆਂ ਕਸਮਾਂ 'ਤੇ ਇਤਬਾਰ ਨਹੀਂ। ਜੇ ਅਸੀਂ ਅਨੰਦਪੁਰ ਨੂੰ ਛੱਡ ਦਿੱਤਾ ਤਾਂ ਬਹੁਤ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪਵੇਗਾ।"

ਸਿੰਘਾਂ ਨੇ ਸਭ ਕੁਝ ਸੁਣਿਆ, ਪਰ ਉਹ ਭੁੱਖ ਹੱਥੋਂ ਤੰਗ ਆ ਚੁੱਕੇ ਸਨ। ਭੁੱਖ ਮਰਨ ਦੀ ਥਾਂ ਤੇ ਉਹ ਮੁਸ਼ਕਿਲ ਦਾ ਸਾਹਮਣਾ ਕਰਨ ਲਈ ਤਿਆਰ ਸਨ। ਸਿੰਘਾਂ ਦੀ ਥਾਂ ਕੁਝ ਹੋਰ ਹੁੰਦੇ ਤਾਂ ਪਹਿਲਾਂ ਹੀ ਤੰਗ ਹੋ ਜਾਂਦੇ। ਸਿੰਘਾਂ ਨੇ ਮਹਾਰਾਜ ਨੂੰ ਜ਼ੋਰ ਪਾਇਆ ਕਿ ਵੈਰੀ ਦੀਆਂ ਕਸਮਾਂ ਦੇ ਬਹਾਨੇ ਕਿਲ੍ਹੇ ਵਿਚੋਂ ਨਿਕਲ ਜਾਣਾ ਚਾਹੀਦਾ ਹੈ।

ਜਦੋਂ ਦੁੱਖਾਂ ਦੀ ਅਖੀਰ ਹੋ ਗਈ ਤਾਂ ਕੁਝ ਸਿੰਘਾਂ ਨੇ ਮਾਤਾ ਜੀ ਨੂੰ ਬੇਨਤੀ ਕੀਤੀ। ਮਾਤਾ ਗੁਜਰੀ ਤੇ ਕੁਝ ਸਿੰਘਾਂ ਨੇ ਫੇਰ ਗੁਰੂ ਜੀ ਨੂੰ ਕਿਲ੍ਹਾ ਛੱਡਣ ਵਾਸਤੇ ਬੇਨਤੀ ਕੀਤੀ।

ਆਖਰ ਸਤਿਗੁਰੂ ਜੀ ਨੇ ਅਨੰਦਪੁਰ ਸਾਹਿਬ ਛੱਡਣ ਦਾ ਫੈਸਲਾ ਕਰ ਲਿਆ। ਅੰਤ ਇਕ ਉਦਾਸੀ ਸਾਧੂ ਗੁਰਬਖਸ਼ ਸਿੰਘ ਨੂੰ ਸਾਰੇ ਗੁਰਦੁਆਰਿਆਂ ਦੀ ਸੇਵਾ ਸੌਂਪ ਕੇ ਛੇ ਤੇ ਸੱਤ ਪੋਹ ਦੀ ਰਾਤ ਨੂੰ ਪਹਿਲੇ ਪਹਿਰ ਛੱਡ ਕੇ ਜਿਵੇਂ ਤੁਰੇ ਇਉਂ ਬੇਨਤੀ ਹੈ :

ਛੰਦ

1. ਸੰਮਤ 1700 ਤੇ ਚੌਲ ਬਿਕ੍ਰਮੀ 61 ਦੀ,
ਛੱਡ ਕੇ ਅਨੰਦਪੁਰ ਨੂੰ ਜਾ ਕਰ ਲਈ ਗੁਰਾਂ ਤਿਆਰੀ।
2. ਮਹੀਨਾ ਪੋਹ ਦਾ ਜਾਵੇ ਸਰਦੀ ਪੈਂਦੀ ਕਹਿਰਾਂ ਦੀ,
ਵਰਖਾ ਉਸ ਸਮੇਂ ਸੀ ਪੈਂਦੀ ਬਹੁਤੀ ਭਾਰੀ।
3. ਮਾਇਆ ਵਰਤਣ ਜੋਗੀ ਵੰਡ ਦਿੱਤੀ ਵਿਚ ਸਿੰਘਾਂ ਦੇ,
ਬਾਕੀ ਸਤਿਲੁਜ ਦੇ ਵਿਚ ਰੋੜ੍ਹ ਦਿੱਤੀ ਸੀ ਸਾਰੀ।
4. ਜਾ ਕੇ ਅੰਗ ਸਾਥਣਾ ਬਾਕੀ ਗੁੰਮ ਸਮਾਨ ਹੈ,
ਵੈਰੀ ਲੁੱਟ ਸਕੇ ਨਾ ਦਿਲ ਵਿਚ ਸੋਚ ਵਿਚਾਰੀ।
5. ਤੁਰਦੇ ਦੇਖ ਗੁਰਾਂ ਨੂੰ ਕੇ ਪਈ ਪੂਰੀ ਅਨੰਦਾਂ ਦੀ,
ਤੇਰੇ ਬਾਬ ਦਾਨਿਆਂ ਗੁਲ ਜਾਂਦੀ ਸੈ ਹੁਸ਼ਿਆਰੀ।
6. ਤੋੜੇ ਬਾਣੇ ਦਾਤਾ ਕੌਮ ਏਦਾਂ ਜੋੜੀਆਂ,
ਕਾਹਦਾ ਤਰਕ ਮੰਨੇਗੀ ਤੁਰ ਗਏ ਜਦੋਂ ਮੁਰਾਰੀ।
7. ਪੰਡਿਤ ਦੇ ਕੇ ਆਇਆ ਲੱਖ ਕਸਮਾਂਈਆਂ ਵਾਲੇ ਨੇ,
ਤੇਰੀ ਦੁਨੀਆਂ ਦੇ ਵਿਚ ਸਦਾ ਰਹੂ ਸਰਦਾਰੀ।
8. ਤੈਨੂੰ ਦੇਂਦੀ ਸਿਖੀਏ ਆ ਕੇ ਸੰਗ ਸ਼ਰਧਾਵਾਨੋ।
ਇਥੇ ਆਣ ਝੁਕਣਗੇ ਵੱਡੇ ਵੱਡੇ ਬਲਕਾਰੀ।
9. ਮੁਗਲੇ ਲੱਗ ਪਿਆਰੇ ਵਾਹਿਗੁਰੂ ਸਿੰਘ ਜੀ ਤੁਰ ਪਏ ਸੀ,
ਮੰਜੇ ਕੰਢੇ ਤੁਰ ਪਈ ਬਾਕੀ ਸੈਨਾ ਸਾਰੀ।
10. ਪਿਛਾੜੀ ਬਾਣੀ ਏਦੀ ਗੁਰਾਂ ਦੇ ਸਾਹਿਬ ਅਜੀਤ ਨੇ,
ਬਾਣੀ ਉਦੇ ਸਿੰਘ ਜੀ ਨਾਲ ਸੂਰਮਾ ਭਾਰੀ।
11. ਤੁਰ ਪਏ ਫੇਰ ਦਰਬਾਰ ਦੇ ਗੁਰਾਂ ਦੇ ਮਹਿਲ ਦੋਵੇਂ ਹੀ,
ਬਾਕੇ ਮਨੀ ਸਿੰਘ ਨੂੰ ਸੌਂਪੀ ਜ਼ਿੰਮੇਵਾਰੀ।
12. ਛੋਟੇ ਲਾਲ ਗੁਰਾਂ ਦੇ ਨਾਲ ਸੀ ਦਾਦੀ ਮਾਤਾ ਦੇ,
ਕਾਹਦਾ ਮੋਹ ਵਿਚਾਰੀ ਤੁਰ ਪਈ ਵਿਧਾਤਾ ਮਾਰੀ।

13. ਪੂੰਨਿਆ ਰਾਤ ਨੂੰ ਹੁੰਦੇ ਤਾਰੇ ਚੰਨ ਦੁਆਲੇ ਜਿਉਂ,
ਸ਼ੋਭਾ ਪਾਉਣ ਵਿਚਾਲੇ ਦਾਤੇ ਪਰਉਪਕਾਰੀ।

14. ਸਰਸਾ ਨਦੀ ਤੇ ਪਹੁੰਚੇ ਆਣ ਜਦੋਂ ਜਰਨੈਲ ਸਿੰਘ,
ਨੀਤੀ ਮੁਗਲ ਫੌਜ ਨੇ ਦਿਲ ਵਿਚ ਮਾੜੀ ਧਾਰੀ।

ਜਦੋਂ ਅਨੰਦਪੁਰ ਸਾਹਿਬ ਦੀ ਲੜਾਈ ਸ਼ੁਰੂ ਹੋਈ ਸੀ ਗੁਰੂ ਜੀ ਕੋਲ ਦਸ ਹਜ਼ਾਰ ਸਿੰਘ ਸਨ ਅਤੇ ਅਨੰਦਪੁਰ ਸਾਹਿਬ ਨੂੰ ਛੱਡਣ ਵੇਲੇ ਗੁਰਦੇਵ ਦੇ ਨਾਲ ਕੇਵਲ ਇਕ ਹਜ਼ਾਰ ਸਿੰਘ ਰਹਿ ਗਏ ਸਨ। ਅਕਾਲ ਪੁਰਖ ਦਾ ਭਾਣਾ ਮੰਨ ਕੇ ਦਸਮੇਸ਼ ਪਿਤਾ ਜੀ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡ ਤੁਰੇ। 6 ਤੇ 7 ਪੋਹ ਦੀ ਦਰਮਿਆਨੀ ਰਾਤ 1761 ਬਿ. ਹਜ਼ੂਰ ਪਾਤਸ਼ਾਹ ਨੇ ਉਸ ਪਵਿੱਤਰ ਨਗਰੀ ਨੂੰ ਫਤਹਿ ਬੁਲਾਈ ਤੇ ਅਨੰਦਪੁਰ ਤੋਂ ਰੋਪੜ ਵੱਲ ਨੂੰ ਤੁਰ ਪਏ। ਗੁਰੂ ਜੀ ਦੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਹਜ਼ੂਰ ਦੇ ਮਹਿਲ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ, ਪੰਜ ਪਿਆਰੇ ਅਤੇ ਹੋਰ ਗੁਰੂ ਕੇ ਸਿੰਘ ਪਾਤਸ਼ਾਹ ਦੇ ਨਾਲ ਤੁਰੇ। ਇਹ ਸਾਰਾ ਜੱਥਾ ਕੀਰਤਪੁਰ ਪੁੱਜਾ। ਉਥੇ ਸਤਿਗੁਰ ਦੇ ਤਾਏ ਦੇ ਪੋਤਰੇ ਗੁਲਾਬ ਰਾਏ ਤੇ ਸ਼ਾਮ ਦਾਸ ਨੂੰ ਮਿਲੇ ਤੇ ਗੁਰਦੁਆਰਿਆਂ ਦੀ ਸੇਵਾ ਸੌਂਪੀ। ਪੋਹ ਦਾ ਮਹੀਨਾ ਅੰਤ ਦੀ ਸਰਦੀ ਤੇ ਅਸਮਾਨ ਵਿਚੋਂ ਵਰਖਾ ਹੋ ਰਹੀ ਸੀ। ਬਿਜਲੀ ਕੜਕ ਰਹੀ ਸੀ। ਜਦੋਂ ਅੱਗੇ ਚੱਲ ਕੇ ਸਰਸਾ ਨਦੀ ਦੇ ਕੋਲ ਪਹੁੰਚੇ ਤਾਂ ਕੀ ਵੇਖਿਆ ਕਿ ਸਰਸਾ ਨਦੀ ਵਿਚ ਬਹੁਤ ਭਾਰੀ ਹੜ੍ਹ ਆਇਆ ਹੋਇਆ ਸੀ। ਬਹੁਤ ਤੇਜ਼ ਪਾਣੀ ਵੱਗ ਰਿਹਾ ਸੀ।

ਇਧਰ ਦੁਸ਼ਮਣ ਦਲ ਨੇ ਸਾਰੀਆਂ ਕਸਮਾਂ ਭੁੱਲ ਕੇ ਸਾਰੀ ਫੌਜ ਨੂੰ ਨਾਲ ਲੈ ਕੇ ਗੁਰੂ ਜੀ ਦੇ ਪਿੱਛੇ ਪਿੱਛੇ ਤੁਰ ਪਏ। ਸਤਿਗੁਰੂ ਪਾਤਸ਼ਾਹ ਜੀ ਨੂੰ ਖਬਰ ਮਿਲੀ ਕਿ ਪਿਛਲੇ ਪਾਸੇ ਦੁਸ਼ਮਣ ਚੜ੍ਹ ਆ ਰਿਹਾ ਹੈ। ਗੁਰਦੇਵ ਪਿਤਾ ਨੇ ਕਿਹਾ, "ਫਿਕਰ ਨਹੀਂ ਖਾਲਸਾ ਜੀ, ਏਸੇ ਵੈਰੀ ਦਾ ਮੁਕਾਬਲਾ ਕੀਤਾ ਜਾਵੇਗਾ।" ਕੁਝ ਸਿੰਘਾਂ ਦੀ ਡਿਊਟੀ ਲਗਾਈ ਕਿ ਉਹ ਵੈਰੀ ਦਲ ਦਾ ਮੁਕਾਬਲਾ ਕਰਨ ਜਦੋਂ ਇਕ ਪਾਸੇ ਵੈਰੀ ਦਲ ਇਕ ਪਾਸੇ ਸਰਸਾ ਠਾਠਾਂ ਮਾਰ ਰਹੀ ਸੀ, ਪਰ ਗੁਰੂ ਜੀ ਅੰਮ੍ਰਿਤ ਵੇਲੇ ਨਿਤਨੇਮ ਸਰਸਾ ਕੰਢੇ ਬੈਠੇ ਕਰ ਰਹੇ ਸਨ। ਜਦੋਂ ਦੀਵਾਨ ਦੀ ਸਮਾਪਤੀ ਹੋਈ। ਇਧਰ ਭਾਈ ਉਦੈ ਸਿੰਘ ਵੈਰੀ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ। ਹੋਰ ਕਈ ਸੂਰਮੇ ਸ਼ਹੀਦ ਹੋ ਗਏ। ਭਾਈ ਬਚਿੱਤਰ ਸਿੰਘ ਜ਼ਖਮੀ ਹੋ ਗਿਆ।

ਅੰਤ ਪੋਹ ਦੀ ਪੋਹ ਫੁਟੀ ਸੀ। ਗੁਰੂ ਜੀ ਹੁਕਮ ਕੀਤਾ ਕਿ ਸਰਸਾ ਨੂੰ ਪਾਰ ਕਰਨ ਵਾਸਤੇ ਖਾਲਸਾ ਜੀ ਤਿਆਰ ਹੋ ਜਾਵੋ। ਸਤਿਗੁਰਾਂ ਦੇ ਹੁਕਮ ਨਾਲ ਸਾਰੇ ਖਾਲਸੇ ਨੇ ਸਰਸਾ ਨਦੀ ਵਿਚ ਘੋੜੇ ਠੇਲ ਦਿੱਤੇ। ਸਰਸਾ ਦਾ ਠੰਡਾ ਪਾਣੀ ਹੱਡ ਚੀਰੀ ਜਾ ਰਿਹਾ ਸੀ। ਪਾਣੀ ਦਾ ਵਹਾਅ ਏਨਾ ਤੇਜ਼ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਇਥੇ ਵਿਛੜ ਗਿਆ। ਬਹੁਤ ਭਾਰੀ

ਗੁਰੂ ਦਾ ਖ਼ਜ਼ਾਨਾ ਤੇ ਸਾਹਿਤ ਕੂੰਚ ਵਿਚ ਰੁੜ੍ਹ ਗਿਆ। ਉਸ ਵੇਲੇ ਦਾ ਦਰਦਨਾਕ ਸੀਨ ਇਉਂ ਬਿਆਨ ਹੈ :

ਕੋਰੜਾ ਛੰਦ

1. ਛੱਡ ਕੇ ਅਨੰਦਪੁਰ ਨੂੰ, ਕੰਢੇ ਸਰਸਾ ਜਦੋਂ ਦਲ ਆਇਆ।
ਜ਼ਾਲਮ ਵਜ਼ੀਰ ਖ਼ਾਨ ਨੇ, ਵੈਰੀ ਹੱਲਾ ਤਿੰਨਾਂ ਬਾਹੀਆਂ ਤੋਂ ਕਰਾਇਆ।
ਭੁੱਲ ਗਏ ਸੀ ਖਾ ਕੇ ਕਸਮਾਂ, ਪਾਪੀ ਮੁਗ਼ਲਾਂ ਮਾਰਿਆ ਲੋਹੜਾ।
ਸਰਸਾ ਦੇ ਕੰਢੇ ਆਣ ਕੇ, ਭਾਰਾ ਪਿਆ ਪਰਿਵਾਰ ਵਿਛੋੜਾ।

2. ਪੋਹ ਦਾ ਮਹੀਨਾ ਉਪਰੋਂ, ਨਦੀ ਸਰਸਾ ਮਾਰਦੀ ਛੱਲਾਂ।
ਬੇੜੀਆਂ ਮਲਾਹ ਛੱਡ ਗਏ, ਕਿਸੇ ਸੁਣਿਓਂ ਲਈ ਨਾ ਕੋਈ ਸਾਰਾਂ।
ਬਾਜ਼ਾਂ ਵਾਲੇ ਪਾਤਸ਼ਾਹ ਨੇ ਸਿੱਧਾ ਠੇਲਤਾ ਨਦੀ ਦੇ ਵਿਚ ਘੋੜਾ।
ਸਰਸਾ ਦੇ ਕੰਢੇ ਆਣ ਕੇ, ਭਾਰਾ ਪਿਆ ਪਰਿਵਾਰ ਵਿਛੋੜਾ।

3. ਤਲੀ ਉਤੇ ਜਾਨ ਰੱਖ ਕੇ, ਊਦੇ ਸਿੰਘ ਨੇ ਛਬੀਲੀ ਪਾਈ।
ਸਾਹਿਬਜ਼ਾਦਾ ਅਜੀਤ ਸਿੰਘ ਵੀ, ਵੈਰੀ ਦਲਾਂ ਨੂੰ ਘਤਾ ਅਟਕਾਈ।
ਜੀਵਨ ਸਿੰਘ ਸੂਰਬੀਰ ਵੀ, ਕਰ ਕਰ ਕੇ ਟਾਕਰਾ ਤੋੜਾ।
ਸਰਸਾ ਦੇ ਕੰਢੇ ਆਣ ਕੇ, ਭਾਰਾ ਪਿਆ ਪਰਿਵਾਰ ਵਿਛੋੜਾ।

4. ਸਾਹਿਬ ਕੌਰ, ਮਾਤਾ ਸੁੰਦਰੀ, ਭਾਣਾ ਮੰਨ ਕੇ ਉਜਾੜਾ ਰੋਲੇ ਰੁਲੀਆਂ।
ਵਿਛੜ ਕੇ ਪਤੀ ਸਾਹਿਬ ਤੋਂ, ਰੱਬ ਜਾਣਦਾ ਕਿੰਨਾ ਕੁ ਰੋਣ ਰੁਲੀਆਂ।
ਕਹਿਰ ਪਹਾੜੀ ਢਾਹਤਾ, ਜੁੜ ਜੁੜ ਕੇ ਤੁਰਨ ਥੋੜ੍ਹ ਥੋੜ੍ਹਾ।
ਸਰਸਾ ਦੇ ਕੰਢੇ ਆਣ ਕੇ, ਭਾਰਾ ਪਿਆ ਪਰਿਵਾਰ ਵਿਛੋੜਾ।

5. ਉਮਰ ਪਚਾਸੀ ਸਾਲ ਦੀ, ਸਣੇ ਪੋਤਿਆਂ ਵਿਛੜੀ ਦਾਦੀ ਮਾਤਾ।
ਨਾਲ ਭਾਈ ਦੂਨਾ ਸਿੰਘ ਦੇ, ਛੋਟੇ ਮਾਹੀ ਦੀ ਕੁੱਲੀ ਨੂੰ ਰਾਹ ਜਾਤਾ।
ਅੱਗੋਂ ਗੰਗੂ ਰੰਦਰਾ ਵੀ, ਪੈਸਾ ਦੇ ਲਿਆ ਵਿਸ਼ਾਂ ਦਾ ਕੋੜਾ।
ਸਰਸਾ ਦੇ ਕੰਢੇ ਆਣ ਕੇ, ਭਾਰਾ ਪਿਆ ਪਰਿਵਾਰ ਵਿਛੋੜਾ।

6. ਸਰਸਾ ਨਦੀ ਨੂੰ ਲੰਘ ਕੇ, ਘੋੜਾ ਬਾਜ਼ਾਂ ਵਾਲੇ ਅੱਗੇ ਜਾ ਵਧਾਇਆ।
ਰੋਪੜ ਦੇ ਰੰਘੜਾਂ ਨੇ, ਹੱਲਾ ਕਹਿਰ ਦਾ ਅੱਗੋਂ ਬਰਸਾਇਆ।
ਰਾਹ ਕੇ ਤਲਵਾਰ ਤੇਗ ਦੀ ਧਾਰੇ ਪਾ ਕਈ ਜ਼ਮੀਰ ਵੀਲੇ ਮੋੜਾ।
ਸਰਸਾ ਦੇ ਕੰਢੇ ਆਣ ਕੇ, ਭਾਰਾ ਪਿਆ ਪਰਿਵਾਰ ਵਿਛੋੜਾ।

7. ਵਿਛੜ ਕੇ ਰਾਮ ਚੰਦ ਵੀ, ਕਹਿੰਦੇ ਲੋਕ ਕੇ ਦੁੱਖਾਂ ਦੇ ਨਾਲ ਰੋਇਆ।
ਧੰਨ ਜੇਰਾ ਬਾਜਾਂ ਵਾਲੇ ਦਾ, ਜਿਹਨੇ ਸਭ ਕੁਝ ਦਿਲ 'ਚ ਸਮੋਇਆ।
ਦੇਸ਼ ਦੀ ਅਜ਼ਾਦੀ ਵਾਸਤੇ ਵਾਰੇ ਕਰਕੇ ਪੁੱਤਰ ਜੇਰਾ ਜੇਰਾ।
ਸਰਸਾ ਦੇ ਕੰਢੇ ਆਣ ਕੇ, ਸਾਰਾ ਪਿਆ ਪਰਿਵਾਰ ਵਿਛੋੜਾ।

ਪੰਥ ਉੱਤੇ ਇਹ ਸਭ ਤੋਂ ਔਖਾ ਸਮਾਂ ਸੀ। ਗੁਰੂ ਮਹਾਰਾਜ ਸਰਸਾ ਤੋਂ ਪਾਰ ਹੋਏ। ... ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਗੁਰੂ ਦੇ ਮਹਿਲ ਭਾਈ ਮਨੀ ਸਿੰਘ ਜੀ ਦੇ ... ਦਿੱਲੀ ਦੇ ਰਾਹ ਪੈ ਗਏ। ਮਾਤਾ ਗੁਜਰੀ ਤੇ ਛੋਟੇ ਸਾਹਿਬਜ਼ਾਦੇ ਸਣੇ ਗੰਗਾ ਰਾਮ ... ਨਾਲ ਉਹਦੇ ਪਿੰਡ ਨੂੰ ਚਲੇ ਗਏ। ਗੁਰੂ ਜੀ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਤੇ ਇਕ... ਹੋਰ ਸਿੰਘ ਸਨ। ਇਥੋਂ ਗੁਰਦੇਵ ਪਿਤਾ ਰੋਪੜ ਵੱਲ ਨੂੰ ਵਧੇ। ਥੋੜ੍ਹੀ ਦੂਰ ਅੱਗੇ ਗਏ ਤੇ ... ਲੱਗਾ ਕਿ ਅੱਗੋਂ ਰੋਪੜ ਦੇ ਪਠਾਣ ਰਾਹ ਰੋਕੀ ਖੜੇ ਹਨ। ਭਾਈ ਬਚਿੱਤਰ ਸਿੰਘ ਨੂੰ ... ਹਾਲ ਵਿਚ ਕੋਟਲਾ ਨਿਹੰਗ ਖਾਂ ਦੇ ਕੋਲ ਛੱਡ ਕੇ ਪਾਤਸ਼ਾਹ ਅੱਗੇ ਤੁਰੇ। ਰੋਪੜ ਦੇ ਪ... ਨਾਲ ਇਕ ਇਥੇ ਲੜਾਈ ਹੋਈ।

ਇਸ ਝੜਪ ਨੂੰ ਫ਼ਤਹਿ ਕਰਕੇ ਸਤਿਗੁਰੂ ਜੀ ਬਾਮਣ ਮਾਜਰਾ ਨਗਰਾਂ ਵਿਚੋਂ ਦੀ ... ਕੇ ਚਮਕੌਰ ਪਿੰਡ ਵੱਲ ਵਧੇ। ਚਮਕੌਰ ਦੇ ਨੇੜੇ ਇਕ ਬਾਗ ਵਿਚ ਗੁਰੂ ਜੀ ਦੇ ਸਿੰਘ... ਉਤਾਰਾ ਕੀਤਾ। ਇਸ ਬਾਗ ਦਾ ਮਾਲਕ ਇਕ ਜ਼ਿਮੀਂਦਾਰ ਆਇਆ। ਉਹਨੇ ਚਰਨਾਂ ... ਢਹਿ ਕੇ ਬੇਨਤੀ ਕੀਤੀ, "ਮਹਾਰਾਜ, ਏਥੇ ਬਾਹਰ ਰਹਿਣ ਦੀ ਥਾਂ ਆਪ ਪਿੰਡ ਵਿਚ ... ਹਵੇਲੀ ਅੰਦਰ ਚੱਲ ਬਿਰਾਜੋ।" ਉਸ ਦੀ ਅਰਜ਼ੋਈ ਮੰਨ ਕੇ ਹਜ਼ੂਰ ਸਿੰਘਾਂ ਸਣੇ ਉਸ ਸਿੰਘ ... ਹਵੇਲੀ ਵਿਚ ਜਾ ਬੈਠੇ। ਇਹ ਪਿੰਡੋਂ ਪਾਸੇ ਇਕ ਉੱਚੀ ਥਾਂ 'ਤੇ ਬਣੀ ਹੋਈ ਸੀ। ਜਿਸ... ਵਿਚ ਦੋ ਕੱਚਾ ਬੁਰਜ ਵੀ ਸੀ। ਮਹਾਰਾਜ ਨੇ ਉਹ ਹਵੇਲੀ ਦਾ ਮੁਹਾਂਦਰਾ ਫਿਰ ਕੇ ਦੇਖਿ... ਕਦੇ ਕਿਸੇ ਕਦੇ ਕਿਸੇ ਬੁਰਜ 'ਤੇ ਖੜੇ ਹੋ ਆਪ ਚਾਰ ਚੁਫੇਰੇ ਮੈਦਾਨ ਵੱਲ ਬੜੇ ਧਿਆਨ ਨਾ... ਦੇਖਣ ਲੱਗ ਪਏ। ਸਿੰਘਾਂ ਨੇ ਪੁੱਛਿਆ, "ਮਹਾਰਾਜ, ਇਸ ਥਾਂ ਦੀ ਆਪ ਏਨੇ ਧਿਆ... ਵਿਚ ਪੜਚੋਲ ਕਰ ਰਹੇ ਹੋ?" ਮਹਾਰਾਜ ਬੋਲੇ, "ਇਹ ਥਾਂ ਬੜਾ ਪਵਿੱਤਰ ਹੈ। ਏਥੇ ਮੇ... ਖ਼ਾਲਸਾ ਦਾ ਇਮਤਿਹਾਨ ਹੋਣਾ ਹੈ।" ਗੁਰੂ ਜੀ ਜੰਗ ਦੀ ਤਿਆਰੀ ਵਿਚ ਲੱਗ ਗਏ ਸਨ।

ਜੰਗ ਚਮਕੌਰ

ਬੈਂਤ ਛੰਦ

1. ਸਰਸਾ ਨਦੀ ਤੇ ਦੁਸ਼ਮਣ ਨਾਲ ਲੜੀ ਟੱਕਰ,
ਜਦੋਂ ਪਾਤਸ਼ਾਹ ਨੇ ਵਾਗਾਂ ਮੋੜੀਆਂ ਨੇ।
ਸਰਸਾ ਲੰਘਣੀ ਏ ਕੀਤਾ ਨੂੰ ਕਹਿਰ ਭਾਰਾ,
ਤੇਰੇ ਬੱਚੇ ਜੋ ਵਿਛੜੀਆਂ ਜੋੜੀਆਂ ਨੇ।

(ਕਕ) ਪਰਵਾਰ ਤੋਂ ਨਿਖੇੜ ਗਏ

ਜਾਮਣ ਮਾਜਰਾ ਲੰਘ ਦਸਮੇਸ਼ ਸਤਿਗੁਰ,
ਚੜ੍ਹ ਤੁਰੇ ਨੇ ਸਿੱਧੇ ਚਮਕੌਰ ਵੱਲੇ।
ਬਾਜਾਂ ਵਾਲੇ ਦੇ ਹੁਕਮ ਨਾਂ ਖ਼ਾਲਸੇ ਨੇ,
ਕੱਚੀ ਗੜ੍ਹੀ ਵਿਚ ਮੋਰਚੇ ਆਣ ਮੱਲੇ।

2. ਦਇਆ ਸਿੰਘ ਨੇ ਗਲ ਵਿਚ ਪਾ ਪੱਲਾ,
ਕੀਤੀ ਅਰਜ਼ ਕੀ ਹੁਕਮ ਸਰਕਾਰ ਦਾ ਏ।
ਛੋਟੇ ਲਾਲ ਤੇ ਮਾਈਆਂ ਵੀ ਵਿਛੜ ਗਈਆਂ,
ਤੀਜਾ ਰਹਿ ਗਿਆ ਹਿੱਸਾ ਪ੍ਰਵਾਰ ਦਾ ਏ।
ਰੱਬ ਜਾਣਦਾ ਕਿਧਰ ਨੂੰ ਗਏ ਹੋਏ,
ਜਣੇ ਦਾਦੀ ਦੇ ਵਿਛੜ ਰਹਿ ਗਏ ਕੱਲੇ।
ਬਾਜਾਂ ਵਾਲੇ.......

3. ਕੱਚੀ ਗੜ੍ਹੀ 'ਚ ਪਾਤਸ਼ਾਹ ਹੋ ਦਾਖ਼ਲ,
ਉਹਨਾਂ ਬਾਹੀ ਨੂੰ ਫ਼ੌਜ ਨਾਲ ਤੋਲਦੇ ਨੇ।
ਸਵਾ ਲੱਖ ਨਾਲ ਲੜੇ ਇਕ ਹੋਏ,
ਅਜੀਤ ਵਾਲੇ ਅਸਮਾਨ ਪਏ ਗੱਜਦੇ ਨੇ।
ਸਿੱਖ ਕੌਮ ਦਾ ਇਮਤਿਹਾਨ ਹੋਇਆ,
ਜੰਗ ਨੂੰ ਤੀਰਾਂ ਤਲਵਾਰਾਂ ਦੀ ਛਾਂ ਥੱਲੇ।

4. ਬਾਜਾਂ ਵਾਲੇ ਨੇ ਆਖਿਆ ਖ਼ਾਲਸਾ ਜੀ,
ਔਖੀ ਘੜੀ ਹੁਣ ਔਖੀ ਪਰਖਣੀ ਦੇ ਸਹੀ।
ਚੌਧਰ ਪਰਤ ਜ਼ਮਾਨਿਆਂ ਤਕ ਰਹਿਣਾ,
ਰੰਗ ਪੀ ਕੇ ਪਿਆਲਾ ਸ਼ਹਾਦਤ ਦੇ ਸਹੀ।
ਹੋਏ ਆਪ ਤਿਆਰ ਵੀ ਜੰਗ ਹਟੀ,
ਜਾਂਦੇ ਸ਼ਹੀਦਾਂ ਸੰਗ ਦੇ ਸਦਾ ਪੱਲੇ।
ਬਾਜਾਂ ਵਾਲੇ.......

5. ਉਧਰ ਵੈਰੀਆਂ ਲੋਥੀ ਦੇ ਲਾ ਢਾਂਚੇ,
ਘੇਰਾ ਪਾ ਲਿਆ ਹੈ ਪਾਸੇ ਚਾਰਿਆਂ ਤੋਂ।
ਦੋਵਾਂ ਗੜ੍ਹੀ ਚਮਕੌਰ ਦੀ ਨਜ਼ਰ ਆਵੇ,
ਕੱਚੀ ਦਿਸੇ ਜਿਉਂ ਦੂਰ ਕਿਨਾਰਿਆਂ ਤੋਂ।

ਪਰਤਾਂ ਤੇ ਜੋਗਿੰਦਰ ਸਿੰਘ (157)

ਇੱਕ ਤਾਣ ਕੇ ਰੋਕਣਾ ਵੈਰੀਆਂ ਨੂੰ,
ਕੇਹੜੀ ਕੌਮ ਜੋ ਤੁਸਾਂ ਦੀ ਤੇਗ ਝੱਲੇ।
ਬਾਜਾਂ ਵਾਲੇ........

6. ਇਕ ਦਾ ਸੋਚਦਾ ਹੈ ਦਸ ਲੱਖ ਵੈਰੀ,
ਕਲਗੀ ਵਾਲੇ ਨੂੰ ਜਿਉਂਦਿਆਂ ਫੜਨ ਦੇ ਲਈ।
ਏਧਰ ਸੋਚਦੇ ਪਿਤਾ ਦਸਮੇਸ਼ ਮੇਰੇ,
ਵੱਡੀ ਜੰਗ ਜਹਾਨ ਦੀ ਲੜਨ ਦੇ ਲਈ।
ਸਾਰੇ ਕੌਮੀ ਸ਼ਹੀਦਾਂ ਦੇ ਗਾਉਣ ਦੇ ਲਈ,
ਮੇਜਰ ਕੁਰਬਾਨ ਜਰਨੈਲ ਦੇ ਸਾਥ ਰਲੇ।
ਬਾਜਾਂ ਵਾਲੇ______

ਸ਼ਾਮ ਨੂੰ ਸਾਰੇ ਖ਼ਾਲਸੇ ਨੇ ਰਹਰਾਸਿ ਦਾ ਪਾਠ ਕੀਤਾ। ਰਾਤ ਪੈ ਗਈ। ਕਈਆਂ ਸਿੰਘਾਂ ਦੇ ਘਾਵੇਂ ਨਾਲ ਚੂਰ, ਚਿੱਤ ਚੂਰ, ਸਗਲਾ ਪਾਰ ਕਰਕੇ ਸਤਗੁਰ ਦੀ ਕਿਲੇ ਸਨ। ਅੰਤ ਚਮਕੌਰ ਦੀ ਗੜ੍ਹੀ ਵਿਚ ਸੁੱਤੇ ਪਏ ਨੇ। ਅੱਜ ਦਾ ਸਾਰਾ ਖ਼ਾ ਪੈਂਡੀ ਕਹਿੰਦਾ ਹੈ ਕਿ ਮਹਾਰਾਜ ਆਪ ਨਹੀਂ ਸੁੱਤੇ। ਉਹਨਾਂ ਸੁੱਤੇ ਸਿੰਘਾਂ ਵੱਲ ਵੇਖ ਪ੍ਰਮਾਤਮਾ ਦਾ ਸ਼ੁਕਰ ਕਰ ਰਹੇ ਸੀ ਕਿ ਕੌਮ ਨੂੰ ਇਹਨਾਂ ਸਿੰਘਾਂ ਦੀ ਪੂੰਜੀਆਂ ਹੋਣੀ ਹੈ ਤੇ ਖ਼ਾਲਸੇ ਨੇ ਹੱਸ ਹੱਸ ਕੇ ਇਸ ਪੇਪਰ ਵਿਚੋਂ ਪਾਸ ਹੋਣਾ ਹੈ। ਕੌਮ ਇਹਨਾਂ ਵਿਚੋਂ ਮੇਰੇ ਕੋਲ ਕੋਈ ਨਹੀਂ ਹੋਵੇਗਾ। ਮੈਂ ਵੀ ਅਕਾਲ ਪੁਰਖ ਸੁਰਖ਼ਰੂ ਹੋਵਾਂਗਾ।

ਇਹ ਵਿਚਾਰਾਂ ਤੇ ਪ੍ਰਭੂ ਦਾ ਸ਼ੁਕਰਾਨਾ ਕਰਦਿਆਂ ਅੰਮ੍ਰਿਤ ਵੇਲਾ ਹੋ ਗਿਆ। ਫਿਰ ਸਾਰੇ ਖ਼ਾਲਸੇ ਨੇ ਨਿਤਨੇਮ ਕੀਤਾ। ਅਰਦਾਸ ਹੋਈ। ਦਿਨ ਚੜ੍ਹਿਆ ਤੇ ਕੀ ਵੇਖਿਆ ਬਹੁਤ ਵੱਡਾ ਘੇਰਾ ਪਿਆ ਹੋਇਆ ਸੀ। ਸਤਗੁਰ ਪਾਤਸ਼ਾਹ ਵੈਰੀ ਦੇ ਟਾਕਰੇ ਵਾਸਤੇ ਹਵੇਲੀ ਦੀ ਤਕਸੀਮ ਕਰਨ ਲੱਗ ਪਏ। ਅੱਠ ਅੱਠ ਸਿੰਘ ਚੌਹਾਂ ਬਾਹੀਆਂ ਤੇ ਮੋਰਚੇ ਬਣਾ ਕੇ ਬਿਠਾ ਦਿੱਤੇ। ਦੋ ਸਿੰਘ ਬੂਹੇ ਦੀ ਰਾਖੀ ਵਾਸਤੇ ਖੜੇ ਕਰ ਦਿੱਤੇ। ਬਾਕੀ ਦੇ ਸਿੰਘਾਂ ਤੇ ਸਾਹਿਬਜ਼ਾਦਿਆਂ ਸਮੇਤ ਆਪ ਉਪਰਲੀ ਛੱਤ ਤੇ ਚੜ੍ਹ ਗਏ। ਰਾਤੋ ਰਾਤ ਦਸ ਲੱਖ ਵੈਰੀਆਂ ਨੇ ਹਵੇਲੀ ਨੂੰ ਘੇਰਾ ਪਾ ਲਿਆ। ਚਾਲੀ ਸਿੰਘਾਂ ਦੇ ਮੁਕਾਬਲੇ ਦਸ ਲੱਖ ਵੈਰੀਆਂ ਨੇ ਆ ਘੇਰਾ ਪਾਇਆ। ਸਤਗੁਰ ਆਪ ਆਪਣੀ ਪਵਿੱਤਰ ਕਲਮ ਨਾਲ ਜ਼ਫ਼ਰਨਾਮੇ ਵਿਚ ਲਿਖਦੇ ਹਨ:

ਗੁਰਿਸਨਹ ਚਿ ਕਾਰੇ ਕੁਨਦ ਚਿਹਲ ਨਰ॥
ਕਿ ਦਹ ਲਕ ਬਰਆਯਦ ਬਰੋ ਬੇ-ਖ਼ਬਰ॥

ਉਹ ਚਾਲੀ ਭੁੱਖੇ ਸਿੰਘ ਕੀ ਕਰਦੇ, ਜਿਨ੍ਹਾਂ 'ਤੇ ਦਸ ਲੱਖ ਵੈਰੀ ਬੇਖ਼ਬਰੇ ਹੀ ਆ ਪਏ। ਉਸ ਦਸ ਲੱਖ ਵਿਚ ਨਾਮਵਰ ਜਰਨੈਲ ਇਹ ਸਨ—ਵਜ਼ੀਰ ਖ਼ਾਨ ਸੂਬਾ ਸਰਹਿੰਦ, ਨਾਹਰ

ਖਾਂ, ਹੈਬਤ ਖਾਂ, ਇਸਮਾਈਲ ਖਾਂ, ਉਸਮਾਨ ਖਾਂ, ਸੁਲਤਾਨ ਖਾਂ, ਖਵਾਜਾ ਖਿਜ਼ਰ ਖਾਂ, ਨਾਹਰ ਖਾਂ, ਮੀਆਂ ਖਾਂ, ਦਿਲਾਵਰ ਖਾਂ, ਜ਼ਬਰਦਸਤ ਖਾਂ ਆਦਿ ਹਵੇਲੀ ਦੇ ਦੁਆਲੇ ਘੇਰਾ ਪਾ ਲਿਆ ਤੇ ਲੱਗੇ ਹਮਲੇ ਦੀ ਤਿਆਰੀ ਕਰਨ। ਅੱਲਾ ਹੂ ਅਕਬਰ ਤੇ ਯਾ ਅਲੀ ਦੇ ਨਾਅਰਿਆਂ ਨਾਲ ਅਸਮਾਨ ਪਾਟਣ ਲੱਗਾ। ਮੁਸਲਮਾਨ ਜਰਨੈਲਾਂ ਦਾ ਖਿਆਲ ਸੀ ਗੁਰੂ ਜੀ ਦੀ ਸਾਰੀ ਫ਼ੌਜ ਸਰਸਾ ਕੰਢੇ ਮਾਰੀ ਗਈ ਹੈ। ਹੁਣ ਉਸ ਦੇ ਨਾਲ ਪੰਜ ਸੱਤ ਸਿੰਘਾਂ ਤੋਂ ਵੱਧ ਨਹੀਂ। ਇਸ ਕਰਕੇ ਵੈਰੀ ਦਲ ਦੇ ਦਿਲ ਵਿਚ ਹੌਸਲਾ ਸੀ ਕਿ ਗੁਰੂ ਜੀ ਸੌਖੇ ਹੀ ਕਾਬੂ ਆ ਜਾਣਗੇ।

ਸੋ ਵਜ਼ੀਰ ਖਾਂ ਨੇ ਗੜ੍ਹੀ ਉੱਤੇ ਹੱਲਾ ਬੋਲ ਦਿੱਤਾ। ਜਿਸ ਵੇਲੇ ਵੈਰੀ ਦੀਆਂ ਫ਼ੌਜਾਂ ਨੇੜੇ ਢੁਕੀਆਂ ਗੜ੍ਹੀ ਵਿਚੋਂ ਇਕੋ ਵਾਰ ਸਿੰਘਾਂ ਨੇ ਗੋਲੀਆਂ ਚਲਾਈਆਂ। ਭਰੀਆਂ ਹੋਈਆਂ ਬੰਦੂਕਾਂ ਖਾਲੀ ਕਰਕੇ ਫਿਰ ਤੀਰਾਂ ਦੀ ਵਾਛੜ ਕੀਤੀ। ਵੈਰੀ ਦੀ ਮਿਣਤੀਆਂ ਪਾਲਾਂ ਇਕ ਵਾਰ ਪਿੱਛੇ ਹਟੀ ਹੋ ਗਏ। ਇਕ ਇਕ ਗੋਲੀ ਤੇ ਤੀਰ ਕਈਆਂ ਦੀਆਂ ਛਾਤੀਆਂ ਵਿਚ ਦੀ ਲੰਘ ਗਿਆ। ਮੁਸਲਮਾਨ ਜਰਨੈਲਾਂ ਦਾ ਇਹ ਭੁਲੇਖਾ ਦੂਰ ਹੋ ਗਿਆ। ਉਹ ਕਹਿਣ ਲੱਗ ਪਏ ਕਿ ਜਾਂ ਤਾਂ ਸੂਹੀਏ ਦੀ ਖ਼ਬਰ ਝੂਠੀ ਹੈ ਤੇ ਜਾਂ ਗੁਰੂ ਜੀ ਨੇ ਕਰਾਮਾਤ ਦੇ ਨਾਲ ਸ਼ਹੀਦਾਂ ਦੀ ਫ਼ੌਜ ਮੰਗਵਾ ਲਈ ਹੈ। ਸੋ ਡਰ ਕੇ ਤੁਰਕਾਨੀ ਫ਼ੌਜ ਪਿੱਛੇ ਹਟ ਗਈ। ਲੂਹੀ ਹੋ ਕੇ ਵਜ਼ੀਰ ਖਾਨ ਨੇ ਫ਼ੌਜ ਨੂੰ ਨੇੜੇ ਧੱਕਿਆ। ਸਿੰਘਾਂ ਨੇ ਫਿਰ ਤੀਰਾਂ ਨਾਲ ਸਵਾਗਤ ਕੀਤਾ। ਦੁਪਹਿਰ ਤੱਕ ਵੈਰੀ ਨੇ ਕਈ ਹੱਲੇ ਕੀਤੇ, ਪਰ ਹਰ ਵਾਰ ਹਾਰ ਤੇ ਨੁਕਸਾਨ ਝੱਲਣਾ ਪਿਆ।

ਵਜ਼ੀਰ ਖਾਂ ਦੀ ਫ਼ੌਜ ਵਿਚ ਮਲੇਰੀਏ ਪਠਾਣ ਮੰਨੇ ਹੋਏ ਯੋਧੇ ਸੀ। ਉਸ ਨੇ ਉਹਨਾਂ ਨੂੰ ਲਲਕਾਰਿਆ, "ਨਾਹਰ ਖਾਨ ! ਬਹਾਦਰੀ ਦੀਆਂ ਟਾਹਰਾਂ ਘਰ ਚਲਾਈਆਂ ਬੈਠ ਕੇ ਹੀ ਮਾਰੀਆਂ ਜਾਂਦੀਆਂ, ਜਾਂ ਮੈਦਾਨ ਵਿਚ ਕੁਝ ਕਰਕੇ ਵਿਖਾਉਣ ਦੀ ਹਿੰਮਤ ਵੀ ਹੈ ਕੀ ਇਸ ਕੱਚੀ ਹਵੇਲੀ ਉੱਤੇ ਪੌੜੀਆਂ ਲਾ ਕੇ ਨਹੀਂ ਚੜ੍ਹਿਆ ਜਾਂਦਾ।" ਇਹ ਤਾਹਨਾ ਸੁਣ ਕੇ ਨਾਹਰ ਖਾਨ ਕ੍ਰੋਧ ਵਿਚ ਭੜਕ ਉਠਿਆ। ਕਹਿਣ ਲੱਗਾ, "ਨਵਾਬ ਸਾਹਿਬ ! ਮੈਂ ਸਿੰਘਾਂ ਦਾ ਫਿਰਦਾ ਪੈਰਾ ਨਹੀਂ ਲੱਭਦਾ ਤਾਂ ਜਾਂਦਾ ਹਾਂ ਗੁਰੂ ਨੂੰ ਜਿੱਤ ਲੈਣਾ ਤੁਹਾਡੇ ਵੱਸ ਦੀ ਗੱਲ ਨਹੀਂ। ਪਰ ਉਸ ਦਾ ਟਾਕਰਾ ਕਰਕੇ ਮਰਨਾ ਮੇਰੇ ਵੱਸ ਹੈ। ਮੈਂ ਵੇਖਾਂਗਾ ਕਿ ਤੇਰੀ ਨਾਲ ਲੱਖ ਫ਼ੌਜ ਵਿਚੋਂ ਕਿੰਨੇ ਮਰਦ ਮੇਰੇ ਮਗਰ ਆਉਂਦੇ ਨੇ। ਨਾਹਰ ਖਾਂ ਅੱਗੇ ਵਧਿਆ ਤਾਂ ਗਨੀ ਖਾਂ ਤੇ ਕਈਆਂ ਵਿਚ ਮੜ੍ਹੇ ਹੋਏ ਜਦੋਂ ਉਹਨਾਂ ਨੇ ਕੰਧ ਤੇ ਸਿਰ ਉੱਚੇ ਕੀਤੇ, ਅੱਗੋਂ ਹਜ਼ੂਰ ਨੇ ਲਲਕਾਰਿਆ, ਨਾਹਰ ਖਾਂ ਚੜ੍ਹਾ ਸੰਭਲ ਕੇ ਉੱਤੇ ਆ ਗਿਆ ਸੀ। ਨਾਹਰ ਖਾਂ ਗੁਰੂ ਜੀ ਦੇ ਤੀਰ ਵਿਚ ਪਰੁੱਚ ਕੇ ਧਰਤੀ 'ਤੇ ਆ ਪਿਆ। ਦੂਜਾ ਗਨੀ ਖਾਂ ਨੂੰ ਲੱਗਾ ਉਹ ਵੀ ਡਿੱਗ ਪਿਆ। ਉਹਨਾਂ ਦੋਹਾਂ ਨੂੰ ਡਿੱਗਦੇ ਵੇਖ ਕੇ ਖਵਾਜਾ ਖਿਜ਼ਰ ਖਾਂ ਦਾ ਹੌਸਲਾ ਟੁੱਟ ਗਿਆ। ਉਹ ਕਿਧਰੇ ਤੀਰ ਖਾਧੇ ਤੋਂ ਪਹਿਲਾਂ ਹੀ ਕੰਧ 'ਤੇ ਡਿੱਗ ਪਿਆ। ਜਿਸ ਦਾ ਜ਼ਿਕਰ ਗੁਰੂ ਜੀ ਨੇ ਜ਼ਫ਼ਰਨਾਮੇ ਵਿਚ ਕੀਤਾ ਹੈ ਕਿ ਤੇਰੇ ਦੋ ਜਰਨੈਲ ਮੇਰੇ ਹੱਥੋਂ ਮਾਰੇ ਗਏ ਤੇ ਤੀਜੇ ਦਾ ਮੈਂ ਮੂੰਹ ਨਹੀਂ ਵੇਖਿਆ, ਜੋ ਵੇਖ

ਲੈਂਦਾ ਤੇ ਇਕ ਤੀਰ ਉਸ ਨੂੰ ਵੀ ਬਖ਼ਸ਼ ਦੇਣਾ ਸੀ। ਫਿਰ ਕਿਸੇ ਨੇ ਕੰਧ 'ਤੇ ਚੜ੍ਹਨ ਦਾ ਹੌਸਲਾ ਨਾ ਕੀਤਾ। ਵੈਰੀ ਦਰਵਾਜ਼ਾ ਤੋੜਨ ਵਧੇ। ਗੁਰੂ ਜੀ ਦਾ ਪਿਆਰਾ ਹਿੰਮਤ ਸਿੰਘ ਸਤਿਗੁਰੂ ਦੀ ਆਗਿਆ ਲੈ ਕੇ ਸਾਥੀ ਸਿੰਘਾਂ ਸਮੇਤ ਗੜ੍ਹੀ ਵਿਚੋਂ ਬਾਹਰ ਨਿਕਲ ਕੇ ਵੈਰੀ 'ਤੇ ਟੁੱਟ ਪਿਆ। ਸੈਂਕੜੇ ਦੁਸ਼ਮਣਾਂ ਨੂੰ ਮਾਰ ਕੇ ਇਹ ਸਾਰਾ ਜੱਥਾ ਸ਼ਹੀਦ ਹੋ ਗਿਆ। ਫਿਰ ਛੇ ਛੇ ਸਿੰਘਾਂ ਦੇ ਦੋ ਜੱਥੇ ਹੋਰ ਸ਼ਹੀਦ ਹੋ ਗਏ।

ਇਹ ਵੇਖ ਕੇ ਸਾਹਿਬਜ਼ਾਦਾ ਅਜੀਤ ਸਿੰਘ ਦੇ ਡੌਲੇ ਫਰਕ ਆਏ। ਆਪ ਜੀ ਦਾਤਾ ਪਿਤਾ ਦੇ ਸਾਹਮਣੇ ਆ ਕੇ ਜੰਗ ਵਿਚ ਜਾਣ ਦੀ ਆਗਿਆ ਮੰਗੀ। ਅਠਾਰਾਂ ਕੁ ਸਾਲ ਦੀ ਉਮਰ ਚੜ੍ਹਦੀ ਜਵਾਨੀ ਡੁੱਲ੍ਹ-ਡੁੱਲ੍ਹ ਪੈਂਦਾ ਰੂਪ, ਸਾਹਿਬਜ਼ਾਦੇ ਦਾ ਅੰਗ ਅੰਗ ਜੋਸ਼ ਵਿਚ ਫਰਕ ਰਿਹਾ ਸੀ। ਦਾਤਾਰ ਪਾਤਸ਼ਾਹ ਖ਼ੁਸ਼ ਹੋਏ। ਛਾਤੀ ਨਾਲ ਲਾਇਆ, ਆਖਿਆ "ਅਜੀਤ ਸਿੰਘ ! ਇਸੇ ਦਿਨ ਦੀ ਉਡੀਕ ਵਿਚ ਸੀ। ਜਦੋਂ ਮੈਂ ਆਪਣੇ ਗੁਰਦੇਵ ਪਿਤਾ ਨੂੰ ਸ਼ਹੀਦ ਹੋਣ ਵਾਸਤੇ ਤੋਰਿਆ ਸੀ ਉਦੋਂ ਮੈਂ ਧਰਮੀ ਪੁੱਤਰ ਬਣਿਆ ਸੀ। ਅੱਜ ਉਸੇ ਰਾਹ ਵਿਚ ਮੈਂ ਤੈਨੂੰ ਮੈਦਾਨੇ ਜੰਗ ਵੱਲ ਤੋਰ ਕੇ ਇਕ ਧਰਮੀ ਪਿਤਾ ਬਣਨਾ ਚਾਹੁੰਦਾ ਸੀ।" ਆਪਣੇ ਹੱਥੀਂ ਉਸ ਨੂੰ ਸਾਰੇ ਸ਼ਸਤਰ ਸਜਾ ਕੇ ਕੁਝ ਸਿੰਘਾਂ ਦਾ ਜੱਥਾ ਦੇ ਕੇ ਰਣ ਮੈਦਾਨ ਵੱਲ ਇਉਂ ਤੋਰਿਆ :

ਬੈਂਤ ਛੰਦ

1. ਸਤਿਗੁਰੂ ਨੇ ਜ਼ਿੰਦਾ ਪੁੱਤਰ ਨੂੰ ਕੀਤਾ ਤਿਆਰ ਹੈ।
ਚੁੰਮ ਕੇ ਮੱਥਾ ਸਿਰ 'ਤੇ ਦਿੱਤਾ ਪਿਆਰ ਹੈ।
ਹੱਥੀਂ ਸਜਾਏ ਉਸ ਨੂੰ ਪੰਜੇ ਹਥਿਆਰ ਹੈ।
ਦਿੱਤਾ ਨਾਲ ਜੱਥਾ ਕੁਝ ਚੁਣਵੇਂ ਸਰਦਾਰਾਂ ਦਾ।
ਤੋਰਿਆ ਰਣ ਭੂਮੀ ਅੰਦਰ ਨਾਲ ਤਲਵਾਰਾਂ ਦਾ।
2. ਸਿੰਘ ਅਣਖਾਲਾ ਜੰਗੀ ਸ਼ੇਰ ਲਲਕਾਰੇ ਹੈ।
ਨਿਕਲ ਪਏ ਬਾਹਰ ਗੜ੍ਹੀ 'ਚੋਂ ਬੋਲ ਕੇ ਜੈਕਾਰੇ ਹੈ।
ਵੈਰੀਆਂ ਦੇ ਵਿਚ ਗਿਆ ਜਿਉਂ ਮਾਰੇ ਚਮਕਾਰੇ ਹੈ।
ਜੰਗ ਵਿਚ ਵਾਰ ਸੂਰਮਾ ਵੈਰੀ ਦੀ ਪਰਤਾ ਹੈ।
ਪੁੱਤਰ ਦਸਮੇਸ਼ ਗੁਰੂ ਦਾ ਵਧ ਵਧ ਕੇ ਲੜਦਾ ਹੈ।
3. ਵਧ ਵਧ ਕੇ ਮਾਰਨ ਤੇਗਾਂ ਸਾਥੀ ਵੀ ਨਾਲ ਦੇ।
ਕਿਰਦੇ ਸਨ ਸੀਸ ਜਿਵੇਂ ਜਿਉਂ ਖਿੱਦੋਆਂ ਨੂੰ ਭਾਲਦੇ।
ਚੰਦਣ ਦੀ ਚੋਲ ਚਲਾਏ ਸਿਰ ਦੇ ਨਾਲ ਪਾਲਦੇ।

ਕੀਤਾ ਇਸ਼ਨਾਨ ਕਈਆਂ ਨੇ ਖ਼ੂਨ ਦੀਆਂ ਧਾਰਾਂ ਦਾ।
ਹੋਇਆ ਰਣ ਭੂਮੀ ਅੰਦਰ ਨਾਚ ਤਲਵਾਰਾਂ ਦਾ।

4. ਆਉਂਦਾ ਨਹੀਂ ਅੰਤ ਪਾਤਸ਼ਾਹ ਤੇਰੀ ਕੁਰਬਾਨੀ ਦਾ।
ਧੰਨ ਧੰਨ ਸਭ ਆਖਣ ਜਿਗਰਾ ਪੁੱਤਰਾਂ ਦੇ ਦਾਨੀ ਦਾ।
ਮੋਹ ਨਾ ਸਵੀਕਰ ਰਹਿਆ, ਪੁੱਤ ਦੀ ਜਵਾਨੀ ਦਾ।
ਵੇਖ ਕੇ ਖ਼ਾਨ ਵਜ਼ੀਦਾ ਵਿਚੋਂ ਵਿਚ ਸੜਦਾ ਹੈ।
ਪੁੱਤਰ ਦਸਮੇਸ਼ ਗੁਰੂ ਦਾ ਵਧ ਵਧ ਕੇ ਲੜਦਾ ਹੈ।

5. ਮੀਂਹਾਂ ਦੇ ਵਾਂਗੂੰ ਛੁੱਟਣ ਤੀਰ ਕਮਾਨਾਂ ਦੇ।
ਲੱਗੇ ਨਜ਼ਰਾਨੇ ਰਣ ਵਿਚ ਕਈਆਂ ਦੀਆਂ ਜਾਨਾਂ ਦੇ।
ਪੈਂਦੇ ਪਿੜ ਵਿਚ ਖੜਾਕੇ ਢਾਲਾਂ ਤਲਵਾਰਾਂ ਦੇ।
ਸੂਰਾਂ ਦੇ ਆਸਰ ਉੱਥੇ ਗੂੰਜ ਰਹੇ ਮੂੰਹ ਨਾਰਾਂ ਦਾ।
ਹੋਇਆ ਰਣ ਭੂਮੀ ਅੰਦਰ ਨਾਚ ਤਲਵਾਰਾਂ ਦਾ।

6. ਵੰਨ ਵੰਨ ਤੀਰ ਕਈਆਂ ਦੇ ਸੀਨੇ ਗਏ ਪਾੜੇ ਜੀ।
ਡਿੱਗੇ ਪਏ ਘੁੱਟ ਪਾਣੀ ਨੂੰ ਤੜਫਦੇ ਕਈ ਹਾੜੇ ਜੀ।
ਘੋੜਿਆਂ ਦੇ ਪੈਰਾਂ ਥੱਲੇ ਗਏ ਕਈ ਲਤਾੜੇ ਜੀ।
ਖ਼ੂਨ ਦੇ ਛਪੜਾਂ ਵੇਗ ਪਏ ਪਾਣੀ ਜਿਵੇਂ ਹੜ੍ਹ ਦਾ ਹੈ।
ਪੁੱਤਰ ਦਸਮੇਸ਼ ਗੁਰੂ ਦਾ ਵਧ ਵਧ ਕੇ ਲੜਦਾ ਹੈ।

7. ਹੋ ਕੇ ਇੱਕ ਖੂਨਾ ਖੂਨਾ ਧਰਤੀ ਤੇ ਡਿੱਗਦੇ ਨੇ।
ਗੁਰਦਾ ਕਲਗੀਆਂ ਵਾਲਾ ਸਿੱਖ ਦੇ ਲੇਖੇ ਨੇ।
ਵੇਖ ਕੇ ਜੈਕਾਰਾ ਉੱਚਾ ਲਾਵੇਂ ਕੁਝ ਕਹਿੰਦੇ ਨੇ।
ਬਣਦਾ ਇਤਿਹਾਸ ਇਸ ਤਰ੍ਹਾਂ ਮਰਨਾ ਦੀਆਂ ਵਾਰਾਂ ਦਾ।
ਹੋਇਆ ਰਣ ਭੂਮੀ ਅੰਦਰ ਨਾਚ ਤਲਵਾਰਾਂ ਦਾ।

8. ਭਿੜਿਆ ਵਿਚ ਸਾਹਿਬਜ਼ਾਦਾ ਜੰਗੀ ਪਹੁੰਚਾ ਹੈ।
ਦੇਖ ਜੂਝਿਆਂ ਖੂਨ ਸ਼ਹੀਦਾਂ ਦਾ ਧਰਤੀ ਤੇ ਡੁੱਲ੍ਹਾ ਹੈ।
ਜਦ ਡਿੱਗਿਆ ਨਾ ਧੂੜੀਆਂ ਅੰਦਰ ਬਾਪੂ ਦਾ ਉੱਚਾ ਹੈ।
ਸ਼ਹੀਦਾ ਜਗਜੀਤ ਕਈ ਗਏ ਸਿੰਘਾਂ ਦਾ ਚੜ੍ਹਦਾ ਹੈ।
ਪੁੱਤਰ ਦਸਮੇਸ਼ ਗੁਰੂ ਦਾ ਵਧ ਵਧ ਕੇ ਲੜਦਾ ਹੈ।

ਪਰਨੀਤ ਤੇ ਸੰਦੀਪ ਕੌਰ (ਬੀ)

ਲੈ ਕੇ ਸਾਥੀ ਸਿੰਘਾਂ ਦਾ ਜੱਥਾ ਸਾਹਿਬਜ਼ਾਦਾ ਅਜੀਤ ਸਿੰਘ ਰਣ ਮੈਦਾਨ ਵਿਚ ਆ ਵੜਿਆ। ਸਾਹਿਬਜ਼ਾਦੇ ਦੇ ਸਿਰ ਉੱਤੇ ਹੀਰਿਆਂ ਜੜੀ ਕਲਗੀ ਝਲਕ ਰਹੀ ਸੀ। ਮਾਨੋ ਅਸਮਾਨੀ ਸੂਰਜ ਦਾ ਤੇਜ ਮਾਤ ਪੈਂਦਾ ਵੇਖ ਕੇ ਗੜ੍ਹੀ ਵਿਚੋਂ ਇਕ ਹੋਰ ਸੂਰਜ ਨਿਕਲ ਆਇਆ ਸੀ। ਦੁਸ਼ਮਣਾਂ ਨੂੰ ਭੁਲੇਖਾ ਸੀ ਕਿ ਮਹਾਰਾਜ ਆਪ ਗੜ੍ਹੀ ਵਿਚੋਂ ਨਿਕਲ ਆਏ ਹਨ। ਜਿਧਰ ਕਿਸੇ ਦਾ ਮੂੰਹ ਹੋਇਆ ਡਰ ਕੇ ਨੱਸ ਉਠਿਆ। ਕੁਝ ਮੁਸਲਮ ਜਰਨੈਲਾਂ ਨੇ ਸਾਹਿਬਜ਼ਾਦੇ ਨੂੰ ਪਛਾਣ ਕੇ ਹੱਲਾ ਕਰਨ ਦੀ ਤਿਆਰੀ ਕੀਤੀ। ਆਪਣੀਆਂ ਫੌਜਾਂ ਨੂੰ ਅੱਗੇ ਵਧਾਇਆ। ਵਜ਼ੀਰ ਖ਼ਾਂ ਨੇ ਲਲਕਾਰ ਕੇ ਕਿਹਾ ਕਿ ਇਹ ਗੁਰੂ ਗੋਬਿੰਦ ਸਿੰਘ ਦਾ ਵੱਡਾ ਪੁੱਤਰ ਹੈ। ਘੇਰਾ ਪਾ ਕੇ ਜਿਊਂਦਾ ਪਕੜ ਲਓ। ਕਲਗੀਧਰ ਦਾ ਵੀਰ ਸਪੁੱਤਰ ਅੱਗੇ ਵਧਿਆ, ਜਿਹੜੇ ਪਾਸੇ ਨੂੰ ਪੈਂਦਾ ਉਧਰ ਹੀ ਭਾਜੜਾਂ ਪੈ ਜਾਂਦੀਆਂ, ਜਿਵੇਂ ਸ਼ੇਰ ਨੂੰ ਵੇਖ ਕੇ ਭੇਡਾਂ ਤੇ ਗਿੱਦੜਾਂ ਨੱਸਦੀਆਂ ਨੇ। ਇਵੇਂ ਹੀ ਵੈਰੀ ਅੱਗੇ ਲੱਗ ਕੇ ਭੱਜਦੇ। ਵਜ਼ੀਰ ਖ਼ਾਂ ਨੇ ਕਿਹਾ, "ਪਿੱਠਾਂ ਦੇ ਭੱਜਦਿਆਂ ਸ਼ਰਮ ਨਹੀਂ ਆਉਂਦੀ। ਜਗੀਰਾਂ ਤੇ ਤਨਖਾਹਾਂ ਖਾਂਦਿਆਂ ਉਮਰ ਗੁਜ਼ਰ ਗਈ। ਅੱਜ ਸਮਾਂ ਬਣਿਆ ਹੈ ਤੇ ਸਿਰ 'ਤੇ ਪੈਰ ਰੱਖ ਕੇ ਦੌੜ ਉੱਠੇ ਹੋ। ਸਤਾਰਾਂ ਅਠਾਰਾਂ ਸਾਲ ਦੇ ਬੱਚੇ ਦੇ ਸਾਹਮਣੇ ਪਿੱਠ ਵਿਖਾ ਕੇ ਭੇਡਾਂ ਵਾਂਗ ਨੱਸਣਾ ਤੁਹਾਡੀ ਮੂਰਖਤਾਈ ਹੈ, ਤਕੜੇ ਹੋ ਕੇ ਹੱਲਾ ਕਰੋ।" ਇਹ ਝਿੜਕਾਂ ਮਿਹਣੇ ਸਹਿ ਕੇ ਵੈਰੀ ਅੱਗੇ ਵਧੇ। ਦੋਹਾਂ ਦਲਾਂ ਦਾ ਬੜਾ ਜ਼ਬਰਦਸਤ ਜੰਗ ਹੋ ਗਿਆ ਸੀ। ਸਾਹਿਬਜ਼ਾਦੇ ਅਜੀਤ ਸਿੰਘ ਨੇ ਵਾਰੀ ਵਾਰੀ ਆਪਣੇ ਸਾਰੇ ਸ਼ਸਤਰ ਵੈਰੀ ਤੇ ਵਰਤੇ। ਆਖ਼ਰ ਜਦੋਂ ਸੂਰਮੇ ਦੇ ਸਾਰੇ ਸ਼ਸਤਰ ਟੁੱਟ ਗਏ, ਫਿਰ ਜੰਗ ਦੇ ਸਾਹਵੇਂ ਪੇਸ਼ ਨਾ ਗਈ। ਹਜ਼ਾਰਾਂ ਦੁਸ਼ਮਣਾਂ ਨੂੰ ਮਾਰ ਕੇ ਸਾਹਿਬਜ਼ਾਦਾ ਅਜੀਤ ਸਿੰਘ ਵੈਰੀਆਂ ਦੇ ਤੀਰਾਂ ਨਾਲ ਪਰੁੰਨਿਆ ਸ਼ਹੀਦ ਹੋ ਗਿਆ। ਉਸ ਦੇ ਜਿਸਮ ਵਿਚੋਂ ਖ਼ੂਨ ਵਹਿ ਗਿਆ ਸੀ। ਇਸ ਸਾਰੇ ਜੰਗ ਦੇ ਸੀਨ ਨੂੰ ਗੁਰੂ ਗੋਬਿੰਦ ਸਿੰਘ ਜੀ ਆਪ ਚੁਬਾਰੇ ਵਿਚੋਂ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਸ਼ਹੀਦ ਹੋ ਕੇ ਧਰਤੀ 'ਤੇ ਡਿੱਗਾ, ਗੁਰਦੇਵ ਪਿਤਾ ਜੀ ਜੋਸ਼ ਵਿਚ ਆ ਕੇ ਪੰਜ ਜੈਕਾਰੇ ਛੱਡੇ। ਦੁਸ਼ਮਣ ਦੰਗ ਰਹਿ ਗਿਆ। ਅੱਗੇ ਤਾਂ ਬੇਗਾਨੇ ਪੁੱਤ ਸ਼ਹੀਦ ਹੁੰਦੇ ਸੀ ਤਾਂ ਗੁਰੂ ਜੈਕਾਰੇ ਛੱਡਦਾ ਸੀ। ਆਪਣੇ ਪੁੱਤ ਦੀ ਸ਼ਹੀਦੀ ਨੂੰ ਵੇਖ ਕੇ ਅੱਗੇ ਨਾਲੋਂ ਵੀ ਜੋਸ਼ ਨਾਲ ਜੈਕਾਰੇ ਤੇ ਜੈਕਾਰਾ ਛੱਡੀ ਜਾ ਰਹੇ ਸਨ। ਵੈਰੀ ਵੇਖ ਕੇ ਹੈਰਾਨ ਰਹਿ ਗਏ। ਇਹ ਕੈਸਾ ਗੁਰੂ ਹੈ ਜਿਸਨੂੰ ਰਤਾ ਮਾਤਰ ਵੀ ਗ਼ਮ ਨਹੀਂ, ਸਗੋਂ ਅੱਗੇ ਨਾਲੋਂ ਵੀ ਖ਼ੁਸ਼ ਸੀ। ਆਪਣੇ ਲਖਤੇ ਜਿਗਰ ਲਾਲ ਦੀ ਬਹਾਦਰੀ ਵੇਖ ਕੇ ਫੁਲੇ ਨਹੀਂ ਸੀ ਸਮਾਉਂਦੇ। ਉਹ ਖ਼ੁਸ਼ੀ ਵਿਚ ਕਹਿ ਰਹੇ ਸੀ, ਲਾਲ ਅਜੀਤ ਸਿੰਘਾ, ਮੈਂ ਵਾਰਾਂ ਵਾਰਾ ਹੋਇਆ, ਤੂੰ ਮੇਰੀ ਆਸਾ ਵਿਚ ਮੈਨੂੰ ਅਕਾਲ ਪੁਰਖ ਤੋਂ ਸੁਰਖ਼ਰੂ ਕੀਤਾ ਹੈ।

ਦੂਜੇ ਪਾਸੇ ਸਾਹਿਬਜ਼ਾਦਾ ਜੁਝਾਰ ਸਿੰਘ ੧੪ ਸਾਲ ਦੀ ਉਮਰ ਹੈ। ਉਸ ਨੇ ਵੀ ਆਪਣੇ ਵੱਡੇ ਵੀਰ ਅਜੀਤ ਸਿੰਘ ਨੂੰ ਰਣ ਮੈਦਾਨ ਵਿਚ ਵੈਰੀਆਂ ਦੇ ਨਾਲ ਲੜਦਾ ਤੱਕਿਆ ਸੀ। ਸੂਰਮੇ ਦੇ ਬਾਹੂ ਫਰਕੇ, ਜੋਸ਼ ਆਇਆ, ਆਪਣੇ ਪਿਤਾ ਕਲਗੀਧਰ ਪਿਤਾ ਗੁਰਦੇਵ ਦੇ

ਸਾਹਮਣੇ ਆ ਕੇ ਹੱਥ ਜੋੜ ਕੇ ਬੇਨਤੀ ਕਰਨ ਲੱਗਾ ਕਿ "ਸਤਿਗੁਰੂ ਜੀ ! ਅਸੀਂ ਦੋਵੇਂ ਵੀਰ ਕੱਠੇ ਹੀ ਪੜ੍ਹੇ, ਇਕੱਠਿਆਂ ਨੇ ਸ਼ਸਤਰ ਵਿਦਿਆ ਸਿੱਖੀ, ਕਦੀ ਵੀ ਇਕ ਦੂਜੇ ਤੋਂ ਵੱਖ ਨਹੀਂ ਹੋਏ। ਪਿਤਾ ਜੀ ! ਮੇਰਾ ਵੀਰ ਅਜੀਤ ਸਿੰਘ ਦਾਦਾ ਜੀ ਦੀ ਗੋਦੀ ਵਿਚ ਜਾ ਬੈਠਾ ਹੈ। ਛੇਤੀ ਕਰੋ ਮੈਂ ਵੀ ਆਪਣੇ ਵੱਡੇ ਵੀਰ ਦੀ ਤਰ੍ਹਾਂ ਦੁਸ਼ਮਣ ਦੇ ਨਾਲ ਰਣ ਮੈਦਾਨ ਵਿਚ ਲੜ ਕੇ ਸ਼ਹੀਦ ਹੋਣਾ ਹੈ ਅਤੇ ਆਪਣੇ ਵੀਰ ਕੋਲ ਤੇ ਦਾਦਾ ਜੀ ਕੋਲ ਜਾਣਾ ਹੈ।" ਸਤਿਗੁਰੂ ਜੀ ਖ਼ੁਸ਼ ਹੋਏ, ਆਖਿਆ, "ਜੁਝਾਰ ਸਿੰਘਾ ! ਜਦੋਂ ਵੀ ਦੇਸ਼ ਅਤੇ ਧਰਮ ਨੂੰ ਕੁਰਬਾਨੀ ਦੀ ਲੋੜ ਪਏਗੀ, ਤੇਰੇ ਵਾਂਗ ਲੱਖਾਂ ਜੁਝਾਰ ਤਲੀ 'ਤੇ ਸੀਸ ਰੱਖ ਕੇ ਮੈਦਾਨ ਵਿਚ ਆ ਜਾਣਗੇ।" ਸਿੰਘਾਂ ਨੇ ਬੇਨਤੀ ਕੀਤੀ, "ਪਾਤਸ਼ਾਹ ਜੀ ! ਜਦੋਂ ਤੁਸੀਂ ਅਨੰਦਪੁਰ ਸਾਹਿਬ ਤੋਂ ਤੁਰੇ, ਤੁਹਾਡੇ ਕੋਲ ਚਾਰ ਪੁੱਤਰ ਸਨ। ਸਰਸਾ ਤੇ ਦੋ ਵਿਛੜ ਗਏ, ਦੋਵਾਂ ਵਿਚੋਂ ਵੀ ਇਕ ਸ਼ਹੀਦ ਹੋ ਗਿਆ ਹੈ। ਕੇਵਲ ਇਕ ਹੀ ਹੈ ਇਸ ਨੂੰ ਆਪਣੇ ਕੋਲ ਨਿਸ਼ਾਨੀ ਰੱਖ ਲਓ।" ਗੁਰੂ ਜੀ ਫ਼ੁਰਮਾਣ ਲੱਗੇ, "ਸਿੰਘੋ ! ਮੈਂ ਤੁਹਾਡੇ ਵਿਚ ਤੇ ਪੁੱਤਰਾਂ ਵਿਚ ਕੋਈ ਫ਼ਰਕ ਨਹੀਂ ਸਮਝਦਾ। ਤੁਸੀਂ ਸਾਰੇ ਮੇਰੇ ਹੀ ਪੁੱਤਰ ਹੋ। ਇਸ ਕਰਕੇ ਸਾਹਿਬਜ਼ਾਦਾ ਜੁਝਾਰ ਸਿੰਘ ਰਣ ਮੈਦਾਨ ਵਿਚ ਜਾਵੇਗਾ।" ਹਜ਼ੂਰ ਨੇ ਇਸੀ ਚਾਵਾਂ ਨਾਲ ਪੁੱਤਰ ਨੂੰ ਸ਼ਹੀਦ ਹੋਣ ਵਾਸਤੇ ਵਿਦਾ ਕੀਤਾ। ਸਾਹਿਬਜ਼ਾਦੇ ਨਾਲ ਪੰਜ ਸਿੰਘ ਹੋਰ ਚੜ੍ਹੇ। ਗੜ੍ਹੀ ਦਾ ਬੂਹਾ ਖੁੱਲ੍ਹਾ, ਜਿਵੇਂ ਵੈਰੀ ਤੇ ਟੁੱਟ ਪਿਆ ਇਉਂ ਪੇਸ਼ ਹੈ :

ਕਬਿੱਤ ਛੰਦ

1. ਵੱਡਾ ਵੀਰ ਜੰਗ 'ਚ ਸ਼ਹੀਦੀ ਪਾ ਗਿਆ, ਜੂਝ ਨਾਲ ਵੈਰੀ ਦੇ।
ਛੋਟੇ ਵੀਰ ਤਾਈਂ ਰੋਹ ਜੋਸ਼ ਆ ਗਿਆ, ਵਾਂਗੂੰ ਨਾਗ ਜ਼ਹਿਰ ਦੇ।
ਲਾਲ ਚੋਲਾ ਪਾ ਕੇ ਆ ਗਿਆ ਹੈ ਜੰਗ ਦੇ, ਧੂਹ ਕੇ ਤਲਵਾਰ ਨੂੰ।
ਤੋਰ ਦੇ ਪਿਤਾ ਜੀ ਛੇਤੀ ਵੱਲ ਜੰਗ ਦੇ, ਲਾਡਲੇ ਜੁਝਾਰ ਨੂੰ।
2. ਹੋਕੇ ਨਾ ਪਿਤਾ ਜੀ ਗੋਦੀ ਵਿਚ ਬੈਠਣਾ, ਤੇਗ ਛੇਤੀ ਫੜ ਕੇ।
ਵੀਰ ਵਾਲੀ ਕਰਨੀ ਕਰਨੀ ਮੈਂ ਵੀ ਲੋਚਣਾ, ਸੀਸ ਤਲੀ ਧਰ ਕੇ।
ਕੋਈ ਪ੍ਰਵਾਨੇ ਜਿਸ ਤਰ੍ਹਾਂ ਸ਼ਮਾਂ ਦੇ, [illegible]
ਤੋਰ ਦੇ ਪਿਤਾ ਜੀ ਛੇਤੀ ਵੱਲ ਜੰਗ ਦੇ, ਲਾਡਲੇ ਜੁਝਾਰ ਨੂੰ।
3. ਤੇਗ ਪਿਤਾ ਬਾਪੂ ਜਿਵੇਂ ਚੋਲ ਦਿਸਦੀ ਦੇ, ਸਾਰੇ ਨੂੰ ਵਿਖਾਰ ਕੇ।
ਰੋਕ ਲਏ ਜਾਂਬਾਜ਼ ਦਿਸਦੇ ਤੀਰ ਦਿਸਦੀ ਦੇ, ਐਂਕੇ ਨੂੰ ਵੰਗਾਰ ਕੇ।
ਖ਼ੂਨੀ ਇਤਿਹਾਸ ਵਾਲੇ ਸਫ਼ੇ ਜੰਗ ਦੇ, ਚਾਰ ਪ੍ਰਕਾਰ ਨੂੰ।
ਤੋਰ ਦੇ ਪਿਤਾ ਜੀ ਛੇਤੀ ਵੱਲ ਜੰਗ ਦੇ, ਲਾਡਲੇ ਜੁਝਾਰ ਨੂੰ।

4. ਛੋਟੀ ਜਿਹੀ ਉਮਰ ਭਾਵੇਂ ਚੌਦਾਂ ਸਾਲ ਦੀ, ਚੌਦਵੀਂ ਦਾ ਚੰਦ ਹਾਂ।
ਕਿਹੜਾ ਖੇਡ ਖੇਡੂ ਹਣ ਮੇਰੇ ਨਾਲ ਦੀ, ਤੇਰਾ ਫਰਜ਼ੰਦ ਹਾਂ।
ਵੈਰੀਆਂ ਨੂੰ ਡੰਗਾ ਚਾਂਗਰਾਂ ਭੁਜੰਗ ਦੇ, ਮਾਰ ਲਲਕਾਰ ਨੂੰ।
ਤੋਰ ਦੇ ਪਿਤਾ ਜੀ ਛੇਤੀ ਵੱਲ ਜੰਗ ਦੇ, ਲਾਡਲੇ ਜੁਝਾਰ ਨੂੰ।
5. ਅਰਜ਼ਾਂ ਪਏ ਕਰਦੀ ਉਡੀਕਾਂ ਮੇਟੀਆਂ, ਜਿੱਤ ਖੜੀ ਦੂਰ ਹੈ।
ਸਾਰੀ ਜਾਂਦੇ ਕਾਸ ਪਿਤਾ ਜੀ ਦੇਰੀਆਂ, ਪੰਧ ਬੜਾ ਦੂਰ ਹੈ।
ਮੌਤ ਮੁਟਿਆਰ ਸਾਜ਼ੂਟੀ ਨਾਲ ਅੰਗ ਦੇ, ਕਰ ਕੇ ਪਿਆਰ ਨੂੰ।
ਤੋਰ ਦੇ ਪਿਤਾ ਜੀ ਛੇਤੀ ਵੱਲ ਜੰਗ ਦੇ, ਲਾਡਲੇ ਜੁਝਾਰ ਨੂੰ।
6. ਸੂਰਾ ਸੋ ਪਹਿਚਾਨੀਐ ਲਰੈ ਦੀਨ ਹੇਤ ਜੀ, ਆਖਦਾ ਕਬੀਰ ਹੈ।
ਟੋਟੇ ਮੈਂ ਕਰਾਦੂੰ ਜਾ ਕੇ ਹੁਣ ਖੇਤ ਜੀ, ਵੈਰੀ ਦਾ ਸਰੀਰ ਹੈ।
ਕਰੋ ਪਏ ਨੇ ਨਾਲ ਈਰਖਾ ਦੀ ਖੇਡਦੇ, ਸਾਹਵਾਂ ਦੇ ਤਾਰ ਨੂੰ।
ਤੋਰ ਦੇ ਪਿਤਾ ਜੀ ਛੇਤੀ ਵੱਲ ਜੰਗ ਦੇ, ਲਾਡਲੇ ਜੁਝਾਰ ਨੂੰ।
7. ਕਰ ਦਿੱਤਾ ਪੁੱਤ ਗੁਰਾਂ ਨੇ ਤਿਆਰ ਜੀ, ਜੰਗ ਨੂੰ ਸ਼ਿੰਗਾਰ ਕੇ।
ਘੜ ਪਿਆ ਘੜ ਕੇ ਫੌਜੀ ਦੀ ਧਾਰ ਜੀ, ਦੱਸੇ ਦੋਵਾਂ ਮਾਰ ਕੇ।
ਕਿਵੇਂ ਕਟਾਉਂਦਾ ਮਹਿਲ ਫੌਜ ਦੇ, ਸਾਰੀ ਕਾਇਮ ਵਾਰ ਨੂੰ।
ਤੋਰ ਦੇ ਪਿਤਾ ਜੀ ਛੇਤੀ ਵੱਲ ਜੰਗ ਦੇ, ਲਾਡਲੇ ਜੁਝਾਰ ਨੂੰ।

ਵੈਰੀ ਸਮਝ ਗਏ ਕਿ ਛੋਟਾ ਸਾਹਿਬਜ਼ਾਦਾ ਲੜਨ ਵਾਸਤੇ ਆ ਗਿਆ ਹੈ। ਜੁਣ ਅੰਦਰ ਜਾ ਤੋਂ ਕਿਹਾ ਕੋਈ ਲੜੀ ਗੱਲ ਕਿਆ। ਵਜ਼ੀਰ ਖ਼ਾਨ ਨੇ ਕਿਹਾ, "ਇਸ ਨੂੰ ਕਤਲ ਨਾ ਕਰਨਾ, ਸਗੋਂ ਜਿਊਂਦੇ ਫੜ ਲੈਣਾ। ਫੇਰ ਕੈਦ ਕਰ ਕੇ ਇਸ ਨੂੰ ਦੀਨ ਮਨਵਾਵਾਂਗੇ।" ਉਹਨਾਂ ਦਾ ਖ਼ਿਆਲ ਸੀ ਕਿ ਚੌਦਾਂ ਸਾਲ ਦੇ ਬੱਚੇ ਨੇ ਕੀ ਲੜਨਾ ਹੈ, ਪਰ ਕੀ ਜਾਨਣ ਕਿ ਸ਼ੇਰ ਦਾ ਬੱਚਾ ਭਾਵੇਂ ਛੋਟਾ ਹੀ ਹੋਵੇ, ਸ਼ਿਕਾਰਾਂ 'ਤੇ ਕਾਬੂ ਹੁੰਦਾ ਹੈ। ਸਾਹਿਬਜ਼ਾਦੇ ਜੁਝਾਰ ਸਿੰਘ ਨੇ ਆਪਣੇ ਘੋੜੇ ਦੀਆਂ ਵਾਗਾਂ ਉੱਠਦੇ ਕਦਮਾਂ ਕਦਮਾਂ ਦੇ ਦੁਸ਼ਮਣ 'ਤੇ ਧਾਵਾ ਕੀਤਾ। ਜੂਝਣੇ ਦੇ ਵਿਚ ਏਨਾ ਜੋਸ਼ ਸੀ ਕਿ ਜਿਹੜੇ ਪਾਸੇ ਨੂੰ ਪੈਂਦਾ, ਵੈਰੀ ਦੇ ਆਹੂ ਲਾਹੀ ਜਾਂਦਾ। ਉਸ ਦੀ ਤਲਵਾਰ ਸੈਂਕੜਿਆਂ ਵਿਚ ਘਿਰੇ ਹੋਏ ਦੁਸ਼ਮਣਾਂ ਦੇ ਟੋਟੇ ਕਰੀ ਜਾਂਦੀ। ਰਣ ਮੈਦਾਨ ਵਿਚ ਲਾਸ਼ਾਂ ਉੱਤੇ ਲੋਥਾਂ ਖਲਾਰ ਦਿੱਤੀਆਂ ਸਨ। ਧਰਤੀ ਖੂਨ ਵਿਚ ਡੁੱਬੀ ਪਈ ਸੀ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਅਕਾਸ਼ ਗੂੰਜ ਰਿਹਾ ਸੀ। ਭਾਵੇਂ ਉਮਰ ਛੋਟੀ ਸੀ, ਪਰ ਜੋਸ਼ ਤੇ ਦਲੇਰੀ ਏਨੀ ਸੀ ਕਿ ਵੈਰੀਆਂ ਦੇ ਸੱਥਰ ਵਿਛਾ ਦਿੱਤੇ। ਸਾਹਿਬਜ਼ਾਦਾ ਜੁਝਾਰ ਸਿੰਘ ਆਖ਼ਰ ਕਿਵੇਂ ਦੁਸ਼ਮਣਾਂ 'ਤੇ ਟੁੱਟ ਪਿਆ ਕਿਹੜੀ ਪੇਸ਼ ਹੈ :

ਹੁਲਾਰਾ ਛੰਦ

1. ਚੜ੍ਹੇ ਜੰਗ ਨੂੰ ਸਾਹਿਬ ਜੁਝਾਰ।
ਹੋ ਕੇ ਘੋੜੇ 'ਤੇ ਅਸਵਾਰ।
ਝੱਟ ਨਿਕਲ ਗੜ੍ਹੀ ਤੋਂ ਬਾਹਰ।
ਮੁਗਲਾਂ ਨਾਂ ਰਣ ਵਿਚ ਜੁੱਟ ਪਿਆ, ਜਿਵੇਂ ਸ਼ੇਰ ਸ਼ਿਕਾਰ 'ਤੇ ਟੁੱਟ ਪਿਆ।

2. ਜੋ ਸਿੰਘ ਸ਼ੇਰ ਦੇ ਨਾਲ।
ਉਹ ਵੀ ਕਰਦੇ ਜਾਣ ਕਮਾਲ।
ਮੂੰਹੋਂ ਕਹਿਣ ਅਕਾਲ ਅਕਾਲ।
ਰੂਮੀ ਵਿਚ ਜੋਸ਼ੇ ਬਾਰੂਦ ਲੱਗੇ, ਤੱਕ ਮੁਗਲ ਵੈਰੀ ਹੋਣ ਲਾਚਾਰ ਲੱਗੇ।

3. ਪੁੱਤ ਦਸਵੇਂ ਗੁਰੂ ਦਾ ਬੀਰ।
ਬੰਨ੍ਹ ਕੇ ਛੁਟਦੇ ਕੰਧੇ ਦੇ ਤੀਰ।
ਸਿੰਘ ਕੌਣਾ ਤਾਈਂ ਅਖੀਰ।
ਉਹ ਜਿਹੜੇ ਦਾ ਚਲਾਵੇ ਜੀ, ਲੋਥਾਂ 'ਤੇ ਲੋਥਾਂ ਚੜ੍ਹਾਵੇ ਜੀ।

4. ਚੜ੍ਹੇ ਮੁਗਲ ਪਠਾਣ ਬਦਕਾਰ।
ਪਰ ਸਿੰਘ ਉਹਨਾਂ ਤੋਂ ਨਾਬਰ।
ਚੜ੍ਹਾ ਛੱਡਿਆ ਜੋਸ਼ ਖਾਲਸ।
ਚਾਲਾਂ ਤੇ ਫੌਜੀ ਖਰਾਬ ਕਰੀ, ਔਖੇ ਜਿਵੇਂ ਬਿਜਲੀ ਕੜਕ ਕਰੀ।

5. ਸਿੰਘਾਂ ਤੇਗ ਜੋਸ਼ ਵਿਚ ਫੇਰੀ।
ਜਿਵੇਂ ਪ੍ਰੇਤਣੀ ਭੁੱਖ ਹਨੇਰੀ।
ਹਲਕਾਰੇ ਬੋਲਾ ਤੇਰੀ।
ਤੇਗਾਂ ਦੀ ਤੱਕੜੀ ਗੂੰਜਦੇ ਵੇ, ਜਿਵੇਂ ਸ਼ੇਰ ਪਹਾੜੀ 'ਤੇ ਗੂੰਜਦੇ ਵੇ।

6. ਇੱਕ ਲੜਦਾ ਸਾਹਿਬ ਜੁਝਾਰ।
ਜਿਵੇਂ ਅਰਜਨ ਰਣ ਵਿਚਕਾਰ।
ਔਖੀ ਵੇਖੋ ਕ੍ਰਿਪਾਨ ਮੁਹਾਰ।
ਚਮਕੌਰ ਦਾ ਸ਼ੇਰਾ ਜਿੱਤਿਆਂ ਜੀ, ਕਈ ਲਾਸ਼ਾਂ ਫੁੱਟੀਆਂ ਰੋਲੀਆਂ ਜੀ।

7. ਚਾਲਾਂ ਤੇ ਫੌਜੀ ਘਰਕੇ।
ਪਈ ਜੋਤ ਸਿੰਘਾਂ 'ਤੇ ਕੜਕੇ।

ਤੱਕ ਦਿਲ ਕਈਆਂ ਦਾ ਧੜਕੇ।

ਕਈ ਭੱਜੇ ਜਾਣ ਮੈਦਾਨੋਂ ਜੀ, ਨਹੀਂ ਜਾਣਾ ਅਸੀਂ ਜਹਾਨੋਂ ਜੀ।

8. ਜੋ ਬੰਨ੍ਹ ਕੇ ਤੁਰੇ ਸੀ ਗਾਨੇ।
ਧਸੇ ਰਣ ਵਿਚ ਬਣੇ ਨਿਸ਼ਾਨੇ।
ਜਿਉਂ ਸ਼ਮ੍ਹਾਂ ਉਤੇ ਪਰਵਾਨੇ।

ਹੋ ਘਾਇਲ ਧਰਤ 'ਤੇ ਲੇਟੇ ਐ, ਜੋ ਚੜ੍ਹੇ ਤੇਗ ਦੀ ਭੇਟੇ ਐ।

9. ਭੈਣਾਂ ਜੋ ਤੋਰੇ ਵੀਰੇ।
ਗਏ ਤੇਗਾਂ ਚੀਰ ਚੀਰ ਚੀਰੇ।
ਮਾਵਾਂ ਦੇ ਦਿਲ ਦੇ ਹੀਰੇ।

ਡਿੱਗੇ ਰਣ 'ਚ ਤਾਣ ਕੇ ਬਾਹਵਾਂ ਜੀ, ਤੇ ਖੜੀ ਉਡੀਕਣ ਮਾਵਾਂ ਜੀ।

10. ਸਤ ਸਤ ਕੇ ਸਾਹਿਬ ਜੁਝਾਰ।
ਡਿੱਗਾ ਆਖ਼ਰ ਰਣ ਵਿਚਕਾਰ।
ਸਭ ਸਾਥੀ ਜਾਨਾਂ ਵਾਰ।

ਆਖ਼ਰ ਦੀ ਫ਼ਤਹਿ ਬੁਲਾ ਗਏ ਐ, ਸਿੱਖੀ ਦਾ ਨਾਂ ਚਮਕਾ ਗਏ ਐ।

ਚੌਦਾਂ ਪੰਦਰਾਂ ਸਾਲ ਦਾ ਸਾਹਿਬਜ਼ਾਦਾ ਅੱਖਾਂ ਦੇ ਸਾਹਮਣੇ ਟੋਟੇ ਟੋਟੇ ਹੋ ਕੇ ਮੈਦਾਨ ਵਿਚ ਡਿੱਗ ਪਿਆ। ਹਜ਼ੂਰ ਇਹ ਸਭ ਕੁਝ ਦੇਖਦੇ ਹੋਏ ਫਿਰ ਜੰਗ ਵਿਚ ਜੈਕਾਰੇ ਛੱਡੇ। ਇਧਰ ਸੂਰਜ ਅਸਤ ਹੋਇਆ। ਲਾਲ ਕਿਰਨਾਂ ਧਰਤੀ 'ਤੇ ਪਈਆਂ। ਧਰਤੀ ਵੀ ਲਾਲ ਰੰਗ ਖੂਨ ਵਿਚ ਰੰਗੀ ਸੀ। ਐਸੇ ਕੁਦਰਤੀ ਰੰਗ ਵਿਚ ਪੰਜ ਸਿੰਘ ਨੇ ਅਕਾਲ ਪੁਰਖ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ। ਜੰਗ ਬੰਦ ਹੋ ਗਈ। ਹਨੇਰਾ ਹੋ ਗਿਆ। ਗੁਰੂ ਜੀ ਨੇ ਰਹਿਰਾਸ ਸਾਹਿਬ ਦਾ ਪਾਠ ਕੀਤਾ। ਥੋੜ੍ਹੇ ਹੀ ਸਿੰਘ ਬਾਕੀ ਰਹਿ ਗਏ ਸਨ। ਜਿਨ੍ਹਾਂ ਨੇ ਗੁਰੂ ਜੀ ਦੇ ਕੋਲ ਮਿਲ ਕੇ ਸਲਾਹ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ "ਖ਼ਾਲਸਾ ਜੀ! ਕੱਲ ਨੂੰ ਫਿਰ ਆਪਾਂ ਦੁਸ਼ਮਣ ਦਾ ਮੁਕਾਬਲਾ ਕਰਨਾ ਹੈ। ਇਸ ਕਰਕੇ ਮੈਂ ਖ਼ਾਲਸੇ ਪੰਜ ਅੱਗੇ ਬੇਨਤੀ ਕਰਦਾ ਹਾਂ ਕਿ ਮੈਨੂੰ ਵੀ ਜੰਗ ਵਿਚ ਜਾਣ ਦੀ ਆਗਿਆ ਦਿੱਤੀ ਜਾਵੇ।

ਦਵਈਆ ਛੰਦ

1. ਕਲਗੀਧਰ ਗਲ ਪੱਲਾ ਪਾ ਕੇ, ਖੜੇ ਪੰਜ ਦੇ ਅੱਗੇ।
ਆਪੇ ਗੁਰ ਤੇ ਆਪੇ ਚੇਲਾ, ਬਣ ਸਿਖਲਾਵਣ ਲੱਗੇ।
ਜਿਸ ਚਾਹੁੰਦਾ ਔਰ ਲੜ ਦੁਸ਼ਮਣ ਨਾ, ਜਿਸ ਕੀਤੀਆਂ ਹੀਆਂ ਸਾਰਾਂ।
ਹੁਕਮ ਦੇਵੋ ਜੇ ਪੰਜ ਦਾਸ ਨੂੰ, ਮੈਂ ਵੀ ਜੰਗ ਨੂੰ ਜਾਵਾਂ।

2. ਰਣਭੂਮੀ ਵਿਚ ਸ਼ਹੀਦੀ ਪਾ ਗਏ, ਲੜ ਕੇ ਸਿੰਘ ਪਿਆਰੇ।
ਦੁਸ਼ਮਣ ਦਲ ਦੇ ਆਹੂ ਲਾਹ ਗਏ, ਵਾਹ ਖੰਡੇ ਦੇ-ਧਾਰੇ।
ਲੋਥਾਂ ਉਤੇ ਲੋਥਾਂ ਚੜ੍ਹਾ ਕੇ ਕਰ ਗਏ ਪੂਰੀਆਂ ਚਾਹਾਂ।
ਹੁਕਮ ਦੇਵੇ ਜੇ ਪੰਥ ਦਾਸ ਨੂੰ, ਮੈਂ ਵੀ ਜੰਗ ਨੂੰ ਜਾਵਾਂ।

3. ਅੱਜ ਤੂੰ ਅੱਗੇ ਸੀਸ ਨਿਵਾਇਓ, ਗੁਰੂ ਪੰਥ ਦੇ ਅੱਗੇ।
ਵੈਰੀ ਅਤੇ ਪਰਦੇਸੀ ਪਿੱਛੇ, ਇਕ ਵੀ ਸਿੱਖ ਨਾ ਲੱਗੇ।
ਦਾਸਾਂ ਗੁਰਾਂ ਦੀ ਜੰਗ ਦੇਸ਼ ਵਿਚ, ਗੁਰਸਿੱਖ ਸਮਝਾਵਾਂ।
ਹੁਕਮ ਦੇਵੇ ਜੇ ਪੰਥ ਦਾਸ ਨੂੰ, ਮੈਂ ਵੀ ਜੰਗ ਨੂੰ ਜਾਵਾਂ।

4. ਅਜੀਤ ਜੁਝਾਰ ਨੇ ਪਾਈ ਸ਼ਹੀਦੀ, ਰਣਭੂਮੀ ਵਿਚ ਡਟ ਕੇ।
ਆਖਰ ਡਿੱਗੇ ਹੋ ਸੁਰਖਰੂ ਪੁਰਜਾ ਪੁਰਜਾ ਕੱਟ ਕੇ।
ਦਾਦੇ ਦੀ ਗੋਦ ਵਿਚ ਪਹੁੰਚੇ, ਗੁਰ ਕੀਤੀਆਂ ਦੀਆਂ ਛਾਵਾਂ।
ਹੁਕਮ ਦੇਵੇ ਜੇ ਪੰਥ ਦਾਸ ਨੂੰ, ਮੈਂ ਵੀ ਜੰਗ ਨੂੰ ਜਾਵਾਂ।

5. ਛਿਣੇ ਜਿਹਾ ਮੁਕਾਬਲਾ ਵੇਲਾ, ਵਾਰ ਵਾਰ ਨਹੀਂ ਮਿਲਦਾ।
ਪੁੱਤਰਾਂ ਪਿੱਛੇ ਬਾਪ ਵੀ ਤੁਰੇ, ਕਾਮ ਸੀ ਮੇਰੇ ਦਿਲ ਦਾ।
ਅਕਾਲ ਪੁਰਖ ਨਾਲ ਬਚਨ ਕਰੇ ਤੇ ਐਥੇ ਭੇਤ ਨਿਭਾਵਾਂ।
ਹੁਕਮ ਦੇਵੇ ਜੇ ਪੰਥ ਦਾਸ ਨੂੰ, ਮੈਂ ਵੀ ਜੰਗ ਨੂੰ ਜਾਵਾਂ।

6. ਜੇ ਮੈਂ ਏਥੇ ਬੈਠਾ ਰਹਿ ਗਿਆ, ਦੁਸ਼ਮਣ ਕਰਸੀ ਆਖੂ।
ਪੁੱਤਰ ਸਿੰਘ ਸ਼ਹੀਦ ਕਰਾ ਕੇ, ਆਪ ਡਰ ਗਿਆ ਬਾਪੂ।
ਸਿੱਖਿਆ ਕਰੇ ਸ਼ਿੰਦੀ ਦਾ ਝੂਠਾ ਮੂਲ ਪਰੀਵਾਰ ਪਾਵਾਂ।
ਹੁਕਮ ਦੇਵੇ ਜੇ ਪੰਥ ਦਾਸ ਨੂੰ, ਮੈਂ ਵੀ ਜੰਗ ਨੂੰ ਜਾਵਾਂ।

7. ਜਿਸ ਬਾਜ਼ੂਆਂ ਪੰਥ ਦੀਵੀ ਕਰ ਕੇ, ਮੁਗਲਾਂ ਦੇ ਮੂੰਹ ਦੇਣਾ।
ਅੰਤ ਦੀ ਘੜੀ ਵਿਚ ਮੁੜ ਮਰਨਾ ਹੈ, ਜਿਸ ਵਿਚ ਏਹੋ ਲੈਣਾ।
ਜਗਜੀਤ ਸਿੰਘ ਕਹੇ ਸੀਸ ਦਿਤਾ ਕੇ, ਹੁਕਮ ਪੰਥ ਦਾ ਪਾਵਾਂ।
ਹੁਕਮ ਦੇਵੇ ਜੇ ਪੰਥ ਦਾਸ ਨੂੰ, ਮੈਂ ਵੀ ਜੰਗ ਨੂੰ ਜਾਵਾਂ।

ਰਣਜੀਤ ਦੀ ਗੜ੍ਹੀ ਅੰਦਰ ਕਿਸ਼ਨੂ ਸਿੰਘ ਨੇ ਗੁਰੂ ਜੀ ਦੀ ਹਜ਼ੂਰੀ ਵਿਚ ਖੜੇ ਹੋ ਕੇ ਕਰਦੇ ਹੋਏ ਬੇਨਤੀ ਕੀਤੀ, "ਮਹਾਰਾਜ! ਸਿੰਘ ਦੀ ਦਇਆ ਸਿੰਘ ਜੋ ਹਜ਼ੂਰ ਦੇ ਚਰਨਾਂ ਵਿਚ ਬੇਨਤੀ ਕੀਤੀ, ਆਪ ਹੀ ਤਿੰਨੇ ਜਾਣੀਏ, ਅਰਦਾਸਾ ਹੈ। ਜਿਥੋਂ ਵੀ ਹੋਵੇ ਆਪ ਬਾਹਰ ਨਿਕਲ ਜਾਵੋ, ਆਪ ਦੀ ਜ਼ਿੰਦਗੀ ਲੋੜ ਵਿਚ ਆ ਜਾਵੇਗਾ, ਪਰ ਜੇ ਆਪ ਹਜ਼ਾਰਾਂ ਸਿੰਘ ਸਜਾ ਸਕੋਗੇ। ਪੰਥ ਫਿਰ ਚੜ੍ਹਦੀਆਂ ਕਲਾ ਵਿਚ ਆ ਜਾਵੇਗਾ।

ਧਨਾਂ ਤੋਂ ਸੰਤੋਖ ਕੌਰ (ਕਾ)

ਜੀ ਨੇ ਇਥੇ ਭਾਣਾ ਮੰਨ ਲਿਆ ਤਾਂ ਫਿਰ ਹਜ਼ਾਰਾਂ ਨਹੀਂ ਲੱਖਾਂ ਸਿੱਖ ਵੀ ਮਿਲ ਕੇ ਇਸ ਘਾਟੇ ਦਾ ਘਾਟਾ ਪੂਰਾ ਨਹੀਂ ਕਰ ਸਕਦੇ।" ਗੁਰੂ ਜੀ ਗੰਭੀਰਤਾ ਨਾਲ ਬੋਲੇ, "ਪਿਆਰੇ ਦਇਆ ਸਿੰਘ ਜੀ! ਅਜੇ ਸਿੱਖ ਤੇ ਗੁਰੂ ਦਾ ਭੇਦ ਨਹੀਂ ਮਿਟਿਆ। ਅਸੀਂ ਤਾਂ ਗੁਰੂ ਹੀ ਪੰਥ ਨੂੰ ਬਣਾ ਦਿੱਤਾ ਹੈ। ਪੰਥ ਵਿਚ ਪ੍ਰਮੇਸ਼ਰ ਆਪ ਹੈ। ਪੰਥ ਅਕਾਲ ਪੁਰਖ ਦਾ ਰੂਪ ਹੈ। ਪੰਜ ਨਿਤਨੇਮੀ ਸਿੰਘ ਪੰਥ ਦਾ ਵਜੂਦ ਹਨ। ਪਿਆਰੇ ਦਇਆ ਸਿੰਘ ਜੀ! ਜਿਹੜੀ ਏਥੋਂ ਨਿਕਲ ਜਾਣ ਦੀ ਗੱਲ ਕਰਦੇ ਹੋ, ਜਿਥੇ ਅਜੀਤ ਸਿੰਘ, ਜੁਝਾਰ ਸਿੰਘ ਤੇ ਉਹਨਾਂ ਤੋਂ ਵੀ ਪਿਆਰੇ ਸਿੰਘ ਸ਼ਹੀਦ ਹੋਏ ਪਏ ਹਨ। ਗੋਬਿੰਦ ਸਿੰਘ ਨੂੰ ਸ਼ਹੀਦੀ ਪ੍ਰਾਪਤ ਕਰਨ ਵਾਸਤੇ ਇਸ ਪਵਿੱਤਰ ਥਾਂ ਜੇਹੀ ਥਾਂ ਕਿਥੇ ਲੱਭੇਗਾ, ਮੈਂ ਗੜ੍ਹੀ ਛੱਡ ਕੇ ਨਹੀਂ ਜਾਣਾ ਚਾਹੁੰਦਾ।"

ਫਿਰ ਭਾਈ ਦਇਆ ਸਿੰਘ ਨੇ ਬਾਕੀ ਸਿੰਘਾਂ ਨਾਲ ਵਿਚਾਰ ਕਰਕੇ ਸਾਰੇ ਰਲ ਕੇ ਹਜ਼ੂਰ ਦੇ ਸਾਹਮਣੇ ਬੇਨਤੀ ਕਰਨ ਵਾਸਤੇ ਆਏ। ਅੱਗੋਂ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਨ ਲੱਗੇ ਸਨ। ਸਿੰਘਾਂ ਨੂੰ ਵੇਖ ਕੇ ਬੋਲੇ, "ਆਓ ਪੰਜ ਸਿੰਘੋ, ਅੱਗੇ ਆ ਜਾਓ।" ਪੰਜਾਂ ਸਿੰਘਾਂ ਨੂੰ ਹਜ਼ੂਰੀ ਵਿਚ ਬਿਠਾ ਕੇ ਉਦਾਲੇ ਪ੍ਰਕਰਮਾ ਕਰਕੇ ਪੰਜ ਪੈਸੇ ਤੇ ਪ੍ਰਸ਼ਾਦ ਰੱਖ ਕੇ ਮੱਥਾ ਟੇਕ ਦਿੱਤਾ। ਫਿਰ ਮੁੱਖੋਂ ਫਰਮਾਇਆ, "ਅੱਜ ਤੋਂ ਗੁਰੂ ਗ੍ਰੰਥ ਤੇ ਪੰਥ ਗੁਰੂ ਹੈ। ਪੰਜ ਸਿੰਘਾਂ ਦੀ ਅਰਦਾਸ ਸੱਚਖੰਡ ਪ੍ਰਵਾਨ ਹੋਵੇਗੀ। ਮੈਂ ਹੁਣ ਆਪ ਜੰਗ ਵਿਚ ਜਾਵਾਂਗਾ।" ਹਜ਼ੂਰ ਹਥਿਆਰ ਸੰਭਾਲ ਕੇ ਬਾਹਰ ਜਾਣ ਲਈ ਤਿਆਰੀ ਕਰਨ ਲੱਗੇ। ਭਾਈ ਦਇਆ ਸਿੰਘ ਨੇ ਕਿਹਾ ਕਿ "ਜਿੰਨੇ ਵੀ ਸਿੰਘ ਜੰਗ ਵਿਚ ਗਏ ਸਨ ਗੁਰੂ ਦੀ ਆਗਿਆ ਤੋਂ ਬਿਨਾਂ ਨਹੀਂ ਗਏ। ਸੋ ਅਸੀਂ ਹੁਣ ਪੰਜ ਸਿੰਘ ਪੰਥ ਦਾ ਰੂਪ ਹੋ ਤੁਹਾਨੂੰ ਹੁਕਮ ਕਰਦੇ ਹਾਂ ਕਿ ਤੁਸੀਂ ਗੜ੍ਹੀ ਵਿਚੋਂ ਨਿਕਲ ਜਾਵੋ।" ਹਜ਼ੂਰ ਪਾਤਸ਼ਾਹ ਨੇ ਕਿਹਾ ਕਿ "ਮੈਂ ਪੰਥ ਹੁਕਮ ਨਹੀਂ ਮੋੜ ਸਕਦਾ।" ਉਸੇ ਵਕਤ ਕਲਗੀ ਤੋੜਾ ਭਾਈ ਸੰਗਤ ਸਿੰਘ ਨੂੰ ਸਜਾ ਕੇ, ਤਿੰਨਾਂ ਸਿੰਘਾਂ ਨੂੰ ਨਾਲ ਲੈ ਕੇ ਦੁਸ਼ਮਣ ਦਲ ਨੂੰ ਵੰਗਾਰ ਕੇ ਵਿਦਾ ਹੋਏ:

ਡਬਲ ਮਨੋਹਰ ਛੰਦ

1. ਮਤਾ ਸਿੰਘਾਂ ਨਾ ਪਕਾ ਕੇ।
ਕਲਗੀ ਤੋੜਾ ਸਿਰੋਂ ਲਾਹ ਕੇ।
ਸੰਗਤ ਸਿੰਘ ਨੂੰ ਸਜਾ ਕੇ।
ਛੱਡ ਦਿੱਤਾ ਟੋਹਰ ਨੂੰ, ਸਿੰਘ ਨੂੰ ਸ਼ਿੰਗਾਰ ਕੇ।
ਛੱਡ ਕੇ ਗੁਰੂ ਜੀ ਕਿਲ੍ਹੇ ਚਮਕੌਰ ਨੂੰ, ਨਿਕਲੇ ਵੰਗਾਰ ਕੇ।
2. ਦਇਆ ਸਿੰਘ ਹੋ ਸਵਾਨ।
ਧਰਮ ਸਿੰਘ ਅਤੇ ਮਾਨ।
ਨਾਲ ਹੋ ਪਏ ਨੇ ਰਵਾਨ।

ਕੌਮ ਛੱਡ ਚਿੰਤ ਦਾ, ਮੁੱਖੋਂ ਕਹਿੰਦੇ ਹੱਸ ਕੇ,
ਫੜ ਲਓ ਫੜੀ ਦਾ ਜਾਂਦਾ ਪੀਰ ਹਿੰਦ ਦਾ, ਚੱਲਿਆ ਤਾਂ ਦੱਸ ਕੇ।
3. ਕੈਹਾਂ ਤਰਫਾਂ ਨੂੰ ਜਾਣਾ।
ਜੋਈ ਚਾਹੁੰਦੇ ਖ੍ਰਿਪਾਨ।
ਇਥੇ ਕਰਦੇ ਐਲਾਨ।
ਕਾਬੂ ਕਰੋ ਸ਼ੇਰ ਨੂੰ, ਹੌਸਲੇ ਨੂੰ ਧਾਰ ਕੇ।
ਛੱਡ ਕੇ ਗੁਰੂ ਜੀ ਕਿਲ੍ਹੇ ਚਮਕੌਰ ਨੂੰ, ਨਿਕਲੇ ਵੰਗਾਰ ਕੇ।
4. ਮਾਰ ਤਾੜੀ ਉੱਤੇ ਤਾੜੀ।
ਜਾਂਦੇ ਵਧਦੇ ਅਗਾੜੀ।
ਜਿਹੜਾ ਮਿਲੇ ਜਾਣ ਝਾੜੀ।
ਜਿਵੇਂ ਯੁੱਧ ਸਿੰਘ ਦਾ, ਭੀਮ ਨਾਲ ਫੱਸ ਕੇ।
ਫੜ ਲਓ ਫੜੀ ਦਾ ਜਾਂਦਾ ਪੀਰ ਹਿੰਦ ਦਾ, ਚੱਲਿਆ ਤਾਂ ਦੱਸ ਕੇ।
5. ਸੁਣ ਕੂਕਾਂ ਦੇ ਨਿਆਰੇ।
ਵੈਰੀ ਕੱਠ ਉੱਠੇ ਸਾਰੇ।
ਆਪੋ ਵਿਚ ਹੀ ਨਕਾਰੇ।
ਕੱਢ ਬੈਠੇ ਖੋਜ ਨੂੰ, ਤੇਗਾਂ ਮਾਰ ਮਾਰ ਕੇ।
ਛੱਡ ਕੇ ਗੁਰੂ ਜੀ ਕਿਲ੍ਹੇ ਚਮਕੌਰ ਨੂੰ, ਨਿਕਲੇ ਵੰਗਾਰ ਕੇ।
6. ਖਾਲੀਦਾਰ ਬੇਈਮਾਨ।
ਨਾਲੇ ਮੁਗਲ ਪਠਾਣ।
ਆਪੋ ਵਿਚ ਘਮਸਾਣ।
ਧਾਰ ਰੂਪ ਸਿੰਘ ਦਾ, ਲੜੇ ਕੱਛ ਕੱਸ ਕੇ।
ਫੜ ਲਓ ਫੜੀ ਦਾ ਜਾਂਦਾ ਪੀਰ ਹਿੰਦ ਦਾ, ਚੱਲਿਆ ਤਾਂ ਦੱਸ ਕੇ।
7. ਜੀਹਦੀ ਮਦਦ ਅਕਾਲ।
ਉਹਦੀ ਕੀਤੇ ਵੈਰ ਭਾਲ।
ਜਿਹੜੇ ਸਾਥੀ ਸਿੰਘ ਨਾਲ।
ਵੀਰ ਖੋਜ ਖੋਜ ਨੂੰ ਵਧੇ ਤੇਗਾਂ ਮਾਰ ਕੇ।
ਛੱਡ ਕੇ ਗੁਰੂ ਜੀ ਕਿਲ੍ਹੇ ਚਮਕੌਰ ਨੂੰ ਨਿਕਲੇ ਵੰਗਾਰ ਕੇ।

ਪਟਾਲੇ ਤੋਂ ਸੰਦੀਪ ਕੌਰ (ਬਠ)

8. ਜਿਹੜੇ ਸਾਥੀ ਸਿੰਘ ਪਿਆਰੇ।
ਉਹ ਵੀ ਸਿਫ਼ਤ ਕਰਦੇ ਸਾਰੇ।
ਗੁਰੂ ਨਿਕਲ ਸਿਧਾਰੇ।
ਹੱਥ ਲਤ ਫਿਰ ਦਾ, ਮੇਘ ਵਾਂਗੂੰ ਵੱਸ ਕੇ।
ਰਤ ਸਫ਼ ਗੜ੍ਹੀ ਦਾ ਜਾਂਦਾ ਪੰਥ ਹਿੰਦ ਦਾ, ਚੱਲਿਆ ਹਾਂ ਦੱਸ ਕੇ।

9. ਜਿਨ੍ਹਾਂ ਲੈਣੀਆਂ ਜਗੀਰਾਂ।
ਪੈਰੋ ਘੱਤ ਕੇ ਵਹੀਰਾਂ।
ਸਿੰਘ ਮਾਰ ਸ਼ਮਸ਼ੀਰਾਂ।
ਸੀ ਭੁਲਾਉਂਦੇ ਤੇਗ ਨੂੰ।
ਸੁੱਟਦੇ ਖਿਲਾਰ ਕੇ।
ਲੰਘ ਕੇ ਗੁਰੂ ਜੀ ਕਿਲ੍ਹੇ ਚਮਕੌਰ ਨੂੰ, ਨਿਕਲੇ ਵੰਗਾਰ ਕੇ।

10. ਗੁਰੂ ਪੰਥ ਸਹੇਲਾ।
ਪਹਿਲਾਂ ਕਰਦੇ ਨੀ ਪਹਿਲ।
ਫਿਰ ਕਰ ਦਿੰਦੇ ਘਾਇਲ।
ਜਿਨ੍ਹਾਂ ਕੁਦਰਤ ਸਿੰਘ ਦਾ।
ਖ਼ਸ ਹੈ ਜੋ ਲੱਧ ਕੇ।
ਰਤ ਸਫ਼ ਗੜ੍ਹੀ ਦਾ ਜਾਂਦਾ ਪੰਥ ਹਿੰਦ ਦਾ, ਚੱਲਿਆ ਹਾਂ ਦੱਸ ਕੇ।

ਪੰਥ ਦਾ ਹੁਕਮ ਮੰਨ ਕੇ ਅੱਧੀ ਕੁ ਰਾਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਗੜ੍ਹੀ ਨੂੰ ਛੱਡਿਆ। ਉਹਨਾਂ ਦੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਗੁਰੂ ਜੀ ਦੇ ਨਾਲ ਤੁਰੇ। ਗੜ੍ਹੀ ਵਿਚੋਂ ਬਾਹਰ ਨਿਕਲ ਕੇ, ਗੁਰੂ ਜੀ ਨੇ ਹੱਥ 'ਤੇ ਹੱਥ ਮਾਰ ਕੇ ਤਾੜੀ ਵੀ ਦਿੱਤੀ, ਸਿੰਘਾਂ ਦਾ ਗੁਰੂ ਜਾ ਰਿਹਾ ਹੈ ਕਿਸੇ ਵਿਚ ਹਿੰਮਤ ਹੈ ਤਾਂ ਰੋਕ ਲਵੇ। ਮਹਾਰਾਜ ਨੇ ਤਿੰਨ ਵਾਰ ਉੱਚੀ ਇਹੀ ਗੱਲ ਕਹੀ, ਨਾਲ ਸਿੰਘਾਂ ਨੇ ਵੀ ਲਲਕਾਰ ਛੱਡਿਆ। ਅੰਦਰਲੇ ਸਿੰਘਾਂ ਨੇ ਨਗਾਰੇ ਖੜਕਾਏ ਤੇ ਬਾਹਰ ਨੂੰ ਤੀਰ ਚਲਾਉਣੇ ਸ਼ੁਰੂ ਕੀਤੇ। ਬਾਹਰ ਵੈਰੀਆਂ ਵਿਚ ਸਾਰੇ ਹਲਚਲ ਮੱਚ ਗਈ। ਦੁਹਾਈ ਮੱਚ ਉਠੀ। ਸਿੰਘ ਆ ਪਏ, ਸਿੰਘਾਂ ਦਾ ਗੁਰੂ ਆ ਗਿਆ, ਫੜ ਲਵੋ, ਨਿਕਲ ਜਾਏ ਹੈ ਗੜ੍ਹੀ ਚੋਂ। ਗੁਰੂ ਜੀ ਦੇ ਜੋ ਵੀ ਸਾਹਮਣੇ ਆਇਆ, ਉਸ ਨੂੰ ਅਗਲੇ ਜਹਾਨ ਨੂੰ ਭੇਜਦੇ ਹੋਏ ਮਹਾਰਾਜ ਦੁਸ਼ਮਣ ਦਲ ਨੂੰ ਚੀਰਦੇ ਹੋਏ ਬਾਹਰ ਨਿਕਲ ਗਏ। ਦੁਸ਼ਮਣ ਦਲਾਂ ਵਿਚ [illegible] ਗਈ। ਇਸ ਰਾਤ ਦੇ ਪਹਿਰਾਂ ਵਿਚ ਉਹਨਾਂ ਦਾ ਇੰਨਾ ਨੁਕਸਾਨ ਹੋਇਆ, ਜਿੰਨਾ ਪਹਿਲੇ ਸਾਰੇ ਦਿਨ ਵਿਚ ਹੋਇਆ ਸੀ। ਸਵੇਰ ਹੁੰਦਿਆਂ ਉਹਨਾਂ ਬੜੇ ਜ਼ੋਰ ਨਾਲ ਗੜ੍ਹੀ ਉੱਤੇ ਹੱਲਾ ਬੋਲਿਆ।

ਅੰਦਰਲੇ ਅੱਠ ਸਿੰਘ ਸੈਂਕੜਿਆਂ ਨੂੰ ਮਾਰ ਕੇ ਸ਼ਹੀਦ ਹੋ ਗਏ। ਭਾਈ ਸੰਗਤ ਸਿੰਘ ਦੇ ਸਿਰ ਤੇ ਕਲਗੀ ਵੇਖ ਕੇ ਵੈਰੀਆਂ ਉਸੇ ਨੂੰ ਗੁਰੂ ਸਮਝ ਕੇ ਸਿਰ ਵੱਢ ਲਿਆ। ਇਹ ਸਿਰ ਸੂਬਾ ਸਰਹੰਦ ਵਜ਼ੀਰ ਖ਼ਾਂ ਦੇ ਪੇਸ਼ ਕੀਤਾ ਗਿਆ। ਪਛਾਣ ਹੋਣ ਤੇ ਪਤਾ ਲੱਗਾ ਕਿ ਗੁਰੂ ਗੋਬਿੰਦ ਸਿੰਘ ਦਾ ਸਿਰ ਨਹੀਂ। ਇਹ ਜਾਣ ਕੇ ਗੁਰੂ ਜੀ ਗੜ੍ਹੀ ਵਿਚੋਂ ਜਿਊਂਦੇ ਨਿਕਲ ਗਏ, ਵੈਰੀਆਂ ਦੇ ਦਿਲ ਟੁੱਟ ਗਏ। ਦੂਸਰੇ ਪਾਸੇ ਉਹ ਤਿੰਨੇ ਪਿਆਰੇ ਸਿੰਘ ਦੱਸੀ ਹੋਈ ਵਿਉਂਤ ਅਨੁਸਾਰ ਗੁਰੂ ਜੀ ਨੂੰ ਮਾਛੀਵਾੜੇ ਦੇ ਜੰਗਲ ਵਿਚ ਆ ਕੇ ਮਿਲੇ।

ਜਦੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡ ਕੇ ਗੁਰੂ ਜੀ ਤੁਰੇ ਸੀ ਉਦੋਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਜੀ ਮਾਤਾ ਗੁਜਰੀ ਦੇ ਨਾਲ ਸੀ, ਕਿਉਂਕਿ ਇਨ੍ਹਾਂ ਬੱਚਿਆਂ ਦਾ ਮੋਹ ਮਾਤਾ ਜੀਤਾ ਦੇ ਗੁਜ਼ਰ ਜਾਣ ਪਿੱਛੋਂ ਆਪਣੀ ਪਿਆਰੀ ਦਾਦੀ ਜੀ ਦੇ ਨਾਲ ਹੋ ਗਿਆ ਸੀ। ਇਹਨਾਂ ਦੋਵਾਂ ਛੋਟੇ ਛੋਟੇ ਬਾਲਾਂ ਨੂੰ ਮਾਤਾ ਗੁਜਰ ਕੌਰ ਨੇ ਬੜੇ ਪਿਆਰ ਤੇ ਲਾਡਾਂ ਨਾਲ ਪਾਲਿਆ ਸੀ। ਹਜ਼ੂਰ ਪਾਤਸ਼ਾਹ ਨੇ ਅਨੰਦਪੁਰ ਸਾਹਿਬ ਤੋਂ ਕੂਚ ਕਰਨ ਲੱਗਿਆਂ ਇਹਨਾਂ ਛੋਟੇ ਬਾਲਾਂ ਦੀ ਨਿਗਰਾਨੀ ਆਪਣੀ ਪਿਆਰੀ ਮਾਤਾ ਨੂੰ ਹੀ ਸੌਂਪੀ ਸੀ। ਜਦੋਂ ਸਰਸਾ ਨਦੀ ਦੇ ਕੰਢੇ 'ਤੇ ਦੁਸ਼ਮਣ ਦਲਾਂ ਨੇ ਕਸਮਾਂ ਭੁਲਾ ਕੇ ਹੱਲਾ ਬੋਲ ਦਿੱਤਾ, ਕਈ ਸਿੰਘ ਸ਼ਹੀਦ ਹੋ ਗਏ। ਕਈ ਸਰਸਾ ਨਦੀ ਨੂੰ ਪਾਰ ਕਰਨ ਸਮੇਂ ਰੁੜ੍ਹ ਗਏ। ਇਸ ਹਫੜਾ ਦਫੜੀ ਵਿਚ ਗੁਰਦੇਵ ਪਿਤਾ ਦਾ ਪਰਿਵਾਰ ਤਿੰਨਾ ਹਿੱਸਿਆਂ ਵਿਚ ਵੰਡਿਆ ਗਿਆ। ਗੁਰੂ ਜੀ ਤੇ ਵੱਡੇ ਸਾਹਿਬਜ਼ਾਦੇ ਕੁਝ ਸਿੰਘ ਇਕ ਪਾਸੇ ਚਲੇ ਗਏ। ਮਾਤਾ ਸੁੰਦਰੀ ਤੇ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਨਾਲ ਇਕ ਪਾਸੇ ਚਲੇ ਗਏ ਅਤੇ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਜੀ ਪਰਿਵਾਰ ਨਾਲੋਂ ਵਿਛੜ ਕੇ ਇਕ ਪਾਸੇ ਨੂੰ ਤੁਰ ਪਏ।

ਪੋਹ ਦਾ ਮਹੀਨਾ ਹੈ। ਉਪਰੋਂ ਬਰਖਾ ਹੋ ਰਹੀ ਸੀ। ਜਦੋਂ ਸਰਸਾ ਨਦੀ ਪਾਰ ਕੀਤੀ, ਇਹਨਾਂ ਦੇ ਕੱਪੜੇ (ਬਸਤਰ) ਵੀ ਸਿੱਜ ਚੁੱਕੇ ਸਨ। ਠੰਢ ਹੱਡਾਂ ਨੂੰ ਚੀਰਦੀ ਜਾ ਰਹੀ ਸੀ। ਠੰਢ ਕੰਬ ਰਿਹਾ ਸੀ। ਆਪਣੀ ਪਿਆਰੀ ਦਾਦੀ ਦੇ ਇਹਨਾਂ ਦੋਵਾਂ ਛੋਟੇ ਬਾਲਾਂ ਨੇ ਹੱਥ ਫੜੇ ਹੋਏ ਨੇ। ਥਿੜਕਦਾ ਕਦਮਾਂ ਨਦੀ ਦੇ ਕੰਢੇ ਕੰਢੇ ਤੁਰੇ ਜਾ ਰਹੇ ਨੇ। ਤੁਰਦਿਆਂ ਤੁਰਦਿਆਂ ਆਪਣੀ ਪਿਆਰੀ ਦਾਦੀ ਦੇ ਨਾਲ ਆਪਣੀ ਤੋਤਲੀ ਮਿੱਠੀ ਜ਼ੁਬਾਨ ਵਿਚ ਪੁੱਛਦੇ ਨੇ ਕਿ ਦਾਦੀ ਮਾਂ ! ਸਾਡੇ ਬਾਪੂ ਜੀ ਕਿਧਰ ਗਏ ਨੇ ? ਵੱਡੇ ਵੀਰੇ ਨਹੀਂ ਦਿਸਦੇ, ਉਹ ਸਾਨੂੰ ਕਿਥੇ ਮਿਲਣਗੇ ? ਉਹ ਸਾਨੂੰ ਕਦੋਂ ਮਿਲਣਗੇ ?" ਛੋਟੇ ਸਾਹਿਬਜ਼ਾਦੇ ਜਿਵੇਂ ਆਪਣੀ ਪਿਆਰੀ ਦਾਦੀ ਮਾਂ ਨੂੰ ਪੁੱਛਦੇ ਹਨ ਉਸ ਵਕਤ ਦਾ ਸੀਨ ਇਉਂ ਪੇਸ਼ ਹੈ :

ਪ੍ਰਸੰਗ ਛੋਟੇ ਸਾਹਿਬਜ਼ਾਦੇ

ਦੋਤਾਰਾ ਛੰਦ

1. ਪਾਰ ਸਮਾਂ ਭੁੱਲ ਗਏ ਸਾਥੀਆਂ ਤੇ ਪ੍ਰਕਾਸ਼ ਸਹਾਰੇ।
ਦਾਦੀ ਮਾਂ ਪੋਤੇ ਦੋ ਰਹਿ ਗਏ ਵਿਛੜ ਕੇ ਪਿਆਰੇ।

ਪਰਨੇ ਤੋਂ ਜੋਗਿੰਦਰ ਸਿੰਘ (ਦਾਸ)

ਤੁਰ ਗਿਆ ਵੱਲ ਖੇੜੀ ਦੇ ਗੰਗੂ ਲੈ ਕੇ ਧੀਰੇ ਧੀਰੇ।
ਸਾਨੂੰ ਦੱਸ ਦੇ ਦਾਦੀ ਮਾਂ ਵਿਛੜੇ ਕਦੋਂ ਮਿਲਣਗੇ ਵੀਰੇ।

2. ਦੱਸ ਸਾਡੇ ਬਾਪੂ ਨੇ ਭਲਾ ਕੀ ਮੁਗਲਾਂ ਦਾ ਗਵਾਇਆ।
ਲੈ ਦਸ ਲੱਖ ਫੌਜਾਂ ਨੂੰ ਘੇਰਾ ਕਿਉਂ ਅਨੰਦਪੁਰ ਨੂੰ ਪਾਇਆ।
ਖਾ ਝੂਠੀਆਂ ਕਸਮਾਂ ਨੂੰ ਬਦਲੇ ਕਿਉਂ ਬਦਨੀਤੇ ਬੇ-ਪੀਰੇ।
ਸਾਨੂੰ ਦੱਸ ਦੇ ਦਾਦੀ ਮਾਂ ਵਿਛੜੇ ਕਦੋਂ ਮਿਲਣਗੇ ਵੀਰੇ।

3. ਬਾਪੂ ਜੀ ਕਿਧਰ ਗਏ ਕਿੱਥੇ ਗਏ ਨੇ ਪੰਜ ਪਿਆਰੇ।
ਸਿੰਘ ਫੌਜਾਂ ਕਿਧਰ ਗਈਆਂ ਸੁਣਦੇ ਨਹੀਂ ਰਣਜੀਤ ਨਗਾਰੇ।
ਗੂੰਜਾਂ ਸੀ ਜਿਸ ਦੀਆਂ ਸੁਣਦੀਆਂ ਕਾਬਲ ਤੇ ਕਸ਼ਮੀਰੇ।
ਸਾਨੂੰ ਦੱਸ ਦੇ ਦਾਦੀ ਮਾਂ ਵਿਛੜੇ ਕਦੋਂ ਮਿਲਣਗੇ ਵੀਰੇ।

4. ਹੁਣ ਕਿੱਥੇ ਮਿਲਣਗੀਆਂ ਤੁਰ ਗਈਆਂ ਕਿਧਰ ਪਿਆਰੀਆਂ ਮਾਂਵਾਂ।
ਜੋ ਲਾਡ ਲਡਾਉਂਦੀਆਂ ਸੀ ਬੁੱਕਲ ਘੁੱਟ ਕਰ ਦਿੰਦੀਆਂ ਛਾਂਵਾਂ।
ਸਾਡੀ ਸਿੰਘ ਕਿਆਰੀ ਜਿਹੇ ਕਿਧਰ ਤੁਰ ਗਏ ਸੂਰੀ ਕਟੀਰੇ।
ਸਾਨੂੰ ਦੱਸ ਦੇ ਦਾਦੀ ਮਾਂ ਵਿਛੜੇ ਕਦੋਂ ਮਿਲਣਗੇ ਵੀਰੇ।

5. ਯੂਸਫ ਸੀ ਵਿਛੜ ਗਏ ਮਿਲ ਪਏ ਰਾਮ ਤੇ ਲਛਮਣ ਆਖਰ।
ਮਿਲ ਰੂਪ ਬਸੰਤ ਪਏ ਘਟਨਾ ਯੂਸਫ ਵਾਲੀ ਸੀ ਵਾਪਰ।
ਵਿਛੜ ਕੇ ਭਾਵੇਂ ਕਿਤੇ ਮਿਲਦੇ ਅੰਤ ਫਿਰਨ ਨੇ ਦੀਹੇ।
ਸਾਨੂੰ ਦੱਸ ਦੇ ਦਾਦੀ ਮਾਂ ਵਿਛੜੇ ਕਦੋਂ ਮਿਲਣਗੇ ਵੀਰੇ।

6. ਦੁੱਖ ਦਿਲ ਦੇ ਰੋਲਾਂਦੇ ਮਿਲਦੇ ਨੇ ਬਾਪੂ ਜੀ ਵਿਛੜੇ।
ਲਛਮਣ ਤੇ ਰਾਮ ਜਹੇ ਮਿਲ ਪਏ ਸੀ ਵੀਰ ਵੀ ਨਿਖੜੇ।
ਔਰੰਗ ਤੇ ਉਹਨਾਂ ਨੂੰ ਕਿਹੜੇ ਕਹਿਣੇ ਮਾਨ ਵਜੀਰੇ।
ਸਾਨੂੰ ਦੱਸ ਦੇ ਦਾਦੀ ਮਾਂ ਵਿਛੜੇ ਕਦੋਂ ਮਿਲਣਗੇ ਵੀਰੇ।

7. ਇਕ ਬਹੁਤੀ ਬੁੱਢੜੀ ਮਾਂ ਦੂਜੇ ਬਿਲਕੁਲ ਬਾਲ ਇਆਣੇ।
ਦੁੱਖ ਉਹ ਜਾਣ ਸਕੇ ਕਰਕੇ ਹੋਣ ਜਿਨ੍ਹਾਂ ਤੇ ਭਾਣੇ।
ਕਹਿੰਦੇ ਕਵੀਸ਼ਰ ਚਲੇ ਠੰਡੀ ਹਵਾ ਲੋਕਾਂ ਨੂੰ ਚੀਰੇ।
ਸਾਨੂੰ ਦੱਸ ਦੇ ਦਾਦੀ ਮਾਂ ਵਿਛੜੇ ਕਦੋਂ ਮਿਲਣਗੇ ਵੀਰੇ।

ਦਾਦੀ ਮਾਤਾ ਨਾਲ ਗੱਲਾਂ ਕਰਦੇ ਸੁੱਤੇ ਹਾ ਪਏ ਨੇ। ਕਰਕੇ ਵਿਚ ਰਾਤ ਪੈ ਗਈ ਹੈ। ਪਹਿਲੀ ਰਾਤ ਕੁੰਮੇ ਮਾਛੀ ਦੀ ਕੁੱਲੀ ਵਿਚ ਕੱਟੀ ਹੈ। ਇਥੇ ਹੀ ਮਿਲਾਪੜੀ ਦੂਜਾ ਸਿੰਘ ਖੇੜੀ

ਵਾਲਾ ਮਿਲਿਆ ਹੈ। ਉਸ ਦੇ ਨਾਲ ਮਾਤਾ ਜੀ ਤੇ ਸਾਹਿਬਜ਼ਾਦੇ ਖੇੜੀ ਵੱਲ ਤੁਰੇ ਜਾਂਦੇ ਹਨ। ਅੱਗੋਂ ਗੰਗਾ ਰਾਮ ਜਿਹੜਾ ਇੱਕੀ ਸਾਲ ਗੁਰੂ ਘਰ ਵਿਚ ਰਸੋਈਆ ਰਿਹਾ ਸੀ ਉਹ ਮਿਲ ਪਿਆ। ਦੂਨਾ ਸਿੰਘ ਨੇ ਕਿਹਾ ਕਿ "ਗੰਗਾ ਰਾਮ ਜੀ! ਤੂੰ ਇਹਨਾਂ ਨੂੰ ਆਪਣੇ ਘਰ ਲੈ ਜਾ। ਮੈਂ ਗੁਰੂ ਗੋਬਿੰਦ ਸਿੰਘ ਦੀ ਭਾਲ ਕਰਦਾ ਹਾਂ। ਪਤਾ ਕਰਦਾ ਹਾਂ ਕਿ ਉਹ ਕਿਥੇ ਹਨ। ਫਿਰ ਇਹਨਾਂ ਨੂੰ ਗੁਰੂ ਜੀ ਨਾਲ ਮਿਲਾ ਦਿੱਤਾ ਜਾਵੇਗਾ।" ਇਹ ਗੱਲ ਕਹਿ ਦੂਨਾ ਸਿੰਘ ਨਿਕਲ ਗਏ। ਗੰਗਾ ਰਾਮ ਮਾਤਾ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਲੈ ਕੇ ਆਪਣੇ ਘਰ ਵਿਚ ਪਹੁੰਚਿਆ। ਇਕ ਕਮਰੇ ਵਿਚ ਇਹਨਾਂ ਨੂੰ ਬਿਠਾਇਆ ਗਿਆ। ਇਸ ਨੇ ਵੇਖਿਆ ਕਿ ਮਾਤਾ ਜੀ ਦੇ ਕੋਲ ਮਾਇਆ ਦੀ ਖੁਰਜੀ ਹੈ, ਜੇ ਮੈਂ ਇਹਨਾਂ ਨੂੰ ਕਿਸੇ ਢੰਗ ਨਾਲ ਖਤਮ ਕਰ ਦੇਵਾਂ ਤੇ ਇਹ ਧਨ ਮੇਰੇ ਪਾਸ ਰਹਿ ਜਾਵੇਗਾ। ਇਸ ਨੇ ਆਪਣੀ ਮਾਤਾ ਸੋਭੀ ਨੂੰ ਖਾਣੇ ਵਿਚ ਜ਼ਹਿਰ ਦੇਣ ਵਾਸਤੇ ਕਿਹਾ। ਉਸ ਨੇ ਇਨਕਾਰ ਕਰ ਦਿੱਤਾ ਕਿ ਮੈਂ ਇਹ ਪਾਪ ਨਹੀਂ ਕਰਾਂਗੀ। ਫਿਰ ਗੰਗੂ ਨੇ ਜਦੋਂ ਅੱਧੀ ਕੁ ਰਾਤ ਹੋਈ ਤਾਂ ਮੋਹਰਾਂ ਵਾਲੀ ਖੁਰਜੀ ਚੁੱਕ ਕੇ ਲੁਕਾ ਲਈ। ਮਾਤਾ ਜੀ ਨੂੰ ਪਤਾ ਸੀ। ਉਸ ਨੇ ਕਿਹਾ ਕਿ "ਗੰਗਾ ਰਾਮਾ! ਜਦੋਂ ਮੋਹਰਾਂ ਕਿਤੇ ਟਿਕਾਣੇ ਰੱਖੀਆਂ ਹੋਏ ਤਾਂ ਕੋਈ ਗੱਲ ਨਹੀਂ। ਪੁੱਤਰਾ, ਅਸੀਂ ਤੇਰੇ ਤੇ ਆਪਣੇ ਵਿਚ ਫਰਕ ਨਹੀਂ ਸਮਝਦੇ।" ਜਦੋਂ ਇਹ ਗੱਲ ਗੰਗਾ ਰਾਮ ਦੇ ਕੰਨੀਂ ਪਈ। ਉਹ ਬੜੇ ਕ੍ਰੋਧ ਵਿਚ ਬੋਲਿਆ ਕਿ "ਮਾਤਾ ਜੀ! ਨਾਲੇ ਮੈਂ ਬਾਗੀਆਂ ਨੂੰ ਘਰੇ ਪਨਾਹ ਦਿੱਤੀ ਹੈ। ਨਾਲੇ ਮੈਨੂੰ ਚੋਰ ਬਣਾਈ ਜਾਂਦੇ ਹੋ।" ਉੱਚੀ ਬੋਲਣ ਲੱਗਾ। ਮਾਤਾ ਜੀ ਨੇ ਬੜਾ ਸਮਝਾਇਆ, ਪਰ ਜੋ ਲਾਲਚ ਦਾ ਭੂਤ ਉਹਦੇ ਸਿਰ 'ਤੇ ਬੈਠਾ ਸੀ ਉਸ ਨੇ ਟਿਕਣ ਨਾ ਦਿੱਤਾ। ਉਸੇ ਵਕਤ ਮੁਰਿੰਡੇ ਦੇ ਹਾਕਮਾਂ ਕੋਲ ਸ਼ਿਕਾਇਤ ਇਉਂ ਕੀਤੀ:

ਬੈਂਤ ਛੰਦ

1. ਪਹੁੰਚਿਆ ਹੈ ਵਿਚ ਮੁਰਿੰਡੇ ਗੰਗੂ ਦਰਬਾਰ ਜੀ।
ਲਾਲਚ ਦੀ ਪੱਟੀ ਬੰਨ੍ਹੀ ਦਿਲ ਦੇ ਮਕਾਰ ਜੀ।
ਮੇਰੇ 'ਤੇ ਕਰਿਓ ਕਹਿੰਦਾ ਪੂਰਾ ਇਤਬਾਰ ਜੀ।
ਇਕ ਇਕ ਇਹ ਗੱਲ ਹੈ ਜੇਹੀ ਤੁਹਾਨੂੰ ਦਸਦਾ ਮੈਂ।
ਬਾਗੀ ਸਰਕਾਰ ਦੇ ਘਰੇ ਬੈਠੀ ਦੱਸਾਂ ਮੈਂ।

2. ਥਾਣੇ ਵਿਚ ਜਾ ਕੇ ਗੰਗੂ ਕਿਵੇਂ ਕਿਲਕਾਉਂਦਾ ਹੈ।
ਬੇਗੁਨਾਹਾਂ ਉਤੇ ਤੋਹਮਤਾਂ ਲਾਉਂਦਾ ਹੈ।
ਜਾਨੀ ਤੇ ਮਾਨੀ ਖਾਂ ਨੂੰ ਹੋਰ ਭੜਕਾਉਂਦਾ ਹੈ।
ਆਪੇ ਹੀ ਆਣ ਫੜੇ ਨੇ ਪਹਿਰ ਹਨੇਰੇ ਜੀ।
ਲਾਲ ਦਸਮੇਸ਼ ਗੁਰੂ ਦੇ ਬੈਠੇ ਘਰ ਮੇਰੇ ਜੀ।

3. ਦੋ ਨੇ ਸਾਹਿਬਜ਼ਾਦੇ ਸੁਣ ਲਓ ਗੱਲ ਮੇਰੀ ਜੀ।
ਤੀਸਰੀ ਮਾਤਾ ਗੁਜਰੀ ਉਮਰ ਵਡੇਰੀ ਜੀ।
ਮਾਰ ਦਿਓ ਚਾਲ ਛੇਤੀ ਲਾਉ ਨਾ ਦੇਰੀ ਜੀ।
ਸੁੱਤੇ ਪਏ ਫੜ ਕੇ ਕਾਬੂ ਤੁਹਾਡੇ ਕਰਾਵਾਂ ਮੈਂ।
ਬਾਕੀ ਸਰਦਾਰ ਦੇ ਚੱਲੇ ਛੇਤੀ ਫੜਾਵਾਂ ਮੈਂ।

4. ਵੇਲਾ ਜੇ ਬੀਤ ਗਿਆ ਤੇ ਵੇਲਾ ਹੱਥ ਆਉਣਾ ਨਹੀਂ।
ਸੁੱਤੇ ਬਘੇਰੇਂ ਦੇ ਨਾਲ ਕਿਸੇ ਜਗਾਉਣਾ ਨਹੀਂ।
ਬਾਜ਼ਾਂ ਦੇ ਹੱਥੋਂ ਉੱਡ ਨਾ ਜਾਣ ਬਟੇਰੇ ਜੀ।
ਲਾਲ ਦਸਮੇਸ਼ ਗੁਰੂ ਦੇ ਬੈਠੇ ਘਰ ਮੇਰੇ ਜੀ।

5. ਜਿਨ੍ਹਾਂ ਨੂੰ ਫਿਰੇ ਭਾਲਦੀ ਸਾਰੀ ਸਰਕਾਰ ਜੀ।
ਰੱਖੇ ਇਨਾਮ ਜਿਨ੍ਹਾਂ ਦੇ ਬੇਸ਼ੁਮਾਰ ਜੀ।
ਗੁਰੂ ਦਸਮੇਸ਼ ਦੇ ਦੋਵੇਂ ਬਰਖੁਰਦਾਰ ਜੀ।
ਬੰਨ੍ਹ ਕੇ ਅੱਗੇ ਪਲ ਵਿਚ ਤੁਸਾਂ ਦੇ ਲਾਵਾਂ ਮੈਂ।
ਬਾਕੀ ਸਰਦਾਰ ਦੇ ਚੱਲੇ ਛੇਤੀ ਫੜਾਵਾਂ ਮੈਂ।

6. ਮੇਰੇ ਘਰ ਆਣ ਵੜੇ ਨੇ ਦਾਦੀ ਦੇ ਨਾਲ ਜੀ।
ਬੂਹਾ ਖੁਲ੍ਹਾਇਆ ਉਹਨਾਂ ਅੱਖਾਂ ਵਿਖਾਲ ਜੀ।
ਦਾਦਾ ਤੇ ਰੱਖਣ ਤੇਗਾਂ ਸਮਝੋ ਨਾ ਬਾਲ ਜੀ।
ਸ਼ੇਰਾਂ ਦੇ ਪੁੱਤਰ ਹੁੰਦੇ ਤੇਜ ਬਥੇਰੇ ਜੀ।
ਲਾਲ ਦਸਮੇਸ਼ ਗੁਰੂ ਦੇ ਬੈਠੇ ਘਰ ਮੇਰੇ ਜੀ।

7. ਬਾਗ਼ੀ ਦਾ ਰਾਹ ਹਮੇਸ਼ਾ ਹੁੰਦਾ ਨਿਰਾਲਾ ਜੀ।
ਮਰਨਾ ਚਾਹੀਦਾ ਹੁਣ ਕੁਫ਼ਰ ਨੂੰ ਤਾਲਾ ਜੀ।
ਛੇਤੀ ਚੰਗਿਆੜੀਆਂ ਤੋਂ ਹੀ ਬਣਦੀ ਜਵਾਲਾ ਜੀ।
ਮਚਣ ਤੋਂ ਪਹਿਲਾਂ ਤਾਂਹੀਓਂ ਪਾਣੀ ਹੀ ਪਾਵਾਂ ਮੈਂ।
ਬਾਕੀ ਸਰਦਾਰ ਦੇ ਚੱਲੇ ਛੇਤੀ ਫੜਾਵਾਂ ਮੈਂ।

8. ਵਫ਼ਾ ਕਮਾਵਾਂ ਪੱਕੀ ਸੱਚੀ ਸਰਕਾਰ ਨਾ।
ਬਾਗ਼ੀ ਨਾ ਬਣਨ ਬੱਚੇ ਵੀ ਕਿਸੇ ਦੇ ਯਾਰ ਨਾ।
ਗੱਲਾਂ ਵਿਚ ਵਕਤ ਚਾਹੀਦਾ ਨਹੀਂ ਗੁਜ਼ਾਰਨਾ।
ਚੱਲ ਕੇ ਛੇਤੀ ਛੇਤੀ ਪਾਈਏ ਝੱਟ ਘੇਰੇ ਜੀ।
ਲਾਲ ਦਸਮੇਸ਼ ਗੁਰੂ ਦੇ ਬੈਠੇ ਘਰ ਮੇਰੇ ਜੀ।

9. ਜਾਨੀ ਤੇ ਮਾਨੀ ਖ਼ਾਂ ਨੇ ਕੀਤੀ ਚੜ੍ਹਾਈ ਏ।
ਲੈ ਕੇ ਤੇ ਨਾਲ ਦਰਿੰਦੇ ਹੋਰ ਸਿਪਾਹੀ ਏ।
ਗੰਗੂ ਹਰਾਮੀ ਜਾਂਦਾ ਹਸਦਾ ਦਿਖਾਈ ਏ।
ਪਲਾਂ ਵਿਚ ਪਿੰਡ ਸਹੇੜੀ ਕਹਿੰਦਾ ਪੁਚਾਵਾਂ ਮੈਂ।
ਸ਼ਾਹੀ ਸਰਦਾਰ ਦੇ ਗੋਲੇ ਛੇਤੀ ਫੜਾਵਾਂ ਮੈਂ।
10. ਬੱਚਿਆਂ ਨੂੰ ਫੜਨ ਸਿਪਾਹੀ ਚੜ੍ਹੇ ਨੇ ਲੋਕ ਨਾ।
ਲਾਲਚੀ ਬੰਦੇ ਅੰਦਰ ਹੁੰਦਾ ਸੰਤੋਖ ਨਾ।
ਮਾਇਆ ਟਿਕਾਣੇ ਛੱਡਦੀ ਬੰਦੇ ਦੀ ਹੋਸ਼ ਨਾ।
ਅਮਰ ਸਿੰਹਾਂ ਲੱਗੇ ਘਹਿਣ ਗੰਗੂ ਦੇ ਖੇਡੇ ਜੀ।
ਲਾਲ ਦਸਮੇਸ਼ ਗੁਰੂ ਦੇ ਬੈਠੇ ਘਰ ਮੇਰੇ ਜੀ।

ਜਾਨੀ ਖ਼ਾਂ ਤੇ ਮਾਨੀ ਖ਼ਾਂ ਦੇ ਮੁਗ਼ਲ ਸਿਪਾਹੀਆਂ ਨੂੰ ਨਾਲ ਲੈ ਕੇ ਆਪਣੇ ਘਰ ਵਿਚ ਬੈਠੇ ਬਿਰਧ ਮਾਤਾ ਤੇ ਦੋ ਮਾਸੂਮ ਬੱਚਿਆਂ ਨੂੰ ਫੜਾ ਦਿੱਤਾ। ਸਾਹਿਬਜ਼ਾਦਿਆਂ ਨੂੰ ਹੱਥਕੜੀਆਂ ਲਾਈਆਂ ਗਈਆਂ। ਜਦੋਂ ਇਹਨਾਂ ਦੋਵਾਂ ਕੋਮਲ ਜਿੰਦਾਂ ਨੂੰ ਤੇ ਮਾਤਾ ਨੂੰ ਲੈ ਕੇ ਤੁਰਨ ਲੱਗੇ ਤਾਂ ਗੰਗਾ ਰਾਮ ਦੀ ਮਾਤਾ ਸੋਗੀ ਉਸ ਨੂੰ ਇਉਂ ਲਾਹਨਤਾਂ ਪਾਉਣ ਲੱਗੀ :

ਦੋਤਾਰਾ ਛੰਦ

1. ਸੋਗੀ ਕੁਰਲਾ ਉਠੀ ਤੱਕ ਇਹ ਗੰਗੂ ਦਾ ਕਾਰਾ।
ਫਿਟਕਾਰਾਂ ਪਾਊਗਾ ਸਾਨੂੰ ਅੱਜ ਤੋਂ ਇਹ ਲੋਕ ਸਾਰਾ।
ਦੀਨ ਵਿਗੜਾ ਮਾਇਆ ਨੂੰ ਲੈ ਕੇ ਨਾਸ ਕਿਆ ਈ ਗੰਗਿਆ।
ਨਿਰਵੈਰ ਮਾਸੂਮਾਂ ਤੇ ਵਿਗੜਾ ਵੈਰ ਕਿਆ ਈ ਗੰਗਿਆ।
2. ਗੁਰ ਆਪਣੇ ਮੱਥੇ ਤੇ ਆਪੇ ਕਾਲਖ ਮਲ ਕੇ ਚੱਲ ਦਿੱਤੀ।
ਆਪਣੇ ਹੀ ਪੈਰਾਂ ਤੇ ਹੱਥਣ ਆਪ ਕੁਹਾੜਾ ਚਲਾ ਦਿੱਤੀ।
ਤੂੰ ਵੇਖ ਅੱਖਾਂ ਨਾਲ ਖੇਡ ਦਿੱਤੀ ਚਰਿੱਤਰ ਕਿਆ ਈ ਗੰਗਿਆ।
ਨਿਰਵੈਰ ਮਾਸੂਮਾਂ ਤੇ ਵਿਗੜਾ ਵੈਰ ਕਿਆ ਈ ਗੰਗਿਆ।
3. ਜਿਸ ਨੂੰ ਨਾ ਜੰਮਦੀ ਮੈਂ ਚੰਗੀ ਅੱਜ ਤੋਂ ਵਾਲੀ।
ਅੱਜ ਦਾ ਦਿਨ ਵੇਖਣ ਤੋਂ ਪਹਿਲਾਂ ਹੀ ਮੈਂ ਕਿਉਂ ਨਾ ਮਰ ਗਈ।
ਦੁੱਧ ਕਾਣੇ ਸਰਾਂਦੇ ਹਾਂ ਪੁੱਤੇ ਵੀ ਕਿਹਾ ਈ ਗੰਗਿਆ।
ਨਿਰਵੈਰ ਮਾਸੂਮਾਂ ਤੇ ਵਿਗੜਾ ਵੈਰ ਕਿਆ ਈ ਗੰਗਿਆ।

4. ਧੰਨ ਭਾਗ ਅਸਾਂ ਦੇ ਸੀ ਚੱਲ ਕੇ ਨੂਰ ਇਲਾਹੀ ਆਏ।
ਜਿਸ ਦਰ ਦੀ ਰੋਟੀ ਖਾ ਆਪਾਂ 21 ਲੰਘਾਏ।
ਕਿਉਂ ਦਸਵਾਂ ਗੁਰੂ ਤੈਨੂੰ ਦਿਲ ਤੋਂ ਵਿਸਰ ਗਿਆ ਈ ਗੰਗਿਆ।
ਨਿਰਵੈਰ ਮਸੂਮਾਂ ਤੋਂ ਕਿਹੜਾ ਵੈਰ ਲਿਆ ਈ ਗੰਗਿਆ।

5. ਜੇ ਸੇਵ ਕਮਾ ਲੈਂਦੇ ਆਪਣਾ ਹੁੰਦਾ ਜਨਮ ਸੁਹੇਲਾ।
ਖੋਟੀ ਬੇਈਮਾਨੀ ਦਾ ਇਕ ਵੀ ਨਾਲ ਨਹੀਂ ਜਾਣਾ ਧੇਲਾ।
ਕਿਉਂ ਤੇਰੀ ਮਤ ਉਤੇ ਪਰਦਾ ਆਣ ਪਿਆ ਈ ਗੰਗਿਆ।
ਨਿਰਵੈਰ ਮਸੂਮਾਂ ਤੋਂ ਕਿਹੜਾ ਵੈਰ ਲਿਆ ਈ ਗੰਗਿਆ।

6. ਉਪਕਾਰ ਸਤਿਗੁਰਾਂ ਦਾ ਕਿਹੜੀ ਗੱਲੋਂ ਦਿਲੋਂ ਭੁਲਾਇਆ।
ਜਾ ਰੋਟੀ ਰੋਟੀ ਦੇ ਕਾਹਨੂੰ ਵੈਰਾ ਚਾੜ੍ਹ ਲਿਆਇਆ।
ਵੱਸਦੇ ਹੋਏ ਘਰ ਸਾਡੇ ਪੈ ਗਿਆ ਹਨੇਰ ਸਿਆਹੀ ਗੰਗਿਆ।
ਨਿਰਵੈਰ ਮਸੂਮਾਂ ਤੋਂ ਕਿਹੜਾ ਵੈਰ ਲਿਆ ਈ ਗੰਗਿਆ।

7. ਸੱਚ ਪੁੱਛੇ ਉਹਨਾਂ ਨੂੰ ਜਿਨ੍ਹਾਂ ਨੂੰ ਕਹਿ ਕਮਾਇਆ ਭਾੜਾ।
ਹਰ ਥੈਲੀ ਫਿਟਕਾਰੂਗਾ ਗੰਗਿਆ ਪਿੱਛੋਂ ਸਰੋਤੀ ਸਾੜਾ।
ਇਸ ਉਲਟੇ ਰਾਹ ਉਤੇ ਪਰ ਕਿਉਂ ਪੈ ਗਿਆ ਈ ਗੰਗਿਆ।
ਨਿਰਵੈਰ ਮਸੂਮਾਂ ਤੋਂ ਕਿਹੜਾ ਵੈਰ ਲਿਆ ਈ ਗੰਗਿਆ।

8. ਇਸ ਵੇਲੇ ਕਿਹੜਾ ਦੇ ਮਾਰੇ ਲੂਣ ਦਾ ਕਰਜ਼ ਚੁਕਾਉਂਦੇ।
ਕਰ ਸੇਵਾ ਸ਼ਰਧਾ ਨਾਲ ਆਪਾਂ ਵਡਭਾਗੇ ਅਖਵਾਉਂਦੇ।
ਦਸ ਲੱਭਦਾ ਰੋਟੀ ਨੂੰ ਅਜਰ ਨੇ ਸੰਗ ਕਿਹਾ ਈ ਗੰਗਿਆ।
ਨਿਰਵੈਰ ਮਸੂਮਾਂ ਤੋਂ ਕਿਹੜਾ ਵੈਰ ਲਿਆ ਈ ਗੰਗਿਆ।

ਸਾਰੀ ਲੋਕਾਈ ਤੇ ਪਰਜਾ ਤਰਾਹ ਤਰਾਹ ਕਰ ਰਹੀ ਸੀ। ਇਹਨਾਂ ਮਸੂਮਾਂ ਦਾ ਕੀ ਕਸੂਰ ਹੈ। ਜੇ ਲੜਨਾ ਤਾਂ ਗੁਰੂ ਗੋਬਿੰਦ ਸਿੰਘ ਨੂੰ ਲੜੋ। ਪਰ ਇਹ ਸਿਪਾਹੀ ਇਹਨਾਂ ਨੂੰ ਲੈ ਕੇ ਮੁਰਿੰਡੇ ਥਾਣੇ ਪਹੁੰਚੇ। ਇਕ ਰਾਤ ਇਥੇ ਕੈਦ ਦੇ ਅਗਲੇ ਦਿਨ ਮੁੜ ਸਰਹੰਦ ਦੀ ਕਚਹਿਰੀ ਵੱਲ ਨੂੰ ਲੈ ਤੁਰੇ। ਜਦੋਂ ਸਰਹਿੰਦ ਪਹੁੰਚੇ। ਵਜ਼ੀਰ ਖਾਂ ਨੂੰ ਖਬਰ ਪਹੁੰਚਾਈ ਗਈ ਕਿ ਗੁਰੂ ਗੋਬਿੰਦ ਸਿੰਘ ਦੀ ਮਾਤਾ ਤੇ ਛੋਟੇ ਪੁੱਤਰ ਸਰਕਾਰੀ ਸਿਪਾਹੀ ਫੜ ਕੇ ਲਈ ਆ ਰਹੇ ਨੇ। ਉਹ ਬੜਾ ਖੁਸ਼ ਹੋਇਆ, ਕਿਉਂਕਿ ਚਮਕੌਰ ਦੀ ਜੰਗ ਵਿਚੋਂ ਉਸ ਦੀ ਹਾਰ ਹੋਈ ਸੀ। ਉਹ ਖਿਝਿਆ ਪਿਆ ਸੀ। ਉਸ ਨੇ ਸੋਚਿਆ ਕਿ ਹੁਣ ਗੁਰੂ ਇਹਨਾਂ ਨੂੰ ਛੁਡਾਉਣ ਆਵੇਗਾ ਤੇ ਮਾਰਿਆ ਜਾਵੇਗਾ ਜਾਂ ਫੜਿਆ ਜਾਵੇਗਾ। ਉਸ ਨੇ ਹੁਕਮ ਕੀਤਾ ਕਿ ਇਹਨਾਂ ਨੂੰ ਠੰਡੇ ਬੁਰਜ ਵਿਚ ਕੈਦ ਕੀਤਾ ਜਾਵੇ। ਮਾਤਾ

ਜੀ ਤੇ ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿਚ ਕੈਦ ਕੀਤਾ ਗਿਆ। ਪੋਹ ਦਾ ਮਹੀਨਾ ਕੜਾਕੇ ਦੀ ਠੰਡ ਵਿਚ ਆਪਣੇ ਪੋਤਿਆਂ ਨੂੰ ਛਾਤੀ ਨਾਲ ਲਾ ਕੇ ਇਉਂ ਸਮਝਾ ਰਹੀ ਸੀ :

ਬੈਂਤ ਛੰਦ

1. ਮਹੀਨਾ ਪੋਹ ਤੇ ਸਿਖਰ ਦੀ ਪਵੇ ਸਰਦੀ,
ਹਵਾ ਚੀਰਦੀ ਹੱਡਾਂ ਨੂੰ ਜਾ ਰਹੀ ਸੀ।
ਵੜੀ ਅਕਲੇ ਅੰਦਰੀ ਕੁੱਲ ਦੁਨੀਆਂ,
ਠੰਡੇ ਕਲੇ ਨੂੰ ਠੰਡ ਲਵਾ ਰਹੀ ਸੀ।

2. ਮਾਵਾਂ ਪੁੱਤਾਂ ਨੂੰ ਛਾਤੀ ਨਾਲ ਲਾਈ ਪਈਆਂ,
ਅੱਗ ਬਾਲ ਕੇ ਕੋਈ ਸਕਾ ਰਹੀ ਸੀ।
ਮੇਰੇ ਪੁੱਤ ਨੂੰ ਠੰਡ ਨਾ ਲੱਗ ਜਾਵੇ,
ਦੁੱਧ ਕਾੜ੍ਹ ਕੇ ਕੋਈ ਪਿਲਾ ਰਹੀ ਸੀ।

3. ਪਰ ਇਕ ਮਾਂ ਸਰਹੰਦ ਦੇ ਬੁਰਜ ਅੰਦਰ,
ਸਣੇ ਪੋਤਿਆਂ ਕਸ਼ਟ ਉਠਾ ਰਹੀ ਸੀ।
80 ਸਾਲ ਤੋਂ ਉਸ ਦੀ ਉਮਰ ਵੱਡੀ,
ਘਟਨਾ ਵੇਖ ਕੇ ਨੀਰ ਵਹਾ ਰਹੀ ਸੀ।

4. ਤੇਰਾ ਕੱਖ ਨਾ ਰਹੇ ਵੇ ਨਿਮਕ ਹਰਾਮਾ,
ਵੈਰੀ ਚੰਦੂ ਨੂੰ ਲਾਹਨਤਾਂ ਪਾ ਰਹੀ ਸੀ।
ਹੁੰਦੀ ਕਾਈ ਜੋ ਸਜ਼ਾ ਦੇ ਆਣ ਕੰਢੇ,
ਦਿਲ ਨੂੰ ਪੁੱਤਰ ਦੀ ਯਾਦ ਸਤਾ ਰਹੀ ਸੀ।

5. 80 ਸਾਲ ਤੋਂ ਉਮਰ ਦੀ ਫਿਰਦ ਜਾਵੇ,
ਐਪਰ ਆਤਮਾ ਬਹੁਤ ਬਲਵਾਨ ਉਸ ਦੀ।
ਪੜ੍ਹ ਕੇ ਵੇਖ ਲਈ ਸਿੱਖ ਇਤਿਹਾਸ ਅੰਦਰ,
ਕਰਨੀ ਦੇਖ ਲਈ ਬਹੁਤ ਮਹਾਨ ਉਸ ਦੀ।

6. ਦੇਵੇ ਲੋਰੀਆਂ ਆਪਣੇ ਪੋਤਿਆਂ ਨੂੰ
ਮੇਰੇ ਹੀਰਿਓ ਸਿੱਖੀ ਭੁਲਾਵਣਾ ਨਹੀਂ।
ਛਾਤੀ ਜਾਬਰ ਦੇ ਸਾਹਮਣੇ ਤਾਣ ਦੇਣੀ।
ਐਵੇਂ ਸੂਬੇ ਦੇ ਸੀਸ ਝੁਕਾਵਣਾ ਨਹੀਂ।

7. ਤੁਹਾਡੇ ਵੱਡਿਆਂ ਤੱਤੀਆਂ ਲੋਹਾਂ ਉਤੇ,
ਬੈਠਾ ਹੱਸ ਸਮਾਧੀਆਂ ਲਾਈਆਂ ਨੇ।
ਦਾਦੇ ਤੁਸਾਂ ਦੇ ਦਿੱਲੀ ਦੇ ਵਿਚ ਬਹਿ ਕੇ,
ਸਿਰ ਤੇ ਬਿਪਤਾ ਬਹੁਤ ਉਠਾਈਆਂ ਨੇ।
8. ਕਦੇ ਲਾਡਲੀ ਨੂੰਹ ਨੂੰ ਯਾਦ ਕਰਦੀ,
ਕੇਹੀ ਕੇਰਾਂ ਸਦਰਕਾਂ ਚੌਂ ਪਾ ਜੀਤਾ।
ਜੀਊ ਵੱਖਰੇ ਤੇਰਿਆਂ ਹੀਰਿਆਂ ਦੇ,
ਲੱਗੇ ਮੌਤ ਨਾਲ ਹੋਣ ਵਿਆਹ ਜੀਤਾ।
9. ਪਾਣੀ ਵਾਰ ਪੀਵਾਂ ਮੈਂ ਨੂੰਹਾਂ ਉਪਰੋਂ,
ਤੇਰੇ ਦਿਲ ਦੇ ਵਿਚ ਸੀ ਚਾਅ ਜੀਤਾ।
ਵੇਲਾ ਆ ਗਿਆ ਸ਼ਗਨ ਮਨਾਵਣੇ ਦਾ,
ਜੋੜ ਪੁੱਤਾਂ ਦੀ ਮੈਂ ਚੜ੍ਹਾ ਜੀਤਾ।

ਸਾਰੀ ਰਾਤ ਕੇਵਲ ਆਪਣੀ ਛਾਤੀ ਦੇ ਨਿੱਘ ਨਾਲ ਆਪਣੇ ਮਾਸੂਮ ਜਿਹੇ ਪੋਤਿਆਂ ਲਾਈ ਰੱਖਿਆ। ਨਾ ਕੁਝ ਖਾਣ ਨੂੰ, ਨਾ ਪੀਣ ਨੂੰ ਦਿੱਤਾ ਗਿਆ। ਭੁੱਖੇ ਤਿਹਾਇਆਂ ਰੱਖਿ ਗਿਆ। ਵਜ਼ੀਰ ਖਾਂ ਦੀ ਸੋਚ ਸੀ ਕਿ ਵਡੇਰੀ ਉਮਰ ਤੇ ਬਾਲ ਉਮਰ ਨੂੰ ਠੰਢ ਜ਼ਿਆਦਾ ਲੱਗ ਹੈ। ਇਸ ਕਰਕੇ ਜਦੋਂ ਇਹਨਾਂ ਨੂੰ ਠੰਢ ਸਤਾਏਗੀ, ਇਹ ਮੇਰੀ ਈਨ ਮੰਨ ਲੈਣਗੇ। ਇਸ ਬੁਰਜ ਵਿਚ ਵਜ਼ੀਰ ਖਾਂ ਖ਼ੁਦ ਜੂਨ ਦੇ ਮਹੀਨਿਆਂ ਵਿਚ ਗਰਮੀ ਤੋਂ ਰਾਹਤ ਲੈਣ ਲਈ ਕਰਦਾ ਸੀ। ਜਿਹੜਾ ਬੁਰਜ ਗਰਮੀ ਵਿਚ ਠੰਢਾ ਰਹਿੰਦਾ ਹੈ ਉਹ ਸਰਦੀ ਵਿਚ ਕਿੰਨਾ ਠ ਹੋਵੇਗਾ। ਅਗਲੇ ਦਿਨ 11 ਪੋਹ ਨੂੰ ਪਹਿਲੀ ਪੇਸ਼ੀ ਹੋਈ। ਸੂਬੇ ਦੀ ਕਚਹਿਰੀ ਪਹੁੰਚ ਕੇ ਦੇ ਫ਼ਤਹਿ ਬੁਲਾਈ। ਵਜ਼ੀਰ ਖਾਂ ਨੂੰ ਅੱਗ ਲੱਗ ਗਈ। ਉਸ ਨੇ ਕਿਹਾ, "ਇਥੇ ਤੁਹਾਡੀ ਫ਼ਤ ਪ੍ਰਵਾਨ ਨਹੀਂ ਹੋਵੇਗੀ। ਇਥੇ ਤੁਹਾਨੂੰ ਝੁਕ ਕੇ ਸਲਾਮ ਕਰਨੀ ਪਵੇਗੀ।"

ਗੁਰੂ ਦੇ ਲਾਲਾਂ ਨੇ ਸਾਰੇ ਲਾਲਚ ਤੇ ਧਮਕੀਆਂ ਠੁਕਰਾ ਦਿੱਤੀਆਂ। ਇਹਨਾਂ ਨੂੰ ਵਾ ਉਸੇ ਬੁਰਜ ਵਿਚ ਭੇਜ ਦਿੱਤਾ। ਇਧਰ ਸਰਹਿੰਦ ਦੇ ਰਹਿਣ ਵਾਲੇ ਇਕ ਸਿੱਖ ਮੋਤੀ ਮਹਿਰੇ ਨੂੰ ਪਤਾ ਲੱਗਾ ਕਿ ਗੁਰੂ ਦੇ ਲਾਲ ਤੇ ਮਾਤਾ ਠੰਢੇ ਬੁਰਜ ਵਿਚ ਬੰਦ ਕੀਤੇ ਹਨ। ਆਪਣੇ ਘਰ ਵਿਚ ਪਹੁੰਚਿਆ। ਉਦਾਸ ਮਨ ਦੇ ਨਾਲ ਅੰਨ ਕੁਝ ਨਹੀਂ ਖਾਧਾ। ਜਦੋਂ ਉਸ ਧਰਮ ਸੁਪਤਨੀ ਨੇ ਪੁੱਛਿਆ, ਜੀ ਰੋਜ਼ ਅੰਨ ਪ੍ਰਸ਼ਾਦਾ ਕਿਉਂ ਨਹੀਂ ਛਕਦੇ ? ਉਸ ਨੇ ਕੇ ਸਾਰਾ ਹਾਲ ਇਉਂ ਸੁਣਾਇਆ :

(ਨਾਲ) ਪਤਨੀ ਤੋਂ ਸਤੀਸ਼ ਕੌਰ

ਕਲੀ ਛੰਦ

1. ਗੰਗੂ ਚੋਰ ਆਖਿਆ ਮੁਖੋਂ ਮੋਤੀ ਮਹਿਰੇ ਨੇ,
ਰੋਟੀ ਅੱਜ ਕਮਲੀਏ ਸੁਕਦੀ ਆ ਮੈਨੂੰ ਖਾਣੀ।
2. ਭਾਰਾ ਜ਼ੁਲਮ ਕਮਾਇਆ ਮੁਗਲਾਂ ਦੀ ਸਰਕਾਰ ਨੇ,
ਅੱਖੀਂ ਵੇਖ ਹੈ ਗਿਆ ਮੈਂ ਹਾਂ ਪਾਣੀ ਪਾਣੀ।
3. ਸਰਸਾ ਨਦੀ ਤੂੰ ਵਿਛੜੀ ਮਾਤਾ ਕਲਗੀਆਂ ਵਾਲੇ ਦੀ,
ਪਕੜੀ ਸਣੇ ਪੋਤਿਆਂ ਗਈ ਉਹ ਅੱਜ ਨਿਮਾਣੀ।
4. ਸਾਰਾ ਭੇਤ ਦਿੱਤਾ ਹੈ ਗੰਗੂ ਨਿਮਕ ਹਰਾਮੀ ਨੇ,
ਮਾਇਆ ਵੇਖ ਕੇ ਉਸ ਦੀ ਨੀਤ ਸੀ ਹੋ ਗਈ ਕਾਣੀ।
5. 80 ਸਾਲ ਤੋਂ ਉਮਰ ਵਡੇਰੀ ਦਾਦੀ ਮਾਤਾ ਜੀ,
ਭੁੱਖੇ ਕਈ ਦਿਨਾਂ ਦੇ ਨਹੀਂ ਮਿਲਿਆ ਅੰਨ ਪਾਣੀ।
6. ਮਾਤਾ ਸਣੇ ਪੋਤਿਆਂ ਬੰਦ ਬੁਰਜ ਵਿਚ ਕੀਤੀ ਏ,
ਤੇਰਾ ਕੀਆ ਮੀਠਾ ਪੜ੍ਹਦੀ ਹੈ ਗੁਰਬਾਣੀ।
7. ਕਹਿੰਦੀ ਅੱਜ ਧੀਰਜ ਪਰਖ ਦਾ ਵੇਲਾ ਆ ਗਿਆ ਏ,
ਲਾੜੀ ਮੌਤ ਤੁਸਾਂ ਨੇ ਮਰਦਾਂ ਵਾਂਗ ਵਿਆਹੁਣੀ।
8. ਸਿੱਖਿਆ ਯਾਦ ਤੁਸਾਂ ਨੂੰ ਦਾਦੇ ਤੇ ਪੜਦਾਦੇ ਦੀ।
ਸਰਦਾਰੀਆਂ ਸੀਸਾਂ ਤੇ ਨੇ ਏਹ ਸਮਾਣੀ ਲਾਹੁਣੀ।
9. ਦੇਂਦੇ ਬਹੁਤ ਤਸੀਹੇ ਸਿੱਖਿਆਂ ਸਿੰਘਿਆਂ ਬਾਲਾਂ ਨੂੰ
ਉਹ ਵੀ ਵਿਧਤਾ ਜਾਣਦਾ ਜੋ ਦਿਲਾਂ ਦੇ ਜਾਣੀ।
10. ਭਾਰਾ ਜ਼ੁਲਮ ਕਮਾਇਆ ਮੁਗਲਾਂ ਦੀ ਸਰਕਾਰ ਨੇ,
ਇਕ ਦਿਨ ਗਰਕ ਜਾਵੇਗੀ ਇਹ ਮੁਗਲਾਂ ਦੀ ਢਾਣੀ।
11. ਉਸ ਨੇ ਸੁਣੀ ਖਬਰ ਜਾਂ ਆਪਣੇ ਪਤੀ ਪਿਆਰੇ ਤੋਂ,
ਧਾਹੀਂ ਮਾਰ ਕੇ ਰੋ ਪਈ ਮੋਤੀ ਦੀ ਜ਼ਨਾਨੀ।

ਜਦੋਂ ਸਾਰਾ ਹਾਲ ਆਪਣੀ ਘਰਵਾਲੀ ਨੂੰ ਦੱਸਿਆ ਤਾਂ ਉਹ ਵੀ ਧਾਹਾਂ ਮਾਰ ਕੇ ਰੋਣ ਲੱਗ ਪਈ। ਫਿਰ ਉਹਨਾਂ ਨੇ ਸੋਚਿਆ ਕਿ ਆਪਾਂ ਸੇਵਾ ਵੀ ਮਾਤਾ ਤੇ ਸਾਹਿਬਜ਼ਾਦਿਆਂ ਦੀ ਕਰਨੀ ਹੈ, ਪਰ ਸਰਕਾਰ ਦਾ ਹੁਕਮ ਇਹ ਬਹੁਤ ਸਖ਼ਤ ਸੀ। ਜਿਹੜਾ ਵੀ ਕੋਈ ਦੁੱਧ ਤੇ ਪਾਣੀ ਪਹੁੰਚਾਏਗਾ ਉਸ ਦਾ ਸਾਰਾ ਪਰਿਵਾਰ ਕੋਹਲੂ ਵਿਚ ਪੀੜਿਆ ਜਾਵੇਗਾ। ਉਸ ਦੇ ਪਰਿਵਾਰ ਨੂੰ ਪਤਾ ਹੋਵੇਗਾ ਉਸ ਦੇ ਮਨ ਵਿਚ ਡਰ ਵੀ ਸੀ ਤੇ ਸ਼ਰਧਾ ਵੀ ਸੀ। ਆਖਰ ਉਹ ਪਹਿਰੇਦਾਰਾਂ ਨੂੰ ਕੁਝ ਰਿਸ਼ਵਤ ਦੇ ਕੇ ਮਾਤਾ

ਗੁਜਰੀ ਤੇ ਸਾਹਿਬਜ਼ਾਦਿਆਂ ਨੂੰ ਗਰਮ ਦੁੱਧ ਛਕਾਉਂਦੇ ਰਹੇ। ਮਾਤਾ ਜੀ ਨੇ ਮੋਤੀ ਮਹਿਰੇ ਨੂੰ ਬਹੁਤ ਅਸੀਸਾਂ ਤੇ ਬਖਸ਼ਿਸ਼ਾਂ ਕੀਤੀਆਂ। ਠੰਢੇ ਬੁਰਜ ਵਿਚ ਆਪਣੇ ਨੰਨੇ ਪੋਤਿਆਂ ਨੂੰ ਮਾਤਾ ਜੀ ਆਪਣੇ ਵੱਡ ਵਡੇਰਿਆਂ ਦੀਆਂ ਇਤਿਹਾਸਕ ਸਾਖੀਆਂ ਸੁਣਾ ਸੁਣਾ ਕੇ ਉਹਨਾਂ ਦੇ ਅੰਦਰ ਸਿੱਖੀ ਜਜ਼ਬਾ ਭਰੀ ਗਏ। ਰਾਤ ਬਤੀਤ ਹੋਈ। ਦਿਨ ਚੜ੍ਹਿਆ। ਮਾਤਾ ਗੁਜਰੀ ਜੀ ਨੇ ਫੇਰ ਇਕ ਵਾਰ ਆਪਣੇ ਵਡੇਰੇ ਗੁਰੂ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਕਿ ਤੁਹਾਡਾ ਬਾਬਾ ਗੁਰੂ ਅਰਜਨ ਜੀ ਤੱਤੀ ਤੱਵੀ 'ਤੇ ਬੈਠ ਕੇ ਇਹ ਸ਼ਬਦ ਉਚਾਰਿਆ ਸੀ :

ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ (ਅੰਗ ੩੯੪)

ਜ਼ਾਲਮਾਂ ਦੀ ਈਨ ਨਹੀਂ ਮੰਨੀ। ਸ਼ਹੀਦ ਹੋ ਗਏ। ਅਜੇ ਕੱਲ ਦੀ ਗੱਲ ਤੁਹਾਡੇ ਦਾਦੇ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਆਰੇ ਨਾਲ ਚੀਰ ਦਿੱਤਾ, ਪਰ ਉਹ ਧਰਮੋਂ ਨਹੀਂ ਡੋਲਿਆ। ਧਰਮ ਤੋਂ ਕੁਰਬਾਨ ਹੋ ਗਿਆ। ਭਾਈ ਦਿਆਲੇ ਨੂੰ ਉਬਲਦੀ ਦੇਗ ਵਿਚ ਬਿਠਾਇਆ ਗਿਆ। ਉਹਨਾਂ ਨੂੰ ਬੜੇ ਲਾਲਚ ਦਿੱਤੇ ਗਏ, ਪਰ ਉਹ ਡੋਲੇ ਨਹੀਂ। ਮੇਰੇ ਲਾਲ ਜੀ ਅਸੀਂ ਉਹਨਾਂ ਦੇ ਵਾਰਸ ਹਾਂ। ਧਰਮ ਉੱਤੋਂ ਕੁਰਬਾਨ ਹੋਣਾ ਹੈ ਡੋਲਣਾ ਨਹੀਂ। ਇਹਨਾਂ ਮਸੂਮਾਂ ਨੇ ਕਿਹਾ ਕਿ ਦਾਦੀ ਮਾਂ, ਅਸੀਂ ਡੋਲਾਂਗੇ ਨਹੀਂ। ਸਾਨੂੰ ਕੋਈ ਵੀ ਲਾਲਚ ਪ੍ਰਵਾਨ ਨਹੀਂ। ਏਨੇ ਚਿਰ ਨੂੰ ਸੂਬੇ ਦੇ ਭੇਜੇ ਹੋਏ ਸਿਪਾਹੀ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਆ ਗਏ। ਅੱਜ ਦੂਸਰੀ ਪੇਸ਼ੀ ਹੈ। ਮਾਤਾ ਗੁਜਰੀ ਨੇ ਦੋਵਾਂ ਪੋਤਿਆਂ ਨੂੰ ਸੂਬੇ ਦੀ ਕਚਹਿਰੀ ਵੱਲ ਤੋਰਨ ਲੱਗਿਆਂ ਇਕ ਸਿੱਖਿਆ ਦਿੱਤੀ :

ਤਰਜ਼ ਛੰਦ

1. ਦਾਦੀ ਆਖਾਂ ਮਾਰ ਕੇ ਦੇਖੋ ਲਾਲ ਉਠਾਏ ਨੇ।
ਉਠ ਕੇ ਮੇਰੇ ਹੀਰਿਓ, ਅੱਜ ਲੈਣ ਸਿਪਾਹੀ ਆਏ ਨੇ।
ਹੱਥਾਂ ਦੇ ਨਾਲ ਕੰਘੀ ਫਿਰ ਫਿਰ ਕੇ ਦਸਤਾਰ ਦੇ।
ਅੱਜ ਸਿਦਕ ਤੁਸਾਂ ਦੇ ਪਰਖਣੇ ਮੁਗ਼ਲਾਂ ਦੀ ਤਲਵਾਰ ਦੇ।
ਸਿੱਖੀ ਨੂੰ ਦਾਗ ਨਾ ਲਾਉਣਾ ਜੇ।
2. ਸਿੱਖੀ ਸਿੱਖੀ ਹੀਰਿਓ ਤੁਸੀਂ ਮਰ ਕੇ ਦੇਣਾ ਰੰਗ ਨੂੰ।
ਦਾਗ ਲਗੇ ਨਾ ਲੱਗਣੇ ਗੁਰੂ ਅਰਜਨ ਦੀ ਅੰਸ਼ ਨੂੰ।
ਜੋ ਤੱਤੀ ਤਵੀ 'ਤੇ ਬੈਠ ਕੇ ਉਹ ਦੁੱਖੜੇ ਗਏ ਸਹਾਰ ਦੇ।
ਅੱਜ ਸਿਦਕ ਤੁਸਾਂ ਦੇ ਪਰਖਣੇ ਮੁਗ਼ਲਾਂ ਦੀ ਤਲਵਾਰ ਦੇ।
3. ਜਦ ਅਨੰਦਪੁਰ ਦੇ ਵਿਚ ਆਣ ਕੇ ਪੰਡਤਾਂ ਕਰੀ ਪੁਕਾਰ ਦੇ।
ਤਦ ਦਾਦੇ ਤੁਹਾਡੇ ਪਿਤਾ ਜੀ ਹੋਏ ਸੀਸ ਧਰਮ ਤੋਂ ਵਾਰ ਦੇ।
ਭਾਈ ਮਤੀ ਦਾਸ ਨੂੰ ਜ਼ਾਲਮਾਂ, ਦਿੱਤਾ ਚੀਰਿਆ ਵਿਚ ਵਿਚ ਬਾਜ਼ਾਰ ਦੇ।

ਅੱਜ ਸਿਦਕ ਤੁਸਾਂ ਦੇ ਪਰਖਣੇ ਮੁਗਲਾਂ ਦੀ ਤਲਵਾਰ ਦੇ।
4. ਬੇਸ਼ੱਕ ਪੈਣ ਜਾਣ ਪਿੰਜਰੇ ਕਦੇ ਸ਼ੇਰ ਨਾ ਮੰਨਦੇ ਹਾਰ ਦੇ।
ਧਰਮ ਉਤੇ ਸਿਰ ਵਾਰ ਗਏ ਹੱਸ ਹੱਸ ਕੇ ਅਜੀਤ ਜੁਝਾਰ ਦੇ।
ਵੱਡੇ ਵੀਰਾਂ ਵਾਂਗੂ ਵਰ ਲਿਉ ਤੁਸੀਂ ਹੱਸ ਮੌਤ ਮੁਟਿਆਰ ਦੇ।
ਅੱਜ ਸਿਦਕ ਤੁਸਾਂ ਦੇ ਪਰਖਣੇ ਮੁਗਲਾਂ ਦੀ ਤਲਵਾਰ ਦੇ।
5. ਜੇ ਡੋਲੇ ਦੇਵਣ ਧੀਆਂ ਦੇ ਤੁਸੀਂ ਕਰਿਉ ਨਾ ਪ੍ਰਵਾਨ ਦੇ।
ਜਾਨ ਵਾਰ ਕੇ ਰਖ ਲਿਉ ਸਿੱਖੀ ਦੀ ਉਚੀ ਸ਼ਾਨ ਦੇ।
ਜਾ ਵਰੋ ਪਿਆਰੀ ਮੌਤ ਨੂੰ ਤੱਕ ਮੈਂ ਜਾਵਾਂ ਬਲਿਹਾਰ ਦੇ।
ਅੱਜ ਸਿਦਕ ਤੁਸਾਂ ਦੇ ਪਰਖਣੇ ਮੁਗਲਾਂ ਦੀ ਤਲਵਾਰ ਦੇ।
6. ਜਦੋਂ ਪੋਤ ਪਿਆਰੇ ਸਾਜ ਕੇ ਜਿੰਦਾਂ ਤੇ ਤੋਰ ਵਦਾ ਦਿੱਤਾ।
ਇਹ ਮੁਹਰਤ ਨਹੀਂ ਮਿਲਿਆ ਗੁਰੂ ਜੀ, ਦਇਆ ਸਿੰਘ ਨੇ ਆਖ ਸੁਣਾ ਦਿੱਤਾ।
ਤਦ ਪਿਤਾ ਤੁਸਾਂ ਦੇ ਕਿਹਾ ਸੀ ਮੈਂ ਵਾਰ ਦਿਉਂ ਪ੍ਰਵਾਰ ਦੇ।
ਅੱਜ ਸਿਦਕ ਤੁਸਾਂ ਦੇ ਪਰਖਣੇ ਮੁਗਲਾਂ ਦੀ ਤਲਵਾਰ ਦੇ।

ਆਪਣੇ ਪੋਤੇ ਤੋਰੇ ਤੇ ਸੂਬੇ ਦੀ ਕਚਹਿਰੀ ਵੱਲ ਤੇ ਉਸ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਤੂੰ ਹੀ ਸਭ ਦਾ ਰਾਖਾ ਤੇ ਸਹਾਈ ਹੈਂ। ਅੱਜ ਜ਼ਾਲਮ ਵਜ਼ੀਰ ਖ਼ਾਨ ਨੇ ਇਕ ਹੋਰ ਨਵੀਂ ਸਕੀਮ ਘੜੀ। ਛੋਟਾ ਦਰਵਾਜ਼ਾ ਬੰਦ ਕਰ ਦਿੱਤਾ। ਇਕ ਛੋਟੀ ਜਿਹੀ ਬਾਰੀ ਖੋਲ੍ਹੀ ਗਈ। ਉਸ ਦੀ ਸੋਚ ਸੀ ਕਿ ਜਦੋਂ ਬਾਰੀ ਵਿਚੋਂ ਨੀਵੇਂ ਹੋ ਕੇ ਅੰਦਰ ਦਾਖਲ ਹੋਣਗੇ ਤਾਂ ਅਸੀਂ ਸਾਰੇ ਤਾੜੀ ਵਜਾ ਦੇਵਾਂਗੇ ਕਿ ਗੁਰੂ ਗੋਬਿੰਦ ਸਿੰਘ ਦੇ ਲਾਲਾਂ ਨੇ ਝੁਕ ਕੇ ਸਾਨੂੰ ਸਲਾਮ ਕੀਤੀ ਹੈ, ਪਰ ਉਹਨਾਂ ਨੂੰ ਕੌਣ ਸਿਰ ਤੋਂ ਝੁਕਾ ਸਕਦਾ ਸੀ ਜੋ ਆਪ ਬਾਜ਼ੇ ਸਨ। ਉਂਝ ਬਾਰੀ ਛੋਟੀ ਸੀ, ਪਰ ਇਰਾਦੇ ਬੜੇ ਵੱਡੇ ਤੇ ਦ੍ਰਿੜ ਸਨ। ਜਦੋਂ ਦਰਵਾਜ਼ੇ ਦੇ ਮੂਹਰੇ ਪਹੁੰਚੇ ਤਾਂ ਦੋਵਾਂ ਭਰਾਵਾਂ ਨੇ ਆਪਸ ਵਿਚ ਸਲਾਹ ਨਾਲ ਗੱਲ ਕੀਤੀ। ਪਹਿਲਾਂ ਬਾਬਾ ਜ਼ੋਰਾਵਰ ਸਿੰਘ ਨੇ ਉਸ ਬਾਰੀ ਅੰਦਰ ਪਹਿਲਾਂ ਆਪਣੇ ਦੋਵੇਂ ਪੈਰ ਬਾਹਰ ਬਾਰੀ ਅੱਗੇ ਕੀਤੇ ਤੇ ਅੰਦਰ ਲੰਘ ਗਏ। ਪਿਛੇ ਛੋਟਾ ਬਾਬਾ ਫਤਹਿ ਸਿੰਘ ਨੇ ਕੀਤਾ। ਮੁਗਲਾਂ ਦੀ ਇਹ ਵਿਉਂਤ ਸਕੀਮ ਵੀ ਸਿਰੇ ਨਾ ਚੜ੍ਹੀ। ਸਾਹਿਬਜ਼ਾਦਿਆਂ ਨੇ ਸੂਬੇ ਦੀ ਭਰੀ ਹੋਈ ਕਚਹਿਰੀ ਵਿਚ ਗੱਜ ਫਤਹਿ ਬੁਲਾਈ। ਵਜ਼ੀਰ ਖ਼ਾਨ ਨੇ ਇਕਦਮ ਲਾਲ ਪੀਲਾ ਹੋ ਕੇ ਬੋਲਿਆ ਕਿ "ਇਹ ਅਨੰਦਪੁਰ ਸਾਹਿਬ ਨਹੀਂ ਤੁਹਾਡੇ ਪਿਤਾ ਦਾ ਦਰਬਾਰ ਨਹੀਂ ਜਿੱਥੇ ਤੁਹਾਡੀ ਫਤਹਿ ਪ੍ਰਵਾਨ ਹੋਵੇਗੀ। ਜੇ ਇਸਲਾਮ ਧਰਮ ਕਬੂਲ ਕਰ ਲਵੋਗੇ ਤਾਂ ਤੁਹਾਡੇ ਨਿਕਾਹ ਵੱਡੀਆਂ ਵੱਡੀਆਂ ਬੇਗਮਾਂ ਨਾਲ ਕਰ ਦੇਵਾਂਗਾ। ਸੁਖੀ ਰਹੋਗੇ। ਜੇ ਨਾ ਮੰਨੇ ਤਾਂ ਮੌਤ ਕਹਿਰ ਦਾ ਸ਼ਿਕਾਰ ਹੋ ਜਾਵੋਗੇ।" ਸਾਹਿਬਜ਼ਾਦਿਆਂ ਨੇ ਕਿਹਾ ਕਿ "ਅਸੀਂ ਫਤਹਿ ਬੁਲਾਉਣੀ ਜਾਣਦੇ ਹਾਂ ਉਹ ਬੁਲਾ ਦਿੱਤੀ। ਅਸੀਂ ਡੋਲਣ ਵਾਲੇ ਨਹੀਂ ਤੇ ਡਰੇ ਹਟਾਂਗੇ। ਮੌਤ ਦਾ ਡਰ ਕਾਇਰਾਂ ਵਾਸਤੇ

ਹੈ ਸਿੱਖ ਵਾਸਤੇ ਨਹੀਂ।" ਇਹ ਸੁਣ ਕੇ ਸਭ ਹੈਰਾਨ ਹੋ ਗਏ। ਇਕ ਪਾਸੇ ਲਿਸ਼ਕਦੀ ਤਲਵਾਰ ਤੇ ਦੂਜੇ ਪਾਸੇ ਲਾਲਚ ਦਾ ਦਰਿਆ ਠਾਠਾਂ ਮਾਰ ਰਿਹਾ ਸੀ। ਦੋਵਾਂ ਵਿਚ ਖੜੇ ਸਨ ਉਮਰੋਂ ਭਾਵੇਂ ਛੋਟੇ ਸਨ। ਸਿੱਖੀ ਵਿਚ ਪੱਕੇ ਸਨ। ਏਨੇ ਕਚਹਿਰੀ ਵਿਚ ਬੈਠੇ ਸੁੱਚਾ ਨੰਦ ਨੇ ਕਿਹਾ, "ਸ਼ਾਹ ਸਾਹਬ, ਸੱਪਾਂ ਦੇ ਪੁੱਤ ਸਪੋਲੀਏ ਹੁੰਦੇ ਨੇ। ਸੂਲਾਂ ਜੰਮਦੀਆਂ ਦੇ ਮੂੰਹ ਤਿੱਖੇ ਹੁੰਦੇ ਨੇ। ਇਸ ਲਈ ਇਹ ਸਰਕਾਰ ਦੇ ਬਾਗੀ ਹਨ। ਇਹਨਾਂ ਨੂੰ ਸਜ਼ਾ ਦਿੱਤੀ ਜਾਵੇ।" ਏਥੇ ਬੈਠੇ ਹੋਏ ਨਵਾਬ ਸ਼ੇਰ ਮੁਹੰਮਦ ਖ਼ਾਂ ਮਲੇਰਕੋਟਲੇ ਵਾਲੇ ਨੇ ਕਿਹਾ ਕਿ "ਇਹ ਬੱਚੇ ਨਿਰਦੋਸ਼ ਹਨ। ਇਸਤਰੀ ਜਾਂ ਬੱਚੇ ਨੂੰ ਮਾਰਨਾ ਪਾਪ ਹੈ। ਇਹ ਸ਼ਰ੍ਹਾ ਦੇ ਉਲਟ ਹੈ।" ਇਹ ਕਹਿ ਕੇ ਉਹ ਉਸ ਸੂਬੇ ਦੀ ਕਚਹਿਰੀ ਵਿਚੋਂ ਚਲਾ ਗਿਆ। ਪਰ ਇਸ ਗੱਲ ਦਾ ਸੂਬੇ ਦੇ ਮਨ 'ਤੇ ਅਸਰ ਨਾ ਹੋਇਆ। ਸੁੱਚਾ ਨੰਦ ਨੇ ਬਲਦੀ 'ਤੇ ਹੋਰ ਤੇਲ ਪਾਇਆ। ਵਜ਼ੀਰ ਖ਼ਾਂ ਗੁੱਸੇ ਵਿਚ ਭੜਕ ਉੱਠਿਆ ਤੇ ਕਾਜ਼ੀ ਨੂੰ ਕਿਹਾ, ਇਹਨਾਂ ਕਾਫ਼ਰਾਂ ਨੂੰ ਕਿਹੜੀ ਸਜ਼ਾ ਦਿੱਤੀ ਜਾਵੇ ? ਉਸ ਨੇ ਜਿਊਂਦਿਆਂ ਨੂੰ ਨੀਂਹਾਂ ਵਿਚ ਚਿਣਨ ਦਾ ਹੁਕਮ ਸੁਣਾ ਦਿੱਤਾ। ਇਹਨਾਂ ਨੂੰ ਵਾਪਸ ਠੰਢੇ ਬੁਰਜ ਭੇਜਿਆ ਗਿਆ। ਰਾਤ ਬਤੀਤ ਹੋਈ। 13 ਪੋਹ ਦਾ ਦਿਨ ਚੜ੍ਹਿਆ। ਸਾਹਿਬਜ਼ਾਦੇ ਉੱਠੇ ਤੇ ਆਪਣੀ ਪਿਆਰੀ ਦਾਦੀ ਮਾਂ ਨੂੰ ਕਹਿੰਦੇ ਨੇ, ਮਾਤਾ ਜੀ, ਅੱਜ ਸਾਨੂੰ ਰੀਝਾਂ ਨਾਲ ਪਿਆਰ ਦੇ ਕੇ ਸਾਨੂੰ ਤਿਆਰ ਕਰ। ਇਹ ਸਾਡੀ ਆਖਰੀ ਤਮੰਨਾ ਹੈ ਪੂਰੀ ਕਰ ਦੇ।

ਤਰਜ ਛੰਦ

ਦੇ ਜੋ ਜਾਂਦੀ ਵਾਰ ਦਾ ਪਿਆਰ ਸਾਡੀ ਅੰਮੀਏ ਨੀ।
ਅੱਜ ਸਾਨੂੰ ਰੀਝਾਂ ਨਾ' ਸ਼ਿੰਗਾਰ ਸਾਡੀ ਅੰਮੀਏ ਨੀ, ਅੱਜ ਸਾਨੂੰ ਰੀਝਾਂ ਨਾ'___

1. ਸਹਰਾ 'ਤੇ ਆ ਆ ਕੇ ਮਾੜਾ ਪੈ ਗਿਆ ਵਿਛੋੜਾ ਨੀ।
ਚੰਦਰੇ ਚੰਡਾਲ ਗੰਗੂ ਮਾਰ ਦਿੱਤਾ ਸੇਹੜਾ ਨੀ।
ਲੂਣ ਖਾ ਕੇ ਹੋ ਗਿਆ ਗ਼ਦਾਰ ਸਾਡੀ ਅੰਮੀਏ ਨੀ।
ਅੱਜ ਸਾਨੂੰ ਰੀਝਾਂ ਨਾ' ਸ਼ਿੰਗਾਰ ਸਾਡੀ ਅੰਮੀਏ ਨੀ।

2. ਸੁਰਗਾਂ 'ਚ ਹੋਣਾ ਬਾਬਾ ਚਿਰਾਂ ਦਾ ਉਡੀਕਦਾ।
ਉਥੇ ਹੀ ਮਿਲਾਪ ਹੋਣਾ ਵੱਡੇ ਵੀਰ ਅਜੀਤ ਦਾ।
ਨਾਲੇ ਹੋਣਾ ਉਡੀਕਦਾ ਜੁਝਾਰ ਸਾਡੀ ਅੰਮੀਏ ਨੀ।
ਅੱਜ ਸਾਨੂੰ ਰੀਝਾਂ ਨਾ' ਸ਼ਿੰਗਾਰ ਸਾਡੀ ਅੰਮੀਏ ਨੀ।

3. ਜ਼ੋਰਾਵਰ ਮਾਤਾ ਤੇਰਾ ਡਿੱਗਿਆ ਨਾ ਜਾਊਗਾ।
ਬੰਨ੍ਹ ਕੇ ਸਿਹਰੇ ਸਾਡੀ ਮੌਤ ਨੂੰ ਵਿਆਹੁਣਗਾ।
ਸਾਡਾ ਸਾਡੀ ਨਾ ਪਿਆਰ ਸਾਡੀ ਅੰਮੀਏ ਨੀ।
ਅੱਜ ਸਾਨੂੰ ਰੀਝਾਂ ਨਾ' ਸ਼ਿੰਗਾਰ ਸਾਡੀ ਅੰਮੀਏ ਨੀ।

4. ਫਤਹਿ ਸਿੰਘ ਤੇਰਾ ਫਤਹਿ ਪਾਊਗਾ ਮੈਦਾਨ ਚੋਂ।
ਕਰ ਦਊ ਮਿਸਾਲ ਕਾਇਮ ਵੱਖਰੀ ਜਹਾਨ ਚੋਂ।
ਖੁੰਢੀ ਕਰ ਦੇਣੀ ਤਲਵਾਰ ਸਾਡੀ ਅੰਮੀਏ ਨੀ।
ਅੱਜ ਸਾਨੂੰ ਤੀਆਂ ਨਾ ਸ਼ਿੰਗਾਰ ਸਾਡੀ ਅੰਮੀਏ ਨੀ।

5. ਅੱਜ ਪੋਤੇ ਆਪਣੇ ਨੂੰ ਤੀਆਂ ਨਾ ਸ਼ਿੰਗਾਰ ਦੇ।
ਚਿਣ ਚਿਣ ਸੀਸ ਉੱਤੇ ਬੰਨ੍ਹ ਦਸਤਾਰ ਦੇ।
ਕਾਲਜੇ ਨਾ ਲਾ ਲੈ ਜਾਂਦੀ ਵਾਰ ਸਾਡੀ ਅੰਮੀਏ ਨੀ।
ਅੱਜ ਸਾਨੂੰ ਤੀਆਂ ਨਾ ਸ਼ਿੰਗਾਰ ਸਾਡੀ ਅੰਮੀਏ ਨੀ।

6. ਨੀਂਹਾਂ ਵਿਚ ਚਿਣ ਦੇਣਾ ਚੰਦਰੇ ਚੰਡਾਲਾਂ ਨੇ।
ਮੋੜਨੀ ਨਾ ਈਨ ਤੇਰੇ ਸੂਰਬੀਰ ਲਾਲਾਂ ਨੇ।
ਉਡੀਕਦੀ ਹੈ ਖੂਨਣ ਦੀਵਾਰ ਸਾਡੇ ਅੰਮੀਏ ਨੀ।
ਅੱਜ ਸਾਨੂੰ ਤੀਆਂ ਨਾ ਸ਼ਿੰਗਾਰ ਸਾਡੀ ਅੰਮੀਏ ਨੀ।

7. ਤੂੰ ਵੀ ਸਾਡਾ ਮਾਤਾ ਬਹੁਤਾ ਵਿਰਲਾਪ ਕਰੀਂ ਨਾ।
ਪੋਤਿਆਂ ਤੋਂ ਬਿਨਾਂ ਕੱਲੀ ਕੁੜ੍ਹ ਕੁੜ੍ਹ ਮਰੀਂ ਨਾ।
ਛੇਤੀ ਆਵੀਂ ਸਚਖੰਡ ਦੁਆਰ ਸਾਡੀ ਅੰਮੀਏ ਨੀ।
ਅੱਜ ਸਾਨੂੰ ਤੀਆਂ ਨਾ ਸ਼ਿੰਗਾਰ ਸਾਡੀ ਅੰਮੀਏ ਨੀ।

8. ਪੈਣਗੇ ਵਿਛੋੜੇ ਅੱਜ ਕੂੰਜਾਂ ਨਾਲੋਂ ਪੁੱਤਾਂ ਦੇ।
ਚੁੰਘੇ ਹੋਏ ਦੁੱਧ ਮਾਤਾ ਮਾਈਆਂ ਨੂੰ ਪੁੱਤਾਂ ਦੇ।
ਦੁੱਧ ਮੋੜੇ ਸਾਰਾ ਸੰਸਾਰ ਸਾਡੀ ਅੰਮੀਏ ਨੀ।
ਅੱਜ ਸਾਨੂੰ ਤੀਆਂ ਨਾ ਸ਼ਿੰਗਾਰ ਸਾਡੀ ਅੰਮੀਏ ਨੀ।

9. ਕੌਮ ਦਿਆਂ ਆਗੂਆਂ ਨੂੰ ਦੇਣਾ ਦੁੱਖ ਜਰਨਾ।
ਦੇ ਕੇ ਕੁਰਬਾਨੀ ਤੇ ਅਦਾਰਾ ਕੌਮ ਕਰਨਾ।
ਕਹੂ ਸਰਹੰਦ ਪੁਕਾਰ ਸਾਡੀ ਅੰਮੀਏ ਨੀ।
ਅੱਜ ਸਾਨੂੰ ਤੀਆਂ ਨਾ ਸ਼ਿੰਗਾਰ ਸਾਡੀ ਅੰਮੀਏ ਨੀ।

ਦਾਦੀ ਮਾਂ ਨੇ ਮੋਹ ਭਿੱਜੇ ਪਿਆਰ ਕੀਤਾ। ਤੀਆਂ ਲਾ ਕੇ ਤੇ ਆਪਣੀ ਹੱਥੀਂ ਦੋਵਾਂ ਪੋਤਿਆਂ ਨੂੰ ਤਿਆਰ ਕੀਤਾ। ਇਕ ਵਾਰ ਫੇਰ ਉਹਨਾਂ ਨੂੰ ਆਪਣੇ ਵਡੇਰਿਆਂ ਦੀ ਕੁਰਬਾਨੀ ਤੇ ਜਾਣੂ ਕਰਵਾਇਆ। ਆਖਿਆ, "ਮੇਰੇ ਦੁਲਾਰਿਓ ! ਡੋਲਣਾ ਨਹੀਂ। ਧਰਮ ਵਿਚ ਪੱਕੇ ਰਹਿਣਾ" ਫਿਰ ਆਪਣੀ ਪਿਆਰੀ ਗੁਰਬਾਣੀ ਨੂੰ ਯਾਦ ਕਰਦੀ ਹੈ ਕਿ "ਜੀਤਾ ਹਾਰੀਏ !

ਅੱਜ ਤੇਰੇ ਪੋਤਰਾਂ ਦੀ ਜੰਞ ਚੜ੍ਹਨ ਲੱਗੀ ਹੈ। ਆ ਕੇ ਸ਼ਗਨ ਮਨਾ ਲੈ। ਤੇਰੇ ਮਨ ਵਿਚ ਜੋ ਕੁਝ ਸਧਰਾਂ ਸੀ ਆ ਕੇ ਪੂਰੀਆਂ ਕਰ ਲੈ। ਅੱਜ ਤੇਰੇ ਜਿਗਰ ਦੇ ਟੋਟੇ ਉਥੇ ਜਾ ਰਹੇ ਨੇ ਜਿਥੋਂ ਵਾਪਸ ਨਹੀਂ ਆਉਣਗੇ।" ਏਨੇ ਚਿਰ ਨੂੰ ਸਿਪਾਹੀ ਆ ਗਏ। ਦਾਦੀ ਨੇ ਘੁੱਟ ਕੇ ਛਾਤੀ ਨਾਲ ਆਪਣੇ ਪੋਤਿਆਂ ਨੂੰ ਲਾਇਆ ਤੇ ਇਕ ਪਹਾੜ ਜਿੱਡਾ ਜਿਗਰਾ ਕਰਕੇ ਅੱਜ ਉਸ ਖੂਨੀ ਦੀਵਾਰ ਵੱਲ ਰਵਾਨਾ ਕਰਨ ਲੱਗੀ ਹੈ। ਵੱਡੀ ਦਲੇਰੀ ਕਰਕੇ ਸੂਬੇ ਦੀ ਕਚਹਿਰੀ ਵੱਲ ਨੂੰ ਮੌਤ ਵਿਆਹੁਣ ਵਾਸਤੇ ਇਉਂ ਤੋਰਿਆ :

ਗੱਡੀ ਤਰਜ

13 ਪੋਹ ਨੂੰ ਸ਼ਹਿਜ਼ਾਦੇ ਦੋਵੇਂ ਦਾਦੀ ਜੀ ਦੀ ਤੁਰੇ ਗੋਦ ਚੋਂ,
ਮੱਥੇ ਚੁੰਮ ਕੇ ਪਿਆਰ ਦੇ ਕੇ ਸਿਰ ਤੇ,
ਛਾਤੀ ਨਾਲ ਘੁੱਟ ਕੇ ਮੇਰੇ ਜੀਓਂਦਿਓ ! ਧਰਮ ਨਹੀਂ ਛੱਡਣਾ।
ਜ਼ਿੰਦਗੀ ਥੋੜ੍ਹੀ ਰਹਿ ਗਈ ਏ, ਸਾਡਾ ਆਖਿਆ ਫਿਕਰ ਨਾ ਕਰਨਾ,
ਅਸੀਂ ਨਹੀਂ ਧਰਮ ਹਾਰਦੇ, ਛਾਵੇਂ ਤੇਗਾਂ ਦੀ ਤੋਰ ਲਏ ਦੋਵੇਂ।
ਕੀਤੇ ਜਦੋਂ ਪੇਸ਼ ਖਾਨ ਦੇ, ਫਤਹਿ ਦੋਵਾਂ ਨੇ ਬੁਲਾਈ ਗੱਜ ਕੇ।
ਮੁਗਲਾਂ ਨੂੰ ਅੱਗ ਲੱਗ ਗਈ, ਲਾਇਆ ਫਤਵਾ ਕਾਜ਼ੀ ਦਾ ਪਾਪੀ,
ਜਿਉਂਦੇ ਵਿਚ ਚਿਣੋ ਨੀਹਾਂ ਦੇ, ਜੇ ਰੋਕ ਵੀ ਬਚਣ ਨਾ ਮੌਤ ਤੋਂ,
ਛੁਰੀਆਂ ਨਾ ਗੋਹ ਕੇ ਮਾਰਿਓ, ਛੱਟ ਕਰ ਲਏ ਜੱਲਾਦਾਂ ਦੋਵੇਂ।
ਖੜੇ ਕੀਤੇ ਵਿਚ ਨੀਹਾਂ ਦੇ, ਇੱਟਾਂ ਚੱਕ ਕੇ ਜੱਲਾਦਾਂ ਲਾਈਆਂ,
ਜੋੜੇ ਹੱਥੀਆਂ ਨਾ ਡਿੱਗਦੇ, ਠੰਡ ਪੋਹ ਦੀ ਠੰਡਾ ਸੀ ਬੜਾ।
ਸੀਨਿਆਂ ਤੇ ਜਦੋਂ ਅੱਪੜੀ, ਡਿੱਗ ਪੈ ਕੇ ਬੇਹੋਸ਼ ਹੋ ਗਏ ਦੋਵੇਂ।
ਫੇਰ ਕੇ ਦੀਵਾਰ ਡਿੱਗ ਪਈ, ਕੱਢ ਦਿੱਤਾ ਦੇ ਸਾਹਬਜ਼ਾਦੇ ਦੋਵੇਂ।
ਧਰਤੀ 'ਤੇ ਸੁੱਟ ਲਏ, ਤੇਜ਼ ਛੁਰੀਆਂ ਜੱਲਾਦੀਆਂ ਚਲਾਕੇ,
ਸਾਹ ਰਗ ਮੱਖੀਆਂ ਰੋਕ ਲਈ, ਛਾਤੀ ਪਾੜ ਕੇ ਧੜਕਦੇ ਦਿਲ ਸੀ,
ਜ਼ਾਲਮਾਂ ਨੇ ਬਾਹਰ ਕੱਢ ਲਏ, ਫੇਰ ਪਏ ਗਏ ਅੱਖਾਂ ਦੇ ਜੀਣੋਂ।
ਧਰਤੀ ਵੀ ਰੋਈ ਰੱਜ ਕੇ, ਮੋਤੀ ਮਹਿਰੇ ਨੇ ਬੁਰਜ ਵਿਚ ਜਾ ਕੇ,
ਮਾਤਾ ਜੀ ਨੂੰ ਜਦੋਂ ਦੱਸਿਆ, ਬਾਜਾਂ ਵਾਲੇ ਦੇ ਜਿਗਰ ਦੇ ਟੋਟੇ,
ਕਰਤੇ ਸ਼ਹੀਦ ਜ਼ਾਲਮਾਂ, ਸੁਣ ਮਾਤਾ ਜੀ ਸਮਾਧੀ ਲਾ ਕੇ,
ਹੋ ਕੇ ਸ਼ਹੀਦ ਆਪਣਾ ਚੱਲ ਪਈ ਚੱਲ ਪਈ।
ਤੁਰੇ ਜਾਂਦੇ ਪੋਤਿਆਂ ਨਾਲ ਦਾਦੀ ਰਲ ਪਈ।

○





ਡਬਲ ਗੋਲਡ ਮੈਡਲਿਸਟ ਕਵੀਸ਼ਰੀ ਦੇ ਬਾਦਸ਼ਾਹ

ਸ਼੍ਰੋਮਣੀ ਕਵੀਸ਼ਰ ਜਰਨੈਲ ਸਿੰਘ
ਕਵੀਸ਼ਰ ਅਮਰਜੀਤ ਸਿੰਘ ਸਭਰਾਵਾਂ ਵਾਲੇ

ਮੋ. 9815699137-9463727496

KASS

Follow us on